**Reo-Bankowned Properties**

From San Jose to Sacramento
JASSI GILL *Broker/Owner*
Ph:510-304-9292
**Refinance Now**
@ZERO COST
Call Sukhi Gill:510-207-9067



*Jassi Gill*
CA DRE Lic.#01180969 CA DRE# 00966763



ਸਸਤੀ ਅਤੇ ਵਧੀਆ
ਹੈਲਥ ਇੰਸ਼ੋਰੈਂਸ
Quality Health Care
Including MEDI-CAL
COVERED CALIFORNIA
*Manjit Gill*
Certified Insurance Agent
CA. Lic#0B23990
Ph:510-888-1180
209-524-4008
**Gill Financial & Insurance Services**
27165 Mission Blvd, Hayward CA 94544
*www.gillfinancial.com*

**Hardeep S.Rai**
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119



Fifteenth Year of Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 15, Issue 1, January 4, 2014 20451 N Plum Grove Rd., Palatine, IL 60074 Ph:847-359-0746, Fax:847-705-9388


## ਅਹੁਦੇਦਾਰੀਆਂ ਨਾਲ ਵੀ ਨਾ ਮੁੱਕਿਆ ਕਾਂਗਰਸ ਦਾ ਕਲੇਸ਼

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਕਾਂਗਰਸ ਦਾ ਅੰਦਰੂਨੀ ਕਲੇਸ਼ ਅਜੇ ਵੀ ਨਹੀਂ ਥੰਮ ਰਿਹਾ। ਲੋਕ ਸਭਾ ਚੋਣਾਂ ਸਿਰ 'ਤੇ ਹਨ ਪਰ ਪੰਜਾਬ ਕਾਂਗਰਸ ਵਿਚਾਲੇ ਇਸ ਵੇਲੇ ਵੀ ਸਭ ਕੁਝ ਚੰਗਾ ਨਹੀਂ ਚੱਲ ਰਿਹਾ। ਚਾਰ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਬੁਰੀ ਤਰ੍ਹਾਂ ਹਾਰਨ ਮਗਰੋਂ ਹਾਈ ਕਮਾਨ ਨੇ ਗੱਡੀ ਲੀਹ 'ਤੇ ਲਿਆਉਣ ਲਈ ਪੰਜਾਬ ਦੇ ਕਾਂਗਰਸੀਆਂ ਨੂੰ ਥੋਕ ਵਿਚ ਅਹੁਦੇਦਾਰੀਆਂ ਵੰਡ ਕੇ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ।

ਦੂਜੇ ਪਾਸੇ ਪੰਜਾਬ ਕਾਂਗਰਸ ਵਿਚਲੀਆਂ ਤਰੇੜਾਂ ਇਸ ਕਦਰ ਵਧ ਚੁੱਕੀਆਂ ਹਨ ਕਿ ਹਾਈ ਕਮਾਨ ਅਹੁਦੇਦਾਰੀਆਂ ਦੇ ਖੁੱਲ੍ਹੇ ਗੱਫੇ ਵੰਡ ਕੇ ਵੀ ਸਥਾਨਕ ਆਗੂਆਂ ਦੀ ਤਸੱਲੀ ਨਹੀਂ ਕਰਵਾ ਸਕੀ ਤੇ ਕੁਝ ਜ਼ਿਲ੍ਹਿਆਂ ਵਿਚ ਰੋਸ ਦੇ ਬੱਦਲ ਚੜ੍ਹ ਆਏ ਹਨ। ਇਸ ਸਾਰੇ ਵਰਤਾਰੇ ਤੋਂ ਇਹ ਸੰਕੇਤ ਵੀ ਮਿਲੇ ਹਨ ਕਿ ਕੁਲ ਮਿਲਾ ਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੇ ਹੱਥ ਮਜ਼ਬੂਤ ਹੋਏ ਹਨ ਜਦੋਂਕਿ ਦੂਜੇ ਧੜੇ ਠੱਗੇ ਹੋਏ ਮਹਿਸੂਸ ਕਰ ਰਹੇ ਹਨ।

ਕਾਂਗਰਸ ਹਾਈ ਕਮਾਨ ਨੇ ਅਹੁਦੇ ਵੰਡਣ ਦੇ ਪਿਛਲੇ ਸਾਰੇ ਰਿਕਾਰਡ ਤੋੜ ਕੇ ਇਸ ਵਾਰ ਪੰਜਾਬ ਦੇ 292 ਕਾਂਗਰਸੀਆਂ ਨੂੰ ਤਾਜ ਪਹਿਨਾਇਆ ਹੈ। ਇਨ੍ਹਾਂ ਵਿਚ 14 ਮੀਤ ਪ੍ਰਧਾਨ, 35 ਜਨਰਲ ਸਕੱਤਰ, 61 ਸਕੱਤਰ, 148 ਕਾਰਜਕਾਰਨੀ ਮੈਂਬਰ ਤੇ 34 ਕਾਰਜਕਾਰਨੀ ਦੇ ਪੱਕੇ ਇਨਵਾਇਟੀ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ 27 ਜ਼ਿਲ੍ਹਾ ਕਾਂਗਰਸ ਪ੍ਰਧਾਨ ਵੱਖਰੇ ਤੌਰ 'ਤੇ ਬਣਾਏ ਗਏ ਹਨ। ਇਸ ਦੇ ਬਾਵਜੂਦ ਕਈ

*(ਬਾਕੀ ਸਫਾ 8 'ਤੇ)*



### ਬਾਜਵਾ ਪਏ ਕੈਪਟਨ 'ਤੇ ਭਾਰੀ



### ਔਰਤਾਂ ਨਜ਼ਰਅੰਦਾਜ਼

**ਚੰਡੀਗੜ੍ਹ:** ਪੰਜਾਬ ਕਾਂਗਰਸ ਕਮੇਟੀ ਦੀ ਜਾਰੀ ਸੂਚੀ ਵਿਚ ਮਹਿਲਾਵਾਂ ਨੂੰ ਬਹੁਤ ਘੱਟ ਥਾਂ ਮਿਲੀ। ਸੂਚੀ ਮੁਤਾਬਕ 14 ਮੀਤ ਪ੍ਰਧਾਨਾਂ ਵਿਚ ਕੇਵਲ ਰਜ਼ੀਆ ਸੁਲਤਾਨਾ ਨੂੰ ਹੀ ਸ਼ਾਮਲ ਕੀਤਾ ਗਿਆ ਹੈ। 35 ਜਨਰਲ ਸਕੱਤਰਾਂ ਦੀ ਸੂਚੀ ਵਿਚ ਕੇਵਲ ਅਰੁਣਾ ਚੌਧਰੀ, ਕਰਨ ਕੌਰ ਬਰਾੜ ਤੇ ਲਖਵਿੰਦਰ ਕੌਰ ਗਰਚਾ ਹੀ ਸ਼ਾਮਲ ਹਨ। ਸਕੱਤਰਾਂ ਦੀ 61 ਆਗੂਆਂ 'ਤੇ ਆਧਾਰਤ ਲੰਮੀ ਸੂਚੀ ਵਿਚ ਮਹਿਲਾਵਾਂ ਵੱਲੋਂ ਕੇਵਲ ਹਰਚੰਦ ਕੌਰ, ਮਨੀਸ਼ਾ ਗੁਲਾਟੀ, ਜਗਦਰਸ਼ਨ ਕੌਰ, ਸਰਬਰੇ ਬੇਗ਼ਮ, ਮਨਪ੍ਰੀਤ ਡੌਲੀ ਤੇ ਮਮਤਾ ਗੁਪਤਾ ਹੀ ਸ਼ਾਮਲ ਹਨ। ਇਸੇ ਤਰ੍ਹਾਂ 148 ਮੈਂਬਰੀ ਕਾਰਜਕਾਰਨੀ ਕਮੇਟੀ ਵਿਚ ਕੇਵਲ ਗੁਰਇਕਬਾਲ ਕੌਰ, ਚਰਨਜੀਤ ਕੌਰ ਬਾਜਵਾ, ਸੁਮਨ ਕੇ.ਪੀ., ਸਤਿਕਾਰ ਕੌਰ, ਗੁਰਪ੍ਰੀਤ ਕੌਰ ਧਾਲੀਵਾਲ, ਹਰਬੰਸ ਕੌਰ ਦੂਲੋਂ, ਸੁਰਿੰਦਰ ਕੌਰ ਬਾਲੀਆਂ ਤੇ ਪਰਪ੍ਰੀਤ ਕੌਰ ਬਰਾੜ ਹੀ ਸ਼ਾਮਲ ਹਨ।

### ਕੈਪਟਨ ਧੜਾ ਲਾਇਆ ਨੁੱਕਰੇ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਅਹੁਦੇਦਾਰਾਂ ਦੀ ਸੂਚੀ ਵਿਚ ਜਿੱਥੇ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਆਪਣੇ ਧੜੇ ਨੂੰ ਨੁਮਾਇੰਦਗੀ ਦਿਵਾਉਣ ਵਿਚ ਸਫ਼ਲ ਰਹੇ ਹਨ, ਉਥੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਧੜੇ ਨੂੰ ਹਾਈਕਮਾਨ ਵੱਲੋਂ ਪੂਰੀ ਤਰ੍ਹਾਂ ਨਾਲ ਨਜ਼ਰ-ਅੰਦਾਜ਼ ਕਰ ਦਿੱਤਾ ਗਿਆ ਹੈ। ਜਗਮੀਤ ਸਿੰਘ ਬਰਾੜ ਦੇ ਹਮਾਇਤੀਆਂ ਨੂੰ ਵੀ ਅਹੁਦੇਦਾਰੀਆਂ ਤੋਂ ਦੂਰ ਹੀ ਰੱਖਿਆ ਗਿਆ ਹੈ। ਜ਼ਿਆਦਾਤਰ ਪ੍ਰਤਾਪ ਸਿੰਘ ਬਾਜਵਾ ਦੇ ਭਰੋਸੇ ਵਾਲੇ ਆਗੂਆਂ ਨੂੰ ਹੀ ਥਾਂ ਦਿੱਤੀ ਗਈ ਹੈ। ਅਮਰਿੰਦਰ ਸਿੰਘ, ਰਜਿੰਦਰ ਕੌਰ ਭੱਠਲ, ਪਰਨੀਤ ਕੌਰ, ਅਮਰਜੀਤ ਸਿੰਘ ਸਮਰਾ, ਅਵਤਾਰ ਹੈਨਰੀ, ਚੌਧਰੀ ਜਗਜੀਤ ਸਿੰਘ, ਚੌਧਰੀ ਸੰਤੋਖ ਸਿੰਘ ਤੇ ਹੋਰਾਂ ਸੀਨੀਅਰ ਆਗੂਆਂ ਨੂੰ ਪੱਕੇ ਇਨਵਾਇਟੀ ਬਣਾ ਕੇ ਇਕ ਤਰ੍ਹਾਂ ਨਾਲ ਜਥੇਬੰਦੀ ਤੋਂ ਪਾਸੇ ਕਰ ਦਿੱਤਾ ਗਿਆ ਹੈ।

## ਲੋਕ ਸਭਾ ਚੋਣਾਂ 'ਚ ਫਸਣਗੇ ਕੁੰਡੀਆਂ ਦੇ ਸਿੰਗ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਦੇਸ਼ ਦੀ 16ਵੀਂ ਲੋਕ ਸਭਾ ਦੀਆਂ 2014 ਵਿਚ ਹੋਣ ਵਾਲੀਆਂ ਆਮ ਚੋਣਾਂ ਦੀਆਂ ਪੂਰੇ ਦੇਸ਼ ਵਾਂਗ ਪੰਜਾਬ ਵਿਚ ਅਕਾਲੀ ਦਲ, ਭਾਜਪਾ ਤੇ ਕਾਂਗਰਸ ਵੱਲੋਂ ਤਿਆਰੀਆਂ ਵਿੱਢ ਦਿੱਤੀਆਂ ਗਈਆਂ ਹਨ। ਦੇਸ਼ ਵਿਚ ਭਾਵੇਂ ਕਾਂਗਰਸ ਦੇ ਹੱਕ ਵਿਚ ਕੋਈ ਖਾਸ ਹਵਾ ਨਹੀਂ ਬਣੀ ਲੱਗਦੀ ਪਰ ਪੰਜਾਬ ਵਿਚ ਕਾਂਗਰਸ ਨੂੰ ਲਾਹਾ ਜ਼ਰੂਰ ਹੋ ਸਕਦਾ ਹੈ। ਇਸ ਦਾ ਕਾਰਨ ਇਹ ਹੈ ਕਿ ਦੂਜੀ ਵਾਰ ਸੱਤਾ 'ਤੇ ਕਾਬਜ਼ ਹੋਈ ਅਕਾਲੀ-ਭਾਜਪਾ ਸਰਕਾਰ ਲੋਕਾਂ ਨੂੰ ਖੁਸ਼ ਨਹੀਂ ਕਰ ਸਕੀ ਤੇ ਇਸ ਸੱਤਾ ਵਿਰੋਧੀ ਹਵਾ ਦਾ ਕਾਂਗਰਸ ਨੂੰ ਜ਼ਰੂਰ ਲਾਭ ਹੋ ਸਕਦਾ ਹੈ।

ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਪਾਰਟੀ ਨੂੰ 40.09 ਫੀਸਦੀ 55 ਲੱਖ 72 ਹਜ਼ਾਰ 643 ਵੋਟਾਂ, ਅਕਾਲੀ ਦਲ ਨੂੰ 34.73 ਪ੍ਰਤੀਸ਼ਤ 48 ਲੱਖ 28 ਹਜ਼ਾਰ 612 ਵੋਟਾਂ, ਭਾਜਪਾ ਨੂੰ 7.18 ਫੀਸਦੀ ਨੌਂ ਲੱਖ 98 ਹਜ਼ਾਰ 98 ਵੋਟਾਂ, ਪੀ.ਪੀ.ਪੀ ਨੂੰ 5.16 ਫੀਸਦੀ 7 ਲੱਖ 17 ਹਜ਼ਾਰ 684 ਵੋਟਾਂ, ਬਸਪਾ ਨੂੰ 4.29 ਫੀਸਦੀ 5 ਲੱਖ 97 ਹਜ਼ਾਰ 20 ਵੋਟਾਂ ਤੇ ਆਜ਼ਾਦ ਉਮੀਦਵਾਰਾਂ ਨੂੰ 6.75 ਫੀਸਦੀ 9 ਲੱਖ 38 ਹਜ਼ਾਰ 770 ਵੋਟਾਂ ਪ੍ਰਾਪਤ ਹੋਈਆਂ।

ਇਨ੍ਹਾਂ ਅੰਕੜਿਆਂ ਦੇ ਹਿਸਾਬ ਨਾਲ ਕਾਂਗਰਸ, ਅਕਾਲੀ ਦਲ ਤੇ ਭਾਜਪਾ ਤੋਂ ਬਾਅਦ ਆਜ਼ਾਦ ਉਮੀਦਵਾਰ ਜ਼ਿਆਦਾ ਫੀਸਦੀ ਵਿਚ ਵੋਟਾਂ ਪ੍ਰਾਪਤ ਕਰਨ ਵਿਚ ਕਾਮਯਾਬ ਹੋਏ। ਵਿਧਾਨ ਸਭਾ ਚੋਣਾਂ ਦੇ ਰੁਝਾਨ ਦੇ ਹਿਸਾਬ ਨਾਲ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਕਿਸੇ ਵੀ ਪਾਰਟੀ ਲਈ ਜਿੱਤ ਦਾ ਰਸਤਾ ਅਸਾਨ ਨਹੀਂ ਹੋਵੇਗਾ ਪਰ ਜੇਕਰ ਕਾਂਗਰਸ ਬੀਤੇ ਤੋਂ ਸਬਕ ਲੈ ਕੇ ਮੈਦਾਨ ਵਿਚ ਉਤਰਦੀ ਹੈ ਤਾਂ ਇਸ ਦਾ ਲਾਹਾ ਜ਼ਰੂਰ ਲੈ ਸਕਦੀ ਹੈ। ਜੇਕਰ 2009 ਦੀਆਂ ਲੋਕ ਸਭਾ ਚੋਣਾਂ ਦਾ ਲੇਖਾ-ਜੋਖਾ ਕੀਤਾ ਜਾਵੇ ਤਾਂ ਅਕਾਲੀ ਦਲ ਨੇ 10 ਹਲਕਿਆਂ ਤੋਂ ਚੋਣ ਲੜ ਕੇ ਚਾਰ ਸੀਟਾਂ, ਭਾਜਪਾ ਨੇ ਤਿੰਨ ਹਲਕਿਆਂ ਤੋਂ ਚੋਣ ਲੜ ਕੇ ਇਕ ਸੀਟ ਤੇ ਕਾਂਗਰਸ ਨੇ 13 ਹਲਕਿਆਂ ਤੋਂ ਚੋਣ ਲੜ ਕੇ

*(ਬਾਕੀ ਸਫਾ 8 'ਤੇ)*

### ਕਾਂਗਰਸ ਬਣੇਗੀ ਅਕਾਲੀਆਂ ਲਈ ਵੰਗਾਰ





**ਪਾਠਕਾਂ ਨੂੰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਲੱਖ-ਲੱਖ ਵਧਾਈ**


**REAL ESTATE & HOME LOANS**



ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
MBA · SFR · CDPE
Century 21 M&M and Associates
209.918.6464
ahundal@c21mm.com
605 Standiford Ave, Ste D · Modesto, CA 95350

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Follow us on:
Raja™ SWEETS & CATERING®
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ



Manpreet S. Gahra
*Attorny At Law*
Criminal Defense (DUI, simple battery, domestic violence, immigration post-conviction relief)
**Berkeley Office**
2161 Shattuck Ave., 304, Berkeley
Ph:510-841-4582 Fax:510-217-6847
**Sacramento Office**
Call For Appointment
Ph:916-924-1617
Email: manpreet@gahralaw.com

**Quick DOT**
& Registration Services

# Ph: 510-789-8686

Fax: 510-894-0499; e-mail: quickdrs@gmail.com
37555 Dusterberry Way, Suite# 12, Fremont, CA 94536

**DMV ਦੇ ਐਨ ਸਾਹਮਣੇ**

## ਡੀ ਐਮ ਵੀ ਰਜਿਸਟੇਰਸ਼ਨ ਸੇਵਾਵਾਂ

- IRP License Plate
- MC ICC Authority
- CA Number
- BIT Enrollment
- Hwy Use Tax IRS 2290
- Vin Verification
- US DOT Number
- UCR and Boc3
- Motor Carrier Permit
- EPN Enrollment
- Fuel Tax Returns IFTA Quarterly
- SCAC Code
- Permits For: New Mexico, Kentucky, New York & Oregon



ਡੀ ਐਮ ਵੀ ਲਾਈਨਾਂ ਵਿਚ ਖੜ੍ਹੇ ਹੋਣ ਦੀ ਲੋੜ ਨਹੀ
ਕਾਰਾਂ, ਟਰੱਕਾਂ ਦੀ ਰਜਿਸਟਰੇਸ਼ਨ, ਰੀਨਿਊਵਲ, ਟਰਾਂਸਫਰ, ਡੁਪਲੀਕੇਟ ਟਾਈਟਲ, ਸਟਿੱਕਰ/ਟੈਗ



We also file Corporations for Individual and Small Businesses





Upgrade to HD-SDI or IP-Camera Mega Pixel quality 1080P Magic DVR's with HD Blue Ray resolution
Installation available in California, Texas and New York

ਮਾਡੈਸਟੋ, ਸਟਾਕਟਨ ਅਤੇ ਮਰਸਡ ਦੇ ਇਲਾਕੇ 'ਚ 8 ਕੈਮਰਿਆਂ ਵਾਲਾ ਸਕਿਉਰਿਟੀ ਸਿਸਟਮ ਸਿਰਫ $1500 ਵਿਚ ਲੁਆਓ

ਜੇ ਤੁਹਾਡੇ ਕੈਮਰੇ ਘਰੋਂ ਨਹੀਂ ਚੱਲਦੇ ਤਾਂ ਸਿਰਫ 75 ਡਾਲਰ 'ਚ ਠੀਕ ਕਰਵਾਓ

## COMMERCIAL & RESIDENTIAL

**Monitor Your Home or Office from Anywhere**

*Please Call*
888-233-4566
www.dvrunlimited.com
www.security360cameras.com

BOSCH SAMSUNG VIVOTEK
DVR UNLIMITED INC. SECURITY CAMERAS
LG Life's Good



GILL EXPRESS

# ਆਪ ਜੀ ਨੂੰ ਨਵੇਂ ਸਾਲ ਦੀ ਲੱਖ ਲੱਖ ਵਧਾਈ

AMERICAN BRAND
2 STEER TIRES
SMART WAY APPROVED

$789.99
FET & TAX INC.
LABOR EXTRA

OFFER ENDS JAN 31st 2014 & VALID ONLY @ KLIEN TRUCK STOP

# TRUCK & TRAILER REPAIR

EXIT HERNDON AVE. @ KLIEN TRUCK STOP, FRESNO CA

**559-800-8687**

ਨਿਰਵਿਘਨ ਪ੍ਰਕਾਸ਼ਨ ਦੇ 15ਵੇਂ ਸਾਲ 'ਚ (ਪਹਿਲੀ ਜਨਵਰੀ 2000-2014)

# ਅਦਾਰਾ ਪੰਜਾਬ ਟਾਈਮਜ਼ ਦੇ ਸਮੂਹ ਸਟਾਫ, ਕਾਲਮਨਵੀਸਾਂ, ਸਲਾਹਕਾਰ ਕਮੇਟੀ ਦੇ ਮੈਂਬਰਾਂ ਅਤੇ ਸ਼ੁਭਚਿੰਤਕਾਂ ਵਲੋਂ ਸਭ ਨੂੰ

# ਸਾਲ 2014 ਮੁਬਾਰਕ

ਪਿਛਲੇ 14 ਸਾਲਾਂ ਦੌਰਾਨ ਸਹਿਯੋਗੀਆਂ, ਵਿਗਿਆਪਕਾਂ ਅਤੇ ਪਾਠਕਾਂ ਵਲੋਂ ਮਿਲੇ ਸਹਿਯੋਗ ਲਈ ਦਿਲੀ ਧੰਨਵਾਦ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਢਿਲੋਂ | ਪ੍ਰੋ ਜੋਗਿੰਦਰ ਸਿੰਘ ਰਮਦੇਵ | ਅਮੋਲਕ ਸਿੰਘ ਗਾਖਲ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਡਾ. ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ | ਹਰਜੀਤ ਸਿੰਘ ਸਾਹੀ | ਬਲਵਿੰਦਰ ਸਿੰਘ ਸੰਧੂ



ਸਰਵਣ ਸਿੰਘ ਟਿਵਾਣਾ | ਦਰਸ਼ਨ ਸਿੰਘ ਦਰੜ | ਰਾਜਿੰਦਰ ਸਿੰਘ ਬੈਂਸ | ਜੈਦੇਵ ਸਿੰਘ ਭੱਠਲ | ਜੱਸੀ ਗਿੱਲ | ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਮਨਦੀਪ ਸਿੰਘ ਭੂਰਾ



ਜਗਦੀਸ਼ਰ ਸਿੰਘ ਕਲੇਰ | ਗੁਰਿੰਦਰ ਸਿੰਘ ਗਿੱਲ | ਸਰਬਜੀਤ ਥਿਆੜਾ | ਅਜੁਧਿਆ ਸਲਵਾਨ

## ਵਿਸ਼ੇਸ਼ ਸਹਿਯੋਗੀ



ਡਾ. ਹਰਜਿੰਦਰ ਸਿੰਘ ਖਹਿਰਾ | ਜੈਰਾਮ ਸਿੰਘ (ਨੀਟੂ) ਕਾਹਲੋਂ | ਗੁਰਮੁਖ ਸਿੰਘ ਭੁੱਲਰ | ਸੁਰਿੰਦਰ ਸਿੰਘ ਭਾਟੀਆ

## ਸਾਡੇ ਕਾਲਮਨਵੀਸ



ਤਰਲੋਚਨ ਸਿੰਘ | ਐਸ. ਅਸ਼ੋਕ ਭੌਰਾ | ਡਾ. ਗੁਰਨਾਮ ਕੌਰ | ਸੁਰਜੀਤ ਕੌਰ | ਬਲਜੀਤ ਬਾਸੀ | ਜਤਿੰਦਰ ਪਨੂੰ | ਦਲਜੀਤ ਅਮੀ | ਜਤਿੰਦਰ ਮੌਹਰ | ਕੁਲਵੰਤ ਸਿੰਘ ਰੋਮਾਣਾ | ਮੇਜਰ ਕੁਲਾਰ | ਇਕਬਾਲ ਜੱਬੋਵਾਲ

ਪੰਜਾਬ ਟਾਈਮਜ਼ ਦੀ 14ਵੀਂ ਵਰ੍ਹੇਗੰਢ ਮੌਕੇ 'ਪੰਜਾਬ ਟਾਈਮਜ਼ ਨਾਈਟ' 5 ਅਪਰੈਲ 2014 (ਇੰਡੀਆ ਹਾਊਸ, ਸ਼ਾਮਬਰਗ)

**ਪੰਜਾਬ ਟਾਈਮਜ਼** ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

ਹੋਰ ਜਾਣਕਾਰੀ ਲਈ 847-359-0746 *e-mail: punjabtimes1@sbcglobal.net, website: www.punjabtimesusa.com*

ੴ ਸਤਿਗੁਰ ਪ੍ਰਸਾਦਿ॥

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥ ਹਲਾਲੱਸਤ ਬੁਰਦਨ ਬ ਸ਼ਮਸ਼ੀਰ ਦਸਤ॥

# ਸਰਬੰਸਦਾਨੀ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਸਮੂਹ ਸਿੱਖ ਜਗਤ ਨੂੰ

ਨਵਾਂ ਸਾਲ ਮੁਬਾਰਕ

## ਲੱਖ-ਲੱਖ ਵਧਾਈ ਹੋਵੇ

ਨਵਾਂ ਸਾਲ ਮੁਬਾਰਕ



**ਨਵੇਂ ਸਾਲ ਦਾ ਪ੍ਰੋਗਰਾਮ: 31 ਦਸੰਬਰ 2013, ਮੰਗਲਵਾਰ**
ਕੀਰਤਨ ਦੀਵਾਨ: ਸ਼ਾਮ 6 ਵਜੇ ਤੋਂ ਰਾਤ ਅੱਧੀ ਰਾਤ 12 ਵਜੇ ਤੱਕ

**ਪ੍ਰਕਾਸ਼ ਦਿਵਸ ਗੁਰੂ ਗੋਬਿੰਦ ਸਿੰਘ: 5 ਜਨਵਰੀ 2014, ਐਤਵਾਰ**
ਕੀਰਤਨ ਦੀਵਾਨ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ

**ਸੰਗਤਾਂ ਦੇ ਦਾਸ: ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਾਧ ਸੰਗਤ**

## ਗੁਰਦੁਆਰਾ ਸਾਹਿਬ ਐਲ ਸਬਰਾਂਟੇ, ਕੈਲੀਫੋਰਨੀਆ

ਫੋਨ: 510-223-1102, 510-223-9987
3550 Hillcrest Rd., El Sobrante, CA 94804

# ਸਰਬੰਸਦਾਨੀ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ

Happy New Year 2014

## ਲੱਖ-ਲੱਖ ਵਧਾਈ ਹੋਵੇ

Happy New Year 2014

# Kash Fabrics

**One Stop Shopping Center**
29576 Mission Blvd, Hayward, CA 94544 Phone: 510-538-1138

## ਕੈਸ਼ ਫੈਬ੍ਰਿਕਸ-ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

*30 ਸਾਲ ਤੋਂ ਤੁਹਾਡੀ ਸੇਵਾ ਵਿਚ*

The Name You Can Trust

ਰੂਪ ਨੂੰ ਚਾਰ ਚੰਨ ਲਾ ਦੇਣ ਵਾਲੀਆਂ ਸਾੜੀਆਂ ਅਤੇ ਕਮਾਲ ਦੀ ਕਢਾਈ ਦੇ ਵੰਨ ਵੰਨ ਦੇ ਸੂਟ, ਸਿਲਕ ਦੀਆਂ ਸਾੜੀਆਂ

*Bridal *Boutique *Jewelry

ਸਾਡੀ ਸਪੈਸ਼ਲਟੀ: ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਅਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਪਾਸ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ- ਵੀਡੀਓ ਤੇ ਡੀ.ਵੀ.ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਸੂਟਾਂ, ਸਾੜੀਆਂ ਤੇ ਲਹਿੰਗਿਆਂ ਨਾਲ ਮੈਚ ਕਰਦੀ ਨਵੇਂ ਤੋਂ ਨਵੇਂ ਡਿਜ਼ਾਈਨਾਂ ਵਿਚ ਆਰਟੀਫੀਸ਼ੀਅਲ ਜਿਊਲਰੀ ਅਤੇ ਹੋਰ ਬੜਾ ਹੀ ਕੁਝ...

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ.ਪੀ.ਐਸ. ਰਾਹੀਂ ਤੁਰਤ ਭੇਜ ਸਕਦੇ ਹਾਂ।

visit us on our facebook page, Kash Farbrics

**Ph: 510-538-1138**

# Join our 2014 Truck Compliance Seminar

FREE!

## This February 1,2014 at 2575 Collier Canyon Road Livermore, CA 94551.



-ਅਸੀਂ ਪਿਛਲੇ 22 ਸਾਲਾਂ ਤੋਂ ਤੁਹਾਡੀ ਸੇਵਾ ਵਿਚ ਹਾਂ
-ਅਸੀਂ ਗਲੋਬਲ ਹਾਕ ਸਮੇਤ ਹੋਰ ਬਹੁਤ ਸਾਰੀਆਂ ਅੱਵਲ ਦਰਜੇ ਦੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਜੁੜੇ ਹੋਏ ਹਾਂ ਅਤੇ ਟਰੱਕਾਂ ਦੀ ਇੰਸ਼ੋਰੈਂਸ ਵਿਚ ਸਾਡੀ ਮੁਹਾਰਤ ਹੈ
-ਤੁਸੀਂ ਓਨਰ ਅਪਰੇਟਰ ਹੋ ਜਾਂ ਤੁਹਾਡੀ ਆਪਣੀ ਟਰੱਕਿੰਗ ਕੰਪਨੀ ਹੈ, ਤੁਹਾਡੇ ਕੋਲ ਇਕ ਟਰੱਕ ਹੈ ਜਾਂ ਸੈਂਕੜੇ ਟਰੱਕ ਹਨ-ਅਸੀਂ ਤੁਹਾਨੂੰ ਸਹੀ ਸਲਾਹ ਦੇ ਕੇ ਇੰਸ਼ੋਰੈਂਸ ਕਰਾਂਗੇ।
-ਆਟੋ ਤੇ ਜਨਰਲ ਲਾਇਬਿਲਿਟੀ, ਕਾਰਗੋ, ਫਿਜ਼ੀਕਲ ਡੈਮੇਜ, ਲੋਕਲ ਲਾਂਗ ਹਾਲ।
-ਬਸ ਇਕੋ ਕਾਲ 'ਤੇ ਤੁਹਾਡੀ ਮਦਦ ਲਈ ਇੰਸ਼ੋਰੈਂਸ ਟੀਮ ਹਾਜ਼ਰ ਹੋਵੇਗੀ।

-ਜਸਬੀਰ ਸਿੰਘ ਬਾਂਦੀ, ਸੀ ਈ ਓ

- CARB laws
- Hours of Service rules
- And much more!

## Come and Meet our Team







**Dominic Flamiano**
Transportation Lawyer with 25 years experience.

**BIT Consultant**
Longtime Inspector available to help with Driver Qualification Files, Interstate vs. Intrastate Regulations and Compliance Issues.

**California Highway Patrol**
An Officer will give you tips and answer all your questions.

## Our Team of Experts Can Help to Grow Your Business

**GCIB** has teamed up with the California Highway Patrol, Risk Managers, BIT Inspectors, Transportation Lawyers and other trucking professionals to help you move your trucking business forward.

**GCIB** has teamed up with **GHINS, Lloyds of London, American Safety Insurance Company** and other **A** rated companies to offer competitive rates for trucking companies of all sizes.

### We Insure

- Auto liability
- Physical damage
- Cargo
- Local & 48 states
- Sand & gravel
- Container trucks
- Tow trucks
- Owner Operators
- Trucking Company (ies) (& drivers)
- Dump Trucks
- Seasonal Vegetable Haulers.
- Delivery Services
- CateringTrucks, Ice Cream & more

Global Century Insurance Brokers, Inc.
License No. 0E52042

**More Info Call Kelly**
**925.493.7525 Ext.115**

Faith P. Fisher, ARM
FFisher@gcib.net
www.gcib.net

## ਭਾਈ ਗੁਰਬਖਸ਼ ਸਿੰਘ ਦੇ ਸੰਘਰਸ਼ ਮਗਰੋਂ ਚਾਰ ਸਿੱਖਾਂ ਨੂੰ ਮਿਲੀ ਪੈਰੋਲ



**ਅੰਮ੍ਰਿਤਸਰ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਦੋਸ਼ ਵਿਚ ਬੁੜੈਲ ਜੇਲ੍ਹ ਵਿਚ ਬੰਦ ਸ਼ਮਸ਼ੇਰ ਸਿੰਘ ਤੇ ਲਖਵਿੰਦਰ ਸਿੰਘ ਨੂੰ ਪੈਰੋਲ 'ਤੇ ਰਿਹਾਅ ਕੀਤੇ ਜਾਣ ਮਗਰੋਂ ਗੁਰਬਖਸ਼ ਸਿੰਘ ਖਾਲਸਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕਰਕੇ 44 ਦਿਨ ਬਾਅਦ ਭੁੱਖ ਹੜਤਾਲ ਸਮਾਪਤ ਕਰ ਦਿੱਤੀ ਹੈ। ਉਨ੍ਹਾਂ ਨੂੰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਜੂਸ ਪਿਲਾਇਆ।

ਭਾਈ ਗੁਰਬਖਸ਼ ਸਿੰਘ ਨੇ ਆਖਿਆ ਕਿ ਉਸ ਨੇ 14 ਨਵੰਬਰ ਨੂੰ ਚਾਰ ਸਿੱਖਾਂ ਦੀ ਰਿਹਾਈ ਦੀ ਮੰਗ ਲਈ ਭੁੱਖ ਹੜਤਾਲ ਸ਼ੁਰੂ ਕੀਤੀ ਸੀ ਜਿਨ੍ਹਾਂ ਵਿਚ ਲਾਲ ਸਿੰਘ (ਨਾਭਾ ਜੇਲ੍ਹ), ਗੁਰਮੀਤ ਸਿੰਘ, ਲਖਵਿੰਦਰ ਸਿੰਘ ਤੇ ਸ਼ਮਸ਼ੇਰ ਸਿੰਘ (ਬੁੜੈਲ ਜੇਲ੍ਹ) ਸ਼ਾਮਲ ਸਨ। ਇਸ ਦੌਰਾਨ ਦੋ ਸਿੱਖ ਕੈਦੀਆਂ ਵਰਿਆਮ ਸਿੰਘ ਤੇ ਜਗਦੀਪ ਸਿੰਘ ਦਾ ਨਾਂ ਵੀ ਇਨ੍ਹਾਂ ਵਿਚ ਜੁੜ ਗਿਆ। ਉਨ੍ਹਾਂ ਦੱਸਿਆ ਕਿ ਲਾਲ ਸਿੰਘ, ਗੁਰਮੀਤ ਸਿੰਘ, ਲਖਵਿੰਦਰ ਸਿੰਘ ਤੇ ਸ਼ਮਸ਼ੇਰ ਸਿੰਘ ਦੀ ਪੈਰੋਲ 'ਤੇ ਰਿਹਾਈ ਹੋ ਗਈ ਹੈ।

ਇਸ ਲਈ ਉਨ੍ਹਾਂ ਨੇ ਅਰਦਾਸ ਕਰਕੇ ਆਪਣੀ ਭੁੱਖ ਹੜਤਾਲ ਖਤਮ ਕਰ ਦਿੱਤੀ ਹੈ। ਬਾਕੀ ਦੋ ਸਿੱਖ ਕੈਦੀਆਂ ਦੀ ਰਿਹਾਈ ਬਾਰੇ ਉਨ੍ਹਾਂ ਆਖਿਆ ਕਿ ਇਨ੍ਹਾਂ ਦੋਵਾਂ ਨੂੰ ਰਿਹਾਅ ਕਰਾਉਣਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀ ਜ਼ਿੰਮੇਵਾਰੀ ਹੈ ਕਿਉਂਕਿ ਉਨ੍ਹਾਂ ਨੇ ਇਸ ਬਾਰੇ ਭਰੋਸਾ ਦਿੱਤਾ ਹੈ ਕਿ ਇਨ੍ਹਾਂ ਦੋਵਾਂ ਦੀ ਰਿਹਾਈ ਵੀ ਜਲਦੀ ਹੋ ਜਾਵੇਗੀ। ਉਨ੍ਹਾਂ ਆਖਿਆ ਕਿ ਸੰਘਰਸ਼ ਦਾ ਇਕ ਪੜਾਅ ਫ਼ਤਹਿ ਹੋ ਗਿਆ ਹੈ ਪਰ ਸੰਘਰਸ਼ ਹਾਲੇ ਖ਼ਤਮ ਨਹੀਂ ਹੋਇਆ ਹੈ।

ਉਨ੍ਹਾਂ ਆਖਿਆ ਕਿ ਇਨ੍ਹਾਂ ਸਿੱਖ ਕੈਦੀਆਂ ਦੀ ਪੈਰੋਲ ਖ਼ਤਮ ਹੋਣ ਬਾਅਦ ਇਨ੍ਹਾਂ ਦੀ ਪੱਕੀ ਰਿਹਾਈ ਲਈ ਲੋੜੀਂਦੀ ਕਾਨੂੰਨੀ ਚਾਰਾਜੋਈ ਕੀਤੀ ਜਾਵੇਗੀ। ਉਨ੍ਹਾਂ ਆਖਿਆ ਕਿ ਉਹ ਸ਼ਾਂਤਮਈ ਸੰਘਰਸ਼ ਦੇ ਹੱਕ ਵਿਚ ਹਨ ਤੇ ਬੰਦੂਕਧਾਰੀ ਸੰਘਰਸ਼ ਦਾ ਵਿਰੋਧ ਕਰਦੇ ਹਨ। ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਗੁਰਬਖਸ਼ ਸਿੰਘ ਦੀ ਮੰਗ ਅਨੁਸਾਰ 4 ਸਿੱਖ ਕੈਦੀ ਰਿਹਾਅ ਹੋ ਗਏ ਹਨ ਤੇ ਉਨ੍ਹਾਂ ਨੇ ਭੁੱਖ ਹੜਤਾਲ ਖ਼ਤਮ ਕਰ ਦਿੱਤੀ ਹੈ। ਗੁਰਬਖਸ਼ ਸਿੰਘ ਸੁਪਰੀਮ ਕੋਰਟ ਤੋਂ ਮਿਲੀ ਜ਼ਮਾਨਤ 'ਤੇ ਰਿਹਾਅ ਹੋਇਆ ਹੈ। ਉਸ ਖ਼ਿਲਾਫ਼ 1999 ਵਿੱਚ ਚੰਡੀਗੜ੍ਹ ਵਿਚ ਹੋਏ ਬੰਬ ਧਮਾਕੇ ਵਿਚ ਸ਼ਾਮਲ ਹੋਣ ਦਾ ਦੋਸ਼ ਸੀ। ਇਹ ਕੇਸ ਫਿਲਹਾਲ ਉੱਚ ਅਦਾਲਤ ਦੇ ਵਿਚਾਰ ਅਧੀਨ ਹੈ।

## ਪੰਜਾਬ ਸਰਕਾਰ ਨੇ ਕਦੇ ਨਾ ਕੀਤੀ ਪੈਰੋਲ ਲਈ ਸਿਫਾਰਸ਼

**ਚੰਡੀਗੜ੍ਹ:** ਭਾਈ ਗੁਰਬਖ਼ਸ਼ ਸਿੰਘ ਵੱਲੋਂ ਸ਼ੁਰੂ ਕੀਤੀ ਗਈ ਭੁੱਖ ਹੜਤਾਲ ਤੋਂ ਬਾਅਦ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਲਈ ਹੁਣ ਪੰਜਾਬ ਸਰਕਾਰ ਹਰਕਤ ਵਿਚ ਆਈ ਹੈ। ਉਂਜ ਪਿਛਲੇ ਕਈ ਸਾਲਾਂ ਤੋਂ ਪੰਜਾਬ ਸਰਕਾਰ ਹੀ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਵਿਚ ਅੜਿੱਕਾ ਬਣਦੀ ਆ ਰਹੀ ਹੈ। ਸੂਤਰਾਂ ਅਨੁਸਾਰ ਬੇਅੰਤ ਸਿੰਘ ਹੱਤਿਆ ਕਾਂਡ ਦੇ ਕੇਸ ਵਿਚ ਮਾਡਲ ਜੇਲ੍ਹ ਬੁੜੈਲ (ਚੰਡੀਗੜ੍ਹ) ਵਿਚ ਪਿਛਲੇ ਕਈ ਸਾਲਾਂ ਤੋਂ ਬੰਦ ਲਖਵਿੰਦਰ ਸਿੰਘ, ਸ਼ਮਸ਼ੇਰ ਸਿੰਘ ਤੇ ਗੁਰਮੀਤ ਸਿੰਘ ਨੂੰ ਪੰਜਾਬ ਸਰਕਾਰ ਨੇ ਪੈਰੋਲ 'ਤੇ ਰਿਹਾਅ ਕਰਨ ਦੀ ਸਿਫਾਰਸ਼ ਤੱਕ ਵੀ ਨਹੀਂ ਕੀਤੀ।

ਇਹ ਤਿੰਨੇ ਕੈਦੀ ਜ਼ਿਲ੍ਹਾ ਪਟਿਆਲਾ ਨਾਲ ਸਬੰਧਤ ਹਨ। ਇਨ੍ਹਾਂ ਵੱਲੋਂ ਕਈ ਵਾਰ ਪੈਰੋਲ/ਛੁੱਟੀ ਲਈ ਅਪਲਾਈ ਕੀਤਾ ਗਿਆ ਹੈ। ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਇਨ੍ਹਾਂ ਨੂੰ ਪੈਰੋਲ 'ਤੇ ਰਿਹਾਅ ਕਰਨ ਬਾਰੇ ਇਨ੍ਹਾਂ ਦੇ ਰਿਹਾਇਸ਼ੀ ਜ਼ਿਲ੍ਹਾ ਪਟਿਆਲਾ ਦੇ ਪ੍ਰਸ਼ਾਸਨ ਕੋਲੋਂ ਇਸ ਬਾਰੇ ਵੱਖ-ਵੱਖ ਸਮੇਂ ਰਿਪੋਰਟਾਂ ਮੰਗੀਆਂ ਜਾਂਦੀਆਂ ਰਹੀਆਂ ਹਨ। ਸੂਤਰਾਂ ਅਨੁਸਾਰ ਜ਼ਿਲ੍ਹਾ ਪਟਿਆਲਾ ਦੇ ਪ੍ਰਸ਼ਾਸਨ ਵੱਲੋਂ ਹਰ ਵਾਰ ਇਹੋ ਕਿਹਾ ਜਾਂਦਾ ਰਿਹਾ ਹੈ ਕਿ ਇਨ੍ਹਾਂ ਨੂੰ ਪੈਰੋਲ ਦੇਣ ਦੀ ਸਿਫਾਰਸ਼ ਨਹੀਂ ਕੀਤੀ ਜਾ ਸਕਦੀ ਕਿਉਂਕਿ ਇਹ ਕੈਦੀ ਬਾਹਰ ਆ ਕੇ ਸੂਬੇ ਲਈ ਖ਼ਤਰਾ ਬਣ ਸਕਦੇ ਹਨ।

ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਾਂਹਪੱਖੀ ਸਿਫਾਰਸ਼ਾਂ ਸੂਬਾਈ ਖੁਫੀਆਤੰਤਰ ਦੀ ਸਹਿਮਤੀ ਨਾਲ ਕੀਤੀਆਂ ਜਾਂਦੀਆਂ ਰਹੀਆਂ ਹਨ। ਇਸ ਕਾਰਨ ਯੂ.ਟੀ. ਪ੍ਰਸ਼ਾਸਨ ਕੋਲ ਤਿੰਨਾਂ ਕੈਦੀਆਂ ਦੀਆਂ ਅਰਜ਼ੀਆਂ ਫਾਈਲ ਕਰ ਲੈਂਦਾ ਸੀ। ਉਂਜ ਕੈਦੀਆਂ ਨੂੰ ਰਿਹਾਅ ਕਰਨ ਬਾਰੇ ਅੰਤਿਮ ਫ਼ੈਸਲਾ ਭਾਵੇਂ ਯੂ.ਟੀ. ਪ੍ਰਸ਼ਾਸਨ ਦੇ ਹੱਥ ਹੀ ਹੈ ਪਰ ਰਿਹਾਇਸ਼ੀ ਜ਼ਿਲ੍ਹੇ ਦੇ ਪ੍ਰਸ਼ਾਸਨ ਵੱਲੋਂ ਰਿਹਾਈ ਦੀ ਸਿਫਾਰਸ਼ ਕਰਨ ਤੋਂ ਬਾਅਦ ਯੂ.ਟੀ. ਪ੍ਰਸ਼ਾਸਨ ਕੋਲ ਕੈਦੀਆਂ ਨੂੰ ਪੈਰੋਲ ਦੇਣ ਵਿਚ ਅੜਿੱਕਾ ਪਾਉਣ ਦੀਆਂ ਕਾਨੂੰਨੀ ਢੁੱਚਰਾਂ ਕਾਫੀ ਘੱਟ ਜਾਂਦੀਆਂ ਹਨ।



ਇਸੇ ਕਾਰਨ ਬੁੜੈਲ ਜੇਲ੍ਹ ਵਿਚ ਬੰਦ ਗੁਰਮੀਤ ਸਿੰਘ ਨੂੰ ਤਾਂ ਅੱਜ ਤੱਕ ਇਕ ਦਿਨ ਲਈ ਵੀ ਛੁੱਟੀ ਨਸੀਬ ਨਹੀਂ ਹੋਈ ਜਦਕਿ ਹਾਈ ਕੋਰਟ ਦੀ ਇਜਾਜ਼ਤ ਤੋਂ ਬਾਅਦ ਸ਼ਮਸ਼ੇਰ ਸਿੰਘ ਨੂੰ ਆਪਣੀ ਧੀ ਦੇ ਵਿਆਹ ਤੇ ਲਖਵਿੰਦਰ ਸਿੰਘ ਨੂੰ ਆਪਣੀ ਭੈਣ ਦੇ ਵਿਆਹ 'ਚ ਪੁਲਿਸ ਹਿਰਾਸਤ ਦੌਰਾਨ ਕੁਝ ਸਮੇਂ ਲਈ ਹੀ ਸ਼ਾਮਲ ਹੋਣ ਦੀ ਇਜਾਜ਼ਤ ਮਿਲੀ ਸੀ। ਇਸੇ ਤਰ੍ਹਾਂ ਉਤਰ ਪ੍ਰਦੇਸ਼ ਦੀ ਜੇਲ੍ਹ ਬਰੇਲੀ ਵਿਚ 1990 ਤੋਂ ਬੰਦ ਵਰਿਆਮ ਸਿੰਘ ਤੇ ਕਰਨਾਟਕ ਦੀ ਜੇਲ੍ਹ ਗੁਲਬਰਗਾ ਵਿਚ 1990 ਤੋਂ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਗੁਰਦੀਪ ਸਿੰਘ ਖੇੜਾ ਨਾਲ ਵੀ ਅਜਿਹਾ ਹੀ ਵਾਪਰ ਰਿਹਾ ਹੈ। ਭਾਵੇਂ ਇਹ ਹੋਰ ਰਾਜਾਂ ਦੇ ਕੇਸਾਂ ਤਹਿਤ ਜੇਲ੍ਹਾਂ ਵਿਚ ਬੰਦ ਹਨ ਪਰ ਉਨ੍ਹਾਂ ਦੀ ਰਿਹਾਈ ਵੀ ਸਬੰਧਤ ਰਿਹਾਇਸ਼ੀ ਰਾਜ ਦੇ ਖੁਫ਼ੀਆ ਵਿੰਗ ਦੀ ਹਾਮੀ ਬਿਨਾਂ ਸੰਭਵ ਨਹੀਂ ਹੈ।

ਸੂਤਰਾਂ ਅਨੁਸਾਰ ਪੰਜਾਬ ਪੁਲਿਸ ਦੇ ਮੌਜੂਦਾ ਮੁਖੀ ਸੁਮੇਧ ਸਿੰਘ ਸੈਣੀ ਅਤਿਵਾਦੀ ਜਥੇਬੰਦੀਆਂ ਦੀ ਹਿੱਟ ਲਿਸਟ ਵਿਚ ਹੋਣ ਕਾਰਨ ਰਾਜ ਦਾ ਖੁਫ਼ੀਆ ਤੰਤਰ ਹੁਣ ਜੇਲ੍ਹਾਂ ਵਿਚ ਬੰਦ ਸਿੱਖਾਂ ਨੂੰ ਹੋਰ ਸਖ਼ਤ ਨਜ਼ਰ ਨਾਲ ਭਾਂਪਦਾ ਹੈ। ਪੰਚ ਪ੍ਰਧਾਨੀ ਦੇ ਕਾਰਜਕਾਰੀ ਪ੍ਰਧਾਨ ਤੇ ਬੰਦੀ ਸਿੰਘ ਰਿਹਾਈ ਮੋਰਚਾ ਦੇ ਆਗੂ ਵਕੀਲ ਹਰਪਾਲ ਸਿੰਘ ਚੀਮਾ ਨੇ ਦੋਸ਼ ਲਾਇਆ ਕਿ ਹਾਲੇ ਕੁਝ ਸਮਾਂ ਪਹਿਲਾਂ ਹੀ ਪਟਿਆਲਾ ਜ਼ਿਲ੍ਹੇ ਦੇ ਪ੍ਰਸ਼ਾਸਨ ਨੇ ਬੁੜੈਲ ਜੇਲ੍ਹ ਵਿਚ ਬੰਦ ਸਿੱਖਾਂ ਦੀ ਰਿਹਾਈ ਨਾ ਕਰਨ ਦੀ ਸਿਫਾਰਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਲਾਲ ਸਿੰਘ ਦੀ ਨਾਭਾ ਜੇਲ੍ਹ ਵਿਚੋਂ ਰਿਹਾਈ ਰੁਟੀਨ ਪ੍ਰਕਿਰਿਆ ਹੈ ਕਿਉਂਕਿ ਉਹ ਪਹਿਲਾਂ ਵੀ ਕਈ ਵਾਰ ਪੈਰੋਲ 'ਤੇ ਬਾਹਰ ਆ ਚੁੱਕੇ ਹਨ।

ਉਨ੍ਹਾਂ ਸਪਸ਼ਟ ਕੀਤਾ ਕਿ ਭਾਵੇਂ ਸੁਪਰੀਮ ਕੋਰਟ ਦੇ ਅਨੁਸਾਰ ਉਮਰ ਕੈਦ ਦਾ ਅਰਥ ਅਖੀਰਲੇ ਦਮ ਤੱਕ ਜੇਲ੍ਹ ਵਿਚ ਰਹਿਣਾ ਹੈ ਪਰ ਇਹ ਵੀ ਸਪਸ਼ਟ ਹੈ ਕਿ ਸੰਵਿਧਾਨ ਦੀ ਧਾਰਾ 72 ਤੇ 161 ਤਹਿਤ ਦੇਸ਼ ਦਾ ਰਾਸ਼ਟਰਪਤੀ ਜਾਂ ਕਿਸੇ ਵੀ ਰਾਜ ਦਾ ਰਾਜਪਾਲ ਸਜ਼ਾ ਮੁਆਫ ਕਰਨ ਦਾ ਅਧਿਕਾਰ ਰੱਖਦਾ ਹੈ। ਉਨ੍ਹਾਂ ਕਿਹਾ ਕਿ 1947 ਤੋਂ ਲੈ ਕੇ ਹੁਣ ਤੱਕ ਲੱਖਾਂ ਕੈਦੀਆਂ ਦੀ ਇਸ ਕਾਨੂੰਨ ਤਹਿਤ ਸਜ਼ਾ ਮੁਆਫ ਹੋਈ ਹੈ ਪਰ ਸਿੱਖਾਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਚਾਹੁਣ ਤਾਂ ਉਹ ਕੁਝ ਵੀ ਕਰਨ ਦੇ ਸਮਰਥ ਹਨ।

## ਸ਼ੋ੍ਮਣੀ ਕਮੇਟੀ ਨੇ ਕੀਤੀ ਪੰਥਕ ਕਨਵੈਨਸ਼ਨ ਠੁੱਸ

**ਮੁਹਾਲੀ:** ਸਿੱਖ ਸੰਘਰਸ਼ ਦੇ ਚੱਲਦਿਆਂ ਸਜ਼ਾਵਾਂ ਕੱਟ ਚੁੱਕੇ ਨਜ਼ਰਬੰਦ ਚਾਰ ਸਿੱਖਾਂ ਨੂੰ ਪੈਰੋਲ 'ਤੇ ਛੁੱਟੀ ਮਿਲਣ ਮਗਰੋਂ ਇਤਿਹਾਸਕ ਗੁਰਦੁਆਰਾ ਅੰਬ ਸਾਹਿਬ ਫੇਜ਼-8 ਵਿਚ ਹੋਣ ਵਾਲੀ ਪੰਥਕ ਕਨਵੈਨਸ਼ਨ ਐਨ ਮੌਕੇ ਠੁੱਸ ਹੋ ਗਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੀ ਘੁਰਕੀ ਦੇ ਚਲਦਿਆਂ ਸਿੱਖ ਆਗੂਆਂ ਦਾ ਜੋਸ਼ ਠੰਢਾ ਪੈ ਗਿਆ। ਮਿਲੀ ਜਾਣਕਾਰੀ ਅਨੁਸਾਰ ਕੁਝ ਆਗੂ ਪੰਥਕ ਕਨਵੈਨਸ਼ਨ ਦੇ ਸਿਲਸਿਲੇ ਵਿਚ ਸ਼੍ਰੋਮਣੀ ਕਮੇਟੀ ਦੇ ਨੁਮਾਇੰਦਿਆਂ ਨੂੰ ਮਿਲੇ ਸਨ ਜਿਨ੍ਹਾਂ ਵੱਲੋਂ ਸਪਸ਼ਟ ਤੌਰ 'ਤੇ ਆਖਿਆ ਗਿਆ ਕਿ ਹੁਣ ਇਹ ਸਭ ਲਈ ਬਿਹਤਰ ਹੋਵੇਗਾ ਕਿ ਬੰਦੀ ਸਿੰਘਾਂ ਦੀ ਰਿਹਾਈ ਨਾਲ ਮਿਲੀ ਫਤਹਿ ਸਬੰਧੀ ਵਾਹਿਗੁਰੂ ਦਾ ਸ਼ੁਕਰਾਨਾ ਕਰਕੇ ਆਪੋ ਆਪਣੇ ਘਰਾਂ ਨੂੰ ਚਾਲੇ ਪਾਏ ਜਾਣ।

ਇਸ ਬਾਰੇ ਬੰਦੀ ਸਿੰਘ ਰਿਹਾਈ ਮੋਰਚਾ ਦੇ ਆਗੂ ਅਮਰ ਸਿੰਘ ਚਾਹਲ ਨੂੰ ਪੰਥਕ ਕਨਵੈਨਸ਼ਨ ਦੀ ਅਪੀਲ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਇਹ ਜਲਦਬਾਜ਼ੀ ਵਿਚ ਕੀਤਾ ਗਿਆ ਫੈਸਲਾ ਸੀ, ਉਂਜ ਵੀ ਆਪਸੀ ਤਾਲਮੇਲ ਦੀ ਘਾਟ ਕਾਰਨ ਇਹ ਕਾਰਜ ਸਿਰੇ ਨਹੀਂ ਚੜ੍ਹ ਸਕਿਆ। ਸ਼੍ਰੋਮਣੀ ਕਮੇਟੀ ਦੀ ਘੁਰਕੀ ਬਾਰੇ ਉਨ੍ਹਾਂ ਦਾ ਕਹਿਣਾ ਸੀ ਕਿ ਅਜਿਹੀ ਕੋਈ ਗੱਲ ਨਹੀਂ ਹੈ। ਸੰਘਰਸ਼ਸ਼ੀਲ ਆਗੂ ਗੁਰਬਖ਼ਸ਼ ਸਿੰਘ ਖਾਲਸਾ ਨੇ ਕਿਹਾ ਕਿ ਇਸ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਕਿ ਕਿਸੇ ਸੰਸਥਾ ਨੇ ਪੰਥਕ ਕਨਵੈਨਸ਼ਨ ਸੱਦੀ ਸੀ। ਇਸ ਮੌਕੇ ਗੁਰਬਖ਼ਸ਼ ਸਿੰਘ ਖਾਲਸਾ ਨੇ ਚਾਰ ਬੰਦੀ ਸਿੱਖ ਪੈਰੋਲ 'ਤੇ ਰਿਹਾਅ ਹੋਣ 'ਤੇ ਆਪਣੀ ਟਿੱਪਣੀ ਕਰਦਿਆਂ ਇਸ ਨੂੰ ਸਮੁੱਚੇ ਪੰਥ ਦੀ ਜਿੱਤ ਕਰਾਰ ਦਿੱਤਾ। ਉਨ੍ਹਾਂ ਸੰਘਰਸ਼ ਦੌਰਾਨ ਮਿਲੀ ਸਫ਼ਲਤਾ ਲਈ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ ਤੇ ਅਰਦਾਸੀਆ ਸਿੰਘ ਤੋਂ ਪੰਥ ਦੀ ਚੜ੍ਹਦੀ ਕਲਾ ਤੇ ਸਰਬੱਤ ਦੇ ਭਲੇ ਲਈ ਅਰਦਾਸ ਕਰਵਾਈ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਵੱਖ ਵੱਖ ਜੇਲ੍ਹਾਂ ਵਿਚ ਸਜ਼ਾਵਾਂ ਕੱਟ ਚੁੱਕੇ ਬਾਕੀ ਨਜ਼ਰਬੰਦ ਸਿੱਖਾਂ ਤੇ ਹੋਰਾਂ ਧਰਮਾਂ ਦੇ ਲੋਕਾਂ ਨੂੰ ਰਿਹਾਅ ਕਰਵਾਉਣ ਲਈ ਉਹ ਸ਼ਾਂਤਮਈ ਤਰੀਕੇ ਨਾਲ ਕਾਨੂੰਨ ਦੇ ਦਾਇਰੇ ਵਿਚ ਰਹਿ ਕੇ ਸੰਘਰਸ਼ ਵਿੱਢਣਗੇ।

## ਪੰਜਾਬ ਦੀਆਂ ਜੇਲ੍ਹਾਂ ਵਿਚ ਅਜੇ ਵੀ ਅੰਗਰੇਜ਼ਾਂ ਵਾਲੇ ਕਾਨੂੰਨ

**ਚੰਡੀਗੜ੍ਹ:** ਭਾਈ ਗੁਰਬਖਸ਼ ਸਿੰਘ ਖ਼ਾਲਸਾ ਵੱਲੋਂ ਰਾਜਸੀ ਕੈਦੀਆਂ ਦੀ ਸਜ਼ਾ ਪੂਰੀ ਹੋਣ ਬਾਅਦ ਵੀ ਰਿਹਾਈ ਨਾ ਹੋਣ ਦਾ ਮਾਮਲਾ ਉਠਾਏ ਜਾਣ ਬਾਅਦ ਆਮ ਕੈਦੀਆਂ ਦੀ ਰਿਹਾਈ ਸਾਲਾਂਬੱਧੀ ਲਟਕੇ ਰਹਿਣ ਦਾ ਮਾਮਲਾ ਵੀ ਉੱਠਣ ਲੱਗਿਆ ਹੈ। ਜੇਲ੍ਹਾਂ ਵਿਚ ਨਜ਼ਰਬੰਦਾਂ ਬਾਰੇ ਅਜੇ ਵੀ 1894 ਦਾ ਅੰਗਰੇਜ਼ ਸਰਕਾਰ ਦਾ ਪਾਸ ਕੀਤਾ ਕਾਨੂੰਨ ਲਾਗੂ ਹੈ ਤੇ ਇਸ ਕਾਨੂੰਨ ਤਹਿਤ ਉਮਰ ਕੈਦ ਭੋਗਣ ਵਾਲੇ ਕੈਦੀਆਂ ਦੀ ਰਿਹਾਈ ਲਈ ਅੰਗਰੇਜ਼ ਵੱਲੋਂ ਹੀ ਅਪਣਾਈ ਨਕਸ਼ਾ ਕਾਨੂੰਨ ਪ੍ਰਣਾਲੀ ਅਜੇ ਵੀ ਲਾਗੂ ਹੈ।

ਅੰਗਰੇਜ਼ ਰਾਜ ਸਮੇਂ ਆਜ਼ਾਦੀ ਘੁਲਾਟੀਆਂ ਨੂੰ ਜੇਲ੍ਹਾਂ ਤੋਂ ਬਾਹਰ ਆਉਣ ਤੋਂ ਰੋਕਣ ਲਈ ਗੁੰਝਲਦਾਰ ਨਕਸ਼ਾ ਪ੍ਰਣਾਲੀ ਬਣਾਈ ਗਈ ਸੀ ਜੋ ਅਜੇ ਤੱਕ ਵੀ ਜਾਰੀ ਹੈ। ਆਮ ਉਮਰ ਕੈਦੀ ਦੀ ਰਿਹਾਈ ਲਈ ਵੀ ਸਬੰਧਤ ਵਿਅਕਤੀ ਦੇ ਜ਼ਿਲ੍ਹਾ ਅਧਿਕਾਰੀਆਂ ਦੀ ਪ੍ਰਵਾਨਗੀ ਜ਼ਰੂਰੀ ਹੁੰਦੀ ਹੈ। ਪਹਿਲੀ ਗੱਲ ਤਾਂ ਜੇਲ੍ਹ ਅਧਿਕਾਰੀ ਨਕਸਾ ਪ੍ਰਣਾਲੀ ਕਾਰਵਾਈ ਆਰੰਭ ਹੀ ਸਜ਼ਾ ਪੂਰੀ ਹੋਣ ਤੋਂ ਬਾਅਦ ਕਰਦੇ ਹਨ ਤੇ ਫਿਰ ਬਾਬੂਸ਼ਾਹੀ ਦੇ ਵੱਸ ਪੈ ਜਾਣ ਕਾਰਨ ਕਈ ਵਾਰ ਕੈਦੀ ਦੀ ਰਿਹਾਈ ਬਾਰੇ ਹੁਕਮ ਜਾਰੀ ਕਰਨ ਵਿਚ ਹੀ ਦੋ ਜਾਂ ਤਿੰਨ ਸਾਲ ਲੰਘ ਜਾਂਦੇ ਹਨ।

ਇਸ ਤਰ੍ਹਾਂ ਉਮਰ ਕੈਦੀ ਨੂੰ ਬਿਨਾਂ ਵਜ੍ਹਾ ਮਿਆਦ ਤੋਂ ਵੱਧ ਸਜ਼ਾ ਭੁਗਤਣ ਲਈ ਮਜਬੂਰ ਹੋਣਾ ਪੈਂਦਾ ਹੈ। ਪਹਿਲਾਂ ਉਮਰ ਕੈਦ ਅੱਠ ਸਾਲ ਮੰਨੀ ਜਾਂਦੀ ਸੀ, ਹੁਣ ਉਮਰ ਕੈਦੀ ਨੂੰ 10 ਸਾਲ ਜੇਲ੍ਹ ਵਿਚ ਰੱਖਿਆ ਜਾਂਦਾ ਹੈ ਪਰ ਰਿਹਾਈ ਦੀ ਪ੍ਰਕਿਰਿਆ ਗੁੰਝਲਦਾਰ ਹੋਣ ਕਾਰਨ ਕੋਈ ਟਾਵਾਂ-ਵਿਰਲਾ ਹੀ 10 ਸਾਲ ਬਾਅਦ ਰਿਹਾਅ ਹੋਇਆ ਹੋਵੇਗਾ, ਨਹੀਂ ਤਾਂ 11-12 ਸਾਲ ਆਮ ਲੱਗ ਜਾਂਦੇ ਹਨ। ਗੁਰਦਾਸਪੁਰ ਜੇਲ੍ਹ ਵਿਚ ਬੰਦ ਉਮਰ ਕੈਦੀ ਬਾਬਾ ਦਰਸ਼ਨ ਸਿੰਘ ਤੇ ਸਮੂਹ ਕੈਦੀਆਂ ਨੇ ਮੁੱਖ ਮੰਤਰੀ ਪੰਜਾਬ ਨੂੰ ਅਪੀਲ ਕੀਤੀ ਹੈ ਕਿ 8 ਸਾਲ ਸਜ਼ਾ ਭੁਗਤਣ ਵਾਲੇ ਉਮਰ ਕੈਦੀਆਂ ਨੂੰ ਜ਼ਮਾਨਤ ਲੈ ਕੇ ਰਿਹਾਅ ਕਰਨ ਦੀ ਵਿਵਸਥਾ ਬਣਾਈ ਜਾਵੇ ਤੇ ਅੰਗਰੇਜ਼ਾਂ ਵਾਲੀ ਨਕਸ਼ਾ ਪ੍ਰਣਾਲੀ ਖ਼ਤਮ ਕੀਤੀ ਜਾਵੇ।

ਉਨ੍ਹਾਂ ਕਿਹਾ ਕਿ ਕਿਸੇ ਜਥੇਬੰਦੀ ਜਾਂ ਸੰਸਥਾ ਵੱਲੋਂ ਇਸ ਪਾਸੇ ਉਚੇਚਾ ਧਿਆਨ ਨਾ ਦਿੱਤੇ ਜਾਣ ਕਾਰਨ ਬਹੁਤ ਸਾਰੇ ਲੋਕ ਜ਼ਿਆਦਤੀਆਂ ਦਾ ਸ਼ਿਕਾਰ ਹੋ ਰਹੇ ਹਨ। ਇਸ ਲਈ ਹੁਣ ਇਸ ਮਾਮਲੇ ਨੂੰ ਲੈ ਕੇ ਹੋਰ ਸੰਘਰਸ਼ ਸ਼ੁਰੂ ਕਰਨਾ ਚਾਹੀਦਾ ਹੈ ਤਾਂ ਕਿ ਸਬੰਧਤ ਬੰਦਿਆਂ ਨੂੰ ਇਨਸਾਫ ਮਿਲ ਸਕੇ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਇਸ ਮਾਮਲੇ ਬਾਰੇ ਉਕਾ ਹੀ ਗੰਭੀਰ ਨਹੀਂ ਹੈ।

## ਭੁੱਖ ਹੜਤਾਲ ਰਾਹੀਂ ਸੰਘਰਸ਼ ਨੇ ਛੇੜੀ ਨਵੀਂ ਚਰਚਾ

**ਚੰਡੀਗੜ੍ਹ:** ਸਿੱਖ ਇਤਿਹਾਸ ਵਿਚ ਗੁਰੂ ਕਾਲ ਤੋਂ ਲੈ ਕੇ ਹੁਣ ਤਕ ਵਧੇਰੇ ਸਿੱਖ ਸੰਘਰਸ਼ ਹਥਿਆਰਬੰਦ ਰੂਪ ਵਿਚ ਹੀ ਲੜੇ ਗਏ ਹਨ। ਸਿੱਖਾਂ ਦੇ ਸਿਆਸੀ ਸੰਘਰਸ਼ ਜੇਲ੍ਹ ਭਰੋ ਮੋਰਚਿਆਂ, ਹੜਤਾਲਾਂ ਤੇ ਰੋਸ ਵਿਖਾਵਿਆਂ ਦੇ ਰੂਪ ਵਿਚ ਰਹੇ ਹਨ ਜਿਨ੍ਹਾਂ ਵਿਚ ਨਨਕਾਣਾ ਸਾਹਿਬ ਦਾ ਮੋਰਚਾ, ਚਾਬੀਆਂ ਦਾ ਮੋਰਚਾ, ਜੈਤੋ ਦਾ ਮੋਰਚਾ ਤੇ ਪੰਜਾਬ ਦੀਆਂ ਹੱਕੀ ਮੰਗਾਂ ਦੇ ਹੋਰ ਮੋਰਚੇ ਸ਼ਾਮਲ ਹਨ।

ਹੁਣ ਹਰਿਆਣਾ ਵਾਸੀ ਗੁਰਬਖਸ਼ ਸਿੰਘ ਦੀ ਭੁੱਖ ਹੜਤਾਲ ਨੇ ਨਵੀਂ ਚਰਚਾ ਛੇੜੀ ਹੈ ਕਿ ਸਿੱਖ ਧਰਮ ਵਿਚ ਅਜਿਹੇ ਸੰਘਰਸ਼ ਸਹੀ ਹਨ। ਗੁਰਬਖਸ਼ ਸਿੰਘ ਨੇ ਛੇ ਸਿੱਖ ਕੈਦੀਆਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ 14 ਨਵੰਬਰ ਨੂੰ ਮੁਹਾਲੀ ਦੇ ਗੁਰਦੁਆਰਾ ਅੰਬ ਸਾਹਿਬ ਵਿਖੇ ਅਰਦਾਸ ਕਰਨ ਮਗਰੋਂ ਭੁੱਖ ਹੜਤਾਲ ਸ਼ੁਰੂ ਕੀਤੀ ਸੀ। ਉਸ ਦੀ ਮੰਗ ਸੀ ਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਛੇ ਸਿੱਖ ਕੈਦੀਆਂ ਲਾਲ ਸਿੰਘ (ਨਾਭਾ ਜੇਲ੍ਹ), ਗੁਰਮੀਤ ਸਿੰਘ, ਲਖਵਿੰਦਰ ਸਿੰਘ ਤੇ ਸ਼ਮਸ਼ੇਰ ਸਿੰਘ (ਬੁੜੈਲ ਜੇਲ੍ਹ), ਵਰਿਆਮ ਸਿੰਘ (ਉਤਰ ਪ੍ਰਦੇਸ਼) ਤੇ ਗੁਰਦੀਪ ਸਿੰਘ (ਕਰਨਾਟਕਾ ਦੀ ਗੁਲਬਰਗਾ ਜੇਲ੍ਹ) ਨੂੰ ਰਿਹਾਅ ਕੀਤਾ ਜਾਵੇ। ਇਹ ਸਾਰੇ 18 ਸਾਲ ਤੋਂ ਵਧੇਰੇ ਦੀ ਕੈਦ ਕੱਟ ਚੁੱਕੇ ਹਨ ਤੇ ਵੱਖ ਵੱਖ ਕੇਸਾਂ ਵਿਚ ਬੰਦ ਹਨ।



ਅੰਮ੍ਰਿਤਸਰ ਵਿਚ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਪੁੱਜੇ ਭਾਈ ਗੁਰਬਖਸ਼ ਸਿੰਘ ਖਾਲਸਾ।

ਉਸ ਵੱਲੋਂ ਸੰਘਰਸ਼ ਲਈ ਚੁਣੇ ਗਏ ਰਾਹ ਨੂੰ ਗਰਮ ਖਿਆਲੀਆਂ ਨੇ ਵੀ ਪ੍ਰਵਾਨਗੀ ਦਿੱਤੀ ਹੈ ਜਿਸ ਦਾ ਸਬੂਤ ਉਸ ਵੱਲੋਂ ਬਣਾਈ ਗਈ ਬੰਦੀ ਸਿੱਖ ਰਿਹਾਈ ਮੋਰਚਾ ਕਮੇਟੀ ਵਿਚ ਸ਼ਾਮਲ ਮੈਂਬਰ ਹਨ। ਇਸ ਕਮੇਟੀ ਦੇ ਪੰਜ ਮੈਂਬਰਾਂ ਵਿਚੋਂ ਸਾਰੇ ਹੀ ਗਰਮ ਖਿਆਲੀ ਜਥੇਬੰਦੀਆਂ ਨਾਲ ਜੁੜੇ ਹੋਏ ਹਨ। ਇਨ੍ਹਾਂ ਵਿਚ ਸਤਨਾਮ ਸਿੰਘ ਪਾਉਂਟਾ ਸਾਹਿਬ, ਅਖੰਡ ਕੀਰਤਨੀ ਜਥੇ ਦੇ ਆਰ.ਪੀ. ਸਿੰਘ, ਅਕਾਲੀ ਦਲ ਪੰਚ ਪ੍ਰਧਾਨੀ ਦੇ ਹਰਪਾਲ ਸਿੰਘ ਚੀਮਾ, ਕੰਵਰ ਸਿੰਘ ਧਾਮੀ ਦੀ ਪਤਨੀ ਬੀਬੀ ਗੁਰਮੀਤ ਕੌਰ ਧਾਮੀ ਤੇ ਗੁਰਨਾਮ ਸਿੰਘ ਸਿੱਧੂ ਸ਼ਾਮਲ ਹਨ। ਇਨ੍ਹਾਂ ਸਾਰਿਆਂ ਨੇ ਨਾ ਸਿਰਫ਼ ਗੁਰਬਖਸ਼ ਸਿੰਘ ਦੇ ਸੰਘਰਸ਼ ਦੇ ਢੰਗ ਨੂੰ ਪ੍ਰਵਾਨ ਕੀਤਾ ਸਗੋਂ ਉਸ ਦੀ ਮੁਹਿੰਮ ਵਾਸਤੇ ਪ੍ਰਚਾਰ ਕਰਦਿਆਂ ਇਸ ਦੀ ਸਫਲਤਾ ਲਈ ਵੀ ਯਤਨ ਕੀਤੇ ਹਨ। ਗੁਰਬਖਸ਼ ਸਿੰਘ ਨੇ 44 ਦਿਨਾਂ ਬਾਅਦ ਉਸ ਵੇਲੇ ਭੁੱਖ ਹੜਤਾਲ ਖ਼ਤਮ ਕੀਤੀ ਜਦੋਂ ਸਿੱਖ ਕੈਦੀ ਪੈਰੋਲ 'ਤੇ ਰਿਹਾਅ ਹੋ ਕੇ ਬਾਹਰ ਆ ਗਏ।

ਇਸ ਤੋਂ ਪਹਿਲਾਂ ਦਰਸ਼ਨ ਸਿੰਘ ਫੇਰੂਮਾਨ ਨੇ ਆਪਣੀ ਭੁੱਖ ਹੜਤਾਲ 15 ਅਗਸਤ, 1969 ਤੋਂ ਸ਼ੁਰੂ ਕੀਤੀ ਸੀ ਤੇ 27 ਅਕਤੂਬਰ, 1969 ਨੂੰ 74 ਦਿਨ ਦੀ ਭੁੱਖ ਹੜਤਾਲ ਉਸ ਦੀ ਮੌਤ ਹੋ ਗਈ ਸੀ। ਉਸ ਵੱਲੋਂ ਇਹ ਸੰਘਰਸ਼ ਚੰਡੀਗੜ੍ਹ ਸਮੇਤ ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਵਿਚ ਸ਼ਾਮਲ ਕਰਨ, ਸਿੱਖ ਹੋਮ ਲੈਂਡ ਦੀ ਮੰਗ ਨੂੰ ਲੈ ਕੇ ਸ਼ੁਰੂ ਕੀਤਾ ਗਿਆ ਸੀ। ਉਸ ਦੇ ਸੰਘਰਸ਼ ਨੂੰ ਦੇਖਦਿਆਂ ਉਸ ਵੇਲੇ ਦੀ ਸਰਕਾਰ ਨੇ 13 ਅਗਸਤ ਨੂੰ ਹੀ ਉਸ ਨੂੰ ਘਰੋਂ ਚੁੱਕ ਲਿਆ ਤੇ ਅੰਮ੍ਰਿਤਸਰ ਜੇਲ੍ਹ ਵਿਚ ਬੰਦ ਕਰ ਦਿੱਤਾ ਸੀ।

ਉਸ ਨੇ ਜੇਲ੍ਹ ਵਿਚ ਹੀ ਤੈਅ ਤਰੀਕ 15 ਅਗਸਤ ਤੋਂ ਮਰਨ ਵਰਤ ਸ਼ੁਰੂ ਕਰ ਦਿੱਤਾ। 11 ਅਕਤੂਬਰ ਨੂੰ ਉਸ ਨੂੰ ਜੇਲ੍ਹ ਤੋਂ ਹਸਪਤਾਲ ਤਬਦੀਲ ਕਰ ਦਿੱਤਾ ਗਿਆ ਤੇ ਸਰਕਾਰ ਨੇ ਉਸ ਖ਼ਿਲਾਫ਼ ਕੇਸ ਵੀ ਵਾਪਸ ਲੈ ਲਿਆ ਪਰ ਉਸ ਨੇ ਆਪਣੀ ਮੰਗ ਤੋਂ ਪਿਛਾਂਹ ਹਟਣਾ ਕਬੂਲ ਨਾ ਕੀਤਾ ਤੇ 74 ਦਿਨ ਲਗਾਤਾਰ ਭੁੱਖ ਹੜਤਾਲ ਜਾਰੀ ਰਖਦਿਆਂ ਮਰਨ ਵਰਤ ਪੂਰਾ ਕੀਤਾ। ਇਨ੍ਹਾਂ ਵਾਂਗ ਸੰਤ ਫਤਹਿ ਸਿੰਘ ਨੇ ਵੀ 1960, 1965, 1966 ਵਿਚ ਭੁੱਖ ਹੜਤਾਲ ਕੀਤੀ ਸੀ ਪਰ ਉਨ੍ਹਾਂ ਕੁਝ ਸਮਾਂ ਬਾਅਦ ਆਪਣੀ ਭੁੱਖ ਹੜਤਾਲ ਵਾਪਸ ਲੈ ਲਈ ਸੀ।

# ਪੰਥਕ ਮਸਲਿਆਂ ਬਾਰੇ ਸਿੱਖ ਨੌਜਵਾਨਾਂ ਦੀ ਇਕੱਤਰਤਾ

**ਫਰਿਜ਼ਨੋ (ਬਿਊਰੋ):** ਸਿੱਖ ਪੰਥ ਵਿਚ ਸ਼ਹੀਦੀ ਹਫਤੇ ਕਰਕੇ ਜਾਣੇ ਜਾਂਦੇ ਦਸੰਬਰ ਦੇ ਆਖਰੀ ਹਫਤੇ ਨੂੰ ਸਮਰਪਿਤ ਇਕ ਇਕੱਤਰਤਾ ਇਥੇ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਵਿਖੇ ਪੰਥ ਪ੍ਰਤੀ ਦਰਦ ਰੱਖਣ ਅਤੇ ਪੰਥਕ ਏਕਤਾ ਦੇ ਹਾਮੀ ਨੌਜੁਆਨਾਂ ਵਲੋਂ ਕੀਤੀ ਗਈ ਜਿਸ ਵਿਚ ਪੰਥਕ ਮਸਲਿਆਂ, ਖਾਸ ਤੌਰ 'ਤੇ ਭਾਈ ਗੁਰਬਖਸ਼ ਸਿੰਘ ਖਾਲਸਾ ਵਲੋਂ ਆਪਣੀ ਬਣਦੀ ਸਜ਼ਾ ਭੁਗਤ ਚੁਕੇ ਸਿੱਖ ਕੈਦੀਆਂ ਦੀ ਰਿਹਾਈ ਲਈ ਵੀ ਖਫਾ ਸਨ ਕਿ ਭਾਈ ਗੁਰਬਖਸ਼ ਸਿੰਘ ਦੀ ਭੁੱਖ ਹੜਤਾਲ ਦੇ ਪਹਿਲੇ 40 ਦਿਨਾਂ ਦੌਰਾਨ ਬਾਬਾ ਹਰਨਾਮ ਸਿੰਘ ਖਾਲਸਾ ਭਾਈ ਗੁਰਬਖਸ਼ ਸਿੰਘ ਦੀ ਖਬਰਸਾਰ ਲੈਣ ਲਈ ਗੁਰਦੁਆਰਾ ਅੰਬ ਸਾਹਿਬ ਮੁਹਾਲੀ ਕਿਉਂ ਨਹੀਂ ਪਹੁੰਚੇ ਅਤੇ ਨਾ ਹੀ ਉਨ੍ਹਾਂ ਮੀਡੀਏ ਵਿਚ ਇਸ ਸਬੰਧੀ ਕੋਈ ਦਮਦਾਰ ਬਿਆਨ ਦਿੱਤਾ। ਉਹ ਪੰਥਕ ਸੰਘਰਸ਼ ਵਿਚ ਨਹੀਂ ਆਏ।

ਇਸ ਮੌਕੇ ਨੌਜੁਆਨਾਂ ਨੇ ਜਦੋਂ ਗੁਰਦੁਆਰਾ ਗੁਰੂ ਨਾਨਕ



ਅਰੰਭੇ ਗਏ ਸੰਘਰਸ਼ ਦੌਰਾਨ ਦਮਦਮੀ ਟਕਸਾਲ ਦੇ ਮੁੱਖੀ ਬਾਬਾ ਹਰਨਾਮ ਸਿੰਘ ਖਾਲਸਾ ਦੀ ਗੈਰਹਾਜ਼ਰੀ ਉਤੇ ਅਫਸੋਸ ਜਾਹਰ ਕੀਤਾ ਗਿਆ।

ਯਾਦ ਰਹੇ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਏਰੀਏ ਦੀ ਸੰਗਤ ਨੂੰ ਦਮਦਮੀ ਟਕਸਾਲ ਦੀ ਰਹਿਨੁਮਾਈ ਹੇਠ ਆਪਣੀਆਂ ਸੇਵਾਵਾਂ ਦਿੰਦਾ ਆ ਰਿਹਾ ਹੈ। ਇੱਥੇ ਦਮਦਮੀ ਟਕਸਾਲ ਦੇ ਸਮੂਹ ਮੁਖੀਆਂ ਦੀਆਂ ਤਸਵੀਰਾਂ ਲੰਗਰ ਹਾਲ ਵਿਚ ਲੱਗੀਆਂ ਹੋਈਆਂ ਹਨ। ਪੰਜਾਬੀ ਨੌਜੁਆਨ ਇਸ ਕਰਕੇ ਪ੍ਰਕਾਸ਼ ਫਰਿਜ਼ਨੋ ਦੇ ਬੁਲਾਰੇ ਭਾਈ ਦਲਬੀਰ ਸਿੰਘ ਤੋਂ ਬਾਬਾ ਧੂਮਾ ਦੀ ਗੈਰਹਾਜ਼ਰੀ ਬਾਰੇ ਪੁੱਛਿਆ ਤਾਂ ਜੁਆਬ ਸੀ ਕਿ ਬਾਬਾ ਜੀ ਮੁੰਬਈ (ਬੰਬਈ) ਸਿੱਖੀ ਦੇ ਪ੍ਰਚਾਰ ਲਈ ਗਏ ਹੋਣ ਕਰਕੇ ਨਹੀਂ ਪਹੁੰਚ ਸਕੇ। ਨੌਜੁਆਨਾਂ ਨੇ ਇਸ ਮੌਕੇ ਹੋਰ ਵੀ ਬਹੁਤ ਸਾਰੇ ਸੁਆਲ-ਜੁਆਬ ਕੀਤੇ ਪਰ ਤਸੱਲੀਬਖਸ਼ ਜੁਆਬ ਨਾ ਮਿਲ ਸਕੇ। ਭਾਈ ਗੁਰਬਖਸ਼ ਸਿੰਘ ਦੇ ਹੱਕ ਵਿਚ ਪੋਸਟਰ ਰਿਲੀਜ਼ ਕਰਨ ਉਪਰੰਤ ਨੌਜਵਾਨਾਂ ਦੀ ਇਹ ਇਕੱਤਰਤਾ ਸਮਾਪਤ ਹੋਈ।

# ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ 'ਮੇਲਾ ਗਦਰੀ ਬਾਬਿਆਂ ਦਾ' 23 ਮਾਰਚ ਨੂੰ

**ਫਰਿਜ਼ਨੋ (ਬਿਊਰੋ):** ਗਦਰੀ ਬਾਬਿਆਂ ਅਤੇ ਦੇਸ਼ ਦੇ ਸ਼ਹੀਦਾਂ ਨੂੰ ਸਮਰਪਿਤ ਸੰਸਥਾ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋ ਵਲੋਂ ਆਪਣਾ ਸਾਲਾਨਾ 14ਵਾਂ 'ਮੇਲਾ ਗਦਰੀ ਬਾਬਿਆਂ ਦਾ' ਇਸ ਵਾਰ ਕਾਮਾਗਾਟਾਮਾਰੂ ਦੇ ਸ਼ਹੀਦਾਂ ਦੀ ਸ਼ਤਾਬਦੀ ਨੂੰ ਸਮਰਪਿਤ ਹੋਵੇਗਾ ਜੋ ਆਉਂਦੀ 23 ਮਾਰਚ, ਐਤਵਾਰ ਨੂੰ ਇਥੇ ਰੀਜੈਂਸੀ ਪੈਲੇਸ (ਕਲੋਵਸ) ਵਿਚ ਕਰਵਾਇਆ ਜਾ ਰਿਹਾ ਹੈ।

ਇਸ ਸਬੰਧੀ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੇ ਮੈਂਬਰਾਂ ਅਤੇ ਸਹਿਯੋਗੀਆਂ ਦੀ ਇਕ ਮੀਟਿੰਗ ਦੌਰਾਨ ਮੇਲੇ ਦੇ ਪ੍ਰਬੰਧਾਂ ਸਬੰਧੀ ਵਿਚਾਰਾਂ ਕੀਤੀਆਂ ਗਈਆਂ। ਸੰਸਥਾਂ ਨੇ ਸੈਂਟਰਲ ਵੈਲੀ ਦੀਆਂ ਸਾਰੀਆਂ ਧਾਰਮਿਕ, ਸਮਾਜਿਕ ਅਤੇ ਸੱਭਿਆਚਰਾਕ ਸੰਸਥਾਵਾਂ ਨੂੰ ਬੇਨਤੀ ਕੀਤੀ ਹੈ ਕਿ 23 ਮਾਰਚ 2014 ਨੂੰ ਕੋਈ ਵੀ ਪ੍ਰੋਗਰਾਮ ਨਾ ਰੱਖਿਆ ਜਾਵੇ ਤਾਂ ਕਿ ਸਭ ਦੇ ਸਹਿਯੋਗ ਨਾਲ ਇਹ ਮੇਲਾ ਕਾਮਯਾਬ ਹੋ ਸਕੇ। ਪਿਛਲੇ ਸਾਲ ਦੀ ਤਰ੍ਹਾਂ ਬੱਚਿਆਂ ਦੇ ਭਾਸ਼ਨ ਮੁਕਾਬਲੇ ਵੀ ਕਰਵਾਏ ਜਾਣਗੇ ਤਾਂ ਕਿ ਆਉਣ ਵਾਲੀ ਪੀੜ੍ਹੀ ਵੀ ਦੇਸ਼ ਗੌਰਵਮਈ ਇਤਿਹਾਸ ਤੋਂ ਜਾਣੂੰ ਹੋ ਸਕੇ।



# ਸੂਫੀ ਬਲਵੀਰ ਨੇ ਲਾਈ ਮਿਆਰੀ ਗੀਤਾਂ ਦੀ ਛਹਿਬਰ

**ਫਰਿਜ਼ਨੋ (ਬਿਊਰੋ):** ਸਾਫ ਸੁਥਰੀ ਅਤੇ ਅਰਥਪੂਰਨ ਗਾਇਕੀ ਰਾਹੀਂ ਪੰਜਾਬੀ ਗਾਇਕੀ ਦੇ ਪਿੜ ਵਿਚ ਆਪਣੀ ਨਿਵੇਕਲੀ ਥਾਂ ਬਣਾ ਚੁਕੇ ਗਾਇਕ ਸੂਫੀ ਬਲਬੀਰ ਦੀ ਇਕ ਮਹਿਫਲ ਇਥੇ ਜੀ ਐਚ ਜੀ ਡਾਂਸ ਅਤੇ ਸੰਗੀਤ ਅਕੈਡਮੀ ਦੇ ਸਹਿਯੋਗ ਨਾਲ ਕਰਵਾਈ ਗਈ ਜਿਸ ਵਿਚ ਸੂਫੀ ਨੇ ਆਪਣੇ ਨਵੇਂ-ਪੁਰਾਣੇ ਗੀਤਾਂ ਰਾਹੀਂ ਸਰੋਤਿਆਂ ਨੂੰ ਖੂਬ ਪ੍ਰਭਾਵਿਤ ਕੀਤਾ।

ਬਲਬੀਰ ਨੇ ਆਪਣਾ ਗੀਤ 'ਵਣਜਾਰਾ' ਗਾਇਆ ਤਾਂ ਸਰੋਤੇ ਝੂਮਣ ਲੱਗ ਪਏ ਪਰ ਉਸ ਦੇ ਮਾਪਿਆਂ ਅਤੇ ਧੀਆਂ ਬਾਰੇ ਗੀਤਾਂ ਨੇ ਸਰੋਤਿਆਂ ਨੂੰ ਭਾਵੁਕਤਾ ਦੇ ਸਮੁੰਦਰ ਵਿਚ ਡੁਬੋ ਦਿੱਤਾ।

ਇਥੇ ਇੰਡੀਆ ਓਵਨ ਰੈਸਟੋਰੈਂਟ ਵਿਚ ਕਰਵਾਈ ਗਈ ਇਸ ਮਹਿਫਲ ਦੌਰਾਨ ਸੰਸਥਾ ਵਲੋਂ ਸੂਫੀ ਬਲਬੀਰ ਦਾ ਉਚੇਚਾ ਮਾਣ-ਸਨਮਾਨ ਕੀਤਾ ਗਿਆ। ਸੂਫੀ ਬਲਬੀਰ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਉਮੀਦ ਪ੍ਰਗਟਾਈ ਕਿ ਪੰਜਾਬੀ ਪਿਆਰੇ ਮਿਆਰੀ ਗਾਇਕੀ ਦਾ ਮਾਣ ਕਰਕੇ ਅਜੋਕੀ ਲੱਚਰ ਗਾਇਕੀ ਦੀ ਦੁਕਾਨਦਾਰੀ ਨੂੰ ਬੰਦ ਕਰਵਾਉਣਗੇ।


Are You Tired Of All Treatments?
Try Homeopathic Natural Medicines (HNM)

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply


Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200

Email: Homeomdicine@yahoo.com
Website: www.Homeopathyatoz.com

Toll Free: 1-877-OK-HOMEO (1-877-654-6636)



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838



Want to Sell Your Home

We can sell your home fast @ best price.
ਵਧੀਆ ਕੀਮਤਾਂ 'ਤੇ ਘਰ ਵੇਚਣ ਦਾ ਸੁਨਹਿਰੀ ਮੌਕਾ



Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Sacramento, Stockton, Roseville area prices are on the rise.*

Please call me to find out value of your home.
If you are thinking to Buy or Sell a Home, please give us a chance

*Call: Sohanpreet 'Sam' Chahal*
@916-612-5773
Serving from Bay Area to Sacramento

Multi-Million Dollars Producer-2007 to 2012

Golden State Realty

Sacramento Office: 9912 Kapalua Ln., Elk Grove, CA 95624
Tel: 916-612-5773 Fax: 916-689-5707

**Punjab Times**
**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਅਹੁਦੇਦਾਰੀਆਂ ਨਾਲ ਵੀ ਨਾ ਮੁੱਕਿਆ ਕਾਂਗਰਸ ਦਾ ਕਲੇਸ਼

*(ਸਫਾ ਇਕ ਦੀ ਬਾਕੀ)*

ਜ਼ਿਲ੍ਹਿਆਂ ਵਿਚ ਅਹੁਦੇ ਨਾ ਮਿਲਣ ਕਾਰਨ ਰੋਸ ਦੇ ਦੌਰ ਚੱਲ ਰਹੇ ਹਨ। ਸਾਬਕਾ ਮੰਤਰੀ ਤੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਧੀ ਗੁਰਕੰਵਲ ਕੌਰ, ਰੋਪੜ ਜ਼ਿਲ੍ਹੇ ਦੇ ਸੀਨੀਅਰ ਆਗੂਆਂ ਤੇ ਸੁਨਾਮ ਵਿਧਾਨ ਸਭਾ ਹਲਕੇ ਤੋਂ ਪਾਰਟੀ ਦੇ ਇੰਚਾਰਜ ਅਮਨ ਅਰੋੜਾ ਨੇ ਤਾਂ ਹਾਈ ਕਮਾਨ ਵੱਲੋਂ ਜਾਰੀ ਕੀਤੀ ਸੂਚੀ ਵਿਚ ਉਨ੍ਹਾਂ ਨੂੰ ਬਣਦੀ ਥਾਂ ਨਾ ਦੇਣ ਕਾਰਨ ਖੁੱਲ੍ਹੇਆਮ ਰੋਸ ਦਾ ਮੁਜ਼ਾਹਰਾ ਕਰ ਦਿੱਤਾ ਹੈ। ਸੂਤਰਾਂ ਅਨੁਸਾਰ ਕਈ ਸੀਨੀਅਰ ਆਗੂ ਆਪੋ-ਆਪਣੇ ਚਹੇਤਿਆਂ ਨੂੰ ਘੱਟ ਅਹੁਦੇਦਾਰੀਆਂ ਮਿਲਣ ਕਾਰਨ ਅੰਦਰੋ-ਅੰਦਰੀ ਭਰੇ-ਪੀਤੇ ਪਏ ਹਨ। ਪੰਜਾਬ ਵਿਧਾਇਕ ਦਲ ਦੇ ਆਗੂ ਸੁਨੀਲ ਜਾਖੜ ਭਾਵੇਂ ਇਸ ਵੇਲੇ ਵਿਦੇਸ਼ ਵਿਚ ਹਨ ਪਰ ਉਨ੍ਹਾਂ ਨੇ ਇਸ ਸੂਚੀ ’ਤੇ ਕੋਈ ਇਤਰਾਜ਼ ਦਰਜ ਨਹੀਂ ਕਰਵਾਇਆ। ਮੁੱਖ ਤੌਰ ’ਤੇ ਪੰਜਾਬ ਕਾਂਗਰਸ ਵਿਚ ਸ. ਬਾਜਵਾ ਦਾ ਵਿਰੋਧੀ ਧੜਾ ਕੈਪਟਨ ਅਮਰਿੰਦਰ ਸਿੰਘ ਦਾ ਖੇਮਾ ਹੀ ਮੰਨਿਆ ਜਾਂਦਾ ਹੈ ਪਰ ਜ਼ਿਲ੍ਹਾ ਪੱਧਰ ’ਤੇ ਗੁੱਟਬੰਦੀਆਂ ਕਾਰਨ ਵੀ ਕਈ ਥਾਂਈਂ ਰੋਸ ਹੈ। ਕੁਝ ਧਿਰਾਂ ਅੰਦਰਖਾਤੇ ਆਪੋ-ਆਪਣੇ ਧੜਿਆਂ ਦੇ ਆਗੂਆਂ ਨਾਲ ਘੁਸਰ-ਮੁਸਰ ਕਰ ਰਹੀਆਂ ਹਨ। ਪਿਛਲੇ ਦਿਨਾਂ ਤੋਂ ਪੰਜਾਬ ਕਾਂਗਰਸ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਦੇ ‘ਆਪ’ ਪਾਰਟੀ ਵਿਚ ਸ਼ਾਮਲ ਹੋਣ ਦੀ ਚੱਲ ਰਹੀ ਚਰਚਾ ਦੌਰਾਨ ਜਦੋਂ ਇਸ ਆਗੂ ਦਾ ਵੀ ਸੂਚੀ ’ਚੋਂ ਨਾਂ ਗਾਇਬ ਸੀ ਤਾਂ ਇਕ ਵਾਰ ਨਵੀਂ ਚਰਚਾ ਛਿੜ ਪਈ ਸੀ ਪਰ ਮਗਰੋਂ ਹਾਈ ਕਮਾਨ ਵੱਲੋਂ ਖਹਿਰਾ ਨੂੰ ਪਹਿਲਾਂ ਵਾਂਗ ਪਾਰਟੀ ਦਾ ਬੁਲਾਰਾ ਬਣੇ ਰਹਿਣ ਬਾਰੇ ਸਪਸ਼ਟੀਕਰਨ ਦੇਣ ਤੋਂ ਬਾਅਦ ਇਹ ਮਾਮਲਾ ਠੰਢਾ ਪਿਆ ਹੈ। ਇਹ ਵੀ ਚਰਚਾ ਹੈ ਕਿ ਅਕਾਲੀ ਦਲ ਵਿਚੋਂ ਆਏ ਲੀਡਰਾਂ ਨੂੰ ਕਾਂਗਰਸ ਦੇ ਉੱਚ ਅਹੁਦੇ ਦੇ ਕੇ ਨਿਵਾਜਿਆ ਗਿਆ ਹੈ। ਇਵੇਂ ਹੀ ਉਨ੍ਹਾਂ ਨੇਤਾਵਾਂ ਨੂੰ ਉੱਚ ਅਹੁਦੇ ਦਿੱਤੇ ਗਏ ਹਨ ਜਿਨ੍ਹਾਂ ’ਤੇ ਕੇਸ ਦਰਜ ਹਨ। ਭਾਈ ਭਤੀਜਾਵਾਦ ਵੀ ਕਾਂਗਰਸ ਦੀ ਸੂਚੀ ਵਿਚੋਂ ਸਾਫ ਝਲਕ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਵਿਚੋਂ ਆਏ ਸਾਬਕਾ ਵਿਧਾਇਕ ਗੁਰਾ ਸਿੰਘ ਤੁੰਗਵਾਲੀ ਨੂੰ ਤਾਂ ਕਾਂਗਰਸ (ਦਿਹਾਤੀ) ਬਠਿੰਡਾ ਦਾ ਜ਼ਿਲ੍ਹਾ ਪ੍ਰਧਾਨ ਥਾਪ ਦਿੱਤਾ ਗਿਆ ਹੈ ਜਿਸ ਤੋਂ ਖੁਦ ਕਾਂਗਰਸੀ ਹੈਰਾਨ ਹਨ।

ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਮੰਤਰੀ ਰਹਿ ਚੁੱਕੇ ਚਿਰੰਜੀ ਲਾਲ ਗਰਗ ਦੇ ਲੜਕੇ ਰਾਜਨ ਗਰਗ ਨੂੰ ਪੰਜਾਬ ਕਾਂਗਰਸ ਦਾ ਸਕੱਤਰ ਬਣਾਇਆ ਗਿਆ ਹੈ। ਪੁਰਾਣੇ ਅਕਾਲੀ ਤੇ ਫਿਰ ਪੀਪਲਜ਼ ਪਾਰਟੀ ਦੇ ਆਗੂ ਰਹੇ ਫਰੀਦਕੋਟ ਦੇ ਕੁਸ਼ਲਦੀਪ ਸਿੰਘ ਢਿੱਲੋਂ ਨੂੰ ਪੰਜਾਬ ਕਾਂਗਰਸ ਦਾ ਜਨਰਲ ਸਕੱਤਰ ਬਣਾਇਆ ਗਿਆ ਹੈ। ਪੁਰਾਣੇ ਅਕਾਲੀ ਤੇ ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਕਾਂਗੜ ਅਤੇ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਨੂੰ ਕ੍ਰਮਵਾਰ ਉਪ ਪ੍ਰਧਾਨ ਤੇ ਜਨਰਲ ਸਕੱਤਰ ਦਾ ਅਹੁਦਾ ਮਿਲਿਆ ਹੈ। ਇਨ੍ਹਾਂ ਦੋਵਾਂ ਨੇਤਾਵਾਂ ਵਿਰੁਧ ਇਸ ਵੇਲੇ ਕੇਸ ਦਰਜ ਹਨ। ਇਸੇ ਤਰ੍ਹਾਂ ਸਰਦੂਲਗੜ੍ਹ ਤੋਂ ਵਿਧਾਇਕ ਅਜੀਤਇੰਦਰ ਸਿੰਘ ਮੋਫਰ ਨੇ ਆਪਣੇ ਲੜਕੇ ਬਿਕਰਮ ਮੋਫਰ ਨੂੰ ਜ਼ਿਲ੍ਹਾ ਮਾਨਸਾ ਦਾ ਪ੍ਰਧਾਨ ਬਣਵਾ ਲਿਆ ਹੈ। ਰਜਿੰਦਰ ਕੌਰ ਭੱਠਲ ਨੇ ਆਪਣੇ ਜਵਾਈ ਬਿਕਰਮ ਸਿੰਘ ਬਾਜਵਾ ਨੂੰ ਜ਼ਿਲ੍ਹਾ ਲੁਧਿਆਣਾ ਤੋਂ ਜਨਰਲ ਸਕੱਤਰ ਅਤੇ ਪ੍ਰਤਾਪ ਸਿੰਘ ਬਾਜਵਾ ਨੇ ਆਪਣੇ ਭਰਾ ਫ਼ਤਿਹ ਜੰਗ ਸਿੰਘ ਬਾਜਵਾ ਨੂੰ ਅਹੁਦੇ ਨਾਲ ਨਿਵਾਜ ਲਿਆ ਹੈ।

## ਜਗਮੋਹਨ ਕੰਗ ਵੱਲੋਂ ਅਹੁਦੇ ਤੋਂ ਅਸਤੀਫ਼ਾ

**ਚੰਡੀਗੜ੍ਹ (ਬਿਊਰੋ):** ਤਿੰਨ ਵਾਰ ਮੰਤਰੀ ਰਹਿ ਚੁੱਕੇ ਅਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੈਂਬਰ ਜਗਮੋਹਨ ਸਿੰਘ ਕੰਗ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਵਿਰੁਧ ਮੋਰਚਾ ਖੋਲ੍ਹਦਿਆਂ ਜਨਰਲ ਸਕੱਤਰ ਦੇ ਅਹੁਦੇ ਤੋਂ ਅਸਤੀਫਾ ਦੇਣ ਦਾ ਐਲਾਨ ਕੀਤਾ ਹੈ। ਕਾਂਗਰਸ ਹਾਈ ਕਮਾਂਡ ਵੱਲੋਂ ਪੰਜਾਬ ਲਈ ਜਾਰੀ ਕੀਤੀ 319 ਅਹੁਦੇਦਾਰਾਂ ਦੀ ਸੂਚੀ ਵਿਰੁਧ ਪਹਿਲਾਂ ਹੀ ਕਈ ਕਾਂਗਰਸੀ ਲੀਡਰ ਰੋਸ ਪ੍ਰਗਟ ਕਰ ਚੁੱਕੇ ਹਨ। ਸ. ਕੰਗ ਨੇ ਦੋਸ਼ ਲਾਇਆ ਕਿ ਪ੍ਰਧਾਨ ਨੇ ਸਾਜ਼ਿਸ਼ ਤਹਿਤ ਉਨ੍ਹਾਂ ਨੂੰ ਨੀਵਾਂ ਦਿਖਾਉਣ ਲਈ ਜਨਰਲ ਸਕੱਤਰ ਲਈ ਨਾਮਜ਼ਦ ਕਰਵਾਇਆ ਹੈ। ਉਨ੍ਹਾਂ ਬੜੀ ਤਿੱਖੀ ਸੁਰ ਵਿਚ ਕਿਹਾ ਕਿ ਸ੍ਰੀ ਬਾਜਵਾ ਪੰਜਾਬ ਕਾਂਗਰਸ ਦੇ ਪ੍ਰਧਾਨ ਹਨ ਨਾ ਕਿ ‘ਪ੍ਰਤਾਪ ਸਿੰਘ ਬਾਜਵਾ ਪ੍ਰਾਈਵੇਟ ਲਿਮਟਿਡ ਕੰਪਨੀ’ ਦੇ। ਇਸੇ ਦੌਰਾਨ ਪੰਜਾਬ ਮਹਿਲਾ ਕਾਂਗਰਸ ਦੀ ਪ੍ਰਧਾਨ ਮਾਲਤੀ ਥਾਪਰ ਨੇ ਪਾਰਟੀ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੂੰ ਚਿੱਠੀ ਲਿਖ ਕੇ ਸ. ਬਾਜਵਾ ਦੀਆਂ ਮੁਸ਼ਕਿਲਾਂ ਵਧਾ ਦਿੱਤੀਆਂ ਹਨ। ਇਸ ਤੋਂ ਪਹਿਲਾਂ ਸੁਨਾਮ ਦੇ ਲੀਡਰ ਅਮਨ ਅਰੋੜਾ ਪਹਿਲਾਂ ਹੀ ਕਾਰਜਕਾਰਨੀ ਦੀ ਮੈਂਬਰਸ਼ਿਪ ਛੱਡ ਚੁੱਕੇ ਹਨ।

## ਅਰਵਿੰਦ ਕੇਜਰੀਵਾਲ ਨੇ ਵਾਅਦੇ ਨਿਭਾਏ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਦੇ ਚੋਣ ਮੈਨੀਫੈਸਟੋ ਉਪਰ ਨਵੀਂ ਦਿੱਲੀ ਵਿਚ ਨਵੀਂ ਬਣੀ ਕੇਜਰੀਵਾਲ ਸਰਕਾਰ ਨੇ ਅਮਲ ਕਰਨਾ ਸ਼ੁਰੂ ਕਰ ਦਿੱਤਾ ਹੈ। ਰਾਜ ਸਰਕਾਰ ਵਿਚੋਂ ਵੀ.ਆਈ.ਪੀ. ਕਲਚਰ ਖਤਮ ਕਰਨ ਬਾਅਦ ਦੂਜਾ ਵੱਡਾ ਵਾਅਦਾ ਪੂਰਾ ਕਰਦਿਆਂ ਦਿੱਲੀ ਵਾਸੀਆਂ ਨੂੰ ਘਰੇਲੂ ਵਰਤੋਂ ਲਈ ਪਹਿਲੀ ਜਨਵਰੀ ਤੋਂ ਰੋਜ਼ਾਨਾ 667 ਲਿਟਰ (ਵੀਹ ਕਿਲੋ ਲਿਟਰ ਮਹੀਨਾ) ਪਾਣੀ ਮੁਫਤ ਦੇਣ ਦਾ ਐਲਾਨ ਕੀਤਾ ਹੈ। ਇਹ ਸਹੂਲਤ ਉਨ੍ਹਾਂ ਖਪਤਕਾਰਾਂ ਨੂੰ ਮਿਲੇਗੀ ਜਿਨ੍ਹਾਂ ਕੋਲ ਮੀਟਰ ਵਾਲੇ ਕੁਨੈਕਸ਼ਨ ਹਨ। ਮੈਨੀਫੈਸਟੋ ਵਿਚ ਦਿੱਲੀ ਵਾਸੀਆਂ ਨੂੰ ਰੋਜ਼ਾਨਾ 700 ਲਿਟਰ ਪਾਣੀ ਮੁਫਤ ਦੇਣ ਦਾ ਵਾਅਦਾ ਕੀਤਾ ਗਿਆ ਸੀ।

ਇਸ ਦੇ ਨਾਲ ਹੀ 400 ਯੂਨਿਟਾਂ ਤੱਕ ਬਿਜਲੀ ਦੀ ਪ੍ਰਤੀ ਮਹੀਨਾ ਖਪਤ ਉਤੇ 50 ਫੀਸਦੀ ਸਬਸਿਡੀ ਦੇਣ ਦਾ ਐਲਾਨ ਵੀ ਕਰ ਦਿੱਤਾ ਗਿਆ ਹੈ। ਚਾਲੂ ਵਿਤੀ ਸਾਲ ਦੇ ਬਾਕੀ ਰਹਿੰਦੇ ਤਿੰਨ ਮਹੀਨਿਆਂ ਦੌਰਾਨ ਸਬਸਿਡੀ ਦੀ ਲਾਗਤ 200 ਕਰੋੜ ਰੁਪਏ ਬਣੇਗੀ। ਇਸ ਫੈਸਲੇ ਨਾਲ 28 ਲੱਖ ਬਿਜਲੀ ਖਪਤਕਾਰਾਂ ਨੂੰ ਲਾਭ ਹੋਵੇਗਾ।

# ਪੰਜਾਬ ਦੇ 145 ਕੈਦੀਆਂ ਦੀ ਰਿਹਾਈ ਬਾਰੇ ਵਿਚਾਰਾਂ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਰਾਜ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਉਮਰ ਕੈਦ ਦੀ ਸਜ਼ਾ ਕੱਟ ਰਹੇ 145 ਦੋਸ਼ੀਆਂ ਨੂੰ ਰਿਹਾਅ ਕਰਨ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾ ਰਿਹਾ ਹੈ। ਇਸ ਸਮੇਂ ਇਹ ਕੇਸ ਵੱਖ-ਵੱਖ ਪੱਧਰਾਂ ਜਿਵੇਂ ਜ਼ਿਲ੍ਹਾ ਮੈਜਿਸਟਰੇਟ, ਜ਼ਿਲ੍ਹਾ ਪੁਲਿਸ ਮੁਖੀਆਂ, ਜੇਲ੍ਹ ਵਿਭਾਗ ਤੇ ਰਾਜ ਸਰਕਾਰ, ‘ਤੇ ਨਜਿੱਠੇ ਜਾ ਰਹੇ ਹਨ।

ਗੁਰਬਖਸ਼ ਸਿੰਘ ਖ਼ਾਲਸਾ ਵੱਲੋਂ ਉਮਰ ਕੈਦ ਦੀ ਸਜ਼ਾ ਪੂਰੀ ਕਰ ਚੁੱਕੇ ਛੇ ਸਿੱਖ ਬੰਦੀਆਂ ਦੀ ਰਿਹਾਈ ਦੀ ਮੰਗ ਕਰਦਿਆਂ ਅਣਮਿਥੇ ਸਮੇਂ ਦੀ ਭੁੱਖ ਹੜਤਾਲ ਸ਼ੁਰੂ ਕਰਕੇ ਇਹ ਮਾਮਲਾ ਛੇੜਿਆ ਗਿਆ। ਸੂਤਰਾਂ ਅਨੁਸਾਰ ਕੁੱਲ 208 ਦੋਸ਼ੀਆਂ ਦੀ ਸਜ਼ਾ ਪੂਰੀ ਹੋਣ ਤੋਂ ਪਹਿਲਾਂ ਰਿਹਾਈ ਦਾ



*ਗੁਰਬਖਸ਼ ਸਿੰਘ ਖ਼ਾਲਸਾ*

ਮਾਮਲਾ ਵਿਚਾਰਿਆ ਗਿਆ ਸੀ। ਇਨ੍ਹਾਂ ਵਿਚੋਂ 145 ਦੋਸ਼ੀ ਹੀ ਸਰਕਾਰ ਵੱਲੋਂ ਇਸੇ ਸਾਲ ਅਪਰੈਲ ਵਿਚ ਉਮਰ ਕੈਦ ਦੇ ਦੋਸ਼ੀਆਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਲਈ ਬਣਾਈ ਗਈ ਨਵੀਂ ਨੀਤੀ ਤਹਿਤ ਯੋਗ ਪਾਏ ਗਏ ਹਨ।

ਇਨ੍ਹਾਂ ਵਿਚੋਂ 58 ਕੈਦੀਆਂ ਦੇ ਕੇਸ ਸਮੇਂ ਤੋਂ ਪਹਿਲਾਂ ਰਿਹਾਈ ਲਈ ਰੱਦ ਕੀਤੇ ਗਏ ਹਨ। ਪੰਜ ਕੈਦੀ ਅਜਿਹੇ ਹਨ ਜੋ ਟਾਡਾ ਤਹਿਤ ਦੋਸ਼ੀ ਪਾਏ ਗਏ ਹਨ। ਇਨ੍ਹਾਂ ਵਿਚੋਂ ਤਿੰਨਾਂ ਨੇ 14 ਸਾਲ ਦੀ ਸਜ਼ਾ ਪੂਰੀ ਕੀਤੀ ਹੈ ਪਰ ਇਹ 18 ਸਾਲ ਦੀ ਸਜ਼ਾ ਕੱਟਣ ਮਗਰੋਂ ਹੀ ਰਿਹਾਈ ਦੇ ਯੋਗ ਹੋ ਸਕਣਗੇ। ਸੂਤਰਾਂ ਅਨੁਸਾਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਤਕਰੀਬਨ ਰੋਜ਼ਾਨਾ ਹੀ ਅਜਿਹੇ ਕੇਸਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਤੋਂ ਸਰਕਾਰ ਦੀ ਕੈਦੀਆਂ ਬਾਰੇ ਪੁਰਾਣੀਆਂ ਨੀਤੀਆਂ ਦੇ ਵੇਰਵੇ ਮੰਗੇ ਸਨ। ਰਾਜ ਸਰਕਾਰ ਵੱਲੋਂ ਚਾਰ ਅਪਰੈਲ, 2013 ਨੂੰ ਉਮਰ ਕੈਦ ਦੇ ਬੰਦੀਆਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਲਈ ਨਵੀਂ ਨੀਤੀ ਬਣਾਈ ਗਈ ਸੀ।

# ਮਨਮੋਹਨ ਸਿੰਘ ਨੇ ਰੱਖਿਆ ਕੌਮੀ ਕੈਂਸਰ ਤੇ ਖੋਜ ਕੇਂਦਰ ਦਾ ਨੀਂਹ ਪੱਥਰ

**ਮੁਹਾਲੀ:** ਕੇਂਦਰ ਸਰਕਾਰ ਸਮੁੱਚੇ ਦੇਸ਼ ਵਾਸੀਆਂ ਨੂੰ ਬੁਨਿਆਦੀ ਸਿਹਤ ਸਹੂਲਤਾਂ ਅਤੇ ਸਸਤਾ ਇਲਾਜ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਅਤੇ ਕੈਂਸਰ ਨੂੰ ਭਾਰਤ ਵਿਚੋਂ ਖ਼ਤਮ ਕਰਨ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ।

ਇਹ ਪ੍ਰਗਟਾਵਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਮੁੱਲਾਂਪੁਰ ਗਰੀਬਦਾਸ ਨੇੜੇ ਨਿਊ ਚੰਡੀਗੜ੍ਹ ਵਿਚ ਹੋਮੀ ਭਾਭਾ ਕੈਂਸਰ ਹਸਪਤਾਲ ਅਤੇ ਖੋਜ ਕੇਂਦਰ ਦਾ ਉਦਘਾਟਨ ਕਰਨ ਉਪਰੰਤ ਸਮਾਗਮ ਨੂੰ ਸੰਬੋਧਨ ਕਰਦਿਆਂ ਕੀਤਾ।

ਉਨ੍ਹਾਂ ਕਿਹਾ ਕਿ ਪੂਰੀ ਦੁਨੀਆਂ ਵਿਚ ਕੈਂਸਰ ਦਾ ਮਹਾਂਮਾਰੀ ਵਾਂਗ ਪੈਰ ਪਸਾਰ ਲੈਣਾ ਕਿਸੇ ਵੱਡੇ ਖ਼ਤਰੇ ਤੋਂ ਘੱਟ ਨਹੀਂ ਹੈ। ਦੇਸ਼ ਦੇ ਹੋਰ ਸੂਬਿਆਂ ਦੇ ਮੁਕਾਬਲੇ ਪੰਜਾਬ ਵਿਚ ਲਗਾਤਾਰ ਕੈਂਸਰ ਦੇ ਮਰੀਜ਼ ਵਧ ਰਹੇ ਹਨ। ਦੇਸ਼ ਵਿਚ ਕੈਂਸਰ ਪੀੜਤ ਮਰੀਜ਼ਾਂ ਦੀ ਮੌਤ ਦਰ ਵਿਚ ਵੀ ਵਾਧਾ ਹੋਇਆ ਹੈ। ਇਸ ਨਾਮੁਰਾਦ ਬਿਮਾਰੀ ਦੇ ਹੋਰ ਫੈਲਾਅ ਨੂੰ ਰੋਕਣ ਲਈ ਕੇਂਦਰ ਸਰਕਾਰ ਵੱਲੋਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਐਲਾਨ ਕੀਤਾ ਕਿ ਜਲਦੀ ਹੀ ਕੇਂਦਰ ਸਰਕਾਰ ਵੱਲੋਂ ਕੌਮੀ ਕੈਂਸਰ ਤੇ ਖੋਜ ਕੇਂਦਰ ਬਣਾ ਦਿੱਤਾ ਜਾਵੇਗਾ। ਇਸ ਪ੍ਰੋਜੈਕਟ ਨੂੰ ਕੇਂਦਰੀ ਕੈਬਨਿਟ ਵੱਲੋਂ ਵੀ ਹਰੀ ਝੰਡੀ ਦਿੱਤੀ ਜਾ ਚੁੱਕੀ ਹੈ ਅਤੇ ਰਾਜ ਸਰਕਾਰਾਂ ਦਾ ਸਹਿਯੋਗ ਵੀ ਲਿਆ ਜਾਵੇਗਾ। ਇਸ ਕੈਂਸਰ ਹਸਪਤਾਲ ‘ਤੇ 450 ਕਰੋੜ ਰੁਪਏ ਖਰਚ ਕੀਤੇ ਜਾਣਗੇ ਅਤੇ ਇਹ ਪ੍ਰੋਜੈਕਟ ਚਾਰ ਸਾਲਾਂ ਵਿਚ ਤਿਆਰ ਕਰ ਲਿਆ ਜਾਵੇਗਾ। ਉਨ੍ਹਾਂ ਇਸ ਪ੍ਰੋਜੈਕਟ ਲਈ ਪੰਜਾਬ ਸਰਕਾਰ ਵੱਲੋਂ 50 ਏਕੜ ਜ਼ਮੀਨ ਦੇਣ ‘ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਧੰਨਵਾਦ ਕੀਤਾ ਅਤੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਵੱਲੋਂ ਪ੍ਰੋਜੈਕਟ ਲਈ ਕੀਤੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਦੱਸਿਆ ਕਿ ਟਾਟਾ ਗਰੁੱਪ ਦੇ ਮੁੰਬਈ ਸਥਿਤ ਕੈਂਸਰ ਹਸਪਤਾਲ ਦੀ ਤਰਜ਼ ‘ਤੇ ਇਹ ਹਸਪਤਾਲ ਬਣੇਗਾ। ਟਾਟਾ ਮੈਮੋਰੀਅਲ ਸੈਂਟਰ ਦੇ ਡਾਇਰੈਕਟਰ ਡਾ. ਆਰ.ਏ. ਬਡਵੇ ਨੇ ਸਮੁੱਚੇ ਪ੍ਰੋਜੈਕਟ ਤੋਂ ਜਾਣੂ ਕਰਵਾਇਆ। ਇਸ ਮੌਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਡਾ. ਮਨਮੋਹਨ ਸਿੰਘ ਨੂੰ ਸ਼ਾਲ, ਕਿਰਪਾਨ ਅਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਚਿੱਤਰ ਭੇਟ ਕੀਤਾ।

# ਲੋਕ ਸਭਾ ਚੋਣਾਂ ‘ਚ ਫਸਣਗੇ ਕੁੰਡੀਆਂ...

*(ਸਫਾ ਇਕ ਦੀ ਬਾਕੀ)*

ਅੱਠ ਸੀਟਾਂ ’ਤੇ ਜਿੱਤ ਪ੍ਰਾਪਤ ਕੀਤੀ ਸੀ।

ਪੰਜਾਬ ਅੰਦਰ ਕਾਂਗਰਸ ਵੱਲੋਂ ਅਜੇ ਕਿਸੇ ਹੋਰ ਪਾਰਟੀ ਨਾਲ ਸਮਝੌਤਾ ਕਰਨ ਦੀ ਕੋਈ ਗੱਲ ਸਾਹਮਣੇ ਨਹੀਂ ਆਈ ਪਰ ਅਕਾਲੀ ਦਲ ਤੇ ਭਾਜਪਾ ਦਰਮਿਆਨ ਸੀਟਾਂ ਦੀ ਅਦਲਾ-ਬਦਲੀ ਦੇ ਅਸਾਰ ਜ਼ਰੂਰ ਮੱਧਮ ਨਜ਼ਰ ਆ ਰਹੇ ਹਨ। ਅਕਾਲੀ ਦਲ ਵੱਲੋਂ ਆਪਣੀ ਭਾਈਵਾਲ ਪਾਰਟੀ ਭਾਜਪਾ ਦੇ ਨਾਲ ਲੁਧਿਆਣਾ, ਪਟਿਆਲਾ, ਅੰਮ੍ਰਿਤਸਰ ਤੇ ਹੁਸ਼ਿਆਰਪੁਰ ਸੀਟਾਂ ਦੀ ਅਦਲਾ-ਬਦਲੀ ਦੀਆਂ ਜੋ ਅਫ਼ਵਾਹਾਂ ਪੰਜਾਬ ਅੰਦਰ ਫ਼ੈਲੀਆਂ ਹੋਈਆਂ ਹਨ, ਉਨ੍ਹਾਂ ਵਿਚ ਕੋਈ ਸੱਚਾਈ ਨਜ਼ਰ ਨਹੀਂ ਆ ਰਹੀ। ਲੋਕ ਸਭਾ ਹਲਕਾ ਲੁਧਿਆਣਾ ਦੇ ਨੌਂ ਵਿਧਾਨ ਸਭਾ ਹਲਕਿਆਂ ਵਿਚੋਂ ਭਾਜਪਾ ਨੇ ਤਿੰਨ ਹਲਕਿਆਂ ਤੋਂ ਚੋਣ ਲੜੀ ਸੀ ਤੇ ਉਹ ਤਿੰਨ ਸੀਟਾਂ ਹੀ ਹਾਰ ਗਈ ਸੀ। ਜਦਕਿ ਅਕਾਲੀ ਦਲ ਨੇ ਛੇ ਸੀਟਾਂ ਤੋਂ ਚੋਣ ਲੜ ਕੇ ਚਾਰ ਸੀਟਾਂ ’ਤੇ ਜਿੱਤ ਪ੍ਰਾਪਤ ਕੀਤੀ। ਅਕਾਲੀ ਦਲ ਤੋਂ ਬਾਗੀ ਹੋ ਕੇ ਚੋਣ ਲੜੇ ਦੋ ਆਜ਼ਾਦ ਵਿਧਾਇਕ ਬੈਂਸ ਭਰਾ ਵੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਹਨ। ਲੋਕ ਸਭਾ ਹਲਕਾ ਪਟਿਆਲਾ ਦੇ ਨੌਂ ਹਲਕਿਆਂ ਵਿਚੋਂ ਅਕਾਲੀ ਦਲ ਨੇ ਚਾਰ ਤੇ ਕਾਂਗਰਸ ਨੇ ਪੰਜ ਸੀਟਾਂ ’ਤੇ ਜਿੱਤ ਪ੍ਰਾਪਤ ਕੀਤੀ।

ਹੁਸ਼ਿਆਰਪੁਰ ਲੋਕ ਸਭਾ ਦੇ ਨੌਂ ਹਲਕਿਆਂ ਵਿਚੋਂ ਅਕਾਲੀ ਦਲ ਨੇ ਚਾਰ, ਭਾਜਪਾ ਨੇ ਦੋ, ਕਾਂਗਰਸ ਨੇ ਦੋ ਤੇ ਆਜ਼ਾਦ ਤੌਰ ’ਤੇ ਇਕ ਵਿਅਕਤੀ ਨੇ ਜਿੱਤ ਪ੍ਰਾਪਤ ਕੀਤੀ ਸੀ। ਅੰਮ੍ਰਿਤਸਰ ਲੋਕ ਸਭਾ ਦੇ ਨੌਂ ਹਲਕਿਆਂ ਵਿਚੋਂ ਅਕਾਲੀ ਦਲ ਚਾਰ, ਭਾਜਪਾ ਦੋ ਤੇ ਕਾਂਗਰਸ ਤਿੰਨ ਸੀਟਾਂ ’ਤੇ ਜਿੱਤੀ। ਲੋਕ ਸਭਾ ਹਲਕਾ ਲੁਧਿਆਣਾ, ਅੰਮ੍ਰਿਤਸਰ, ਹੁਸ਼ਿਆਰਪੁਰ, ਬਠਿੰਡਾ, ਫ਼ਰੀਦਕੋਟ, ਖਡੂਰ ਸਾਹਿਬ ਤੇ ਜਲੰਧਰ ਵਿਚ ਅਕਾਲੀ ਦਲ ਅਤੇ ਪਟਿਆਲਾ, ਸੰਗਰੂਰ, ਫ਼ਤਿਹਗੜ੍ਹ ਸਾਹਿਬ, ਗੁਰਦਾਸਪੁਰ ਤੇ ਅਨੰਦਪੁਰ ਸਾਹਿਬ ਵਿਚ ਕਾਂਗਰਸ ਪਾਰਟੀ ਦੇ ਵਿਧਾਇਕਾਂ ਦੀ ਗਿਣਤੀ ਜ਼ਿਆਦਾ ਹੈ। ਇਨ੍ਹਾਂ ਸੀਟਾਂ ਦੇ ਹਿਸਾਬ ਨਾਲ ਸੀਟਾਂ ਦੇ ਲੈਣ ਦੇਣ ਦੀ ਗੱਲ ਕੀਤੀ ਜਾਵੇ ਤਾਂ ਭਾਜਪਾ ਦਾ ਆਪਣੇ ਕਿਸੇ ਵੀ ਲੋਕ ਸਭਾ ਖੇਤਰ ਵਿਚ ਆਧਾਰ ਨਹੀਂ ਹੈ। 13 ਲੋਕ ਸਭਾ ਸੀਟਾਂ ’ਤੇ ਪੰਛੀ ਛਾਤ ਪਾਉਣ ਲਈ ਜੇ ਵਿਧਾਨ ਸਭਾ ਚੋਣਾ ਦੀ ਗੱਲ ਕਰੀਏ ਤਾਂ ਇਨ੍ਹਾਂ ਚੋਣਾਂ ਵਿਚ ਅਕਾਲੀ ਦਲ ਨੇ 94 ਵਿਧਾਨ ਸਭਾ ਹਲਕਿਆਂ ਤੋਂ ਆਪਣੇ ਉਮੀਦਵਾਰ ਉਤਾਰੇ ਸਨ ਜਿਨ੍ਹਾਂ ਵਿਚੋਂ ਉਸ ਨੂੰ 56 ਹਲਕਿਆਂ ਤੋਂ ਜਿੱਤ ਪ੍ਰਾਪਤ ਹੋਈ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਗੁਰਦੁਆਰਾ ਸਿੰਘ ਸਭਾ ਮਿਲਪੀਟਸ ਵਿਚ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਿਜਦਾ

**ਮਿਲਪੀਟਸ (ਬਿਊਰੋ):** ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ-ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਦੀ ਯਾਦ ਵਿਚ ਇਥੇ ਗੁਰਦੁਆਰਾ ਸਿੰਘ ਸਭਾ ਵਿਚ ਹਫਤਾਵਾਰੀ ਦੀਵਾਨ ਮੌਕੇ ਪ੍ਰਬੰਧਕਾਂ, ਪੰਥਕ ਬੁਲਾਰਿਆਂ ਤੇ ਬੱਚਿਆਂ ਨੇ ਬੜੀ ਮੁਹੱਬਤ ਨਾਲ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਿਜਦਾ ਕੀਤਾ।


ਡਾ. ਅਮਰਜੀਤ ਸਿੰਘ

ਪੈਗੰਬਰੀ ਸੰਸਾਰ ਵਿਚ ਏਨੀ ਛੋਟੀ ਉਮਰ ਵਿਚ ਏਡੀ ਵੱਡੀ ਕੁਰਬਾਨੀ ਦੀ ਮਿਸਾਲ ਸੰਸਾਰ ਦੇ ਧਰਮਾਂ ਵਿਚ ਨਹੀਂ ਮਿਲਦੀ, ਇਹ ਗੱਲ ਵਿਸ਼ੇਸ਼ ਤੌਰ ਉਤੇ ਵਾਸ਼ਿੰਗਟਨ ਡੀ.ਸੀ. ਤੋਂ ਪੁੱਜੇ ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਸੰਚਾਲਕ ਡਾ. ਅਮਰਜੀਤ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਆਖੀ। ਉਨ੍ਹਾਂ ਅੱਲਾ ਯਾਰ ਖਾਂ ਜੋਗੀ ਦੀ ਸਾਹਿਬਜ਼ਾਦਿਆਂ ਦੀ ਯਾਦ ਵਿਚ ਰਚੀ ਨਜ਼ਮ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਮਹਾਨ ਸ਼ਾਇਰ ਨੇ ਜਿਸ ਪਿਆਰ, ਸਤਿਕਾਰ, ਤੇ ਸ਼ਰਧਾ ਨਾਲ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਦਾ ਇਤਿਹਾਸ ਬਿਆਨ ਕੀਤਾ ਹੈ, ਉਹ ਬੇਮਿਸਾਲ ਹੈ।

ਯੂਨੀਵਰਸਿਟੀ ਆਫ ਕੈਲੀਫੋਰਨੀਆ ਤੇ ਹਾਈ ਸਕੂਲ ਦੇ ਬੱਚਿਆਂ-ਅੰਮ੍ਰਿਤ ਕੌਰ ਖਾਲਸਾ, ਬਿਨੈ ਕੌਰ, ਪੁਨੀਤ ਕੌਰ ਖਾਲਸਾ, ਮਨਜੀਵ ਸਿੰਘ, ਜਸਕੀਰਤ ਸਿੰਘ ਤਬਲਾ ਮਾਸਟਰ, ਗਗਨਦੀਪ ਸਿੰਘ, ਨਯਨਜੋਤ ਕੌਰ, ਗੁਰਸਿਮਰਨ ਸਿੰਘ, ਪੂਜਾ ਕੌਰ, ਸ਼ਾਨ ਸਿੰਘ, ਚੰਦਰਜੀਤ ਸਿੰਘ, ਹਰਕੀਰਤ ਕੌਰ, ਮਹਿਤਾਬ ਕੌਰ ਖਾਲਸਾ ਤੇ ਉਸਤਾਦ ਦਲਬੀਰ ਸਿੰਘ ਨੇ ਸਾਹਿਬਜ਼ਾਦਿਆਂ ਦੀ ਯਾਦ ਵਿਚ ਤੰਤੀ ਸਾਜ਼ਾਂ ਨਾਲ ਕੀਰਤਨ ਤੇ ਸ਼ਹੀਦੀ ਗੀਤ ਗਾ ਕੇ ਸੰਗਤਾਂ ਨੂੰ ਗਮਗੀਨ ਕਰ ਦਿੱਤਾ।

ਬੱਚਿਆਂ ਨੂੰ ਸਾਹਿਬਜ਼ਾਦਿਆਂ ਦੀ ਐਨੀਮੇਸ਼ਨ ਫਿਲਮ ਵੀ ਵਿਖਾਈ ਗਈ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵਲੋਂ ਇਸ ਵਾਰ ਤਸਵੀਰਾਂ ਦੀ ਸਹਾਇਤਾ ਨਾਲ ਪਰਿਵਾਰ ਵਿਛੋੜੇ ਤੋਂ ਲੈ ਕੇ ਸਰਹਿੰਦ ਦੀਆਂ ਕੰਧਾਂ ਵਿਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਦਾਸਤਾਨ ਪੰਜਾਬੀ ਤੇ ਅੰਗਰੇਜ਼ੀ ਵਿਚ ਪੋਸਟਰਾਂ ਦੀ ਇਕ ਨੁਮਾਇਸ਼ ਰਾਹੀਂ ਦਰਸਾਈ ਗਈ।





# ਕਹਾਣੀਕਾਰ ਪ੍ਰੀਤਮ ਸਿੰਘ ਦਾ ਦੇਹਾਂਤ

**ਤਰਨ ਤਾਰਨ:** 'ਅਰਬ ਗਲੀ' (1980) ਨਾਂ ਦੇ ਕਹਾਣੀ ਸੰਗ੍ਰਹਿ ਨਾਲ ਸਾਹਿਤ ਜਗਤ ਵਿਚ ਵਿਲੱਖਣ ਥਾਂ ਬਣਾਉਣ ਵਾਲੇ ਕਹਾਣੀਕਾਰ ਪ੍ਰੀਤਮ (ਸਿੰਘ) ਦਾ ਦੇਹਾਂਤ ਹੋ ਗਿਆ। ਭਾਈ ਵੀਰ ਸਿੰਘ ਬਿਰਧ ਘਰ ਵਿਖੇ ਸਵੇਰੇ 3.30 ਦੇ ਕਰੀਬ ਉਨ੍ਹਾਂ ਨੇ ਆਖਰੀ ਸਾਹ ਲਿਆ ਜਿਥੇ ਉਹ ਪਿਛਲੇ ਛੇ ਸਾਲ ਤੋਂ ਰਹਿ ਰਹੇ ਸੀ।

ਪ੍ਰੀਤਮ ਸਿੰਘ (77) ਦਾ ਸਸਕਾਰ ਇਥੋਂ ਦੇ ਸੱਚਖੰਡ ਰੋਡ ਸਥਿਤ ਸ਼ਮਸ਼ਾਨਘਾਟ ਵਿਚ ਕੀਤਾ ਗਿਆ। ਚਿਤਾ ਨੂੰ ਅਗਨੀ ਉਨ੍ਹਾਂ ਦੇ ਪੁੱਤਰ ਸੁਖਵਿੰਦਰ ਸਿੰਘ ਨੇ ਦਿਖਾਈ। ਪ੍ਰੀਤਮ ਨੇ ਭਾਵੇਂ ਹਿੰਦੀ ਤੇ ਉਰਦੂ ਕਹਾਣੀਆਂ ਦਾ ਪੰਜਾਬੀ ਵਿਚ ਅਨੁਵਾਦ ਕੀਤਾ ਪਰ ਉਹ ਮੂਲ ਰੂਪ ਵਿਚ ਕਹਾਣੀਕਾਰ ਤੇ ਗਲਪਕਾਰ ਵਜੋਂ ਸਥਾਪਤ ਹੋਏ। ਉਨ੍ਹਾਂ ਨੇ 2006 ਵਿਚ 'ਬੁੱਢਾ ਚੰਨ, ਬੀਮਾਰ ਚਾਨਣੀ' ਨਾਂ ਦਾ ਕਹਾਣੀ ਸੰਗ੍ਰਹਿ ਲਿਖਿਆ ਸੀ ਜਦਕਿ 'ਆਫ਼ਤਾਬ' ਨਾਂ ਦਾ ਇਕ ਸ਼ਬਦ ਚਿੱਤਰ ਛਪਣ ਅਧੀਨ ਹੈ।


ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।



*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863

**Trucking Companies-Improve Your Cash Flow**

*Low Rates *One-Time Discounts *No Minimums

**Call Paul at 1-800-705-3863**

**Transportation Funding Group, Inc.**

Minneapolis , MN 55426


# ਗੁਰਦੁਆਰਾ ਸਿਲੀਕਾਨ ਵੈਲੀ 'ਚ ਸ਼ਹੀਦੀ ਸਮਾਗਮ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸਿਲੀਕਾਨ ਵੈਲੀ ਵਿਖੇ ਲੰਘਿਆ ਹਫਤਾ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਗੁਜਰ ਕੌਰ ਅਤੇ ਸਾਹਿਬਜ਼ਾਦਿਆਂ-ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਤੇ ਪੰਜ ਪਿਆਰਿਆਂ ਵਿਚੋਂ ਬਾਬਾ ਹਿੰਮਤ ਸਿੰਘ, ਬਾਬਾ ਮੋਹਕਮ ਸਿੰਘ ਅਤੇ ਬਾਬਾ ਸਾਹਿਬ ਸਿੰਘ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦਿਆਂ ਮਨਾਇਆ ਗਿਆ।

ਸੰਗਤਾਂ ਨੇ ਗੁਰਦੁਆਰਾ ਸਾਹਿਬ ਪਹੁੰਚ ਕੇ ਇਨ੍ਹਾਂ ਸ਼ਹੀਦਾਂ ਦੀ ਕੁਰਬਾਨੀ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਸਿਜ਼ਦਾ ਕੀਤਾ। ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਅਮਰਜੀਤ ਸਿੰਘ ਮੁਲਤਾਨੀ ਨੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਸਿੱਖ ਇਤਿਹਾਸ ਵਿਚੋਂ ਹਵਾਲੇ ਦੇ ਕੇ ਵਿਸਥਾਰ ਸਹਿਤ ਜਾਣਕਾਰੀ ਦਿੰਦਿਆਂ ਕਿਹਾ ਕਿ ਦੁਨੀਆਂ ਦੇ ਇਤਿਹਾਸ ਵਿਚ ਅਜਿਹੀਆਂ ਕੁਰਬਾਨੀਆਂ ਦੀ ਮਿਸਾਲ ਲੱਭਣੀ ਮੁਸ਼ਕਿਲ ਹੈ। ਹੇਵਰਡ ਤੋਂ ਪਹੁੰਚੇ ਬੀਬੀ ਇਕਬਾਲ ਕੌਰ, ਬੀਬੀ ਜਸਪ੍ਰੀਤ ਕੌਰ ਤੇ ਬੀਬੀ ਗੁਰਪ੍ਰੀਤ ਕੌਰ ਦੇ ਜਥੇ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਭਾਈ ਨਿਰਮਲ ਸਿੰਘ ਸੂਰਾ, ਭਾਈ ਇੰਦਰਜੀਤ ਸਿੰਘ ਖਾਲਸਾ ਅਤੇ ਭਾਈ ਰਛਪਾਲ ਸਿੰਘ ਦੇ ਰਾਗੀ ਜਥਿਆਂ ਨੇ ਵੀ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਰੰਗ ਵਿਚ ਰੰਗਿਆ।

ਇਸ ਮੌਕੇ ਸਾਹਿਬਜ਼ਾਦਿਆਂ ਦੇ ਜੀਵਨ ਬਾਰੇ ਇਕ ਐਨੀਮੇਸ਼ਨ ਫਿਲਮ ਵੀ ਸੰਗਤਾਂ ਨੂੰ ਦਿਖਾਈ ਗਈ ਤਾਂ ਕਿ ਨਵੀਂ ਪੀੜ੍ਹੀ ਨੂੰ ਆਪਣੇ ਵਿਰਸੇ ਬਾਰੇ ਜਾਣਕਾਰੀ ਹੋ ਸਕੇ। ਸਕੂਲਾਂ, ਕਾਲਜਾਂ ਵਿਚ ਛੁੱਟੀਆਂ ਹੋਣ ਕਾਰਨ ਕਾਫੀ ਗਿਣਤੀ ਵਿਚ ਬੱਚੇ ਹਾਜ਼ਰ ਸਨ। ਲੰਗਰ ਦੀ ਸੇਵਾ ਸੁਖਵਿੰਦਰ ਸਿੰਘ ਗੋਗੀ, ਇੰਦਰਜੀਤ ਸਿੰਘ, ਸਰਬਜੀਤ ਕੌਰ ਅਤੇ ਸੋਨੂੰ ਸਿੰਘ ਬਟਾਲਾ ਵਲੋਂ ਕੀਤੀ ਗਈ। ਗੁਰੂ ਘਰ ਦੇ ਹੋਰ ਪ੍ਰੋਗਰਾਮਾਂ ਬਾਰੇ ਜਾਣਕਾਰੀ ਫੋਨ 408-475-0634 ਰਾਹੀਂ ਹਾਸਲ ਕੀਤੀ ਜਾ ਸਕਦੀ ਹੈ।


*To Advertise with Punjab Times*
*Call: 847-359-0746*



# ਨਸ਼ਾ ਤਸਕਰਾਂ ਨੂੰ ਸੁਖਬੀਰ ਬਾਦਲ ਦੀ ਸਰਪ੍ਰਸਤੀ: ਬਾਜਵਾ



**ਫ਼ਤਹਿਗੜ੍ਹ ਸਾਹਿਬ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਸੂਬਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪੰਜਾਬ ਤੇ ਦੇਸ਼ ਨੂੰ ਬਚਾਉਣ ਲਈ ਅੱਜ ਸਮੂਹ ਧਰਮ-ਨਿਰਪੱਖ ਪਾਰਟੀਆਂ ਨੂੰ ਇਕ ਮੰਚ 'ਤੇ ਇਕੱਠੇ ਹੋਣ ਦੀ ਜ਼ਰੂਰਤ ਹੈ ਤਾਂ ਜੋ ਲੋਕ ਸਭਾ ਚੋਣਾਂ ਵਿਚ ਫ਼ਿਰਕਾਪ੍ਰਸਤ ਤਾਕਤਾਂ ਨੂੰ ਹਾਰ ਦਿੱਤੀ ਜਾ ਸਕੇ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਕੇਂਦਰ ਵੱਲੋਂ ਭੇਜੀਆਂ ਸਕੀਮਾਂ ਨੂੰ ਆਪਣੀਆਂ ਸਕੀਮਾਂ ਦੱਸ ਕੇ ਪੰਜਾਬ ਦੀ ਜਨਤਾ ਨੂੰ ਗੁੰਮਰਾਹ ਕਰ ਰਹੀ ਹੈ ਤੇ ਸਰਕਾਰ ਨੇ ਲੋਕਾਂ ਨਾਲ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ।

ਇਸ ਝੂਠੀ ਸਰਕਾਰ ਨੂੰ ਚਲਦਾ ਕਰਨ ਲਈ ਪਾਰਟੀ ਵੱਲੋਂ ਲੋਕ ਸਭਾ ਹਲਕਿਆਂ ਵਿਚ ਸਰਗਰਮੀ ਨਾਲ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਹੈਰੋਇਨ ਤਸਕਰੀ ਮਾਮਲੇ ਵਿਚ ਜਗਦੀਸ਼ ਭੋਲਾ ਵੱਲੋਂ ਪੰਜਾਬ ਦੇ 3 ਮੰਤਰੀਆਂ ਸਮੇਤ ਹੋਰ ਅਹਿਮ ਸ਼ਖ਼ਸੀਅਤਾਂ ਦੀ ਸ਼ਮੂਲੀਅਤ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ 6 ਹਜ਼ਾਰ ਕਰੋੜ ਦੀ ਨਸ਼ਿਆਂ ਦੀ ਤਸਕਰੀ ਦੇ ਮਾਮਲੇ ਵਿਚ ਇਹ ਸਪਸ਼ਟ ਹੋ ਗਿਆ ਹੈ ਕਿ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਇਸ ਮਾਮਲੇ ਵਿਚ ਕਥਿਤ ਭਾਈਵਾਲੀ ਹੈ।

ਉਨ੍ਹਾਂ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਚੀਫ਼ ਜਸਟਿਸ ਤੋਂ ਵੀ ਮੰਗ ਕੀਤੀ ਕਿ ਉਹ ਲੋਕ ਹਿਤ ਵਿਚ ਇਸ ਮਾਮਲੇ ਦੀ ਸੀ.ਬੀ.ਆਈ ਤੋਂ ਜਾਂਚ ਦੇ ਆਦੇਸ਼ ਦੇਣ। ਉਨ੍ਹਾਂ ਕਿਹਾ ਕਿ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਛੁੱਟੀਆਂ ਹੋਣ ਕਾਰਨ ਪਾਰਟੀ ਵੱਲੋਂ 7 ਜਨਵਰੀ ਨੂੰ ਛੁੱਟੀਆਂ ਖ਼ਤਮ ਹੋਣ 'ਤੇ ਇਸ ਬਾਰੇ ਪਟੀਸ਼ਨ ਦਾਇਰ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਆਟਾ ਦਾਲ ਸਕੀਮ ਵਿਚ ਵੀ ਕੇਂਦਰ ਸਰਕਾਰ ਵੱਲੋਂ 15 ਰੁਪਏ ਦਾ ਯੋਗਦਾਨ ਪਾਇਆ ਜਾ ਰਿਹਾ ਹੈ ਜਦੋਂਕਿ ਪੰਜਾਬ ਦੀ ਸਰਕਾਰ ਸਿਰਫ਼ 1 ਰੁਪਏ ਕਿੱਲੋ ਦੀ ਰਾਸ਼ੀ ਪਾ ਰਹੀ ਹੈ।ਉਨ੍ਹਾਂ ਕਿਹਾ ਕਿ ਇਕ ਪਾਸੇ ਸੰਸਦ ਮੈਂਬਰ ਬੀਬੀ ਹਰਸਿਮਰਤ ਕੌਰ ਬਾਦਲ ਧਰਮ ਦੀਆਂ ਗੱਲਾਂ ਕਰ ਰਹੇ ਹਨ ਜਦਕਿ ਉਨ੍ਹਾਂ ਦੀ ਸਰਕਾਰ ਦੀ ਸਰਪ੍ਰਸਤੀ ਹੇਠ ਪੰਜਾਬ ਦੀ ਜਵਾਨੀ ਸਮੈਕ ਦਾ ਸ਼ਿਕਾਰ ਹੋ ਰਹੀ ਹੈ।

# ਮੋਦੀ ਨੂੰ ਪ੍ਰਧਾਨ ਮੰਤਰੀ ਬਣਾਉਣਾ ਸ਼੍ਰੋਮਣੀ ਅਕਾਲੀ ਦਲ ਦਾ ਏਜੰਡਾ: ਬਾਦਲ

**ਫਤਿਹਗੜ੍ਹ ਸਾਹਿਬ (ਬਿਊਰੋ):** ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਤੇ ਮਾਤਾ ਗੁਜਰੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਸ਼ਹੀਦੀ ਜੋੜ ਮੇਲ ਦੇ ਦੂਜੇ ਦਿਨ ਸ਼੍ਰੋਮਣੀ ਅਕਾਲੀ ਦਲ ਸਿਆਸੀ ਕਾਨਫ਼ਰੰਸ ਕੀਤੀ ਗਈ। ਇਸ ਮੌਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਭਾਰਤੀ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਕਮਲ ਸ਼ਰਮਾ, ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ, ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ, ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਪ੍ਰੇਮ ਸਿੰਘ ਚੰਦੂਮਾਜਰਾ, ਰਾਜ ਸਭਾ ਮੈਂਬਰ ਬਲਵਿੰਦਰ ਸਿੰਘ ਭੂੰਦੜ ਨੇ ਸੰਬੋਧਨ ਕੀਤਾ।

ਇਕੱਠ ਨੂੰ ਸੰਬੋਧਨ ਕਰਦਿਆਂ ਸ. ਬਾਦਲ ਨੇ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਦਾ ਇਕ-ਨੁਕਾਤੀ ਏਜੰਡਾ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਦੇਸ਼ ਦਾ ਪ੍ਰਧਾਨ ਮੰਤਰੀ ਬਣਾਉਣਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਦਿੱਲੀ, ਰਾਜਸਥਾਨ, ਛੱਤੀਸਗੜ੍ਹ ਤੇ ਮੱਧ ਪ੍ਰਦੇਸ਼ ਦੇ ਵੋਟਰਾਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ ਜਿਨ੍ਹਾਂ ਨੇ ਭ੍ਰਿਸ਼ਟ ਕਾਂਗਰਸ ਪਾਰਟੀ ਦਾ ਮੁਕੰਮਲ ਸਫ਼ਾਇਆ ਕੀਤਾ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਕੇਂਦਰ ਸਰਕਾਰ ਵੱਲੋਂ ਜਿਸ ਤਰ੍ਹਾਂ ਦੇਸ਼ ਵਿਚ ਕੋਲਾ, ਪੱਥਰ ਤੇ ਹੋਰ ਖਣਿਜਾਂ ਦੀ ਸਪਲਾਈ ਕਰਨ ਵਾਲੇ ਰਾਜਾਂ ਨੂੰ ਰਾਇਲਟੀ ਦਿੱਤੀ ਜਾਂਦੀ ਹੈ, ਉਸੇ ਤਰਜ਼ 'ਤੇ ਪੰਜਾਬ ਨੂੰ ਵੀ ਪਾਣੀ ਤੇ ਅਨਾਜ 'ਤੇ ਰਾਇਲਟੀ ਦਿੱਤੀ ਜਾਵੇ।



ਸ਼੍ਰੋਮਣੀ ਅਕਾਲੀ ਦਲ ਵੱਲੋਂ ਆਗਾਮੀ ਲੋਕ ਸਭਾ ਚੋਣਾਂ ਸੂਬੇ ਤੋਂ ਬਾਹਰ ਹੋਰ ਰਾਜਾਂ ਵਿਚ ਲੜਨ ਦੀ ਸੰਭਾਵਨਾ ਬਾਰੇ ਸ. ਬਾਦਲ ਨੇ ਆਖਿਆ ਕਿ ਇਸ ਬਾਰੇ ਕੋਈ ਵੀ ਫੈਸਲਾ ਭਾਜਪਾ ਨਾਲ ਡੂੰਘੀ ਚਰਚਾ ਤੋਂ ਬਾਅਦ ਹੀ ਲਿਆ ਜਾਵੇਗਾ। ਉਨ੍ਹਾਂ ਕਾਂਗਰਸ ਦੀ ਨੁਕਤਾਚੀਨੀ ਕਰਦਿਆਂ ਕਿਹਾ ਕਿ ਦੇਸ਼ ਵਿਚ ਗਰੀਬੀ, ਭੁੱਖਮਰੀ ਤੇ ਬੇਰੁਜ਼ਗਾਰੀ ਕਾਂਗਰਸ ਪਾਰਟੀ ਦੀਆਂ ਗਲਤ ਨੀਤੀਆਂ ਦੀ ਹੀ ਦੇਣ ਹੈ। ਕਾਂਗਰਸ ਨੇ ਹਮੇਸ਼ਾ ਹੀ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ। ਪੰਜਾਬ ਨੂੰ ਪੰਜਾਬੀ ਬੋਲਦੇ ਇਲਾਕੇ, ਦਰਿਆਈ ਪਾਣੀਆਂ ਦਾ ਕਾਨੂੰਨੀ ਹਿੱਸਾ ਤੇ ਰਾਜਧਾਨੀ ਤੱਕ ਨਹੀਂ ਦਿੱਤੀ ਗਈ। ਉਨ੍ਹਾਂ ਆਖਿਆ ਕਿ ਕੇਂਦਰ ਸਰਕਾਰ ਵੱਲੋਂ ਸੂਬੇ ਦੇ ਜੱਟ ਸਿੱਖਾਂ ਨੂੰ ਹੋਰਾਂ ਪਛੜੇ ਵਰਗਾਂ ਵਿਚ ਸ਼ਾਮਲ ਕਰਨ ਤੋਂ ਇਨਕਾਰ ਕਰਨ ਨਾਲ ਇਕ ਵਾਰ ਫਿਰ ਕਾਂਗਰਸ ਦਾ ਪੰਜਾਬ ਵਿਰੋਧੀ ਚਿਹਰਾ ਨੰਗਾ ਹੋਇਆ ਹੈ।

# ਸ਼ਹੀਦੀ ਜੋੜ ਮੇਲੇ ਸਾਦਗੀ ਨਾਲ ਮਨਾਉਣ ਦਾ ਸੰਦੇਸ਼

**ਫ਼ਤਹਿਗੜ੍ਹ ਸਾਹਿਬ:** ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਤੇ ਮਾਤਾ ਗੁਜਰੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਜੋੜ ਮੇਲ ਮੌਕੇ ਦੇਸ਼ਾਂ ਵਿਦੇਸ਼ਾਂ ਤੋਂ ਸੰਗਤਾਂ ਪੁੱਜੀਆਂ। ਇਸ ਵਾਰ ਵੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸੰਗਤ ਨੂੰ ਸੰਦੇਸ਼ ਦਿੱਤਾ ਕਿ ਅਗਲੇ ਵਰ੍ਹੇ ਤੋਂ ਫਤਹਿਗੜ੍ਹ ਸਾਹਿਬ ਵਿਖੇ ਸ਼ਹੀਦੀ ਜੋੜ ਮੇਲੇ ਨੂੰ ਸ਼ਹੀਦੀ ਸਭਾ ਵਜੋਂ ਮਨਾਇਆ ਜਾਵੇ। ਰੰਗ ਬਿਰੰਗੇ ਪਹਿਰਾਵਿਆਂ ਦੀ ਥਾਂ ਸਾਦਗੀ ਵਾਲੇ ਕੱਪੜੇ ਪਹਿਨ ਕੇ ਸੰਗਤ ਇਸ ਸੋਗ ਸਭਾ ਵਿਚ ਸ਼ਾਮਲ ਹੋਵੇ ਤੇ ਗੁਰੂ ਕੇ ਲੰਗਰਾਂ ਵਿਚ ਤਰ੍ਹਾਂ-ਤਰ੍ਹਾਂ ਦੇ ਪਕਵਾਨਾਂ ਦੀ ਥਾਂ ਸਾਦਾ ਦਾਲ ਫੁਲਕਾ ਛਕਾਇਆ ਜਾਵੇ। ਜ਼ਿਕਰਯੋਗ ਹੈ ਕਿ ਸਿੰਘ ਸਹਿਬਾਨ ਨੇ ਹੁਕਮਨਾਮਾ ਜਾਰੀ ਕੀਤਾ ਹੋਇਆ ਹੈ ਕਿ ਸ਼ਹੀਦੀ ਜੋੜ ਮੇਲਿਆਂ ਮੌਕੇ ਸਿਆਸੀ ਦੂਸ਼ਣਬਾਜ਼ੀ ਨਾ ਕੀਤੀ ਜਾਵੇ ਪਰ ਇਸ ਵਾਰ ਵੀ ਸਿਆਸੀ ਧਿਰਾਂ ਨੇ ਇਸ ਗੱਲ ਦੀ ਕੋਈ ਪਰਵਾਹ ਨਾ ਕੀਤੀ।

ਆਖਰੀ ਦਿਨ ਸਜਾਏ ਗਏ ਨਗਰ ਕੀਰਤਨ ਵਿਚ ਅਸਤਰਾਂ ਤੇ ਸ਼ਸਤਰਾਂ ਨਾਲ ਸਜੇ ਬਿਧੀ ਚੰਦ ਨਿਹੰਗ ਸਿੰਘ ਦਲ ਤੇ ਬੁੱਢਾ ਦਲ ਦੇ ਨਿਹੰਗ ਸਿੰਘ, ਸੈਂਕੜੇ ਰਾਗੀ ਜਥੇ, ਗਤਕਾ ਪਾਰਟੀਆਂ, ਸੇਵਾ ਦਲ, ਸੁਖਮਨੀ ਸੇਵਾ ਸੁਸਾਇਟੀਆਂ, ਅਕਾਲ ਅਕੈਡਮੀ ਬੜੂ ਸਾਹਿਬ ਦੇ ਵਿਦਿਆਰਥੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਤੇ ਮਾਤਾ ਗੁਜਰੀ ਕਾਲਜ ਦੇ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ।

# ਮਨਪ੍ਰੀਤ ਵੱਲੋਂ ਕਾਂਗਰਸ ਤੇ ਭਾਜਪਾ ਨੂੰ ਲਾਂਭੇ ਕਰਨ ਦਾ ਸੱਦਾ



**ਫ਼ਤਹਿਗੜ੍ਹ ਸਾਹਿਬ:** ਪੀਪਲਜ਼ ਪਾਰਟੀ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਪਾਰਟੀ ਵੱਲੋਂ ਫ਼ਤਹਿਗੜ੍ਹ ਸਾਹਿਬ ਦੇ ਸ਼ਹੀਦੀ ਜੋੜ ਮੇਲੇ ਮੌਕੇ ਪਹਿਲੀ ਵਾਰ ਕੀਤੀ ਪ੍ਰਭਾਵਸ਼ਾਲੀ ਕਾਨਫ਼ਰੰਸ ਵਿਚ ਸ਼ਾਮਲ ਹੋ ਕੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਧਰਮ ਤੇ ਦੇਸ਼ ਦੀਆਂ ਦੁਸ਼ਮਣ ਤਾਕਤਾਂ ਨੂੰ ਲੋਕ ਸਭਾ ਚੋਣਾਂ ਵਿਚ ਭਾਂਜ ਦੇਣ।

ਆਮ ਆਦਮੀ ਪਾਰਟੀ ਨਾਲ ਲੋਕ ਸਭਾ ਚੋਣਾਂ ਵਿਚ ਸਮਝੌਤੇ ਦੇ ਮੁੱਦੇ ਬਾਰੇ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਤੇ ਉਨ੍ਹਾਂ ਦੀ ਪਾਰਟੀ ਦੀਆਂ ਇਕੋ ਹੀ ਨੀਤੀਆਂ ਹਨ। ਇਸ ਲਈ ਇਸ ਪਾਰਟੀ ਨਾਲ ਸਮਝੌਤਾ ਹੋ ਸਕਦਾ ਹੈ।

ਮਨਪ੍ਰੀਤ ਬਾਦਲ ਨੇ ਦੇਸ਼ ਭਰ ਵਿਚ ਵੱਖ-ਵੱਖ ਲੀਹਾਂ 'ਤੇ ਚੱਲ ਰਹੀਆਂ ਸਮੁੱਚੀਆਂ ਛੋਟੀਆਂ ਸਿਆਸੀ ਪਾਰਟੀਆਂ ਨੂੰ ਸੱਦਾ ਦਿੱਤਾ ਹੈ ਕਿ ਉਹ ਦੇਸ਼ ਵਿਚ ਲੰਬੇ ਸਮੇਂ ਤੋਂ ਕਾਬਜ਼ ਕਾਂਗਰਸ ਤੇ ਭਾਜਪਾ ਵਰਗੀਆਂ ਪਾਰਟੀਆਂ ਨੂੰ ਸਿਆਸਤ ਤੋਂ ਲਾਂਭੇ ਕਰਨ ਲਈ ਇਕਜੁੱਟ ਹੋਣ। 'ਆਪ' ਦੀਆਂ ਨੀਤੀਆਂ ਨੂੰ ਪੀਪੀਪੀ ਦੀਆਂ ਨੀਤੀਆਂ ਦੇ ਅਨੁਕੂਲ ਮੰਨਦਿਆਂ ਉਨ੍ਹਾਂ ਕਿਹਾ ਕਿ ਉਹ ਛੇਤੀ ਹੀ ਅਰਵਿੰਦ ਕੇਜਰੀਵਾਲ ਨਾਲ ਮਿਲ ਕੇ ਭਵਿੱਖ ਦੀ ਰਣਨੀਤੀ ਤੈਅ ਕਰਨਗੇ।

# ਸਜ਼ਾ ਭੁਗਤ ਚੁੱਕੇ ਸਾਰੇ ਸਿੱਖਾਂ ਨੂੰ ਰਿਹਾਅ ਕੀਤਾ ਜਾਵੇ: ਮਾਨ

**ਫ਼ਤਹਿਗੜ੍ਹ ਸਾਹਿਬ:** ਸ਼ਹੀਦ ਬਾਬਾ ਜ਼ੋਰਾਵਰ ਸਿੰਘ, ਸ਼ਹੀਦ ਬਾਬਾ ਫ਼ਤਹਿ ਸਿੰਘ ਮਾਤਾ ਗੁਜਰੀ ਤੇ ਬਾਬਾ ਮੋਤੀ ਰਾਮ ਮਹਿਰਾ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਅਕਾਲੀ ਦਲ (ਮਾਨ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਬਾਦਲ-ਭਾਜਪਾ ਹਕੂਮਤ ਬੰਦੀ ਸਿੰਘਾਂ ਨੂੰ ਰਿਹਾ ਕਰਨ ਤੋਂ ਟਾਲ-ਮਟੋਲ ਕਰਦੀ ਆ ਰਹੀ ਹੈ। ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਨੂੰ ਬਿਨਾਂ ਦੇਰੀ ਕੀਤਿਆਂ ਸਜ਼ਾ ਪੂਰੀ ਕਰ ਚੁੱਕੇ ਸਿੱਖਾਂ ਨੂੰ ਪੱਕੇ ਤੌਰ 'ਤੇ ਰਿਹਾ ਕਰ ਦੇਣਾ ਚਾਹੀਦਾ ਹੈ।

ਇਕੱਠ ਵਿਚ 22 ਮਤੇ ਸਰਬਸੰਮਤੀ ਨਾਲ ਪਾਸ ਕੀਤੇ ਗਏ ਜਿਨ੍ਹਾਂ ਵਿਚ ਬੰਦੀ ਸਿੰਘਾਂ ਨੂੰ ਰਿਹਾਅ ਕਰਨ, ਪੰਜਾਬ ਨੂੰ ਜੰਗ ਦਾ ਅਖਾੜਾ ਬਣਾਉਣ ਦੇ ਯਤਨਾਂ ਦੀ ਵਿਰੋਧਤਾ, ਜਨਰਲ ਬਰਾੜ 'ਤੇ ਹਮਲਾ ਕਰਨ ਵਾਲੇ ਸਿੱਖ ਨੌਜਵਾਨਾਂ ਨੂੰ ਸਜ਼ਾ ਦੇਣ ਦੀ ਬੇਇਨਸਾਫ਼ੀ, ਪੰਜਾਬ ਦੇ ਦਰਿਆਵਾਂ 'ਤੇ ਬਣੇ ਡੈਮਾਂ ਦਾ ਕੰਟਰੋਲ ਸੰਯੁਕਤ ਰਾਸ਼ਟਰ ਦੇ ਹਵਾਲੇ ਕਰਨ, ਸੁਪਰੀਮ ਕੋਰਟ ਵੱਲੋਂ ਸਮਿਲੰਗੀ ਵਿਰੁੱਧ ਦਿੱਤੇ ਫ਼ੈਸਲੇ ਦਾ ਸਵਾਗਤ, ਨਰਿੰਦਰ ਮੋਦੀ ਵੱਲੋਂ 60 ਹਜ਼ਾਰ ਸਿੱਖ ਪਰਿਵਾਰਾਂ ਨੂੰ ਉਜਾੜਨ ਦਾ ਅਮਲ ਮਨੁੱਖਤਾ ਵਿਰੋਧੀ, ਕੁੱਲੀ, ਜੁੱਲੀ ਤੇ ਗੁੱਲੀ ਪ੍ਰਦਾਨ ਕਰਨ, ਵਿਦਿਅਕ ਸਹੂਲਤਾਂ ਦੇਣ, ਨਸ਼ੀਲੀਆਂ ਵਸਤੂਆਂ 'ਤੇ ਪਾਬੰਦੀ ਸਬੰਧੀ ਮਤੇ ਪਾਸ ਕੀਤੇ ਗਏ।

# ਸਿੰਘ ਸਾਹਿਬਾਨ ਦੀ ਭੂਮਿਕਾ 'ਤੇ ਉਠਿਆ ਸਵਾਲ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਗੁਰਬਖਸ਼ ਸਿੰਘ ਨੂੰ ਭੁੱਖ ਹੜਤਾਲ ਖ਼ਤਮ ਕਰਨ ਦੇ ਕੀਤੇ ਗਏ ਆਦੇਸ਼ਾਂ ਨੂੰ ਉਨ੍ਹਾਂ ਵੱਲੋਂ ਮੰਨਣ ਤੋਂ ਇਨਕਾਰ ਕੀਤੇ ਜਾਣ ਤੋਂ ਬਾਅਦ ਸਿੱਖ ਹਲਕਿਆਂ ਵਿਚ ਇਸ ਨੂੰ ਦੇਰ ਨਾਲ ਕੀਤੀ ਕਾਰਵਾਈ ਤੇ ਮਸਲੇ ਨੂੰ ਸੁਚੱਜੇ ਢੰਗ ਨਾਲ ਨਾ ਲਏ ਜਾਣ ਵਜੋਂ ਦੇਖਿਆ ਗਿਆ ਹੈ।

ਸਿੱਖ ਵਿਦਵਾਨ ਅਸ਼ੋਕ ਸਿੰਘ ਬਾਗੜੀਆ ਨੇ ਕਿਹਾ ਕਿ ਅਜਿਹੇ ਪੰਥਕ ਮੁੱਦਿਆਂ ਬਾਰੇ ਸਿੰਘ ਸਾਹਿਬਾਨ ਨੂੰ ਸਵੈ ਨੋਟਿਸ ਲੈਂਦਿਆਂ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਤੇ ਸ਼੍ਰੋਮਣੀ ਕਮੇਟੀ ਵੱਲੋਂ ਇਸ ਮੁੱਦੇ ਨੂੰ ਸੁਚੱਜੇ ਢੰਗ ਨਾਲ ਹੱਲ ਕੀਤਾ ਜਾ ਸਕਦਾ ਸੀ ਪਰ ਉਨ੍ਹਾਂ ਇਸ ਮੁੱਦੇ ਨੂੰ ਸ਼ੁਰੂ ਵਿਚ ਵਿਸਾਰ ਛੱਡਿਆ। ਉਨ੍ਹਾਂ ਕਿਹਾ ਕਿ ਗੁਰਬਖਸ਼ ਸਿੰਘ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਜਾਇਜ਼ ਸੀ ਤੇ ਇਸ ਨੂੰ ਸਮੇਂ ਨਾਲ ਹੱਲ ਕੀਤਾ ਜਾ ਸਕਦਾ ਸੀ।

ਗਰਮਖਿਆਲੀ ਜਥੇਬੰਦੀ ਦਲ ਖਾਲਸਾ ਦੇ ਆਗੂ ਕੰਵਰਪਾਲ ਸਿੰਘ ਨੇ ਦੋਸ਼ ਲਾਇਆ ਕਿ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਤੇ ਸ੍ਰੀ ਅਕਾਲ



ਤਖ਼ਤ ਦੇ ਜਥੇਦਾਰ ਵੱਲੋਂ ਉਸਾਰੂ ਭੂਮਿਕਾ ਨਹੀਂ ਨਿਭਾਈ ਗਈ। ਜਿਥੇ ਜਥੇਦਾਰ ਅਵਤਾਰ ਸਿੰਘ ਵੱਲੋਂ ਪਹਿਲੇ ਦਿਨ ਤੋਂ ਇਸ ਮਾਮਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ, ਉਥੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੀ ਦੁਚਿੱਤੀ ਵਾਲੀ ਹਾਲਤ ਵਿਚ ਰਹੇ। ਉਨ੍ਹਾਂ ਨੇ ਸ਼ੁਰੂ ਤੋਂ ਇਸ ਮਸਲੇ ਦੀ ਗੰਭੀਰਤਾ ਨੂੰ ਸਮਝਣ ਦਾ ਯਤਨ ਹੀ ਨਹੀਂ ਕੀਤਾ ਤੇ ਹੁਣ 40 ਦਿਨ ਬੀਤ ਜਾਣ ਮਗਰੋਂ ਜਾਰੀ ਕੀਤਾ ਗਿਆ ਆਦੇਸ਼ ਦੇਰ ਨਾਲ ਕੀਤੀ ਕਾਰਵਾਈ ਹੈ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਉਪ ਕੁਲਪਤੀ ਡਾ. ਐਸ.ਪੀ. ਸਿੰਘ ਨੇ ਕਿਹਾ ਕਿ ਦੋਵਾਂ ਵੱਡੀਆਂ ਸਿੱਖ ਜਥੇਬੰਦੀਆਂ ਨੇ ਸ਼ੁਰੂਆਤ ਵਿਚ ਇਸ ਮੁੱਦੇ ਨੂੰ ਗੰਭੀਰਤਾ ਨਾਲ ਨਹੀਂ ਲਿਆ ਸੀ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਹੁਣ ਤਕ ਇਨ੍ਹਾਂ ਵੱਲੋਂ ਜੋ ਯਤਨ ਕੀਤੇ ਗਏ ਹਨ, ਉਹ ਮਾਮੂਲੀ ਯਤਨ ਹਨ। ਕੋਈ ਵੀ ਆਗੂ ਇਸ ਮਾਮਲੇ ਵਿਚ ਖੁੱਲ੍ਹ ਕੇ ਅੱਗੇ ਨਹੀਂ ਆਇਆ। ਇਥੋਂ ਤਕ ਕਿ ਮੁੱਖ ਮੰਤਰੀ ਨੇ ਵੀ ਇਸ ਮਾਮਲੇ ਵਿਚ ਸੰਕੋਚ ਵਰਤਿਆ ਹੈ। ਸ਼੍ਰੋਮਣੀ ਕਮੇਟੀ ਦੀ ਸਾਬਕਾ ਜਨਰਲ ਸਕੱਤਰ ਤੇ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਕਿਹਾ ਕਿ ਜਦੋਂ ਸ੍ਰੀ ਅਕਾਲ ਤਖ਼ਤ ਤੋਂ ਸ਼੍ਰੋਮਣੀ ਕਮੇਟੀ ਨੂੰ ਸਜ਼ਾ ਭੁਗਤ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਲਈ ਯਤਨ ਕਰਨ ਦੇ ਆਦੇਸ਼ ਦਿੱਤੇ ਗਏ ਸਨ ਤਾਂ ਸ਼੍ਰੋਮਣੀ ਕਮੇਟੀ ਨੂੰ ਉਸ ਵੇਲੇ ਹੀ ਸੁਹਿਰਦਤਾ ਨਾਲ ਇਸ ਮਸਲੇ ਨੂੰ ਹੱਲ ਕਰਾਉਣ ਲਈ ਯਤਨ ਕਰਨੇ ਚਾਹੀਦੇ ਸਨ ਪਰ ਸ਼੍ਰੋਮਣੀ ਕਮੇਟੀ ਨੇ ਇਸ ਮੁੱਦੇ ਬਾਰੇ ਕਦੇ ਸਪਸ਼ਟ ਨਹੀਂ ਕੀਤਾ ਕਿ ਉਸ ਦਾ ਇਸ ਬਾਰੇ ਕੀ ਫੈਸਲਾ ਹੈ।

# ਪੰਥਕ ਮਸਲੇ ਵਿਚਾਰਨ ਲਈ ਅਕਾਲ ਤਖ਼ਤ ਹੀ ਸਰਵਉਚ: ਸਿੰਘ ਸਾਹਿਬ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਹੈ ਕਿ ਸਿੱਖਾਂ ਦੇ ਸਮੂਹ ਪੰਜ ਤਖ਼ਤ ਸਾਹਿਬਾਨ ਸਤਿਕਾਰਯੋਗ ਹਨ ਤੇ ਪੰਥਕ ਮਾਮਲਿਆਂ 'ਤੇ ਵਿਚਾਰ ਚਰਚਾ ਲਈ ਅਹਿਮੀਅਤ ਰੱਖਦੇ ਹਨ ਪਰ ਸਿੱਖ ਕੌਮ ਨਾਲ ਸਬੰਧਤ ਅਹਿਮ ਮਸਲਿਆਂ 'ਤੇ ਸਰਵਉੱਚ ਫ਼ੈਸਲਾ ਅਕਾਲ ਤਖ਼ਤ ਸਾਹਿਬ ਤੋਂ ਹੀ ਲਿਆ ਜਾ ਸਕਦਾ ਹੈ।

ਉਨ੍ਹਾਂ ਕਿਹਾ ਕਿ ਬੇਸ਼ੱਕ ਹਰੇਕ ਤਖ਼ਤ ਸਾਹਿਬਾਨ ਦੇ ਜਥੇਦਾਰ ਆਪੋ ਆਪਣੇ ਖੇਤਰ ਦੇ ਪੰਥਕ ਮਸਲੇ ਵਿਚਾਰ ਸਕਦੇ ਹਨ ਪਰ ਸਾਂਝਾ ਮੁੱਦਾ ਸ੍ਰੀ ਅਕਾਲ ਤਖ਼ਤ ਵਿਖੇ ਵਿਚਾਰਿਆ ਜਾਂਦਾ ਹੈ। ਉਨ੍ਹਾਂ ਨੇ ਇਹ ਟਿੱਪਣੀ ਪਿਛਲੇ ਦਿਨੀਂ ਨਿਪਾਲ ਦੇ ਗੁਰਦੁਆਰਾ ਸਾਹਿਬ ਵਿਖੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ ਵੱਲੋਂ ਦਿੱਤੇ ਬਿਆਨ 'ਤ ਕੀਤੀ। ਇਸ ਮੌਕੇ ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ ਤੋਂ ਇਲਾਵਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਮੱਲ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਗੁਰਮੁਖ ਸਿੰਘ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਵੀ ਹਾਜ਼ਰ ਸਨ।

ਸਿੰਘ ਸਾਹਿਬ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਸ਼੍ਰੋਮਣੀ ਕਮੇਟੀ ਦੇ ਯਤਨਾਂ ਬਾਰੇ ਕਿਹਾ ਕਿ ਸ਼੍ਰੋਮਣੀ ਕਮੇਟੀ ਪਹਿਲਾਂ ਤੋਂ ਹੀ ਜੋਧਪੁਰ ਤੇ ਹੋਰ ਜੇਲ੍ਹਾਂ ਵਿਚ ਬੰਦ ਸਿੰਘਾਂ ਦੀ ਸਹਾਇਤਾ ਲਈ ਯਤਨਸ਼ੀਲ ਹੈ ਤੇ ਗੁਰੂ ਕੀ ਗੋਲਕ ਵਿਚੋਂ ਇਸ ਲਈ 33 ਕਰੋੜ ਦੇ ਕਰੀਬ ਖਰਚੇ ਜਾ ਚੁੱਕੇ ਹਨ। ਬੰਦੀ ਸਿੰਘਾਂ ਦੇ ਪਰਿਵਾਰਾਂ ਨੂੰ ਨੌਕਰੀਆਂ ਤੇ ਹੋਰ ਸਹਾਇਤਾ ਸ਼੍ਰੋਮਣੀ ਕਮੇਟੀ ਵੱਲੋਂ ਦਿੱਤੀ ਜਾ ਰਹੀ ਹੈ। ਇਸ ਮੌਕੇ ਨਾਨਕਸ਼ਾਹੀ ਕੈਲੰਡਰ ਸਬੰਧੀ ਮਾਮਲੇ ਨੂੰ ਉਨ੍ਹਾਂ ਅਗਲੀ ਇਕੱਤਰਤਾ ਲਈ ਰਾਖਵਾਂ ਕਰ ਲਿਆ ਹੈ।

# ਕੇਂਦਰ ਵੱਲੋਂ ਜਾਸੂਸੀ ਕਾਂਡ ਬਾਰੇ ਜਾਂਚ ਕਮਿਸ਼ਨ ਕਾਇਮ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਗੁਜਰਾਤ ਵਿਚ ਮੁੱਖ ਮੰਤਰੀ ਨਰਿੰਦਰ ਮੋਦੀ ਦੇ ਇਸ਼ਾਰੇ 'ਤੇ ਇਕ ਔਰਤ ਦੀ ਜਾਸੂਸੀ ਕੀਤੇ ਜਾਣ ਦੇ ਮਾਮਲੇ ਦੀ ਜਾਂਚ ਲਈ ਇਕ ਕਮਿਸ਼ਨ ਕਾਇਮ ਕਰਨ ਦਾ ਫੈਸਲਾ ਕੀਤਾ ਹੈ। ਕੈਬਨਿਟ ਨੇ ਇਹ ਫ਼ੈਸਲਾ ਜਾਂਚ ਕਮਿਸ਼ਨ ਕਾਨੂੰਨ ਦੀ ਧਾਰਾ ਤਿੰਨ ਤਹਿਤ ਕੀਤਾ ਹੈ। ਨੂੰ ਤਿੰਨ ਮਹੀਨਿਆਂ ਵਿਚ ਰਿਪੋਰਟ ਦੇਣ ਲਈ ਕਿਹਾ ਜਾਵੇਗਾ।

ਇਹ ਫੈਸਲਾ ਗ੍ਰਹਿ ਮੰਤਰਾਲੇ ਦੀ ਤਜਵੀਜ਼ 'ਤੇ ਲਿਆ ਗਿਆ ਜਿਸ ਵਿਚ ਸੁਪਰੀਮ ਕੋਰਟ ਦੇ ਕਿਸੇ ਮੌਜੂਦਾ ਜਾਂ ਸਾਬਕਾ ਜੱਜ ਤੋਂ ਇਹ ਜਾਂਚ ਕਰਾਉਣ ਦੀ ਸਿਫਾਰਸ਼ ਕੀਤੀ ਗਈ ਸੀ। ਕੇਂਦਰ ਨੇ ਗੁਜਰਾਤ ਸਰਕਾਰ ਦੀ ਇਹ ਦਲੀਲ ਦਰਕਿਨਾਰ ਕਰ ਦਿੱਤੀ ਕਿ ਜਾਸੂਸੀ ਦਾ ਮਾਮਲਾ ਇਕ ਸੂਬਾਈ ਮਾਮਲਾ ਸੀ ਤੇ ਉਸ ਵੱਲੋਂ ਇਸ ਦੀ ਜਾਂਚ ਲਈ ਪਹਿਲਾਂ ਹੀ ਇਕ ਕਮਿਸ਼ਨ ਬਿਠਾ ਦਿੱਤਾ ਗਿਆ। ਵੈੱਬ ਪੋਰਟਲ ਗੁਲੇਲ ਡਾਟਕਾਮ ਨੇ ਇਕ ਰਿਪੋਰਟ ਵਿਚ ਦਾਅਵਾ ਕੀਤਾ ਸੀ ਕਿ ਸ੍ਰੀ ਮੋਦੀ ਦੇ ਇਸ਼ਾਰੇ 'ਤੇ ਉਸ ਔਰਤ ਬਾਰੇ ਗੁਜਰਾਤ ਵਿਚ ਹੀ ਨਹੀਂ ਸਗੋਂ ਕਰਨਾਟਕ ਵਿਚ ਵੀ ਨਜ਼ਰ ਰੱਖੀ ਜਾਂਦੀ ਸੀ। ਇਹ ਮਾਮਲਾ ਇਸ ਗੁਲੇਲ ਅਤੇ ਕੋਬਰਾਪੋਸਟ ਪੋਰਟਲ ਦੋਵਾਂ ਵੱਲੋਂ ਸਾਹਮਣੇ ਲਿਆਂਦਾ ਗਿਆ ਸੀ ਅਤੇ ਇਹ ਕਿਹਾ ਗਿਆ ਸੀ ਕਿ ਗੁਜਰਾਤ ਪੁਲਿਸ ਨੇ 2009 ਵਿਚ ਯੇਡੀਯੁਰੱਪਾ ਸਰਕਾਰ ਵੇਲੇ ਉਥੋਂ ਦੀ ਪੁਲਿਸ ਨਾਲ ਰਾਬਤਾ ਕਾਇਮ ਕਰਕੇ ਉਸ ਔਰਤ ਦੀ



ਨਰਿੰਦਰ ਮੋਦੀ

ਬੰਗਲੌਰ ਵਿਚ ਠਹਿਰ ਵੇਲੇ ਟੈਲੀਫੋਨ ਟੈਪ ਕਰਨ ਦੀ ਬੇਨਤੀ ਕੀਤੀ ਸੀ। ਵੈੱਬ-ਪੋਰਟਲ ਨੇ ਇਹ ਵੀ ਲਿਖਿਆ ਸੀ ਕਿ ਗੁਜਰਾਤ ਪੁਲਿਸ ਦੀ ਕਾਰਵਾਈ ਇੰਡੀਅਨ ਟੈਲੀਗ੍ਰਾਫ ਰੂਲ 419 (ਏ) ਤੇ ਗੁਜਰਾਤ ਸਰਕਾਰ ਦੇ ਆਪਣੇ ਨੋਟੀਫਿਕੇਸ਼ਨ (29 ਮਾਰਚ 1997) ਦੀ ਉਲੰਘਣਾ ਸੀ ਜਿਸ ਵਿਚ ਕਿਹਾ ਗਿਆ ਸੀ ਕਿ ਰਾਜ ਵੱਲੋਂ ਕੇਂਦਰੀ ਗ੍ਰਹਿ ਮੰਤਰਾਲੇ ਜਾਂ ਸੂਬਾਈ ਗ੍ਰਹਿ ਸਕੱਤਰ ਦੀ ਲਿਖਤੀ ਮਨਜ਼ੂਰੀ ਤੋਂ ਬਾਅਦ ਹੀ ਕਿਸੇ ਦਾ ਟੈਲੀਫੋਨ ਟੈਪ ਕੀਤਾ ਜਾ ਸਕਦਾ ਹੈ।

ਇਸੇ ਦੌਰਾਨ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਰੁਣ ਜੇਤਲੀ ਨੇ ਕੇਂਦਰੀ ਕੈਬਨਿਟ ਵੱਲੋਂ ਗੁਜਰਾਤ ਜਸੂਸੀ ਕਾਂਡ ਦੀ ਜਾਂਚ ਲਈ ਕਮਿਸ਼ਨ ਕਰਨ ਦੇ ਫੈਸਲੇ ਨੂੰ ਦੇਸ਼ ਦੇ ਸੰਘੀ ਢਾਂਚੇ ਦੀ ਉਲੰਘਣਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਹੈ ਕਿ ਭਾਜਪਾ ਇਸ ਫੈਸਲੇ ਨੂੰ ਅਦਾਲਤ ਵਿਚ ਚੁਣੌਤੀ ਦੇਵੇਗੀ। ਉਨ੍ਹਾਂ ਆਸ ਪ੍ਰਗਟਾਈ ਕਿ ਹੋਰ ਪਾਰਟੀਆਂ ਦੇ ਮੁੱਖ ਮੰਤਰੀ ਵੀ ਇਸ ਦਾ ਵਿਰੋਧ ਕਰਨਗੇ। ਸ੍ਰੀ ਜੇਤਲੀ ਨੇ ਕਿਹਾ ਕਿ ਫੈਸਲਾ ਕਾਨੂੰਨੀ ਤੌਰ 'ਤੇ ਸ਼ੱਕੀ ਹੈ ਤੇ ਇਸ ਨੂੰ ਸੂਬਿਆਂ ਦੇ ਮਾਮਲਿਆਂ ਵਿਚ ਦਖਲ ਮੰਨਿਆ ਜਾਏਗਾ।

ਦੂਜੇ ਪਾਸੇ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੇ ਆਖਿਆ ਕਿ ਕਮਿਸ਼ਨ ਗੁਜਰਾਤ ਕਾਂਡ ਤੇ ਭਾਜਪਾ ਆਗੂ ਅਰੁਣ ਜੇਤਲੀ ਦੇ ਕਾਲ ਛੋਟਾ ਰਿਕਾਰਡ ਲੀਕੇਜ ਸਮੇਤ ਜਾਸੂਸੀ ਦੇ ਹੋਰ ਮਾਮਲਿਆਂ ਦੀ ਵੀ ਜਾਂਚ ਕਰੇਗਾ ਤੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਨਰਿੰਦਰ ਮੋਦੀ ਨੂੰ ਨਿਸ਼ਾਨਾ ਬਣਾਉਣ ਦੀ ਸਰਕਾਰ ਦੀ ਕੋਈ ਭਾਵਨਾ ਨਹੀਂ ਹੈ।

# ਮੋਦੀ ਨੂੰ ਕਲੀਨ ਚਿੱਟ ਦੇਣ ਖ਼ਿਲਾਫ਼ ਪਟੀਸ਼ਨ ਖ਼ਾਰਜ

**ਅਹਿਮਦਾਬਾਦ:** ਇਥੋਂ ਦੀ ਮੈਟਰੋਪੋਲੀਟਨ ਅਦਾਲਤ ਨੇ 2002 ਵਿਚ ਹੋਏ ਗੁਜਰਾਤ ਦੰਗਿਆਂ ਬਾਰੇ ਵਿਸ਼ੇਸ਼ ਜਾਂਚ ਟੀਮ ਵੱਲੋਂ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਕਲੀਨ ਚਿੱਟ ਦੇਣ ਖ਼ਿਲਾਫ਼ ਦਾਇਰ ਕੀਤੀ ਪਟੀਸ਼ਨ ਖ਼ਾਰਜ ਕਰ ਦਿੱਤੀ ਹੈ। ਇਹ ਪਟੀਸ਼ਨ ਮਰਹੂਮ ਕਾਂਗਰਸ ਐਮ.ਪੀ ਅਹਿਸਾਨ ਜਾਫ਼ਰੀ ਦੀ ਪਤਨੀ ਜ਼ਕੀਆ ਵੱਲੋਂ ਦਾਇਰ ਕੀਤੀ ਗਈ ਸੀ।



ਜ਼ਕੀਆ ਜ਼ਾਫਰੀ

ਗੁਜਰਾਤ ਦੰਗਿਆਂ ਦੌਰਾਨ ਅਹਿਮਦਾਬਾਦ ਦੀ ਗੁਲਬਰਗ ਸੁਸਾਇਟੀ ਵਿਚ ਅੱਠ ਲੋਕਾਂ ਦਾ ਕਤਲੇਆਮ ਹੋਇਆ ਸੀ ਜਿਨ੍ਹਾਂ ਵਿਚ ਅਹਿਸਾਨ ਜਾਫ਼ਰੀ ਵੀ ਸ਼ਾਮਲ ਸੀ। ਬੀਬੀ ਜਾਫ਼ਰੀ ਨੇ ਇਸ ਸਾਲ 15 ਅਪਰੈਲ ਨੂੰ ਪਟੀਸ਼ਨ ਦਾਇਰ ਕਰਕੇ ਵਿਸ਼ੇਸ਼ ਜਾਂਚ ਟੀਮ ਵੱਲੋਂ ਦੰਗਿਆਂ ਦੀ ਸਾਜ਼ਿਸ਼ ਵਿਚ ਨਰਿੰਦਰ ਮੋਦੀ ਨੂੰ ਮਿਲੀਭੁਗਤ ਦੇ ਦੋਸ਼ਾਂ ਤੋਂ ਬਰੀ ਕੀਤੇ ਜਾਣ ਦਾ ਵਿਰੋਧ ਕੀਤਾ ਸੀ। ਜ਼ਕੀਆ ਜਾਫ਼ਰੀ ਦੀ ਸ਼ਿਕਾਇਤ ਬਾਰੇ ਜਾਂਚ ਪੂਰੀ ਕਰਨ ਤੋਂ ਬਾਅਦ ਐਸ.ਆਈ.ਟੀ ਨੇ ਪਿਛਲੇ ਸਾਲ ਅੱਠ ਫਰਵਰੀ ਨੂੰ ਆਪਣੀ ਕਲੋਜ਼ਰ ਰਿਪੋਰਟ ਦਾਖਲ ਕੀਤੀ ਸੀ। ਇਸ ਨੇ ਸਿੱਟਾ ਕੱਢਿਆ ਸੀ ਕਿ ਭਾਵੇਂ ਅੱਠ ਸਾਲ ਬੀਤ ਜਾਣ ਕਰਕੇ ਕੇਸ ਦੇ ਸਬੂਤ ਇਕੱਤਰ ਕਰਨ ਵਿਚ ਮੁਸ਼ਕਲ ਆਈ ਸੀ ਪਰ ਇਸ ਨੂੰ ਜੋ ਵੀ ਸਬੂਤ ਮਿਲੇ ਸਨ, ਉਹ ਦੋਸ਼ੀਆਂ ਖ਼ਿਲਾਫ਼ ਮੁਕੱਦਮੇ ਚਲਾਉਣ ਲਈ ਕਾਫ਼ੀ ਸਨ।


Auto, Home, Life, Business, Workers Comp., Fixed & Variable Annuities, 401-K, IRA

ਆਪਣੀਆਂ ਸਾਰੀਆਂ ਇੰਸ਼ੋਰੈਂਸ ਲੋੜਾਂ ਲਈ ਸੰਪਰਕ ਕਰੋ

Nationwide Insurance

Call Rajinder

209-275-2094



ਕੱਰੀ ਕੁਕ, ਹੈਲਪਰ ਤੇ ਵੇਟਰ ਦੀ ਲੋੜ ਹੈ

ਵਚੀਟਾ, ਕੈਨਸਸ ਵਿਚ ਭਾਰਤੀ ਰੈਸਟੋਰੈਂਟ ਲਈ ਕੱਰੀ ਕੁਕ, ਹੈਲਪਰ ਅਤੇ ਵੇਟਰ ਦੀ ਲੋੜ ਹੈ

ਚੰਗੀ ਤਨਖਾਹ, ਰਿਹਾਇਸ਼ ਮੁਫਤ

ਸੰਪਰਕ ਕਰੋ: 316-708-9896

51-52-1-2


## ਗੁਰਦੁਆਰਾ ਫਰੀਮਾਂਟ ਦੀਆਂ ਚੋਣਾਂ ਦਾ ਬਿਗਲ ਵੱਜਿਆ

**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੀ ਟਰਮ ਪੂਰੀ ਹੋਣ ਨਾਲ ਅਗਲੀਆਂ ਚੋਣਾਂ ਦਾ ਬਿਗਲ ਵੱਜ ਗਿਆ ਹੈ। ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਸੁਪਰੀਮ ਕੌਂਸਲ ਮੈਂਬਰ ਸ. ਜਸਵਿੰਦਰ ਸਿੰਘ ਜੰਡੀ ਨੇ ਇਨ੍ਹਾਂ ਚੋਣਾਂ ਦੀ ਗੱਲ ਕਰਦਿਆਂ ਕਿਹਾ ਕਿ ਇਨ੍ਹਾਂ ਚੋਣਾਂ ਵਾਸਤੇ ਸਰਬਸੰਮਤੀ ਨਾਲ ਉਮੀਦਵਾਰ ਚੁਣਨ ਲਈ ਯਤਨ ਕੀਤੇ ਜਾ ਰਹੇ ਹਨ। ਨਾਲ ਹੀ ਉਨ੍ਹਾਂ ਇਹ ਵੀ ਆਖਿਆ ਕਿ ਉਹ ਗੁਰੂ ਘਰ ਦੀ ਸੇਵਾ ਅਤੇ ਉਨਤੀ ਲਈ ਪਹਿਲਾਂ ਵਾਂਗ ਹੀ ਸਮਰਪਿਤ ਰਹਿਣਗੇ।

ਸ. ਜੰਡੀ ਨੇ ਆਖਿਆ ਕਿ ਵੱਖ ਵੱਖ ਉਮੀਦਵਾਰਾਂ ਨਾਲ ਗੱਲਬਾਤ ਕੀਤੀ ਜਾ ਰਹੀ ਹੈ ਅਤੇ ਚੋਣਾਂ ਹੋਣ ਦੀ ਸੂਰਤ ਵਿਚ ਇਹ ਮਿਲ-ਜੁਲ ਕੇ ਅਮਨ-ਅਮਾਨ ਨਾਲ ਕਰਵਾਈਆਂ ਜਾਣਗੀਆਂ। ਉਨ੍ਹਾਂ ਇਸ ਸਬੰਧੀ ਸੰਗਤਾਂ ਤੋਂ ਸਹਿਯੋਗ ਮੰਗਦਿਆਂ ਕਿਹਾ ਕਿ ਜਲਦ ਹੀ ਉਮੀਦਵਾਰਾਂ ਦਾ ਐਲਾਨ ਕਰ ਦਿਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਸੀਂ ਹਰ ਉਸ ਮੈਂਬਰ ਨਾਲ ਗੱਲਬਾਤ ਕਰਨ ਲਈ ਤਿਆਰ ਹਾਂ ਜੋ ਸੰਗਤ ਦੇ ਭਲੇ ਲਈ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਕੰਮ ਕਰਨ ਦਾ ਚਾਹਵਾਨ ਹੋਵੇ। ਸ. ਜੰਡੀ ਨਾਲ ਫੋਨ 510-584-7172 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।


MRP TRAVEL

Lowest International and Domestic Fares

ARC FLY ANY AIRLINE OF YOUR CHOICE IATA

Providing the lowest Airfare, Cruise and Travel Packages to Asia, Africa, Europe, the Middle East and North America

408-929-8005

E-mail:mrptravel@gmail.com

2123 Port Way, San Jose, CA 95133

CST: 2097308-40

Passport & Visa services also available



Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES

India Vacation tour package also available.



SUPER TRAVEL

847-676-9090, 773-465-5566

E-mail: supertravel2003@yahoo.com

Lowest Fares With Excellent Service

AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.

For Emergency Call anytime at 847-673-3825

EARLY BIRD SALE!!!!

India $545

London $250


## ਪੰਜਾਬੀ ਨੌਜਵਾਨ 'ਤੇ ਹਮਲੇ ਦੇ ਦੋਸ਼ ਵਿਚ ਤਿੰਨ ਕਾਬੂ

**ਮੈਲਬਰਨ, ਆਸਟਰੇਲੀਆ:** ਹੁਸ਼ਿਆਰਪੁਰ ਜ਼ਿਲ੍ਹੇ ਵਿਚ ਪੈਂਦੇ ਕਸਬੇ ਮਾਹਿਲਪੁਰ ਨੇੜਲੇ ਪਿੰਡ ਨੰਗਲ ਦੇ ਮਨਰਾਜਵਿੰਦਰ ਸਿੰਘ (20 ਸਾਲ) ਉਤੇ ਮੈਲਬਰਨ ਵਿਚ ਹੋਏ ਹਮਲੇ ਸਬੰਧੀ ਵਿਕਟੋਰੀਆ ਪੁਲੀਸ ਨੇ ਤਿੰਨ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ।



ਮਨਰਾਜਵਿੰਦਰ

ਇਕ ਪਾਰਕ ਵਿਚ ਐਤਵਾਰ ਸਵੇਰੇ ਮਨਰਾਜਵਿੰਦਰ ਸਿੰਘ ਅਤੇ ਉਸ ਦੇ ਦੋ ਹੋਰ ਦੋਸਤਾਂ ਨੂੰ ਕੁਝ ਮੁੰਡਿਆਂ ਨੇ ਕੁੱਟਿਆ ਸੀ ਤੇ ਮਿਨਰਾਜਵਿੰਦਰ ਸਿੰਘ ਦੇ ਸਿਰ ਵਿਚ ਗੰਭੀਰ ਸੱਟਾਂ ਲੱਗੀਆਂ ਸਨ। ਉਹ ਹੁਣ ਹਸਪਤਾਲ ਦਾਖਲ ਹੈ। ਗ੍ਰਿਫਤਾਰ ਕੀਤੇ ਹਮਲਾਵਰਾਂ ਦੀ ਉਮਰ 15 ਤੋਂ 17 ਸਾਲ ਹੈ। ਪੁਲਿਸ ਨੇ 5 ਹੋਰ ਅਫਰੀਕੀ ਮੂਲ ਦੇ ਹਮਲਾਵਰਾਂ ਦੀ ਵੀ ਪਛਾਣ ਕੀਤੀ ਹੈ। ਇਨ੍ਹਾਂ ਵਿਚੋਂ ਇਕ ਲੜਕੀ ਵੀ ਸ਼ਾਮਲ ਹੈ।


ਪੰਜਾਬੀ ਰੇਡੀਓ ਯੂ.ਐਸ.ਏ

Punjabi RADIO USA

Uniting Punjabi's All Over

24 ਘੰਟੇ ਸੱਤੇ ਦਿਨ ਸੁਣੋ

Listen on :

Radio Sets (CA, WA, NV)

Dial in

832-551-5029 or 605-475-6868

Android & iPhone App

www.PunjabiRadioUSA.com

Ph: 408-272-5200



Prince's Barber Shop

37477 Fremont Blvd, suite C, Fremont, CA 94536

Men & Children's Hair Cut

*Threading *Custom Text

*Men's Facials *Hair Coler

*Custom Designing *Shave &

*Line-ups *Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:

Mon thru Thursday 9am to 8pm

Friday, Sat- Sunday- 9am to 7pm

(Tuesday Closed)



Cell: (510)-677-9942

Shop: (510)-505-9605

www.princebarbershop.com

# ਦਿੱਲੀ ਦੀ ਕਮਾਨ ਹੁਣ 'ਆਪ' ਦੇ ਹੱਥ

**ਨਵੀਂ ਦਿੱਲੀ:** ਦਿੱਲੀ ਦੀ ਸਿਆਸਤ ਵਿਚ ਨਵਾਂ ਅਧਿਆਏ ਲਿਖਣ ਵਾਲੀ ਆਮ ਆਦਮੀ ਪਾਰਟੀ (ਆਪ) ਦੇ ਆਗੂ ਅਰਵਿੰਦ ਕੇਜਰੀਵਾਲ ਨੇ ਭ੍ਰਿਸ਼ਟਾਚਾਰ ਮੁਕਤ ਵੀ.ਆਈ.ਪੀ. ਕਲਚਰ ਰਹਿਤ ਤੇ ਨਵੇਂ ਢੰਗ ਦਾ ਸ਼ਾਸਨ ਦੇਣ ਦੇ ਵਾਅਦੇ ਨਾਲ ਦਿੱਲੀ ਦੇ ਮੁੱਖ ਮੰਤਰੀ ਵਜੋਂ ਹਲਫ਼ ਲਿਆ। ਮਾਲ ਵਿਭਾਗ ਦੇ ਸਾਬਕਾ ਅਧਿਕਾਰੀ ਕੇਜਰੀਵਾਲ ਨੇ ਦਿੱਲੀ ਵਿਧਾਨ ਸਭਾ ਦੀਆਂ 70 ਵਿਚੋਂ 28 ਸੀਟਾਂ ਜਿੱਤ ਕੇ ਸਿਆਸਤ ਵਿਚ ਪੈਰ ਧਰਿਆ।

ਦੋ ਸਾਲ ਪਹਿਲਾਂ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦਾ ਅਖਾੜਾ ਬਣੇ ਰਾਮ ਲੀਲਾ ਮੈਦਾਨ ਵਿਚ ਉਨ੍ਹਾਂ ਨੇ ਅਹੁਦੇ ਦੇ ਭੇਤ ਗੁਪਤ ਰੱਖਣ ਦੀ ਸਹੁੰ ਚੁੱਕੀ। ਦਿੱਲੀ ਦੇ ਉਪ ਰਾਜਪਾਲ ਨਜੀਬ ਜੰਗ ਨੇ ਸ੍ਰੀ ਕੇਜਰੀਵਾਲ ਤੋਂ ਇਲਾਵਾ ਮਨੀਸ਼ ਸਸੋਦੀਆ, ਗਿਰੀਸ਼ ਸੋਨੀ, ਰਾਖੀ ਬਿਰਲਾ, ਸਤੇਂਦਰ ਜੈਨ, ਸੌਰਭ ਭਾਰਦਵਾਜ ਤੇ ਸੋਮਨਾਥ ਭਾਰਤੀ ਨੂੰ ਮੰਤਰੀਆਂ ਵਜੋਂ ਸਹੁੰ ਚੁਕਾਈ। ਦਿੱਲੀ ਦੇ ਨਵੇਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਵੱਡੀ ਜ਼ਿੰਮੇਵਾਰੀ ਦੇ ਮੋਢਿਆਂ 'ਤੇ ਆ ਜਾਣ ਕਾਰਨ ਉਨ੍ਹਾਂ ਦੇ ਮਨ ਵਿਚ ਡਰ ਪੈਦਾ ਹੋ ਗਿਆ ਹੈ।

ਉਨ੍ਹਾਂ ਕਿਹਾ ਕਿ ਉਹ ਸਾਰੀਆਂ ਸਮੱਸਿਆਵਾਂ ਦੇ ਹੱਲ ਲਈ ਜਾਦੂ ਦੀ ਛੜੀ ਹੋਣ ਦਾ ਦਾਅਵਾ ਨਹੀਂ ਕਰਦੇ ਪਰ ਜੇਕਰ ਦਿੱਲੀ ਦੇ 1.5 ਕਰੋੜ ਲੋਕ ਉਨ੍ਹਾਂ ਨਾਲ ਜੁੜ ਜਾਣ ਤਾਂ ਸਾਰੀਆਂ ਸਮੱਸਿਆਵਾਂ ਦਾ ਹੱਲ ਕੱਢਿਆ ਜਾ ਸਕਦਾ ਹੈ। ਉਨ੍ਹਾਂ ਨੇ ਮੰਤਰੀਆਂ ਨੂੰ ਰਾਜ ਨਹੀਂ ਸੇਵਾ ਦਾ ਏਜੰਡਾ ਲੈ ਕੇ ਚੱਲਣ ਤੇ ਸੱਤਾ ਦੇ ਨਸ਼ੇ ਤੋਂ ਪਰ੍ਹੇ ਰਹਿਣ ਲਈ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਉਹ ਬਾਕੀ ਵੱਡੀਆਂ ਪਾਰਟੀਆਂ ਦਾ ਘਮੰਡ ਤੋੜਨ ਲਈ ਖੜ੍ਹੇ ਹੋਏ ਹਨ।

ਭ੍ਰਿਸ਼ਟਾਚਾਰ ਮੁਕਤ ਰਾਜ ਦੇਣ ਦਾ ਹੋਕਾ ਦਿੰਦਿਆਂ ਸ੍ਰੀ ਕੇਜਰੀਵਾਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਫਸਰਾਂ ਤੇ ਕਰਮਚਾਰੀਆਂ ਨੂੰ ਰਿਸ਼ਵਤ ਦੇਣ ਦੀ ਬਜਾਏ ਉਨ੍ਹਾਂ ਨੂੰ ਰੰਗੇ ਹੱਥੀਂ ਕਾਬੂ ਕਰਵਾਉਣ ਵਿਚ ਮਦਦ ਦੇਣ।

ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਗ੍ਰਹਿ, ਵਿੱਤ, ਬਿਜਲੀ ਤੇ ਖ਼ੁਫ਼ੀਆ ਵਿਭਾਗ ਆਪਣੇ ਕੋਲ ਰੱਖ ਕੇ ਬਾਕੀ ਵਿਭਾਗ ਆਪਣੇ ਸਾਥੀ ਛੇ ਕੈਬਨਿਟ ਮੰਤਰੀਆਂ ਨੂੰ ਵੰਡ ਦਿੱਤੇ ਹਨ। ਮਨੀਸ਼ ਸਸੋਦੀਆ ਨੂੰ ਮਾਲ, ਪੀ.ਡਬਲਿਊ.ਡੀ., ਸ਼ਹਿਰੀ ਵਿਕਾਸ, ਸਿੱਖਿਆ, ਉਚੇਰੀ ਸਿੱਖਿਆ, ਸਥਾਨਕ ਸਰਕਾਰਾਂ ਤੇ ਭੂਮੀ ਤੇ ਇਮਾਰਤ ਬਾਰੇ ਵਿਭਾਗ ਸੌਂਪੇ ਗਏ ਹਨ। ਆਈ.ਆਈ.ਟੀ. ਦਿੱਲੀ ਤੋਂ ਪੋਸਟਗ੍ਰੈਜੂਏਟ ਸੋਮਨਾਥ ਭਾਰਤੀ ਨੂੰ ਪ੍ਰਸ਼ਾਸਨਿਕ ਸੁਧਾਰਾਂ, ਕਾਨੂੰਨ, ਸੈਰ-ਸਪਾਟਾ ਤੇ ਸਭਿਆਚਾਰ ਵਿਭਾਗਾਂ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਮੰਤਰੀ ਮੰਡਲ ਵਿਚ ਸਭ ਤੋਂ ਛੋਟੀ ਉਮਰ ਦੀ ਰਾਖੀ ਬਿਰਲਾ ਨੂੰ ਸਮਾਜਿਕ ਭਲਾਈ ਤੇ ਬੱਚਿਆਂ ਤੇ ਔਰਤਾਂ ਦੇ ਵਿਕਾਸ ਬਾਰੇ ਵਿਭਾਗਾਂ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ।

ਉਨ੍ਹਾਂ ਨੂੰ ਔਰਤਾਂ ਦੀ ਸੁਰੱਖਿਆ ਵਧਾਉਣ ਲਈ ਕਦਮ ਚੁੱਕੇ ਜਾਣ ਬਾਰੇ ਵਾਧੂ ਚਾਰਜ ਦਿੱਤਾ ਗਿਆ ਹੈ। ਗਿਰੀਸ਼ ਸੋਨੀ ਨੂੰ ਕਿਰਤ, ਹੁਨਰ ਵਿਕਾਸ ਤੇ ਐਸਸੀ/ਐਸਟੀ ਵਿਭਾਗਾਂ ਦਾ ਚਾਰਜ ਦਿੱਤਾ ਗਿਆ ਹੈ। ਸਤੇਂਦਰ ਜੈਨ ਨੂੰ ਸਿਹਤ, ਸਨਅਤਾਂ ਤੇ ਗੁਰਦੁਆਰਾ ਚੋਣਾਂ ਦਾ ਚਾਰਜ ਦਿੱਤਾ ਗਿਆ ਹੈ। ਮੁੱਖ ਮੰਤਰੀ ਯੋਜਨਾ ਤੇ ਸੇਵਾਵਾਂ ਤੋਂ ਹੋਰ ਬਾਕੀ ਰਹਿੰਦੇ ਵਿਭਾਗਾਂ ਦੀ ਵੀ ਦੇਖਭਾਲ ਕਰਨਗੇ। ਦਿੱਲੀ ਸਰਕਾਰ ਆਪਣੇ ਵਾਅਦੇ ਮੁਤਾਬਕ ਹਰ ਪਰਿਵਾਰ ਨੂੰ 700 ਲਿਟਰ ਮੁਫ਼ਤ ਪਾਣੀ ਦੇਣ ਤੇ ਬਿਜਲੀ ਦਰਾਂ ਵਿਚ ਕਟੌਤੀ ਬਾਰੇ ਫ਼ੈਸਲਾ ਅਗਲੇ ਹਫ਼ਤੇ ਕਰੇਗੀ। ਮੁਫ਼ਤ ਪਾਣੀ ਸਪਲਾਈ ਦੇ ਵਾਅਦੇ ਬਾਰੇ ਸ੍ਰੀ ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਅਧਿਕਾਰੀਆਂ ਨਾਲ ਇਸ ਬਾਰੇ ਵਿਚਾਰ ਕੀਤਾ ਹੈ ਤੇ ਇਸ ਬਾਰੇ ਜਾਣਕਾਰੀ ਦੇਣ ਲਈ ਕਿਹਾ ਹੈ।

## ਚਾਰ ਪੁਲਿਸ ਮੁਲਾਜ਼ਮਾਂ ਨੂੰ ਉਮਰ ਕੈਦ

**ਫਿਰੋਜ਼ਪੁਰ:** ਅਦਾਲਤ ਨੇ ਦੋ ਦਹਾਕੇ ਪਹਿਲਾਂ ਅਬੋਹਰ ਦੀ ਭਵਾਨੀ ਕਾਟਨ ਮਿੱਲ ਦੇ ਅੱਠ ਮਜ਼ਦੂਰਾਂ ਦੀ ਪੁਲਿਸ ਫਾਇਰਿੰਗ ਵਿਚ ਹੋਈ ਮੌਤ ਦੇ ਕੇਸ ਵਿਚ ਚਾਰ ਪੁਲਿਸ ਮੁਲਾਜ਼ਮਾਂ ਨੂੰ ਉਮਰ ਕੈਦ ਤੇ 25-25 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਇਸੇ ਕੇਸ ਵਿਚ ਹੀ ਪੁਲਿਸ 'ਤੇ ਪੱਥਰਾਓ ਦੇ ਦੋਸ਼ ਹੇਠ ਚਾਰ ਮੁਲਜ਼ਮਾਂ ਨੂੰ ਤਿੰਨ-ਤਿੰਨ ਸਾਲ ਕੈਦ ਦੀ ਸਜ਼ਾ ਸੁਣਾਈ ਹੈ।

25 ਅਕਤੂਬਰ 1991 ਨੂੰ ਹੋਈ ਘਟਨਾ ਵਿਚ ਮਿੱਲ ਮਜ਼ਦੂਰਾਂ ਅਤੇ ਪੁਲਿਸ ਦਰਮਿਆਨ ਝੜਪ ਹੋ ਗਈ ਸੀ। ਮਜ਼ਦੂਰਾਂ ਦੇ ਪੁਲਿਸ 'ਤੇ ਪੱਥਰਾਓ ਦੇ ਜਵਾਬ ਵਿਚ ਪੁਲਿਸ ਨੇ ਫਾਇਰਿੰਗ ਕਰ ਦਿੱਤੀ ਜਿਸ ਦੌਰਾਨ ਅੱਠ ਮਜ਼ਦੂਰ ਮਾਰੇ ਗਏ ਤੇ 18 ਜ਼ਖ਼ਮੀ ਹੋ ਗਏ ਸਨ। ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ 'ਤੇ ਕੁਝ ਪੁਲਿਸ ਕਰਮਚਾਰੀਆਂ ਖਿਲਾਫ਼ ਵੀ ਮੁਕੱਦਮਾ ਦਰਜ ਕੀਤਾ ਗਿਆ। ਹੁਣ ਵਧੀਕ ਸੈਸ਼ਨ ਜੱਜ ਨੇ ਪੁਲਿਸ ਮੁਲਾਜ਼ਮ ਪਿਆਰਾ ਸਿੰਘ, ਨਰਿੰਦਰਪਾਲ ਸਿੰਘ, ਹਰਦਮ ਸਿੰਘ ਤੇ ਗੁਰਚਰਨ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ। ਕੁਝ ਪੁਲਿਸ ਮੁਲਾਜ਼ਮਾਂ ਨੂੰ ਬਰੀ ਕਰ ਦਿੱਤਾ।

## ਆਮ ਆਦਮੀ ਪਾਰਟੀ ਨੇ ਪੰਜਾਬੀਆਂ ਦਾ ਵੀ ਧਿਆਨ ਖਿੱਚਿਆ

**ਚੰਡੀਗੜ੍ਹ:** ਦਿੱਲੀ ਵਿਧਾਨ ਸਭਾ ਚੋਣਾਂ ਵਿਚ ਵੱਡੀ ਸਫਲਤਾ ਮਿਲਣ ਬਾਅਦ ਦੇਸ਼ ਦੀ ਰਾਜਨੀਤੀ ਵਿਚ ਤੇਜ਼ੀ ਨਾਲ ਕੇਂਦਰ ਬਿੰਦੂ ਬਣ ਕੇ ਉੱਭਰ ਰਹੀ 'ਆਮ ਆਦਮੀ ਪਾਰਟੀ' ਨੂੰ ਪੰਜਾਬ ਅੰਦਰ ਆਪ ਮੁਹਾਰੇ ਵੱਡਾ ਹੁੰਗਾਰਾ ਮਿਲ ਰਿਹਾ ਹੈ। ਅਹਿਮ ਗੱਲ ਇਹ ਹੈ ਕਿ ਪਾਰਟੀ ਦੇ ਨਵੇਂ ਬਣ ਰਹੇ ਮੈਂਬਰਾਂ ਵਿਚ ਵੱਡੀ ਗਿਣਤੀ 30-35 ਸਾਲ ਤੱਕ ਦੇ ਨੌਜਵਾਨਾਂ ਦੀ ਹੈ। ਪਹਿਲੀ ਵਾਰ ਹੋ ਰਿਹਾ ਹੈ ਕਿ ਕਿਸੇ ਪਾਰਟੀ ਦੀ ਮੈਂਬਰਸ਼ਿਪ ਆਨਲਾਈਨ ਹੋ ਰਹੀ ਹੈ।

ਆਮ ਆਦਮੀ ਪਾਰਟੀ ਦੇ ਪੰਜਾਬ ਦੇ ਥਾਪੇ ਪ੍ਰਧਾਨ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਦਿੱਲੀ ਚੋਣਾਂ ਤੱਕ ਪੰਜਾਬ ਅੰਦਰ ਪਾਰਟੀ ਦੀ ਮੈਂਬਰਸ਼ਿਪ 10 ਹਜ਼ਾਰ ਦੇ ਕਰੀਬ ਹੈ ਪਰ ਹੁਣ ਕੱਲ੍ਹ ਤੱਕ ਇਹ ਗਿਣਤੀ ਤਿੰਨ ਗੁਣਾ ਵਧ ਗਈ ਹੈ ਤੇ ਇਸ ਵੇਲੇ 30 ਹਜ਼ਾਰ ਨੂੰ ਟੱਪ ਗਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਦੇ ਸ਼ਹਿਰਾਂ ਤੇ ਪੇਂਡੂ ਖੇਤਰਾਂ ਵਿਚ ਹਰ ਘੰਟੇ 300 ਦੇ ਕਰੀਬ ਲੋਕ ਉਨ੍ਹਾਂ ਦੇ ਮੈਂਬਰ ਬਣ ਰਹੇ ਹਨ। ਹੈਰਾਨੀ ਵਾਲੀ ਗੱਲ ਇਹ ਹੈ ਕਿ ਮੈਂਬਰ ਭਰਤੀ ਕਰਨ ਲਈ ਆਮ ਆਦਮੀ ਪਾਰਟੀ ਦੇ ਆਗੂ ਜਾਂ ਵਰਕਰ ਕਿਸੇ ਦੇ ਘਰ ਨਹੀਂ ਜਾ ਰਹੇ ਸਗੋਂ ਲੋਕ ਖੁਦ ਹੀ ਪਾਰਟੀ ਦਫ਼ਤਰਾਂ ਜਾਂ ਧਰਨੇ ਵਾਲੀਆਂ ਥਾਵਾਂ ਉਪਰ ਆ ਕੇ ਮੈਂਬਰਸ਼ਿਪ ਫਾਰਮ ਭਰ ਰਹੇ ਹਨ।

ਜਲੰਧਰ ਵਿਚ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਪ੍ਰਾਪਰਟੀ ਟੈਕਸ ਵਿਰੁੱਧ ਨਗਰ ਨਿਗਮ ਦੇ ਬਾਹਰ ਭੁੱਖ ਹੜਤਾਲ ਰੱਖੀ ਹੋਈ ਹੈ। ਇਥੇ ਪਾਰਟੀ ਦੇ ਮੈਂਬਰਸ਼ਿਪ ਫਾਰਮ ਭਰਨ ਲਈ ਦੋ ਕਾਊਂਟਰ ਲੱਗੇ ਹੋਏ ਹਨ ਤੇ ਸਾਰਾ ਦਿਨ ਫਾਰਮ ਭਰਨ ਵਾਲਿਆਂ ਦਾ ਤਾਂਤਾ ਲੱਗਾ ਰਹਿੰਦਾ ਹੈ। ਭੁੱਖ ਹੜਤਾਲ ਵਾਲੀ ਜਗ੍ਹਾ ਮੌਜੂਦ ਪਾਰਟੀ ਆਗੂ ਤਰਨਦੀਪ ਸਿੰਘ ਨੇ ਦੱਸਿਆ ਕਿ ਇਥੇ ਫਾਰਮ ਭਰੇ ਜਾਂਦੇ ਹਨ। ਅਗਲੇ ਦਿਨ ਸਾਰੇ ਮੈਂਬਰ ਬਣਨ ਵਾਲਿਆਂ ਨੂੰ ਦਫ਼ਤਰ ਬੁਲਾਇਆ ਜਾਂਦਾ ਹੈ ਤੇ ਉਨ੍ਹਾਂ ਵਿਚੋਂ ਸਰਗਰਮ ਬਣਨ ਵਾਲੇ ਮੈਂਬਰਾਂ ਦੀ ਵੱਖਰੀ ਸੂਚੀ ਤਿਆਰ ਕੀਤੀ ਜਾਂਦੀ ਹੈ।

ਉਨ੍ਹਾਂ ਅਨੁਸਾਰ ਜਲੰਧਰ ਸ਼ਹਿਰ ਤੇ ਛਾਉਣੀ ਵਿਚ ਚਾਰ ਹਜ਼ਾਰ ਤੋਂ ਵੱਧ ਮੈਂਬਰਸ਼ਿਪ ਹੋ ਚੁੱਕੀ ਹੈ। ਜਲੰਧਰ ਨਿਗਮ ਦੇ ਵਾਰਡਾਂ ਵਿਚ 10-10 ਸਰਗਰਮ ਮੈਂਬਰਾਂ ਦੀਆਂ ਟੀਮਾਂ ਵੀ ਤਿਆਰ ਹੋ ਚੁੱਕੀਆਂ ਹਨ।

ਪਾਰਟੀ ਦੇ ਪੰਜਾਬ ਦੇ ਪ੍ਰਧਾਨ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਪਾਰਟੀ ਵੱਲੋਂ ਇਕ ਪੰਦਰਵਾੜਾ ਹੋਰ ਪਾਰਟੀ ਮਜ਼ਬੂਤੀ ਤੇ ਮੈਂਬਰਸ਼ਿਪ ਭਰਤੀ ਉਪਰ ਧਿਆਨ ਕੇਂਦਰਿਤ ਕੀਤਾ ਜਾਵੇਗਾ। ਉਸ ਤੋਂ ਬਾਅਦ ਪੂਰੇ ਪੰਜਾਬ ਵਿਚ ਦਿੱਲੀ ਵਾਂਗ ਲੋਕਾਂ ਦੇ ਅਹਿਮ ਮੁੱਦਿਆਂ ਉਪਰ ਲੋਕਾਂ ਦੀ ਰਾਇ ਲਈ ਜਾਵੇਗੀ ਤੇ ਅਹਿਮ ਮਸਲਿਆਂ ਦੀ ਚੋਣ ਕਰਕੇ ਪਾਰਟੀ ਵੱਲੋਂ ਸੰਘਰਸ਼ ਆਰੰਭਿਆ ਜਾਵੇਗਾ।

## ਸਾਂਝੇ ਮੋਰਚੇ ਨੇ 'ਆਪ' ਵੱਲ ਹੱਥ ਵਧਾਏ

**ਚੰਡੀਗੜ੍ਹ:** ਸਾਂਝੇ ਮੋਰਚੇ ਵਿਚ ਸ਼ਾਮਲ ਪਾਰਟੀਆਂ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਜਿੱਤ ਦੇ ਝੰਡੇ ਗੱਡਣ ਵਾਲੀ ਆਮ ਆਦਮੀ ਪਾਰਟੀ (ਆਪ) ਨਾਲ ਸਮਝੌਤਾ ਕਰਨ ਲਈ ਕਾਹਲੀਆਂ ਹਨ। ਸੂਤਰਾਂ ਅਨੁਸਾਰ ਮੋਰਚੇ ਵਿਚ ਸ਼ਾਮਲ ਪੀਪਲਜ਼ ਪਾਰਟੀ ਆਫ ਪੰਜਾਬ, ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ), ਸੀ.ਪੀ.ਆਈ. ਤੇ ਸੀ.ਪੀ.ਐਮ.) ਵਿਚ ਇਸ ਮੁੱਦੇ 'ਤੇ ਭਾਵੇਂ ਕੋਈ ਰਸਮੀ ਮੀਟਿੰਗ ਨਹੀਂ ਹੋਈ ਪਰ ਚੇਅਰਮੈਨ ਮਨਪ੍ਰੀਤ ਬਾਦਲ ਵੱਲੋਂ ਸਾਰਿਆਂ ਨਾਲ ਜ਼ੁਬਾਨੀ ਕਲਾਮੀ ਸਲਾਹ ਜ਼ਰੂਰ ਕਰ ਲਈ ਗਈ।

ਇਸ ਤੋਂ ਬਾਅਦ ਹੀ ਮਨਪ੍ਰੀਤ ਵੱਲੋਂ ਆਪ ਦੇ ਦੋ ਨੇਤਾਵਾਂ ਨਾਲ ਸ਼ੁਰੂਆਤੀ ਦੌਰ ਦੀ ਮੀਟਿੰਗ ਕੀਤੀ ਜਾ ਚੁੱਕੀ ਹੈ। ਪੀ.ਪੀ.ਪੀ. ਦੇ ਪ੍ਰਧਾਨ ਨੇ ਕਿਹਾ ਕਿ ਸਾਂਝੇ ਮੋਰਚੇ ਨੂੰ ਟੁੱਟਣ ਨਹੀਂ ਦਿੱਤਾ ਜਾਵੇਗਾ ਤੇ ਆਪ ਸਮੇਤ ਕਿਸੇ ਵੀ ਪਾਰਟੀ ਨਾਲ ਸਮਝੌਤਾ ਮੋਰਚੇ ਵਿਚ ਸ਼ਾਮਲ ਸਾਰੀਆਂ ਪਾਰਟੀਆਂ ਦੀ ਸਹਿਮਤੀ ਤੋਂ ਬਗ਼ੈਰ ਨਹੀਂ ਕੀਤਾ ਜਾਵੇਗਾ। ਓਧਰ, ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੇ ਸੀਨੀਅਰ ਮੀਤ ਪ੍ਰਧਾਨ ਗਗਨਜੀਤ ਸਿੰਘ ਬਰਨਾਲਾ ਦਾ ਕਹਿਣਾ ਹੈ ਕਿ ਉਹ ਆਪ ਸਮੇਤ ਕਿਸੇ ਵੀ ਹਮਖ਼ਿਆਲ ਪਾਰਟੀ ਨਾਲ ਸਮਝੌਤਾ ਕਰਨ ਦੇ ਹੱਕ ਵਿਚ ਹਨ। ਸੀ.ਪੀ.ਆਈ. ਦੇ ਸੂਬਾ ਸਕੱਤਰ ਬੰਤ ਬਰਾੜ ਨੇ ਕਿਹਾ ਹੈ ਕਿ ਉਹ ਆਪ ਤੋਂ ਬਿਨਾਂ ਬਸਪਾ ਨਾਲ ਵੀ ਗਠਜੋੜ ਦੇ ਹੱਕ ਵਿਚ ਹਨ। ਉਨ੍ਹਾਂ ਕਿਹਾ ਕਿ ਆਪ ਨਾਲ ਖੱਬੇ ਪੱਖੀ ਪਾਰਟੀਆਂ ਦੀਆਂ ਨੀਤੀਆਂ ਰਲਦੀਆਂ ਹਨ। ਇਸ ਲਈ ਰਲ ਕੇ ਚੱਲਿਆ ਸਕਦਾ ਹੈ।

## ਸੁਖਬੀਰ ਬਾਦਲ ਲੋਕਾਂ ਨੂੰ ਗੁੰਮਰਾਹ ਕਰ ਰਿਹੈ: ਮਨਪ੍ਰੀਤ ਬਾਦਲ

**ਸੰਗਰੂਰ:** ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਪੰਜਾਬ ਵਿਚ ਨਵੀਂ ਇੰਡਸਟਰੀ ਲੱਗਣ ਬਾਰੇ ਭੁਲੇਖੇ ਖੜ੍ਹੇ ਕਰ ਰਿਹਾ ਹੈ ਜਦਕਿ ਪੰਜਾਬ ਦੀ ਤਬਾਹ ਹੋ ਰਹੀ ਇੰਡਸਟਰੀ ਨੂੰ ਬਚਾਉਣ ਲਈ ਕੁਝ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਰਾਜ ਵਿਚ ਭ੍ਰਿਸ਼ਟਾਚਾਰ ਨੂੰ ਨੱਥ ਪਾ ਕੇ ਅਜਿਹਾ ਮਾਹੌਲ ਹੀ ਪੈਦਾ ਨਹੀਂ ਕਰ ਸਕੀ ਕਿ ਵੱਡੇ ਵੱਡੇ ਉਦਯੋਗਪਤੀ ਨਵੀਂ ਇੰਡਸਟਰੀ ਲਾਉਣ ਲਈ ਪੰਜਾਬ ਵੱਲ ਰੁਖ਼ ਕਰਨ।

ਜੱਟਾਂ ਨੂੰ ਰਾਖਵੇਂਕਰਨ ਬਾਰੇ ਉਨ੍ਹਾਂ ਕਿਹਾ ਕਿ ਇਹ ਸਭ ਗੁੰਮਰਾਹ ਕਰਨ ਵਾਲੀਆਂ ਗੱਲਾਂ ਹਨ ਪਰ ਲੋਕਾਂ ਨੂੰ ਗੁੰਮਰਾਹ ਕਰਕੇ ਕੁਝ ਹਾਸਲ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਅਜਿਹੀਆਂ ਸਿਆਸੀ ਪਾਰਟੀਆਂ ਨੂੰ ਇਕ ਮੰਚ 'ਤੇ ਇਕੱਠੇ ਹੋਣ ਦੀ ਲੋੜ ਹੈ ਜੋ ਪੰਜਾਬ ਵਿਚੋਂ ਭ੍ਰਿਸ਼ਟਾਚਾਰ, ਗਰੀਬੀ, ਅਨਪੜ੍ਹਤਾ ਤੇ ਨਸ਼ਿਆਂ ਨੂੰ ਖਤਮ ਕਰਨ ਦੀ ਸੋਚ ਰੱਖਦੀਆਂ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਇਹ ਸਾਬਤ ਕਰ ਦਿੱਤਾ ਹੈ ਕਿ ਸੱਚ ਦੀ ਕੀਮਤ ਹਰ ਹਾਲਤ ਵਿਚ ਪੈਂਦੀ ਹੈ।

ਸ. ਮਨਪ੍ਰੀਤ ਸਿੰਘ ਬਾਦਲ ਨੇ ਦੇਸ਼ ਵਿਚ ਲੰਬੇ ਸਮੇਂ ਤੋਂ ਕਾਬਜ਼ ਕਾਂਗਰਸ ਤੇ ਭਾਜਪਾ ਵਰਗੀਆਂ ਪਾਰਟੀਆਂ ਨੂੰ ਸਿਆਸਤ ਤੋਂ ਲਾਂਭੇ ਕਰਨ ਲਈ ਇਕਜੁੱਟ ਹੋਣ ਦਾ ਸੱਦਾ ਦਿੱਤਾ। 'ਆਪ' ਦੀਆਂ ਨੀਤੀਆਂ ਨੂੰ ਪੀ.ਪੀ.ਪੀ. ਦੀਆਂ ਨੀਤੀਆਂ ਦੇ ਅਨੁਕੂਲ ਮੰਨਦਿਆਂ ਉਨ੍ਹਾਂ ਕਿਹਾ ਕਿ ਉਹ ਛੇਤੀ ਹੀ ਅਰਵਿੰਦ ਕੇਜਰੀਵਾਲ ਨਾਲ ਮਿਲ ਕੇ ਭਵਿੱਖ ਦੀ ਰਣਨੀਤੀ ਤੈਅ ਕਰਨਗੇ।

ਸ. ਮਨਪ੍ਰੀਤ ਨੇ ਕਿਹਾ ਕਿ ਛੋਟੇ ਝਰਨਿਆਂ ਦੇ ਰੂਪ ਵਿਚ ਕੰਮ ਕਰ ਰਹੀਆਂ ਇਹ ਪਾਰਟੀਆਂ ਹੀ ਇਕ ਵੱਡੇ ਦਰਿਆ ਦਾ ਰੂਪ ਧਾਰਨ ਕਰਕੇ ਦੇਸ਼ ਵਿਚੋਂ ਕਾਂਗਰਸ ਤੇ ਭਾਜਪਾ ਵਰਗੀਆਂ ਪਾਰਟੀਆਂ ਨੂੰ ਹਟਾ ਸਕਦੀਆਂ ਹਨ। ਦਿੱਲੀ ਵਿਚ ਕੇਜਰੀਵਾਲ ਦੀ ਅਗਵਾਈ ਵਾਲੀ ਆਪ ਪਾਰਟੀ ਦੀ ਜਿੱਤ ਨੂੰ ਇਸ ਬਦਲਾਅ ਦਾ ਚੰਗਾ ਸੁਨੇਹਾ ਐਲਾਨਦਿਆਂ ਉਨ੍ਹਾਂ ਕਿਹਾ ਕਿ ਦੇਸ਼ ਦੇ ਲੋਕ ਹੁਣ ਆਮ ਲੋਕਾਂ ਦੀ ਗੱਲ ਕਰਨ ਵਾਲੀਆਂ ਪਾਰਟੀਆਂ ਦੀ ਹਾਮੀ ਭਰਨ ਲੱਗੇ ਹਨ।

ਪੰਜਾਬ ਦੀ ਅਜੋਕੀ ਬਦਹਾਲ ਆਰਥਿਕਤਾ 'ਤੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਬਾਦਲ ਸਰਕਾਰ ਨੇ ਗਲਤ ਤੇ ਸਿਆਸੀ ਹਿੱਤਾਂ ਤੋਂ ਪ੍ਰਭਾਵਿਤ ਨੀਤੀਆਂ ਬਣਾ ਕੇ ਸੂਬੇ ਦੇ ਖ਼ਜ਼ਾਨੇ ਨੂੰ ਖੋਰਾ ਲਾਇਆ ਹੈ ਤੇ ਸਰਕਾਰ ਦੇ ਮੰਤਰੀ ਐਸ਼ਪ੍ਰਸਤੀ ਕਰਨ ਵਿਚ ਰੁੱਝੇ ਹੋਏ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਆਪਣੇ ਸਿਆਸੀ ਵਿਰੋਧੀਆਂ ਨੂੰ ਖ਼ਤਮ ਕਰਨ ਲਈ ਹਰ ਹੀਲਾ ਵਰਤਿਆ ਜਾ ਰਿਹਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸੂਬੇ ਦੇ ਹਿੱਤ ਲਈ ਇਮਾਨਦਾਰੀ ਦਾ ਪੱਲਾ ਫੜ ਕੇ ਚੱਲਣ ਵਾਲੀਆਂ ਪਾਰਟੀਆਂ ਦੇ ਨਾਲ ਜੁੜਨ।

# ਦਿੱਲੀ ਫਤਿਹ ਕਰਨ ਮਗਰੋਂ 'ਆਪ' ਦਾ ਰੁਖ ਹੁਣ ਪੰਜਾਬ ਵੱਲ

**ਚੰਡੀਗੜ੍ਹ:** ਰਾਜਧਾਨੀ ਦਿੱਲੀ ਦਾ ਰਾਜਨੀਤਕ ਕਿਲਾ ਫਤਿਹ ਕਰਨ ਮਗਰੋਂ 'ਆਮ ਆਦਮੀ ਪਾਰਟੀ' ਦੀ ਨਿਗ੍ਹਾ ਹੁਣ ਹੋਰ ਸੂਬਿਆਂ ਵੱਲ ਹੈ। ਦੇਸ਼ ਦੇ ਹੋਰ ਸੂਬਿਆਂ ਵਾਂਗ 'ਆਪ' ਵੱਲੋਂ ਪੰਜਾਬ ਦੀ ਰਾਜਨੀਤੀ ਵਿਚ ਵੀ ਜ਼ਮੀਨ ਤਲਾਸ਼ਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਪੰਜਾਬ ਤੇ ਚੰਡੀਗੜ੍ਹ ਵਿਚ ਮੀਟਿੰਗਾਂ ਦਾ ਦੌਰ ਜਾਰੀ ਹੈ ਤੇ ਆਉਂਦੀਆਂ ਲੋਕ ਸਭਾ ਚੋਣਾਂ ਵਿਚ 'ਆਪ' ਵੱਲੋਂ 13 ਸੀਟਾਂ ਉਪਰ ਉਮੀਦਵਾਰ ਖੜ੍ਹੇ ਕਰਨ 'ਤੇ ਵਿਚਾਰ ਕੀਤਾ ਜਾ ਰਿਹਾ ਹੈ।



ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਭਾਵੇਂ ਪਹਿਲੀ ਵਾਰ ਹੀ ਸਰਕਾਰ ਬਣਾ ਲਈ ਪਰ ਇਸ ਪਾਰਟੀ ਲਈ ਪੰਜਾਬ ਦਾ ਰਾਜਨੀਤਕ ਸਫ਼ਰ ਆਸਾਨ ਨਜ਼ਰ ਨਹੀਂ ਆ ਰਿਹਾ। ਪੰਜਾਬ ਵਿਚ ਪਾਰਟੀ ਦੀ ਨਾਮਾਤਰ ਸਰਗਰਮੀ ਤੇ 5-7 ਅਹੁਦੇਦਾਰਾਂ ਦੀ ਹੀ ਨਿਯੁਕਤੀ ਹੋਣਾ ਆਪ ਦਾ ਕਮਜ਼ੋਰ ਪੱਖ ਹੈ। ਆਪ ਵੱਲੋਂ ਦੇਸ਼ ਭਰ ਵਿਚ ਸੂਬਿਆਂ ਅੰਦਰ ਲੋਕਾਂ ਨੂੰ ਜੋੜ ਕੇ ਪਾਰਟੀ ਦਾ ਲੀਡਰ ਤਾਂ ਬਣਾ ਦਿੱਤਾ ਗਿਆ ਪਰ ਸੂਤਰਾਂ ਅਨੁਸਾਰ ਅਜੇ ਕਿਸੇ ਵੀ ਅਹੁਦੇਦਾਰ ਨੂੰ ਲਿਖਤੀ ਰੂਪ ਵਿਚ ਕੋਈ ਚਿੱਠੀ ਪੱਤਰ ਨਹੀਂ ਦਿੱਤਾ ਗਿਆ।

ਆਪ ਵੱਲੋਂ ਪੰਜਾਬ ਵਿਚ ਲੋਕਾਂ ਨੂੰ ਪਾਰਟੀ ਨਾਲ ਜੋੜਨ ਲਈ ਮੈਂਬਰਸ਼ਿਪ ਮੁਹਿੰਮ ਸ਼ੁਰੂ ਕੀਤੀ ਗਈ ਹੈ ਪਰ ਇਸ ਦੌਰਾਨ ਪਾਰਟੀ ਨਾਲ ਜੁੜਨ ਵਾਲੇ ਦੇ ਪਿਛੋਕੜ ਤੇ ਵਿਅਕਤੀਤਵ ਬਾਰੇ ਜਾਣਕਾਰੀ ਇਕੱਠੀ ਨਹੀਂ ਕੀਤੀ ਜਾ ਰਹੀ। 10 ਰੁਪਏ ਦੀ ਪਰਚੀ ਕਟਵਾ ਕੇ ਕੋਈ ਅਪਰਾਧਿਕ ਪਿਛੋਕੜ ਵਾਲਾ ਵਿਅਕਤੀ ਵੀ 'ਆਪ' ਨਾਲ ਜੁੜ ਸਕਦਾ ਹੈ। ਉਧਰ, ਚੰਡੀਗੜ੍ਹ ਦੇ ਜ਼ੁਬਾਨੀ ਕਲਾਮੀ ਇੰਚਾਰਜ ਲਾਏ ਰਵਿੰਦਰ ਸ਼ਰਮਾ ਦਾ ਕਹਿਣਾ ਹੈ ਕਿ ਲੋਕਾਂ ਨੂੰ ਪਾਰਟੀ ਨਾਲ ਜੋੜਨ ਤੋਂ ਪਹਿਲਾਂ ਉਨ੍ਹਾਂ ਦੇ ਅਪਰਾਧਿਕ ਪਿਛੋਕੜ ਬਾਰੇ ਪੁੱਛਿਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਆਮ ਆਦਮੀ ਦੀ ਹੀ ਪਾਰਟੀ ਹੈ ਤੇ ਹੁਣ ਆਪ ਵੱਲੋਂ ਦਿੱਲੀ ਮਗਰੋਂ ਹੋਰ ਸੂਬਿਆਂ ਵੱਲ ਨੂੰ ਰੁਖ਼ ਕਰਨ ਦਾ ਮਨ ਬਣਾ ਲਿਆ ਗਿਆ ਹੈ ਪਰ ਇਸ ਬਾਰੇ ਤਸਵੀਰ 15 ਦਿਨਾਂ ਅੰਦਰ ਹੋਣ ਜਾ ਰਹੀ ਮੀਟਿੰਗ ਵਿਚ ਹੀ ਸਾਫ ਹੋ ਸਕੇਗੀ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਵੀ ਭ੍ਰਿਸ਼ਟਾਚਾਰ ਹੱਦਾਂ ਬੰਨ੍ਹੇ ਟੱਪ ਚੁੱਕਾ ਹੈ ਤੇ ਆਪ ਵੱਲੋਂ ਸੂਬੇ ਵਿਚੋਂ ਭ੍ਰਿਸ਼ਟਾਚਾਰ ਖਤਮ ਕਰਨ ਲਈ ਲੋਕਾਂ ਦੇ ਸਾਥ ਨਾਲ ਮੁਹਿੰਮ ਛੇੜ ਦਿੱਤੀ ਜਾਵੇਗੀ ਤੇ ਇਸ ਬਾਰੇ ਲੋਕਾਂ ਨਾਲ ਮੀਟਿੰਗਾਂ ਦਾ ਦੌਰ ਜਾਰੀ ਹੈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸਕੇ ਭਤੀਜੇ ਮਨਪ੍ਰੀਤ ਸਿੰਘ ਬਾਦਲ ਵੱਲੋਂ ਵੀ ਵੱਖਰੀ ਪਾਰਟੀ ਬਣਾ ਕੇ ਪੰਜਾਬ ਵਿਚ ਰਾਜਨੀਤਕ ਬਦਲ ਲਿਆਉਣ ਦੀ ਕੋਸ਼ਿਸ਼ ਕੀਤੀ ਗਈ ਪਰ ਉਨ੍ਹਾਂ ਦੀ ਪਾਰਟੀ ਨੂੰ ਮੂੰਹ ਦੀ ਖਾਣੀ ਪਈ ਤੇ ਖੁਦ ਪੀ.ਪੀ.ਪੀ. ਦੇ ਹਿੱਸੇ ਇਕ ਵੀ ਸੀਟ ਨਾ ਆ ਸਕੀ। ਅਜਿਹੇ ਵਿਚ 'ਆਪ' ਦਾ ਭਵਿੱਖ ਪੰਜਾਬ ਵਿਚ ਕੀ ਹੋਵੇਗਾ ਇਹ ਆਉਣ ਵਾਲਾ ਸਮੇਂ ਹੀ ਦੱਸ ਸਕਦਾ ਹੈ।

## ਦਿੱਲੀ ਤੇ ਪੰਜਾਬ ਦੇ ਹਾਲਾਤ ਵੱਖਰੇ

ਇਸੇ ਸਾਲ ਬਣੀ ਨਵੀਂ ਪਾਰਟੀ ਆਮ ਆਦਮੀ ਪਾਰਟੀ ਵੱਲੋਂ ਦਿੱਲੀ ਦਾ ਤਖ਼ਤ ਪਲਟ ਦੇਣ ਬਾਰੇ ਪੀ.ਪੀ.ਪੀ. ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਦਾ ਕਹਿਣਾ ਹੈ ਕਿ ਕੇਜਰੀਵਾਲ ਦੀ ਸਾਰੀ ਦੀ ਸਾਰੀ ਟੀਮ ਵਧੀਆ ਤੇ ਬੇਦਾਗ ਹੈ ਪਰ ਉਨ੍ਹਾਂ ਦੀ ਪਾਰਟੀ ਵਿਚ ਕਾਫ਼ੀ ਦਾਗੀ ਲੋਕ ਵੀ ਘੁਸ ਆਏ ਸਨ ਜੋ ਉਨ੍ਹਾਂ ਦੀ ਹਾਰ ਦਾ ਕਾਰਨ ਬਣਿਆ।

ਉਨ੍ਹਾਂ ਕਿਹਾ ਕਿ ਪੰਜਾਬ ਵਿਚ 45 ਫੀਸਦੀ ਲੋਕ ਪੜ੍ਹੇ ਲਿਖੇ ਹਨ, ਦਿੱਲੀ ਵਿਚ 85 ਫੀਸਦੀ, ਦਿੱਲੀ ਵਿਚ ਥਾਣੇਦਾਰਾਂ ਤੇ ਪਟਵਾਰੀਆਂ ਦੀ ਦਹਿਸ਼ਤ ਪੰਜਾਬ ਦੇ ਮੁਕਾਬਲੇ ਘੱਟ ਹੈ। ਦਿੱਲੀ ਵਿਚ ਐਫ.ਐਮ. ਦੀ ਘਰ-ਘਰ ਪਹੁੰਚ ਹੈ ਜਿਸ ਦੇ ਜ਼ਰੀਏ ਆਪ ਦਿੱਲੀ ਦੇ ਹਰ ਘਰ ਵਿਚ ਜਾ ਪੁੱਜੀ। ਉਨ੍ਹਾਂ ਕਿਹਾ ਕਿ ਇਹ ਇਕੱਲੀ ਆਪ ਦੀ ਨਹੀਂ ਸਗੋਂ ਭ੍ਰਿਸ਼ਟਾਚਾਰ ਖ਼ਿਲਾਫ਼ ਅਵਾਜ਼ ਬੁਲੰਦ ਕਰਨ ਲਈ ਪੈਦਾ ਹੋਈ ਸੋਚ ਦੀ ਹਰ ਛੋਟੀ ਪਾਰਟੀ ਤੇ ਸੰਸਥਾ ਦੀ ਜਿੱਤ ਹੈ।

## ਗੌਹਰ ਖ਼ਾਨ ਬਣੀ ਬਿੱਗ ਬੌਸ

**ਮੁੰਬਈ:** ਅਦਾਕਾਰਾ ਗੌਹਰ ਖ਼ਾਨ ਨੇ ਰਿਐਲਿਟੀ ਸ਼ੋਅ 'ਬਿੱਗ ਬੌਸ-7' ਜਿੱਤ ਲਿਆ। ਉਸ ਨੂੰ ਇਨਾਮ ਵਜੋਂ 50 ਲੱਖ ਰੁਪਏ ਅਤੇ ਟਰਾਫੀ ਮਿਲੀ ਹੈ। ਉਹ ਬਿੱਗ ਬੌਸ ਦੇ ਘਰ ਵਿਚ 104 ਦਿਨ ਰਹੀ। ਘਰ ਅੰਦਰ ਸਾਥੀ



ਕਲਾਕਾਰ ਕੁਸ਼ਾਲ ਟੰਡਨ ਨਾਲ ਉਸ ਦੇ ਪ੍ਰੇਮ ਪ੍ਰਸੰਗ ਨੇ ਸਭ ਦਾ ਧਿਆਨ ਖਿੱਚਿਆ। ਇਸ ਸ਼ੋਅ ਨਾਲ ਗੌਹਰ ਦੀ ਗੁੱਡੀ ਵਾਹਵਾ ਚੜ੍ਹੀ ਹੈ। ਗੌਹਰ ਸ਼ੁਰੂ-ਸ਼ੁਰੂ ਵਿਚ ਟੀ.ਵੀ. 'ਤੇ ਚਰਚਿਤ ਹੋਈ ਸੀ। ਫਿਰ 'ਰਾਕੇਟ ਸਿੰਘ: ਦਿ ਸੇਲਜ਼ਮੈਨ' ਫਿਲਮ ਤੋਂ ਸ਼ੁਰੂ ਹੋ ਕੇ 'ਇਸ਼ਕਜ਼ਾਦੇ' ਤੱਕ ਚੰਗਾ ਕੰਮ ਕਰ ਕੇ ਦਿਖਾਇਆ ਪਰ ਅਸਲ ਗੱਲ 'ਬਿੱਗ ਬੌਸ-7' ਨਾਲ ਹੀ ਬਣੀ। ਇਸ ਸ਼ੋਅ ਨੇ ਗੌਹਰ ਨੂੰ ਫੈਸ਼ਨ ਅਤੇ ਬੋਲਚਾਲ ਦਾ ਨਵਾਂ ਤਰੀਕਾ ਸਿਖਾਇਆ। ਉਹ ਕਿਤਾਬਾਂ ਪੜ੍ਹਨ ਦੀ ਵੀ ਬੜੀ ਸ਼ੌਕੀਨ ਹੈ। ਵਿਹਲੇ ਸਮੇਂ ਕਿਤਾਬਾਂ ਹੀ ਉਸ ਦੀਅਧ ਸਾਥੀ ਹੁੰਦੀਆਂ ਹਨ।

## ਫ਼ਖ਼ਰ ਲਾਇਕ ਅਦਾਕਾਰ

# ਫ਼ਾਰੂਖ਼ ਸ਼ੇਖ਼



ਗਰਮ ਹਵਾ, ਸ਼ਤਰੰਜ ਕੇ ਖਿਲਾੜੀ, ਚਸ਼ਮੇ ਬੱਦੂਰ, ਓਮਰਾਓ ਜਾਨ ਤੇ ਬਾਜ਼ਾਰ ਵਰਗੀਆਂ ਮਿਸਾਲੀ ਫਿਲਮਾਂ ਵਿਚ ਆਪਣੀ ਅਦਾਕਾਰੀ ਨਾਲ ਜਾਨ ਪਾਉਣ ਵਾਲਾ ਦਮਦਾਰ ਅਦਾਕਾਰ ਫਾਰੂਖ਼ ਸ਼ੇਖ਼ ਹੁਣ ਇਸ ਦੁਨੀਆਂ ਵਿਚ ਨਹੀਂ ਹੈ। 65 ਵਰ੍ਹਿਆਂ ਦੀ ਉਮਰ ਵਿਚ ਉਸ ਦਾ ਦੁਬਈ ਵਿਖੇ ਦੇਹਾਂਤ ਹੋ ਗਿਆ। ਸ਼ੁੱਕਰਵਾਰ ਦੀ ਰਾਤ ਨੂੰ ਜਦੋਂ ਉਸ ਨੂੰ ਦਿਲ ਦਾ ਦੌਰਾ ਪਿਆ ਤਾਂ ਉਨ੍ਹਾਂ ਦੀ ਪਤਨੀ ਰੂਪਾ ਜੈਨ ਅਤੇ ਧੀਆਂ ਸ਼ਾਇਸਤਾ ਤੇ ਸਨਾਅ ਉਸ ਦੇ ਨੇੜੇ ਹੀ ਸਨ।

ਗੁਜਰਾਤ ਦੇ ਜ਼ਿਲ੍ਹਾ ਵਡੋਦਰਾ ਵਿਚ ਅਮਰੌਲੀ ਵਿਖੇ ਜਨਮਿਆ ਫਾਰੂਖ਼ ਸ਼ੇਖ਼ ਉਨ੍ਹਾਂ ਫਿਲਮੀ ਕਲਾਕਾਰਾਂ ਵਿਚੋਂ ਸੀ ਜਿਹੜੇ ਫਿਲਮਾਂ ਵਿਚ ਆਉਣ ਤੋਂ ਪਹਿਲਾਂ ਥਿਏਟਰ ਨਾਲ ਜੁੜੇ ਹੋਏ ਸਨ। 1973 ਵਿਚ ਦੇਸ਼ ਦੀ ਵੰਡ ਬਾਰੇ ਐਮ.ਐਸ. ਸੱਥਿਊ ਵੱਲੋਂ ਬਣਾਈ ਫਿਲਮ 'ਗਰਮ ਹਵਾ' ਵਿਚ ਉਸ ਨੇ ਬਲਰਾਜ ਸਾਹਨੀ ਦੇ ਛੋਟੇ ਪੁੱਤਰ ਦਾ ਕਿਰਦਾਰ ਨਿਭਾਇਆ। ਹਿੰਦੀ ਵਿਚ ਆਰਟ ਸਿਨਮਾ ਦੀ ਲਹਿਰ ਖੜ੍ਹੀ ਕਰਨ ਦੇ ਮਾਮਲੇ ਵਿਚ ਇਸ ਫਿਲਮ ਨੂੰ ਬਹੁਤ ਅਹਿਮ ਮੰਨਿਆ ਜਾਂਦਾ ਹੈ। ਇਸ ਫਿਲਮ ਤੋਂ ਬਾਅਦ ਫਾਰੂਖ਼ ਨੇ ਵੀ ਕਦੀ ਪਿੱਛੇ ਮੁੜ ਕੇ ਨਹੀਂ ਦੇਖਿਆ। ਉਨ੍ਹਾਂ ਫਿਲਮੀ ਦੁਨੀਆਂ ਵਿਚ ਆਪਣੇ ਲਈ ਆਪ ਥਾਂ ਬਣਾਈ ਅਤੇ ਸੱਤਿਆਜੀਤ ਰੇਅ, ਸ਼ਿਆਮ ਬੈਨੇਗਲ, ਮੁਜ਼ੱਫਰ ਅਲੀ ਅਤੇ ਰਿਸ਼ੀਕੇਸ਼ ਮੁਖਰਜੀ ਵਰਗੇ ਫਿਲਮਸਾਜ਼ਾਂ ਨਾਲ ਕੰਮ ਕੀਤਾ। ਜਿਨ੍ਹਾਂ ਫਿਲਮਾਂ ਨਾਲ ਫਾਰੂਖ਼ ਸ਼ੇਖ਼ ਦਾ ਨਾਂ ਪੀਡਾ ਜੁੜਿਆ ਹੋਇਆ ਹੈ, ਉਨ੍ਹਾਂ ਵਿਚ ਸ਼ਤਰੰਜ ਕੇ ਖਿਲਾੜੀ (ਸੱਤਿਆਜੀਤ ਰੇਅ), ਨੂਰੀ, ਚਸ਼ਮੇ ਬੱਦੂਰ, ਕਿਸੀ ਸੇ ਨਾ ਕਹਿਨਾ, ਕਥਾ, ਫਾਸਲੇ ਤੇ ਸਾਗਰ ਸਰਹੱਦੀ ਦੀ ਫਿਲਮ ਬਾਜ਼ਾਰ ਸ਼ਾਮਲ ਹਨ। ਅਦਾਕਾਰਾ ਦੀਪਤੀ ਨਵਲ ਨਾਲ ਉਸ ਦੀ ਜੋੜੀ ਖ਼ੂਬ ਬਣੀ ਅਤੇ ਇਨ੍ਹਾਂ ਨੇ 'ਚਸ਼ਮੇ ਬੱਦੂਰ', 'ਕਿਸੀ



ਸੇ ਨਾ ਕਹਿਨਾ', 'ਕਥਾ' ਤੇ ਹਾਲ ਹੀ ਵਿਚ 'ਲਿਸਨ ਅਮਾਇਆ' ਵਿਚ ਯਾਦਗਾਰੀ ਭੂਮਿਕਾਵਾਂ ਨਿਭਾਈਆਂ। ਸਾਲ 2013 ਵਿਚ ਉਸ ਦੀਆਂ ਤਿੰਨ ਫਿਲਮਾਂ 'ਲਿਸਨ ਅਮਾਇਆ', 'ਯੇ ਜਵਾਨੀ ਹੈ ਦੀਵਾਨੀ' ਅਤੇ 'ਕਲੱਬ 60' ਰਿਲੀਜ਼ ਹੋਈਆਂ। ਉਨ੍ਹਾਂ ਦੀ ਫਿਲਮ 'ਯਮਗਿਸਤਾਨ' ਰਿਲੀਜ਼ ਲਈ ਤਿਆਰ ਪਈ ਹੈ।

ਫਾਰੂਖ਼ ਸ਼ੇਖ਼ ਭਾਵੇਂ ਫਿਲਮਾਂ ਵਿਚ ਕੰਮ ਕਰਦੇ ਰਹੇ ਪਰ ਉਹ ਨਾਲ-ਨਾਲ ਥਿਏਟਰ ਵਿਚ ਵੀ ਸਰਗਰਮ ਰਹੇ। ਸ਼ਬਾਨਾ ਆਜ਼ਮੀ ਨਾਲ ਉਨ੍ਹਾਂ ਦਾ ਨਾਟਕ 'ਤੁਮਹਾਰੀ ਅੰਮ੍ਰਿਤਾ' ਬੜਾ ਹਿੱਟ ਹੋਇਆ। 1992 ਵਿਚ ਤਿਆਰ ਇਹ ਨਾਟਕ ਅੱਜ ਵੀ ਥਿਏਟਰਾਂ ਵਿਚ ਖੇਡਿਆ ਜਾਂਦਾ ਹੈ। ਸਾਲ 2012 ਵਿਚ ਇਸ ਨਾਟਕ ਦੀ ਕਾਮਯਾਬੀ ਦੇ ਦੋ ਦਹਾਕੇ ਮਨਾਏ ਗਏ। ਅਸਲ ਵਿਚ ਫਾਰੂਖ਼ ਸ਼ੇਖ਼ ਜਦੋਂ ਫਿਲਮਾਂ ਵੱਲ ਆਇਆ, ਉਦੋਂ ਆਰਟ ਸਿਨਮਾ ਬਾਲੀਵੁੱਡ ਵਿਚ ਦਸਤਕ ਦੇ ਰਿਹਾ ਸੀ। ਉਸ ਵੇਲੇ ਫਾਰੂਖ਼ ਨੇ ਬਿਹਤਰੀਨ ਫਿਲਮਾਂ ਵਿਚ ਬਿਹਤਰੀਨ ਅਦਾਕਾਰੀ ਦਾ ਜਲਵਾ ਦਿਖਾਇਆ। ਫਾਰੂਖ਼ ਨੇ ਵਕਾਲਤ ਪਾਸ ਕੀਤੀ ਸੀ ਪਰ ਉਸ ਦੀ ਵਕਾਲਤ



ਦਾ ਕੰਮ ਲੀਹ ਉੱਤੇ ਨਾ ਚੜ੍ਹ ਸਕਿਆ। ਕਾਲਜ ਦੇ ਦਿਨਾਂ ਤੋਂ ਹੀ ਉਹ ਥੀਏਟਰ ਨਾਲ ਜੁੜਿਆ ਹੋਇਆ ਸੀ ਅਤੇ ਫਿਰ ਉਹਨੇ ਥੀਏਟਰ ਵੱਲ ਮੂੰਹ ਕਰ ਲਿਆ। ਉਸ ਦੇ ਪਿਤਾ ਮੁਸਤਫਾ ਸ਼ੇਖ਼ ਵਕੀਲ ਸਨ।

ਆਰਟ ਸਿਨਮੇ ਵਾਲੇ ਉਸ ਦੌਰ ਵਿਚ ਫਾਰੂਖ਼ ਨੇ ਸ਼ਬਾਨਾ ਆਜ਼ਮੀ, ਓਮ ਪੁਰੀ, ਨਸੀਰੂਦੀਨ ਸ਼ਾਹ, ਦੀਪਤੀ ਨਵਲ ਵਰਗੇ ਅਦਾਕਾਰਾਂ ਨਾਲ ਮੋਢੇ ਨਾਲ ਮੋਢਾ ਡਾਹ ਕੇ ਕੰਮ ਕੀਤਾ ਅਤੇ ਸਿਨਮੇ ਰਾਹੀਂ ਸਮਾਜਕ ਸੁਨੇਹਾ ਦੇਣ ਵਿਚ ਕਾਮਯਾਬ ਰਹੇ। ਉਹ ਇਕ ਵਾਰ ਵੀ ਪੈਸੇ ਪਿੱਛੇ ਨਹੀਂ ਭੱਜੇ ਬਲਕਿ ਸਦਾ ਸਾਰਥਿਕ ਕੰਮ ਨੂੰ ਹੀ ਪਹਿਲ ਦਿੱਤੀ। ਹੁਣ ਵੀ ਉਹ 'ਸਾਸ ਬਹੂ ਔਰ ਸੈਂਸੈਕਸ', 'ਟੈੱਲ ਮੀ ਓ ਖ਼ੁਦਾ' ਅਤੇ 'ਲਾਹੌਰ' ਵਰਗੀਆਂ ਫਿਲਮਾਂ ਕਰ ਰਿਹਾ ਸੀ। 'ਲਾਹੌਰ' ਫਿਲਮ ਵਿਚ ਉਸ ਨੇ ਬਾਕਸਿੰਗ ਕੋਚ ਦਾ ਕਿਰਦਾਰ ਨਿਭਾਇਆ ਅਤੇ 2010 ਵਿਚ ਸਹਾਇਕ ਅਦਾਕਾਰ ਦਾ ਕੌਮੀ ਫਿਲਮ ਪੁਰਸਕਾਰ ਹਾਸਲ ਕੀਤਾ। ਉਹ ਟੀ.ਵੀ. ਪ੍ਰੋਗਰਾਮਾਂ ਲਈ ਵੀ ਸਰਗਰਮ ਰਿਹਾ। ਉਹਨੇ 'ਸ੍ਰੀਕਾਂਤ', 'ਚਮਤਕਾਰ', 'ਜੀ ਮੰਤਰੀ ਜੀ' ਵਰਗੇ ਲੜੀਵਾਰਾਂ ਵਿਚ ਵੀ ਕੰਮ ਕੀਤਾ। ਪਾਪੂਲਰ ਚੈਟ ਸ਼ੋਅ 'ਜੀਨਾ ਇਸੀ ਕਾ ਨਾਮ ਹੈ' ਵਿਚ ਉਹਨੇ ਮੇਜ਼ਬਾਨੀ ਕੀਤੀ।

## ਮਾਛਿਲ ਫ਼ਰਜ਼ੀ ਮੁਕਾਬਲੇ 'ਚ ਛੇ ਫੌਜੀਆਂ ਦਾ ਕੋਰਟ ਮਾਰਸ਼ਲ

**ਜੰਮੂ**: ਫੌਜ ਨੇ 2010 ਦੇ ਮਾਛਿਲ ਫ਼ਰਜ਼ੀ ਮੁੱਠਭੇੜ ਮਾਮਲੇ ਵਿਚ ਦੋ ਅਫਸਰਾਂ ਸਣੇ 6 ਫੌਜੀ ਜਵਾਨਾਂ ਖ਼ਿਲਾਫ਼ ਕੋਰਟ ਮਾਰਸ਼ਲ ਦੀ ਕਾਰਵਾਈ ਸ਼ੁਰੂ ਕਰਨ ਦਾ ਹੁਕਮ ਦਿੱਤਾ ਹੈ। ਕੋਰਟ ਮਾਰਸ਼ਲ ਦਾ ਸਾਹਮਣਾ ਕਰਨ ਵਾਲੇ ਫੌਜੀ ਅਧਿਕਾਰੀਆਂ ਵਿਚ ਕਰਨਲ ਡੀ.ਕੇ ਪਠਾਨੀਆ, ਚਾਰ ਰਾਜਪੂਤਾਨਾ ਰੈਜੀਮੈਂਟ ਦੇ ਕਮਾਂਡਿੰਗ ਅਫਸਰ ਮੇਜਰ ਉਪਿੰਦਰ ਤੇ ਰੈਜੀਮੈਂਟ ਦੇ ਚਾਰ ਜਵਾਨ ਸ਼ਾਮਲ ਹਨ। ਮਾਛਿਲ ਵਿਚ ਹੋਈ ਮੁੱਠਭੇੜ ਤੋਂ ਬਾਅਦ ਕਸ਼ਮੀਰ ਵਾਦੀ ਵਿਚ ਦੋ ਮਹੀਨੇ ਅੰਦੋਲਨ ਚੱਲਿਆ ਸੀ।

ਜ਼ਿਕਰਯੋਗ ਹੈ ਕਿ 30 ਅਪਰੈਲ, 2011 ਨੂੰ ਫੌਜ ਨੇ ਕੰਟਰੋਲ ਰੇਖਾ ਕੋਲ ਮਾਛਿਲ ਸੈਕਟਰ ਵਿਚ ਤਿੰਨ ਘੁਸਪੈਠੀਆਂ ਨੂੰ ਮਾਰ ਦੇਣ ਦਾ ਦਾਅਵਾ ਕੀਤਾ ਸੀ। ਫ਼ੌਜ ਨੇ ਕਿਹਾ ਸੀ ਕਿ ਉਹ ਪਾਕਿਸਤਾਨੀ ਅਤਿਵਾਦੀ ਸਨ ਪਰ ਬਾਅਦ ਵਿਚ ਉਨ੍ਹਾਂ ਦੀ ਪਛਾਣ ਜ਼ਿਲ੍ਹਾ ਬਾਰਾਮੂਲਾ ਦੇ ਨਦੀਹਾਲ ਇਲਾਕੇ ਦੇ ਵਾਸੀ ਮਹੁੰਮਦ ਸ਼ਾਫੀ, ਸ਼ਹਿਜ਼ਾਦ ਅਹਿਮਦ ਤੇ ਰਿਆਜ਼ ਅਹਿਮਦ ਵਜੋਂ ਹੋਈ ਸੀ। ਉਨ੍ਹਾਂ ਨੂੰ ਸਰਹੱਦੀ ਇਲਾਕੇ ਵਿਚ ਲਿਜਾ ਕੇ ਮਾਰ ਦਿੱਤਾ ਗਿਆ ਸੀ। ਪੀੜਤਾਂ ਦੇ ਰਿਸ਼ਤੇਦਾਰਾਂ ਦੀਆਂ ਸ਼ਿਕਾਇਤਾਂ ਤੋਂ ਬਾਅਦ ਪੁਲਿਸ ਨੇ ਇਕ ਫੌਜੀ ਜਵਾਨ ਤੇ ਦੋ ਹੋਰਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਘਟਨਾ ਕਾਰਨ ਕਸ਼ਮੀਰ ਵਾਦੀ ਵਿਚ ਅਸ਼ਾਂਤੀ ਫੈਲ ਗਈ ਤੇ ਵੱਡੇ ਪੈਮਾਨੇ 'ਤੇ ਪ੍ਰਦਰਸ਼ਨ ਹੋਣ ਲੱਗੇ, ਜਿਨ੍ਹਾਂ ਵਿਚ 123 ਲੋਕ ਮਾਰੇ ਗਏ ਸਨ। ਉਤਰੀ ਕਮਾਨ ਦੇ ਫੌਜੀ ਬੁਲਾਰੇ ਮੁਤਾਬਕ ਫੌਜ ਨੇ 2010 ਵਿਚ ਹੋਈ ਮਾਛਿਲ ਫਰਜ਼ੀ ਮੁੱਠਭੇੜ ਮਾਮਲੇ ਵਿਚ ਸ਼ਾਮਲ ਫੌਜੀ ਇਕਾਈਆਂ ਦੇ ਦੋਸ਼ੀ ਅਧਿਕਾਰੀਆਂ ਖ਼ਿਲਾਫ਼ ਅਨੁਸ਼ਾਸਨਿਕ ਕਾਰਵਾਈ ਸ਼ੁਰੂ ਕਰਨ ਦਾ ਹੁਕਮ ਦਿੱਤਾ ਹੈ। ਉਨ੍ਹਾਂ ਕਿਹਾ ਕਿ ਗਵਾਹਾਂ ਨੂੰ ਸੰਮਨ ਦੇਣ, ਪ੍ਰਮਾਣ ਦਰਜ ਕਰਨ ਤੇ ਦੋਸ਼ੀ ਸੈਨਿਕਾਂ ਖ਼ਿਲਾਫ਼ ਦੋਸ਼ ਦਰਜ ਲਈ ਰਾਜ ਪੁਲਿਸ ਤੇ ਕਾਨੂੰਨ ਵਿਭਾਗ ਦੀ ਮੱਦਦ ਨਾਲ ਜਾਂਚ ਕੀਤੀ ਗਈ ਹੈ। ਪੂਰੇ ਮਾਮਲੇ ਅਤੇ ਸਬੰਧਤ ਸੈਨਿਕਾਂ ਵੱਲੋਂ ਕੀਤੇ ਗਏ ਗੁਨਾਹ ਦੀ ਜਾਂਚ ਤੋਂ ਬਾਅਦ ਫੌਜ ਨੇ ਕੋਰਟ ਮਾਰਸ਼ਲ ਦਾ ਹੁਕਮ ਦਿੱਤਾ ਹੈ।

ਸੂਬੇ ਦੀ ਪੁਲਿਸ ਨੇ ਜੁਲਾਈ 2010 ਵਿਚ ਇਸ ਮਾਮਲੇ ਬਾਰੇ ਫੌਜ ਦੇ ਇਕ ਕਰਨਲ, ਮੇਜਰ ਤੇ ਸੱਤ ਹੋਰਾਂ ਖ਼ਿਲਾਫ਼ ਦੋਸ਼ ਪੱਤਰ ਆਇਦ ਕੀਤਾ ਸੀ। ਦੋਸ਼ ਪੱਤਰ ਵਿਚ ਰਾਜਪੂਤਾਨਾ ਰੈਜ਼ੀਮੈਂਟ ਦੇ ਕਰਨਲ ਪਠਾਨੀਆ, ਮੇਜਰ ਉਪਿੰਦਰ ਤੇ ਚਾਰ ਹੋਰ ਅਤੇ ਪ੍ਰਦੇਸ਼ਿਕ ਫੌਜ ਦੇ ਇਕ ਜਵਾਨ ਤੇ ਦੋ ਹੋਰ ਖ਼ਿਲਾਫ਼ ਸੋਪੋਰ ਦੇ ਤਿੰਨ ਜਵਾਨਾਂ ਨੂੰ ਨੌਕਰੀ ਦਿਵਾਉਣ ਦੇ ਬਹਾਨੇ ਅਗਵਾ ਕਰਨ ਤੇ ਬਾਅਦ ਵਿਚ ਅਤਿਵਾਦੀ ਦੱਸ ਕੇ ਕੁਪਵਾੜਾ ਵਿਚ ਮਾਰ ਮੁਕਾਉਣ ਦਾ ਦੋਸ਼ ਲਾਇਆ ਗਿਆ। ਇਹ ਦੋਸ਼ ਪੱਤਰ ਸੋਪੋਰ ਦੇ ਮੁੱਖ ਮੈਜਿਸਟਰੇਟ ਦੀ ਅਦਾਲਤ ਵਿਚ ਆਇਦ ਕੀਤਾ ਗਿਆ। ਪੁਲਿਸ ਨੇ ਇਸ ਮਾਮਲੇ ਵਿਚ ਜਵਾਨ ਅੱਬਾਸ ਸ਼ਾਹ, ਬਸ਼ਾਰਤ ਲੋਨ, ਅਬਦੁਲ ਹਾਮਿਦ ਭੱਟ ਨੂੰ ਗ੍ਰਿਫ਼ਤਾਰ ਕੀਤਾ ਸੀ। ਛੇ ਫੌਜੀ ਸੈਨਿਕ ਮਛੀਲ ਫਰਜ਼ੀ ਮੁਕਾਬਲੇ ਵਿਚ ਸ਼ਾਮਲ ਸਨ।

## ਪਾਕਿ ਸਰਕਾਰ ਡਰੋਨ ਹਮਲਿਆਂ ਅੱਗੇ ਬੇਵੱਸ

**ਇਸਲਾਮਾਬਾਦ:** ਅਮਰੀਕਾ ਵੱਲੋਂ ਪਾਕਿਸਤਾਨ ਸਰਕਾਰ ਤੇ ਉਥੋਂ ਦੇ ਲੋਕਾਂ ਵੱਲੋਂ ਕੀਤੇ ਜਾ ਰਹੇ ਸਖਤ ਵਿਰੋਧ ਦੇ ਬਾਵਜੂਦ ਅਫਗਾਨਿਸਤਾਨ ਸਰਹੱਦ ਨਾਲ ਲਗਦੀ ਕਬਾਇਲੀ ਪੱਟੀ ਵਿਚ ਕੱਟੜ ਤਾਲਿਬਾਨ ਨੂੰ ਨਿਸ਼ਾਨੇ ਬਣਾ ਕੇ ਹਮਲੇ ਕਰਨੇ ਜਾਰੀ ਹਨ।

ਮੀਰਾਂਸ਼ਾਹ ਕਬਾਇਲੀ ਸ਼ਹਿਰ ਨੇੜੇ ਡਰੋਨ ਹਮਲੇ ਵਿਚ ਚਾਰ ਤਾਲਿਬਾਨ ਮਾਰੇ ਗਏ ਸਨ। ਕਈ ਵਾਰ ਆਮ ਲੋਕ ਵੀ ਇਸ ਦਾ ਨਿਸ਼ਾਨਾ ਬਣੇ ਹਨ। ਇਸ ਹਮਲੇ ਤੋਂ ਪਹਿਲਾਂ ਸੰਯੁਕਤ ਰਾਸ਼ਟਰ ਆਮ ਸਭਾ ਨੇ ਮਤਾ ਪਾਸ ਕੀਤਾ ਹੈ ਜਿਸ ਅਨੁਸਾਰ ਡਰੋਨ ਜਾਂ ਹੋਰ ਮਾਨਵ ਰਹਿਤ ਹਵਾਈ ਵਾਹਨਾਂ ਦੀ ਵਰਤੋਂ ਲਈ ਕੌਮਾਂਤਰੀ ਕਾਨੂੰਨ ਦੀ ਪਾਲਣਾ ਜ਼ਰੂਰੀ ਕਰਾਰ ਦਿੱਤੀ ਗਈ ਹੈ।




Global Multi Services

1950 E. Miner Ave., Stockton, CA 95205

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ ਵਾਲਿਆਂ ਵਲੋਂ

ਸਟਾਕਟਨ ਇਲਾਕੇ 'ਚ ਰਹਿੰਦੇ ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇਕੋ ਛੱਤ ਥੱਲੇ

ਇਸ ਮਹੀਨੇ ਸਪੈਸ਼ਲ ਆਫਰ

2 steer tire Michellin 22.5 lp for 1150.00 including wheel balancing.



*Repair Shop*

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਤਸੱਲੀਬਖ਼ਸ਼ ਕੀਤੀ ਜਾਂਦੀ ਹੈ। 50 ਟਰੱਕਾਂ ਦੀ ਖੁੱਲ੍ਹੀ ਡੁੱਲ੍ਹੀ ਪਾਰਕਿੰਗ ਦਾ ਵੀ ਪ੍ਰਬੰਧ ਹੈ। ਟਰੱਕ ਟਰੇਲਰ ਵਾਸ਼ ਵੀ ਕੀਤਾ ਜਾਂਦਾ ਹੈ।

ਫੋਨ: 209-547-9210

ਫੈਕਸ: 209-547-9211

ਸਟਾਕਟਨ ਇਲਾਕੇ ਵਿਚ ਪੰਜਾਬੀ ਭਰਾਵਾਂ ਦੀ ਇਕੋ ਇਕ Allignment Shop

ਪਿਛਲੇ ਅੱਠ ਸਾਲਾਂ ਤੋਂ ਤੁਹਾਡੀ ਸੇਵਾ ਵਿਚ

*Registration Services*

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, Dot Fuel Tax, Corporation Filing ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲਈ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਤੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਮਦਦ ਕਰਦੇ ਹਾਂ।

ਫੋਨ: 209-982-9996 ਫੈਕਸ: 209-982-9997

e-mail: globalmultiservices123@yahoo.com

ਪੰਜਾਬ ਟਾਈਮਜ਼

ਸਨਿਚਰਵਾਰ, 4 ਜਨਵਰੀ 2014

## ਪੰਜਾਬ ਟਾਈਮਜ਼ ਦਾ ਸਫਰ

ਇਸ ਅੰਕ ਨਾਲ ਪੰਜਾਬ ਟਾਈਮਜ਼ 15ਵੇਂ ਵਰ੍ਹੇ ਵਿਚ ਦਾਖਲ ਹੋ ਗਿਆ ਹੈ। ਕਰੀਬ ਡੇਢ ਦਹਾਕਾ ਪਹਿਲਾਂ ਜਦੋਂ ਇਸ ਪਰਚੇ ਦਾ ਸੁਪਨਾ ਲਿਆ ਸੀ ਤਾਂ ਚਿਤ-ਚੇਤਾ ਵੀ ਨਹੀਂ ਸੀ ਕਿ ਸੀਮਤ ਜਿਹੇ ਸਾਧਨਾਂ ਅਤੇ ਗਿਣਤੀ ਦੇ ਸਾਥੀਆਂ ਨਾਲ ਇੰਨਾ ਲੰਮਾ ਪੈਂਡਾ ਮਾਰ ਲਵਾਂਗੇ। ਹੁਣ ਸਨੇਹੀਆਂ ਦੀ ਵਧ ਰਹੀ ਗਿਣਤੀ ਅਤੇ ਪਾਠਕਾਂ ਦੇ ਭਰਵੇਂ ਹੁੰਗਾਰੇ ਨੇ ਤਸੱਲੀ ਕਰਵਾ ਦਿੱਤੀ ਹੈ ਕਿ ਇਹ ਸਫਰ ਸੱਚਮੁੱਚ ਇਕੱਲਿਆਂ ਦਾ ਨਹੀਂ ਸੀ, ਇਸ ਵਿਚ ਹਰ ਉਹ ਮਾਈ-ਭਾਈ ਸ਼ਾਮਲ ਹੈ ਜਿਸ ਨੇ ਆਪਣੀ ਜ਼ਿੰਦਗੀ ਵਿਚ ਹਰ ਕਦਮ ਅਗਾਂਹ ਭਰਨ ਦਾ ਜੇਰਾ ਕੀਤਾ ਹੈ। ਇਸ ਜੇਰੇ ਵਿਚ ਉਹ ਤਾਂਘ ਅਤੇ ਤੜਫ ਪੂਰੇ ਜਲੌਅ ਨਾਲ ਸ਼ਾਮਲ ਰਹੀ ਹੈ ਜੋ ਬੰਦੇ ਨੂੰ ਸਦਾ ਹੀ ਨਵੇਂ ਪੈਂਡਿਆਂ ਵੱਲ ਘੱਲਦੀ ਰਹੀ ਹੈ। ਇਸ ਜਲੌਅ ਵਿਚ ਉਹ ਮਿਸ਼ਨਰੀ ਭਾਵਨਾ ਵੀ ਮੁੱਖ ਰੂਪ ਵਿਚ ਸ਼ਾਮਲ ਰਹੀ ਹੈ ਜਿਸ ਦੀਆਂ ਤੰਦਾਂ ਲੋਕਾਈ ਦੇ ਮਸਲਿਆਂ ਨਾਲ ਬਹੁਤ ਪੀਡੀਆਂ ਜੁੜੀਆਂ ਹੋਈਆਂ ਹਨ। ਜਦੋਂ ਇਹ ਸਫਰ ਸ਼ੁਰੂ ਹੋਇਆ ਸੀ, ਉਦੋਂ ਤੇ ਉਸ ਤੋਂ ਕਿੰਨਾ ਸਮਾਂ ਬਾਅਦ ਤੱਕ ਵੀ, ਪਰਚਿਆਂ ਦੀ ਗਿਣਤੀ ਸੀਮਤ ਜਿਹੀ ਸੀ। ਹੁਣ ਇਹ ਗਿਣਤੀ ਲਗਾਤਾਰ ਵਧ ਰਹੀ ਹੈ, ਕਸਬ ਦੇ ਹਿਸਾਬ ਅਤੇ ਪੰਜਾਬੀ ਭਾਈਚਾਰੇ ਦੇ ਕੋਣ ਤੋਂ ਵੀ ਇਹ ਬਹੁਤ ਚੰਗੀ ਗੱਲ ਹੈ ਪਰ ਪੱਤਰਕਾਰੀ ਦਾ ਇਹ ਪੂਰ ਜਿਸ ਢੰਗ ਨਾਲ ਨਫੇ-ਨੁਕਸਾਨ ਨੂੰ ਸਭ ਤੋਂ ਅਗਾਂਹ ਰੱਖ ਕੇ ਚੱਲ ਰਿਹਾ ਹੈ, ਉਸ ਨੇ ਕੁਝ ਕੁ ਸ਼ੰਕੇ ਜ਼ਰੂਰ ਖੜ੍ਹੇ ਕੀਤੇ ਹਨ। ਇਹ ਸਰੋਕਾਰ ਕੋਈ ਨਿਜੀ ਨਹੀਂ, ਸਗੋਂ ਇਹ ਸਮੂਹ ਪੰਜਾਬੀ ਭਾਈਚਾਰੇ ਨਾਲ ਜੁੜੇ ਹੋਏ ਹਨ; ਜਿਸ ਨੇ ਕਰੀਬ ਇਕ ਸਦੀ ਪਹਿਲਾਂ ਅਮਰੀਕਾ ਦੀ ਧਰਤੀ 'ਤੇ ਆ ਕੇ ਬਹੁਤ ਵਿਸ਼ਾਲ ਸੁਪਨਾ ਦੇਖਿਆ ਅਤੇ ਉਸ ਖਾਤਰ ਜਾਨਾਂ ਤਕ ਹੂਲ ਦਿੱਤੀਆਂ। ਸੱਚ ! ਇਹ ਜ਼ਿਕਰ ਉਨ੍ਹਾਂ ਗਦਰੀਆਂ ਦਾ ਹੈ ਜਿਨ੍ਹਾਂ ਨੇ ਗੁਲਾਮੀ ਦੇ ਸੰਗਲ ਵੱਢਣ ਲਈ ਮਿਸਾਲੀ ਕੁਰਬਾਨੀਆਂ ਕੀਤੀਆਂ। ਉਨ੍ਹਾਂ ਦੇ ਘੋਲਾਂ ਦੀ ਗੂੰਜ ਅੱਜ ਇਕ ਸਦੀ ਪਿਛੋਂ ਵੀ ਇਸੇ ਕਰ ਕੇ ਪੈ ਰਹੀ ਹੈ ਕਿ ਉਨ੍ਹਾਂ ਨਿਜੀ ਹਿਤਾਂ ਤੋਂ ਉਪਰ ਉਠ ਕੇ ਸਰਬੱਤ ਦੇ ਭਲੇ ਦੀ ਗੱਲ ਤੋਰੀ ਸੀ। ਇਸ ਖਾਤਰ ਲੰਮੀ ਲੜਾਈ 'ਚ ਉਨ੍ਹਾਂ ਨੇ ਵਿਚਾਰਾਂ ਦੇ ਪ੍ਰਸਾਰ ਤੇ ਪ੍ਰਚਾਰ ਨੂੰ ਅਹਿਮ ਮੰਨਦਿਆਂ ਪੱਤਰਕਾਰੀ ਵੱਲ ਮਿਥ ਕੇ ਮੂੰਹ ਕੀਤਾ ਸੀ। ਆਪਣੇ ਪਰਚੇ 'ਗਦਰ' ਵਿਚ ਉਨ੍ਹਾਂ ਨੇ ਆਜ਼ਾਦੀ ਦਾ ਉਹ ਹੋਕਾ ਦਿੱਤਾ ਜਿਸ ਨੇ ਪੰਜਾਬੀਆਂ ਨੂੰ ਜਾਨਾਂ ਹੂਲਣ ਲਈ ਤਿਆਰ ਕੀਤਾ। ਇਹ ਗਦਰੀਆਂ ਤੇ ਪੱਤਰਕਾਰੀ ਵਿਚਾਲੇ ਸੁੱਚਮ ਦੀ ਲੈਅਬੱਧ ਜੁਗਲਬੰਦੀ ਦਾ ਸਿਖਰ ਸੀ।

ਪੱਤਰਕਾਰੀ ਦੇ ਖੇਤਰ ਵਿਚ ਪਿਛਲੇ ਕੁਝ ਸਾਲਾਂ ਦੌਰਾਨ ਬੜੀਆਂ ਬੁਨਿਆਦੀ ਤਬਦੀਲੀਆਂ ਵਾਪਰੀਆਂ ਹਨ। ਤਬਦੀਲੀ ਕੁਦਰਤ ਦਾ ਸਥਾਈ ਨੇਮ ਹੈ, ਇਸ ਨੂੰ ਕਿਸੇ ਵੀ ਸੂਰਤ ਡੱਕਿਆ ਨਹੀਂ ਜਾ ਸਕਦਾ ਪਰ ਇਹ ਗੱਲ ਪੱਕੀ ਹੈ ਕਿ ਹਾਂ-ਪੱਖੀ ਤਬਦੀਲੀ ਹੀ ਸਮਾਜ ਦੀ ਸੁਰ ਕਾਇਮ ਰੱਖ ਸਕਣ ਦੇ ਸਮਰੱਥ ਹੁੰਦੀ ਹੈ। ਅਜੋਕੀ ਪੱਤਰਕਾਰੀ ਵਿਚ ਪੇਸ਼ੇ ਦੀ ਥਾਂ ਪੈਸੇ ਨੇ ਮੱਲ ਲਈ ਹੈ। ਬਹੁਤ ਸਾਰੇ ਅਦਾਰੇ ਅਜਿਹੇ ਹਨ ਜਿਨ੍ਹਾਂ ਨੇ ਨਿਰੋਲ ਵਪਾਰ ਦੇ ਕੋਣ ਤੋਂ ਪੱਤਰਕਾਰੀ ਦੇ ਖੇਤਰ ਵਿਚ ਪੈਰ ਧਰਿਆ। ਇਨ੍ਹਾਂ ਦੇ ਦਾਅਵੇ ਭਾਵੇਂ ਜੋ ਵੀ ਹੋਣ, ਪਰ ਇਨ੍ਹਾਂ ਦੀ ਅੱਖ ਸਿਰਫ ਤੇ ਸਿਰਫ ਪਾਵਰ ਅਤੇ ਡਾਲਰਾਂ ਉਤੇ ਹੁੰਦੀ ਹੈ। ਦੂਜਾ ਵਰਗ ਵਿਅਕਤੀਗਤ ਨਫੇ ਦੀ ਉਡਾਣ ਭਰਨ ਵਾਲਿਆਂ ਦਾ ਹੈ। ਵਪਾਰੀ ਲੋਕ ਤਾਂ ਭਾਵੇਂ ਆਪਣੇ ਕਾਰੋਬਾਰ ਦੀ ਲੋੜ ਮੁਤਾਬਕ ਪੱਤਰਕਾਰੀ ਦਾ ਥੋੜ੍ਹਾ-ਬਹੁਤ ਲਿਹਾਜ਼ ਕਰ ਲੈਂਦੇ ਹਨ ਅਤੇ ਇਹ ਲੋਕਾਈ ਦੇ ਅੱਖੀਂ ਘੱਟਾ ਪਾਉਣ ਲਈ ਅਜਿਹਾ ਕਰਦੇ ਵੀ ਹਨ ਪਰ ਵਿਅਕਤੀਗਤ ਨਫਿਆਂ ਵਾਲੇ ਸੱਜਣਾਂ ਦਾ ਮਕਸਦ ਤਾਂ ਨਿਜੀ ਹਿਤ ਤੋਂ ਵੱਧ ਕੁਝ ਨਹੀਂ ਹੁੰਦਾ। ਇਸੇ ਕਰ ਕੇ ਪੱਤਰਕਾਰੀ ਲੀਹੋਂ ਲਹਿ ਗਈ ਹੈ। ਖਾਸ ਕਰ ਪਰਦੇਸਾਂ ਵਿਚ ਪੱਤਰਕਾਰੀ ਦੇ ਖੇਤਰ ਵਿਚ ਉਹ ਲੋਕ ਵੀ ਆ ਗਏ ਹਨ ਜਿਨ੍ਹਾਂ ਦਾ ਇਸ ਕਸਬ ਨਾਲ ਕੋਈ ਵਾਹ ਵਾਸਤਾ ਹੀ ਨਹੀਂ। ਸਭ ਮਿਆਰ ਤਾਕ ਵਿਚ ਰੱਖ ਕੇ, ਅਤੇ ਬਹੁਤ ਹੇਠਲੇ ਪੱਧਰ ਉਤੇ ਜਾ ਕੇ ਦੂਸ਼ਣਬਾਜ਼ੀ ਦੇ ਤੀਰ ਚਲਾਉਣੇ ਆਮ ਜਿਹੀ ਗੱਲ ਹੋ ਗਈ ਹੈ। ਪੰਜਾਬ ਟਾਈਮਜ਼ ਨੂੰ ਇਹ ਮਾਣ ਰਿਹਾ ਹੈ ਕਿ ਇਸ ਨੇ ਹਮੇਸ਼ਾ ਪੱਤਰਕਾਰੀ ਦੀ ਸੁੱਚਮ ਨੂੰ ਕਾਇਮ ਰੱਖਣ ਦਾ ਯਤਨ ਕੀਤਾ ਹੈ। ਇਸ ਸਫਰ ਦੌਰਾਨ ਆਰਥਿਕ ਤੌਰ 'ਤੇ ਤਾਂ ਮੁਸ਼ਕਿਲਾਂ ਆਈਆਂ ਹੀ, ਨਾਲ ਹੀ ਵਿਚਾਰਧਾਰਕ ਵਿਰੋਧਾਂ ਦਾ ਵੀ ਬੁਰੇ ਦੀ ਹੱਦ ਤੱਕ ਸਾਹਮਣਾ ਕਰਨਾ ਪਿਆ। ਪਾਠਕਾਂ ਅਤੇ ਹਮਦਰਦਾਂ ਦੀ ਹੌਸਲਾ-ਅਫਜ਼ਾਈ ਦੇ ਸਿਰ ਉਤੇ ਹਰ ਆਫਤ ਨਾਲ ਆਢਾ ਲਾਉਣ ਦਾ ਜੇਰਾ ਕਰ ਸਕੇ ਹਾਂ। ਅਨੇਕਾਂ ਔਕੜਾਂ ਦੇ ਬਾਵਜੂਦ ਪੰਜਾਬ ਟਾਈਮਜ਼ ਨੇ ਆਪਣਾ ਸਫਰ ਕਾਇਮ-ਦਮ ਹੋ ਕੇ ਜਾਰੀ ਰੱਖਿਆ ਹੈ ਅਤੇ ਪਰਚੇ ਵਿਚ ਬੇਲਾਗ ਰਹਿ ਕੇ ਹਰ ਵਿਚਾਰ ਤੇ ਵਿਅਕਤੀ ਨੂੰ ਥਾਂ ਦੇਣ ਦਾ ਵਚਨ ਨਿਭਾਇਆ ਹੈ। ਵੱਖ-ਵੱਖ ਵਿਸ਼ਿਆਂ ਉਤੇ ਬਹਿਸ-ਮੁਬਾਹਿਸੇ ਇਸ ਦੇ ਗਵਾਹ ਹਨ, ਸਗੋਂ ਲੰਮੀਆਂ ਬਹਿਸਾਂ ਨੇ ਪਰਚੇ ਦੀ ਪਛਾਣ ਨੂੰ ਨਵੇਂ ਦਿਸਹੱਦੇ ਦਿਖਾਏ ਹਨ। ਇਨ੍ਹਾਂ ਬਹਿਸਾਂ ਨੂੰ ਪੂਰੀ ਜ਼ਿੰਮੇਵਾਰੀ ਨਾਲ ਸਿਰੇ ਲਾਉਣ ਦਾ ਹੀਲਾ ਵੀ ਕੀਤਾ ਗਿਆ। ਦਰਅਸਲ, ਇਹੀ ਉਹ ਨੁਕਤਾ ਹੈ ਜਿਸ ਨੂੰ ਪਾਠਕਾਂ ਨੇ ਭਰਪੂਰ ਹੁੰਗਾਰਾ ਦਿੱਤਾ ਹੈ। ਅੱਜ ਜਦੋਂ ਸਜਗ ਪਾਠਕ ਕਹਿੰਦੇ ਹਨ ਕਿ ਨਾ ਸਿਰਫ ਅਮਰੀਕਾ ਸਗੋਂ ਕੈਨੇਡਾ, ਇੰਗਲੈਂਡ ਅਤੇ ਹੋਰਨਾਂ ਦੇਸ਼ਾਂ ਵਿਚ ਪੰਜਾਬ ਟਾਈਮਜ਼ ਦਾ ਕੋਈ ਮੁਕਾਬਲਾ ਨਹੀਂ ਤਾਂ ਫਖਰ ਹੁੰਦਾ ਹੈ ਕਿ ਅਸੀਂ ਆਪਣੀ ਜ਼ਿੰਮੇਵਾਰੀ ਨਿਭਾ ਸਕੇ ਹਾਂ। ਇਸ ਵਰ੍ਹੇਗੰਢ ਉਤੇ ਵੀ ਆਪਣੇ ਸਨੇਹੀਆਂ ਅਤੇ ਪਾਠਕਾਂ ਨਾਲ ਵਾਅਦਾ ਹੈ ਕਿ ਉਨ੍ਹਾਂ ਨੇ ਜਿੰਨਾ ਮਾਣ ਪਰਚੇ ਨੂੰ ਦਿੱਤਾ ਹੈ, ਉਸ ਨਾਲ ਵਰ ਮੇਚਣ ਲਈ ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਉਤੇ ਪਹਿਰਾ ਦੇਣ ਲਈ ਆਪਣਾ ਟਿਲ ਲਾਵਾਂਗੇ। ਪੰਜਾਬ ਟਾਈਮਜ਼ ਦਾ ਤਾਂ ਮਕਸਦ ਹੀ ਪਾਠਕਾਂ ਦੇ ਦਰਾਂ ਅੱਗੇ ਨਵੀਂ ਅਤੇ ਨਰੋਈ ਸੋਚ ਦੀ ਦਸਤਕ ਦੇਣਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਅਜੋਕੀ ਪੱਤਰਕਾਰੀ

ਕੌਡੀ ਪੱਤਰਕਾਰੀ ਦੀ ਪੈਣ ਲੱਗੀ, ਵੱਟ ਕੱਢ ਛੱਡੇ ਸਭ ਦੇ ਆਣ ਮੀਆਂ।
ਮਾੜਾ-ਮੋਟਾ ਜੇ ਕੋਈ ਕੁਸਕਦਾ ਏ, ਉਹਦੇ ਸਿਰ 'ਤੇ ਆਰੀਆਂ ਲਾਣ ਮੀਆਂ।
ਕਿਰਤ ਕੇਹੀ ਇਹ ਜੱਗ 'ਤੇ ਹੋਣ ਲੱਗ ਪਈ, ਚੂੰਡੀ ਵੱਢ ਕੇ ਮੇਵੇ ਖਾਣ ਲੱਗ ਪਏ।
ਪੱਤਰਕਾਰ ਬਣ ਕੇ ਥਾਣੇਦਾਰ ਯਾਰੋ, ਲੋਕ-ਮਿਸ਼ਨ ਦੀ ਮਿੱਟੀ ਉਡਾਣ ਲੱਗ ਪਏ।
ਐਸਾ ਮਿਸ਼ਨ ਦਾ ਝੁੱਗਾ ਚੌੜ ਕੀਤਾ, ਸੰਗ ਲਾਹ ਦਿੱਤੀ ਸ਼ਰਮ ਟੰਗ ਛੱਡੀ,
ਖਾਤਰ ਡਾਲਰਾਂ ਵੇਚਿਆ ਕਸਬ ਸਾਥੀ, ਸ਼ਬਦ ਸੁੱਚੇ ਦੀ ਰੂਹ ਵੀ ਰੰਗ ਛੱਡੀ।
ਸੱਚ ਪਹਿਨ ਕੇ ਸ਼ਬਦਾਂ ਨਿਮਾਣਿਆਂ ਨੇ, ਛਪ-ਛਪ ਸੁਨੇਹੜਾ ਸੁਣਾਵਣਾ ਸੀ।
ਸੇਕ ਨਾਲ ਮਘਾ ਕੇ ਵਕਤ ਮਿੱਤਰੋ, ਸਾਹਵੇਂ ਜ਼ੁਲਮ ਦੇ ਕੇਰਾਂ ਖੜ੍ਹਾਵਣਾ ਸੀ।
ਡਾਰ ਸ਼ਬਦਾਂ ਦੀ ਚੜ੍ਹਨੀ ਸੀ ਇੰਜ ਅੰਬਰੀਂ, ਜਿੱਦਾਂ ਚੜ੍ਹਦੀ ਘਟਾ ਘਨਘੋਰ ਭਾਈ।
ਅੱਖਾਂ ਸਾਹਵੇਂ ਪਰ ਸਭ ਕੁਝ ਬਦਲ ਚੱਲਿਆ, ਸਮਾਂ ਹੋ ਗਿਆ ਹੋਰ ਦਾ ਹੋਰ ਭਾਈ।

# 'ਸ਼ਹੀਦਾਨਿ-ਵਫ਼ਾ' ਦੀ ਪਹਿਲੀ ਸ਼ਤਾਬਦੀ

## ਕਿਤੇ ਭੁੱਲ ਨਾ ਜਾਣਾ ਅੱਲ੍ਹਾ ਯਾਰ ਖ਼ਾਂ ਜੋਗੀ ਨੂੰ

*ਅੱਲ੍ਹਾ ਯਾਰ ਖ਼ਾਂ ਜੋਗੀ ਦਾ ਸਮਾਂ 19ਵੀਂ ਸਦੀ ਦੇ ਅਖ਼ੀਰ ਅਤੇ 20ਵੀਂ ਸਦੀ ਦੇ ਸ਼ੁਰੂ ਵਾਲਾ ਸੀ। ਉਹ ਖੁਦਾਵੰਦ ਮਨੁੱਖ ਸਨ। ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਸੰਬੰਧੀ ਉਨ੍ਹਾਂ ਦੋ ਮਰਸੀਏ ਲਿਖੇ- 'ਸ਼ਹੀਦਾਨਿ-ਵਫ਼ਾ' ਅਤੇ 'ਗੰਜਿ-ਸ਼ਹੀਦਾਂ'। 'ਸ਼ਹੀਦਾਨਿ-ਵਫ਼ਾ' ਵਿਚ ਉਹਨੇ ਛੋਟੇ ਸਾਹਿਬਜ਼ਾਦਿਆਂ ਅਤੇ 'ਗੰਜਿ-ਸ਼ਹੀਦਾਂ' ਵਿਚ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬੜਾ ਮਾਰਮਿਕ ਜ਼ਿਕਰ ਕੀਤਾ ਗਿਆ ਹੈ। ਡਾ. ਹਰਚਿੰਦ ਸਿੰਘ ਸਰਹਿੰਦੀ ਨੇ ਇਸ ਲੇਖ ਵਿਚ ਅੱਲ੍ਹਾ ਯਾਰ ਖ਼ਾਂ ਜੋਗੀ ਦਾ ਜ਼ਿਕਰ ਬਹੁਤ ਤੜਫ ਨਾਲ ਕੀਤਾ ਹੈ, ਨਾਲ ਹੀ ਸਿੱਖਾਂ ਨੂੰ ਉਲਾਂਭਾ ਦਿੱਤਾ ਹੈ ਕਿ ਉਹ ਇਸ ਸੱਚੇ ਨੂੰ ਭੁੱਲ ਨਾ ਜਾਣ!*

ਬਹੁਤ ਸਾਰੀਆਂ ਵਿਲੱਖਣ ਖ਼ੂਬੀਆਂ ਦੀ ਮਾਲਕ ਸਿੱਖ ਕੌਮ, ਪਤਾ ਨਹੀਂ ਕਿਉਂ ਆਪਣੇ ਲੇਖਕਾਂ, ਕਵੀਆਂ ਤੇ ਬੁੱਧੀਜੀਵੀਆਂ ਨੂੰ ਬਹੁਤ ਛੇਤੀ ਭੁਲਾ ਦਿੰਦੀ ਹੈ। ਸਿੱਖਾਂ ਨੇ ਸ਼ਾਇਦ, ਇਸ ਤੱਥ ਨੂੰ ਕਦੇ ਗੰਭੀਰਤਾ ਨਾਲ ਨਹੀਂ ਲਿਆ ਕਿ ਇਹ ਕਲਮਕਾਰ ਹੀ ਹੁੰਦੇ ਹਨ ਜੋ ਕੌਮ ਰੂਪੀ ਚਿਰਾਗ਼ ਵਿਚ ਆਪਣੀ ਚਰਬੀ ਢਾਲ ਕੇ ਪਾਉਂਦੇ ਰਹਿੰਦੇ

ਡਾ. ਹਰਚੰਦ ਸਿੰਘ ਸਰਹਿੰਦੀ
ਫੋਨ: 91-92178-45812

ਹਨ ਤਾਂ ਕਿ ਚਿਰਾਗ਼ ਵਿਚੋਂ ਧੂੰਆਂ ਨਾ ਉੱਠੇ ਅਤੇ ਕੌਮ ਰੌਸ਼ਨੀ ਵੰਡਦੀ ਰਹੇ। ਅਜੀਬ ਗੱਲ ਹੈ ਕਿ ਸਿੱਖ ਜਗਤ ਨੇ ਬਾਬਾ ਨਾਨਕ ਦੇ ਇਸ ਮਹਾਨ ਵਾਕ- 'ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ॥' ਨੂੰ ਕਦੇ ਵੀ ਗੰਭੀਰਤਾ ਨਾਲ ਨਹੀਂ ਲਿਆ ਅਤੇ ਨਾ ਹੀ ਕਦੇ ਇਹ ਸੋਚਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਸਾਹਿਤਕਾਰਾਂ ਨੂੰ ਉੱਚਾ ਰੁਤਬਾ ਦਿੰਦੇ ਸਨ ਅਤੇ ਆਪਣੇ ਦਰਬਾਰੀ ਕਵੀਆਂ ਨੂੰ ਸਮੇਂ-ਸਮੇਂ ਸਿਰ ਸਨਮਾਨਤ ਕਰਦੇ ਰਹਿੰਦੇ ਸਨ।

ਇਤਿਹਾਸ 'ਤੇ ਪਿਛਲਝਾਤ ਮਾਰਿਆਂ, ਇਹ ਤੱਥ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਕਲਮਕਾਰਾਂ ਤੇ ਵਿਦਵਾਨਾਂ ਪ੍ਰਤੀ ਸਿੱਖ ਸਮਾਜ ਦਾ ਰਵੱਈਆ ਪਹਿਲਾਂ ਤੋਂ ਹੀ ਨਾਕਾਰਾਤਮਕ ਰਿਹਾ ਹੈ। ਇਸ ਸਬੰਧ ਵਿਚ ਕਈ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ, ਪਰ ਇਸ ਲੇਖ ਵਿਚ ਗੱਲ ਭੁੱਲੇ-ਵਿਸਰੇ ਮਹਾਨ ਸ਼ਾਇਰ ਹਕੀਮ ਅੱਲ੍ਹਾ ਯਾਰ ਖ਼ਾਂ ਜੋਗੀ ਤਕ ਹੀ ਸੀਮਤ ਰੱਖੀ ਜਾਵੇਗੀ। ਉਸ ਦੀ ਸ਼ਾਇਰੀ ਦੱਸਦੀ ਹੈ ਕਿ ਉਹ ਕਿੱਡਾ ਸਿਦਕੀ ਸ਼ਾਇਰ ਸੀ।

ਪੂਰੀ ਇਕ ਸਦੀ ਪਹਿਲਾਂ, ਸੰਨ 1913 ਵਿਚ ਅੱਲ੍ਹਾ ਯਾਰ ਖ਼ਾਂ ਜੋਗੀ ਨੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ (9 ਸਾਲ) ਅਤੇ ਬਾਬਾ ਫ਼ਤਹਿ ਸਿੰਘ (7 ਸਾਲ) ਦੀ ਸ਼ਹਾਦਤ ਬਾਰੇ ਸੁੱਚੇ ਹੰਝੂਆਂ ਵਿਚ ਭਿੱਜੀ ਲੰਮੀ ਨਜ਼ਮ 'ਸ਼ਹੀਦਾਨਿ-ਵਫ਼ਾ' ਲਿਖ ਕੇ ਸਾਹਿਤਕ ਹਲਕਿਆਂ ਵਿਚ ਹਲਚਲ ਮਚਾ ਦਿੱਤੀ ਸੀ। 37 ਪੰਨਿਆਂ ਉੱਤੇ ਪਸਰੀ ਇਹ ਉਰਦੂ ਨਜ਼ਮ ਸਾਕਾ ਸਰਹਿੰਦ ਦੀ ਦਿਲ ਕੰਬਾਊ ਘਟਨਾ ਦੀ ਲਾਮਿਸਾਲ ਝਾਕੀ ਪੇਸ਼ ਕਰਦੀ ਹੈ। ਇਸ ਨਜ਼ਮ ਦੇ 110 ਬੰਦ ਹਨ ਅਤੇ ਹਰ ਬੰਦ ਦੇ 6-6 ਮਿਸਰੇ ਹਨ। ਸ਼ਾਇਰ ਨੇ ਇਸ ਨਜ਼ਮ ਨੂੰ ਮਰਸੀਏ ਦੀ ਦਿਲ-ਟੁੰਬਵੀਂ ਸ਼ੈਲੀ ਵਿਚ ਕਲਮਬੰਦ ਕੀਤਾ ਹੈ। ਦਰਅਸਲ, ਅੱਲ੍ਹਾ ਯਾਰ ਖ਼ਾਂ ਜੋਗੀ ਆਪਣੀ ਨਜ਼ਮ ਦੇ ਪਾਤਰਾਂ ਨੂੰ ਜਿਉਂਦਿਆਂ ਤੇ ਮਰਦਿਆਂ ਵੇਖਦਾ ਹੈ ਅਤੇ ਨਾਲ ਹੀ ਆਪ ਵੀ ਉਸੇ ਤਰ੍ਹਾਂ ਜਿਉਂਦਾ ਤੇ ਮਰਦਾ ਰਹਿੰਦਾ ਹੈ। ਉਹ, ਸ਼ਹਾਦਤ ਤੇ ਸ਼ਾਇਰੀ ਦੇ ਫ਼ਲਸਫ਼ੇ ਨੂੰ ਖ਼ੂਬ ਸਮਝਦਾ ਹੈ। ਤਾਹੀਓਂ ਤਾਂ ਉਸ ਨੇ ਸ਼ਹਾਦਤ ਦੀ ਘਟਨਾ ਨੂੰ ਬਿਆਨ ਕਰਨ ਲਈ ਮਰਸੀਏ ਦੀ ਸ਼ੈਲੀ ਦੀ ਚੋਣ ਕੀਤੀ ਹੈ ਅਤੇ ਕਰੁਣਾ ਤੇ ਬੀਰ ਰਸਾਂ ਤੋਂ ਇਲਾਵਾ ਅਦਭੁਤ, ਰੌਦਰ ਤੇ ਭਿਆਨਕ ਰਸਾਂ ਦੀ ਬੜੀ ਮੁਹਾਰਤ ਨਾਲ ਵਰਤੋਂ ਕੀਤੀ ਹੈ। ਦੂਜਾ, ਜਿੱਥੇ ਇਹ ਉੱਚ-ਪੱਧਰੀ ਸਾਹਿਤਕ ਕਿਰਤ ਹੈ, ਉੱਥੇ ਇਤਿਹਾਸਕ ਕਸਵੱਟੀ 'ਤੇ ਪਰਖਿਆਂ ਵੀ ਖਰੀ ਉੱਤਰਦੀ ਹੈ।

ਸਾਕਾ ਸਰਹਿੰਦ ਨੇ ਵੱਖ-ਵੱਖ ਭਾਸ਼ਾਵਾਂ ਦੇ ਕਵੀਆਂ ਨੂੰ ਇਸ ਵਿਸ਼ੇ 'ਤੇ ਲਿਖਣ ਲਈ ਪ੍ਰੇਰਿਆ, ਪਰ ਜਿਨ੍ਹਾਂ ਸਿਖ਼ਰਾਂ ਨੂੰ ਅੱਲ੍ਹਾ ਯਾਰ ਖ਼ਾਂ ਜੋਗੀ ਨੇ ਛੂਹਿਆ ਹੈ, ਉਹ ਹੋਰ ਕਿਸੇ ਦੇ ਹਿੱਸੇ ਨਹੀਂ ਆਈਆਂ। ਸ਼ਿਅਰ ਇੰਨਾ ਲੱਛੇਦਾਰ ਹੈ ਕਿ ਸਿੱਧਾ ਪਾਠਕ/ਸਰੋਤੇ ਦੇ ਦਿਲ ਵਿਚ ਲੱਥ ਜਾਂਦਾ ਹੈ। ਸੱਚ ਤਾਂ ਇਹ ਹੈ ਕਿ ਅੱਲ੍ਹਾ ਯਾਰ ਖ਼ਾਂ ਨੂੰ ਸਾਹਿਬਜ਼ਾਦਿਆਂ ਦੀ ਸ਼ਹਾਦਤ ਵਿਚੋਂ 'ਕਰਬਲਾ ਦੀ ਜੰਗ' ਦੇ ਦ੍ਰਿਸ਼ ਨਜ਼ਰ ਆਏ (ਸੰਨ 680 ਈਸਵੀ ਵਿਚ ਹਜ਼ਰਤ ਮੁਹੰਮਦ ਸਾਹਿਬ ਦੇ ਦੋਹਤਰੇ ਹਜ਼ਰਤ ਇਮਾਮ ਹੁਸੈਨ ਨੂੰ ਉਨ੍ਹਾਂ ਦੇ 72 ਸਾਥੀਆਂ ਸਮੇਤ ਕਰਬਲਾ ਦੇ ਮੈਦਾਨ (ਇਰਾਕ) ਵਿਚ ਤਿੰਨ ਦਿਨ ਪਿਆਸੇ ਰੱਖ ਕੇ ਸ਼ਹੀਦ ਕਰ ਦਿੱਤਾ ਸੀ)। ਗੱਲ ਕੀ, ਅੱਲ੍ਹਾ ਯਾਰ ਖ਼ਾਂ ਜੋਗੀ ਨੇ ਪੱਖਪਾਤ ਤੋਂ ਨਿਰਲੇਪ ਰਹਿ ਕੇ ਸ਼ਰਧਾ ਤੇ ਪਿਆਰ ਦੀਆਂ ਅਤਿ ਡੂੰਘਾਣਾਂ ਵਿਚ ਵਹਿ ਕੇ ਇਸ ਨਜ਼ਮ ਦੀ ਰਚਨਾ ਕੀਤੀ ਹੈ।



*ਇਕ ਚਿੱਤਰਕਾਰ ਦੀ ਨਜ਼ਰ ਵਿਚ ਅੱਲ੍ਹਾ ਯਾਰ ਖ਼ਾਂ ਜੋਗੀ।*

***'ਸ਼ਹੀਦਾਨਿ-ਵਫ਼ਾ' ਦੇ ਆਖਰੀ ਮਿਸਰੇ:***

ਹਾਥੋਂ ਮੇਂ ਹਾਥ ਡਾਲ ਕੇ
ਦੋਨੋਂ ਵਹ ਨੌਨਿਹਾਲ।
ਕਹਤੇ ਹੁਏ ਜ਼ਬਾਂ ਸੇ ਬੜ੍ਹੇ
ਸਤਿ ਸ੍ਰੀ ਅਕਾਲ।
ਚਿਹਰੋਂ ਪਿ ਗ਼ਮ ਕਾ ਨਾਮ ਨਾ ਥਾ
ਔਰ ਨਾ ਥਾ ਮਲਾਲ।
ਜਾ ਠਹਰੇ ਸਰ ਪਿ ਮੌਤ ਕੇ
ਫਿਰ ਭੀ ਨਾ ਥਾ ਖ਼ਯਾਲ।
ਜਿਸ ਦਮ ਗਲੇ ਗਲੇ ਥੇ
ਵੁਹ ਮਾਸੂਮ ਗੜ ਗਏ।
ਦਿਨ ਛੁਪਨੇ ਭੀ ਨਾ ਪਾਯਾ
ਕਿ ਕਾਤਿਲ ਉਜੜ ਗਏ।

ਹਮ ਜਾਨ ਦੇ ਕੇ ਔਰੋਂ ਕੀ
ਜਾਨੇਂ ਬਚਾ ਚਲੇ।
ਸਿੱਖੀ ਕੀ ਨੀਂਵ ਹਮ ਹੈਂ
ਸਰੋਂ ਪਰ ਉਠਾ ਚਲੇ।
ਗੁਰਿਆਈ ਕਾ ਹੈਂ ਕਿੱਸਾ
ਜਹਾਂ ਮੇਂ ਬਨਾ ਚਲੇ।
ਸਿੰਘੋਂ ਕੀ ਸਲਤਨਤ ਕਾ ਹੈਂ
ਪੌਦਾ ਲਗਾ ਚਲੇ।
ਗੱਦੀ ਸੇ ਤਾਜ-ਓ-ਤਖ਼ਤ
ਬਸ ਅਬ ਕੌਮ ਪਾਏਗੀ।
ਦੁਨੀਯਾ ਸੇ ਜ਼ਾਲਿਮੋਂ ਕਾ
ਨਿਸ਼ਾਂ ਤਕ ਮਿਟਾਏਗੀ।

ਠੋਡੀ ਤਕ ਈਂਟੇਂ ਚੁਨ ਦੀ ਗਈਂ
ਮੂੰਹ ਤਕ ਆ ਗਈਂ।
ਬੀਨੀ ਕੋ ਢਾਂਪਤੇ ਹੀ ਵੁਹ
ਆਂਖੋਂ ਪਿਛਾ ਗਈਂ।
ਹਰ ਚਾਂਦ ਸੀ ਜਬੀਨ ਕੋ
ਘਨ ਸਾ ਲਗਾ ਗਈਂ ।
ਲਖ਼ਤ-ਏ-ਜਿਗਰ ਗੁਰੂ ਕੇ
ਵੁਹ ਦੋਨੋਂ ਛੁਪਾ ਗਈਂ।
ਜੋਗੀ ਜੀ ਇਸ ਕੇ ਬਾਦ
ਹੂਈ ਥੋੜੀ ਦੇਰ ਥੀ।
ਬਸਤੀ ਸਰਹਿੰਦ ਸ਼ਹਰ ਕੀ
ਈਂਟੋਂ ਕਾ ਢੇਰ ਥੀ।

ਇਸ ਤਰ੍ਹਾਂ ਇਸ ਸੂਫ਼ੀ ਸ਼ਾਇਰ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਘਟਨਾ ਨੂੰ, ਧਰਮਾਂ ਦੀਆਂ ਹੱਦਾਂ ਤੋਂ ਦੂਰ ਰੱਖ ਕੇ, ਲੋਕਾਂ ਦੇ ਸਾਂਝੇ ਦਰਦ ਦੀ ਆਵਾਜ਼ ਬਣਾ ਦਿੱਤਾ ਹੈ, ਯਾਨੀ ਸਮੁੱਚੀ ਮਾਨਵਤਾ ਦੀ ਸਾਂਝੀ ਵਿਰਾਸਤ ਬਣਾ ਦਿੱਤਾ ਹੈ। ਸ਼ਾਇਰ ਦਾ ਗ਼ੈਰ-ਸਿੱਖ ਹੁੰਦੇ ਹੋਏ ਵੀ ਸਿੱਖ ਮਨਾਂ ਦੀ ਚੀਸ ਨੂੰ ਪਛਣਦਾ ਉਸ ਦੀ ਮਹਾਨ ਸ਼ਖ਼ਸੀਅਤ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦਾ ਹੈ। ਉਸ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਘਟਨਾ ਨੂੰ 'ਸਿੱਖਾਂ ਦੀ ਕਰਬਲਾ' ਦੀ ਦਾਸਤਾਨ ਬਣਾ ਦਿੱਤਾ ਹੈ।

ਜ਼ਰਾ ਧਿਆਨ ਦੇਣਾ! ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਅੱਲ੍ਹਾ ਯਾਰ ਖ਼ਾਂ ਜੋਗੀ ਵੱਲੋਂ ਇਕ ਸਦੀ ਪਹਿਲਾਂ 1913 ਵਿਚ ਲਿਖੀ ਗਈ ਨਜ਼ਮ ਦੇ ਪੱਧਰ ਦੀ ਨਜ਼ਮ ਹੁਣ ਤਕ ਕਿਸੇ ਹੋਰ ਸ਼ਾਇਰ ਨੂੰ ਲਿਖਣੀ ਨਸੀਬ ਨਹੀਂ ਹੋਈ ਅਤੇ ਨਿਕਟ ਭਵਿੱਖ ਵਿਚ ਵੀ ਕਿਸੇ ਸ਼ਾਇਰ ਵੱਲੋਂ 'ਝੰਡੀ ਪੁੱਟਣ' ਦੀ ਸੰਭਾਵਨਾ ਨਜ਼ਰ ਨਹੀਂ ਆਉਂਦੀ।

ਸਿੱਖ ਪੰਥ ਦੇ ਵਾਰਸਾਂ ਲਈ ਇਹ ਗੰਭੀਰ ਮੁੱਦਾ ਹੈ ਕਿ ਸਾਕਾ ਸਰਹਿੰਦ ਨੂੰ ਆਪਣੇ ਲਹੂ ਨਾਲ ਲਿਖਣ ਵਾਲੇ ਇਸ ਸਿਦਕੀ ਤੇ ਸਿਰੜੀ ਸ਼ਾਇਰ ਦੀ ਕੁਰਬਾਨੀ ਦਾ ਬਣਦਾ ਮੁੱਲ ਨਹੀਂ ਪਾਇਆ ਗਿਆ। ਗੱਲ ਫਿਰ ਉੱਥੇ ਆ ਕੇ ਹੀ ਮੁੱਕਦੀ ਹੈ ਕਿ ਵਿਚਾਰਕ ਤੇ ਵਿਹਾਰਕ ਤੌਰ 'ਤੇ ਅਮੀਰ ਅਤੇ ਹੋਰ ਕਈ ਗੁਣਾਂ ਦੀ ਧਾਰਨੀ ਸਿੱਖ ਕੌਮ ਦੀ ਪਹਿਲਾਂ ਤੋਂ ਹੀ ਇਹ ਤ੍ਰਾਸਦੀ ਰਹੀ ਹੈ ਕਿ ਇਹ ਆਪਣੇ ਵਿਦਵਾਨਾਂ/ਕਲਮਕਾਰਾਂ ਪ੍ਰਤੀ ਸੁਹਿਰਦ ਨਹੀਂ ਹੈ। ਮੇਰੇ ਖ਼ਿਆਲ ਵਿਚ ਤਾਂ ਘੱਟੋ-ਘੱਟ 95 ਪ੍ਰਤੀਸ਼ਤ ਸਿੱਖਾਂ ਨੂੰ ਅੱਲ੍ਹਾ ਯਾਰ ਖ਼ਾਂ ਜੋਗੀ ਦਾ ਨਾਂ ਤਕ ਚੇਤੇ ਨਹੀਂ। ਸੰਨ 1987 ਵਿਚ, ਜਦੋਂ ਇਕ ਅਖ਼ਬਾਰ ਵਿਚ ਅੱਲ੍ਹਾ ਯਾਰ ਖ਼ਾਂ ਜੋਗੀ ਬਾਰੇ ਮੇਰਾ ਲੇਖ ਪ੍ਰਕਾਸ਼ਤ ਹੋਇਆ ਤਾਂ ਬਹੁਤੇ ਪਾਠਕਾਂ ਲਈ ਇਹ ਨਵੀਂ ਜਾਣਕਾਰੀ ਹੀ ਸੀ। ਇਸ ਤੋਂ ਪਹਿਲਾਂ ਸ਼ਾਇਦ ਹੀ ਕਿਸੇ ਹੋਰ ਲਿਖਾਰੀ ਨੇ ਇਸ ਸ਼ਾਇਰ ਬਾਰੇ ਅਖ਼ਬਾਰ ਲਈ ਲਿਖਿਆ ਹੋਵੇ।

ਸੋ, ਜੇ ਸਾਨੂੰ ਇਕ ਸਦੀ ਬਾਅਦ ਵੀ ਅੱਲ੍ਹਾ ਯਾਰ ਖ਼ਾਂ ਜੋਗੀ ਵਰਗੇ ਅਨਮੋਲ ਹੀਰੇ ਦਾ ਨਾਂ ਤਕ ਚੇਤੇ ਨਹੀਂ ਤਾਂ ਸਾਡੀਆਂ ਆਉਣ ਵਾਲੀਆਂ ਨਸਲਾਂ ਸਾਡੇ ਮਹਾਨ ਪੁਰਖਿਆਂ ਦੀ ਵਿਰਾਸਤ ਦੀ ਸੰਭਾਲ ਕਿਵੇਂ ਕਰ ਸਕਣਗੀਆਂ? ਅੱਲ੍ਹਾ ਯਾਰ ਖ਼ਾਂ ਜੋਗੀ ਅਤੇ ਉਸ ਦੀ ਨਜ਼ਮ 'ਸ਼ਹੀਦਾਨਿ-ਵਫ਼ਾ' ਸਾਡਾ ਕੀਮਤੀ ਵਿਰਸਾ ਹੈ। ਉਸ ਨੇ 1915 ਵਿਚ ਸਾਕਾ ਚਮਕੌਰ ਸਾਹਿਬ ਨੂੰ ਵੀ 'ਗੰਜਿ-ਸ਼ਹੀਦਾਂ' ਨਾਂ ਹੇਠ ਆਪਣੀ ਕਲਮ ਵਿਚ ਢਾਲਿਆ। ਆਪਣੇ ਇਤਿਹਾਸ ਦੀ ਅਮੀਰੀ ਵਿਚ ਗੁਆਚੀ ਸਿੱਖ ਕੌਮ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਆਪਣੇ ਵਿਰਸੇ ਨੂੰ ਸਾਂਭਣਾ ਜਾਗਦੀਆਂ ਕੌਮਾਂ ਦਾ ਪਹਿਲਾ ਫ਼ਰਜ਼ ਹੁੰਦਾ ਹੈ।

ਸੋ, ਸਿੱਖ ਕੌਮ ਦੇ ਵਾਰਸਾਂ ਨੂੰ ਅਪੀਲ ਹੈ ਕਿ ਇਸ ਅਲਬੇਲੇ ਸ਼ਾਇਰ ਜਿਸ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਅਤੇ ਸਿੱਖ ਫ਼ਲਸਫ਼ੇ ਨੂੰ ਨਿਰਮਲ ਰੂਪ ਵਿਚ ਲੋਕਾਂ ਤਕ ਪਹੁੰਚਾਇਆ, ਵੱਲੋਂ ਲਿਖੀ ਇਸ ਯਾਦਗਾਰੀ ਨਜ਼ਮ ਦੀ ਪਹਿਲੀ ਸ਼ਤਾਬਦੀ (2013) ਦੇ ਅਵਸਰ 'ਤੇ ਫ਼ਤਹਿਗੜ੍ਹ ਸਾਹਿਬ ਤੇ ਚਮਕੌਰ ਸਾਹਿਬ ਵਿਖੇ ਸਮਾਗਮਾਂ ਦੀ ਲੜੀ ਚਲਾਈ ਜਾਵੇ ਤਾਂ ਕਿ ਇਸ ਦਰਵੇਸ਼ ਸ਼ਾਇਰ ਦੀ ਯਾਦ ਨੂੰ ਸਿੱਖ ਹਿਰਦਿਆਂ ਵਿਚ ਵਸਾਇਆ ਜਾ ਸਕੇ ਅਤੇ ਉਸ ਦੀ ਸਾਡੇ ਸਿਰ ਚੜ੍ਹੀ ਕਰਜ਼ ਦੀ ਪੰਡ ਨੂੰ ਉਤਾਰਿਆ ਜਾ ਸਕੇ। ਸਾਹਿਤ ਸਭਾਵਾਂ ਨੂੰ ਇਸ ਸ਼ਾਇਰ ਦੇ ਨਾਂ 'ਤੇ ਪੁਰਸਕਾਰ ਸ਼ੁਰੂ ਕਰਨੇ ਚਾਹੀਦੇ ਹਨ। ਘੱਟੋ-ਘੱਟ ਸਿੱਖਾਂ ਦੀ ਪਾਰਲੀਮੈਂਟ ਵਜੋਂ ਜਾਣੀ ਜਾਣ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤਾਂ ਫੌਰੀ ਤੌਰ 'ਤੇ ਹਰਕਤ ਵਿਚ ਆਉਣਾ ਚਾਹੀਦਾ ਹੈ।

# ਮਸਲਿਆਂ ਦੇ ਹੱਲ ਦੀ ਥਾਂ ਸਿਆਸੀ ਕਤਲਾਂ ਉਪਰ ਟੇਕ

**ਦੇਸ-ਪਰਦੇਸ**

ਇਕ ਪਾਸੇ ਜਦੋਂ ਦਿੱਲੀ ਵਿਚ ਕੇਜਰੀਵਾਲ ਦੀ ਸਰਕਾਰ ਬਣ ਜਾਣ ਨਾਲ ਮੁਲਕ ਦੀ ਮੁੱਖਧਾਰਾ ਸਿਆਸਤ ਵਿਚ ਵੱਡੇ ਬਦਲਾਅ ਦੀ ਚਰਚਾ ਹੈ; ਐਨ ਉਸੇ ਵਕਤ ਰਾਜਧਾਨੀ ਤੋਂ ਪਾਰ ਦੂਰ-ਦਰਾਜ ਖੇਤਰਾਂ ਵਿਚ ਮਾਓਵਾਦੀ ਤਹਿਰੀਕ ਨੂੰ ਕੁਚਲਣ ਲਈ ਕੇਂਦਰੀ ਗ੍ਰਹਿ ਮੰਤਰਾਲੇ ਦੀ ਸਿੱਧੀ ਨਿਗਰਾਨੀ ਹੇਠ ਵਸੀਹ ਪੈਮਾਨੇ ਦੀ ਦਮਨਕਾਰੀ ਜੰਗੀ ਮੁਹਿੰਮ ਅਤੇ ਸਿਆਸੀ ਕਤਲਾਂ ਦੇ ਖ਼ੂਨੀ ਰੁਝਾਨ ਨਵੇਂ-ਨਵੇਂ ਰੂਪਾਂ ਵਿਚ ਸਾਹਮਣੇ ਆ ਰਹੇ ਹਨ। ਅਵਾਮ ਦੀ ਕਤਲੋਗ਼ਾਰਤ ਦੇ ਦੋਵੇਂ ਰੂਪਾਂ ਬਾਰੇ ਮੁੱਖਧਾਰਾ ਮੀਡੀਆ ਤਕਰੀਬਨ ਖ਼ਾਮੋਸ਼ ਹੈ। ਸਰਕਾਰੀ ਰਿਪੋਰਟ ਅਨੁਸਾਰ ਇਨ੍ਹੀਂ ਦਿਨੀਂ ਮਾਓਵਾਦ ਪ੍ਰਭਾਵਤ ਸੱਤ ਸੂਬਿਆਂ ਵਿਚ 40 ਹਜ਼ਾਰ ਕੇਂਦਰੀ ਸੁਰੱਖਿਆ ਬਲ ਅਤੇ ਫ਼ੌਜ ਦੇ ਹੈਲੀਕਾਪਟਰ ਵੱਡੀ

**ਬੂਟਾ ਸਿੰਘ**

ਸਫ਼ਾਇਆ ਮੁਹਿੰਮ ਚਲਾ ਰਹੇ ਹਨ। ਇਹ ਮੁਹਿੰਮ ਕਹਿਣ ਨੂੰ ਹੀ 40 ਹਜ਼ਾਰੀ ਹੈ; ਦਰਅਸਲ 7-8 ਲੱਖ ਦੇ ਕਰੀਬ ਪੁਲਿਸ ਅਤੇ ਐੱਸ.ਪੀ.ਓ., ਸਮੇਤ ਨਕਸਲ-ਵਿਰੋਧੀ ਕੁਲ ਏਜੰਸੀਆਂ ਦੇ, ਉਥੇ ਮੌਜੂਦ ਪੌਣੇ ਦੋ ਲੱਖ ਕੇਂਦਰੀ ਸੁਰੱਖਿਆ ਬਲ, ਇਨ੍ਹਾਂ ਸੂਬਿਆਂ (ਖ਼ਾਸ ਕਰ ਕੇ ਛੱਤੀਸਗੜ੍ਹ ਵਿਚ) ਚੋਣਾਂ ਦੇ ਬਹਾਨੇ ਉਚੇਚੇ ਤੌਰ 'ਤੇ ਭੇਜੀਆਂ ਕੇਂਦਰੀ ਸੁਰੱਖਿਆ ਬਲਾਂ ਦੀਆਂ ਵਿਸ਼ੇਸ਼ ਬਟਾਲੀਅਨਾਂ, ਕਾਂਕੇਰ ਦੇ ਫ਼ੌਜੀ ਸਿਖਲਾਈ ਸਕੂਲ ਅਤੇ ਫ਼ੌਜ ਦੇ ਬ੍ਰਿਗੇਡ ਸਦਰ ਮੁਕਾਮ ਦੇ ਨਾਂ ਹੇਠ ਇਥੇ ਲਗਾਈ ਫ਼ੌਜ ਇਸ ਮੁਹਿੰਮ ਵਿਚ ਸ਼ਾਮਲ ਹਨ। (ਸਰਕਾਰੀ ਰਿਪੋਰਟਾਂ ਅਨੁਸਾਰ ਮਾਓਵਾਦੀ ਸਦਰ-ਮੁਕਾਮ ਬਸਤਰ ਖੇਤਰ ਵਿਚ ਪੁਲਿਸ ਤੇ ਹੋਰ ਏਜੰਸੀਆਂ ਤੋਂ ਇਲਾਵਾ 1,60,00 ਕੇਂਦਰੀ ਹਥਿਆਰਬੰਦ ਮੁਲਾਜ਼ਮ ਚੋਣਾਂ ਕਰਵਾਉਣ ਲਈ ਲਗਾਏ ਗਏ ਸਨ ਜਿਨ੍ਹਾਂ ਦਾ ਅਨੁਪਾਤ 10 ਆਦਿਵਾਸੀਆਂ ਮਗਰ ਇਕ ਸੈਨਿਕ ਬਣਦਾ ਸੀ। ਕੁਝ ਇਲਾਕਿਆਂ ਵਿਚ ਤਾਂ ਇਹ ਅਨੁਪਾਤ 6:1 ਵੀ ਨੋਟ ਕੀਤਾ ਗਿਆ।) ਇਕ ਪਾਸੇ ਜੰਗੀ ਫ਼ੌਜੀ ਕਾਰਵਾਈ ਹੈ ਅਤੇ ਦੂਜੇ ਪਾਸੇ ਖੁਫ਼ੀਆ ਢੰਗ ਨਾਲ ਸਿਆਸੀ ਕਤਲਾਂ ਦਾ ਵਰਤਾਰਾ ਹੈ ਜਿਸ ਤਹਿਤ 25 ਦਸੰਬਰ ਨੂੰ ਆਂਧਰਾ ਪ੍ਰਦੇਸ਼ ਵਿਚ ਤੇਲੰਗਾਨਾ ਪਰਜਾ ਫਰੰਟ ਦੇ ਮਕਬੂਲ ਆਗੂ ਆਕੁਲਾ ਭੂਮੱਈਆ ਨੂੰ ਵੈਨ ਹੇਠ ਕੁਚਲ ਕੇ ਮਾਰ ਦਿੱਤਾ ਗਿਆ। ਇਸ ਨਾਲ ਆਂਧਰਾ ਪ੍ਰਦੇਸ਼ ਦੇ ਸਿਆਸੀ ਕਤਲਾਂ ਦੀ ਸੂਚੀ ਵਿਚ ਇਕ ਕਤਲ ਹੋਰ ਦਰਜ ਹੋ ਗਿਆ।

ਉਥੇ ਸਿਆਸੀ ਕਤਲ ਨਵੀਂ ਗੱਲ ਨਹੀਂ ਹਨ। ਇੱਥੋਂ ਤਕ ਕਿ ਰਾਇਲਸੀਮਾ ਖੇਤਰ ਜੋ ਉਥੋਂ ਦੀ ਰਵਾਇਤੀ ਹੁਕਮਰਾਨ ਜਮਾਤ ਦੀ ਜਨਣੀ ਰਿਹਾ ਹੈ, ਵਿਚ ਹੁਕਮਰਾਨ ਧੜੇ ਆਪਸੀ ਭਰਾਤਰੀ 'ਸਿਆਸੀ' ਯੁੱਧ ਵਿਚ ਅਕਸਰ ਹੀ ਪੈਟਰੋਲ ਬੰਬਾਂ ਅਤੇ ਅਗਨੀ ਹਥਿਆਰਾਂ ਦਾ ਖੁੱਲ੍ਹਾ ਇਸਤੇਮਾਲ ਕਰਦੇ ਵੇਖੇ ਜਾ ਸਕਦੇ ਹਨ। ਆਂਧਰਾ ਉਹ ਸੂਬਾ ਹੈ ਜੋ ਪਹਿਲਾਂ ਤੇਲੰਗਾਨਾ ਦੀ ਹਥਿਆਰਬੰਦ ਲਹਿਰ (1946-51) ਅਤੇ ਫਿਰ 1968 ਵਿਚ ਨਕਸਲਬਾੜੀ ਸਿਆਸਤ ਦੇ ਪ੍ਰਭਾਵ ਹੇਠ ਨਕਸਲੀ ਗੜ੍ਹ ਵਜੋਂ ਉਭਰਨ ਦੇ ਸਮੇਂ ਤੋਂ ਹੀ ਦੱਬੇ-ਕੁਚਲਿਆਂ ਦੀ ਹੱਕ-ਜਤਾਈ ਨੂੰ ਰਾਜਕੀ ਦਹਿਸ਼ਤਗਰਦੀ ਜ਼ਰੀਏ ਖ਼ੂਨ 'ਚ ਡੋਬਣ ਲਈ ਸਭ ਤੋਂ ਬਦਨਾਮ ਹੈ। ਜਿਥੇ ਹੁਕਮਰਾਨ ਫਰਜ਼ੀ ਮੁਕਾਬਲਿਆਂ ਅਤੇ ਪੁਲਿਸ ਨੌਕਰਸ਼ਾਹੀ ਦੀ ਸਿੱਧੀ ਰਾਹਨੁਮਾਈ ਹੇਠ ਗਰੇਅ-ਹਾਊਂਡਜ਼ ਵਰਗੇ ਅੱਧੀ ਦਰਜਨ ਗ਼ੈਰਕਾਨੂੰਨੀ ਗਰੋਹ ਬਣਾ ਕੇ ਇਨ੍ਹਾਂ ਨੂੰ ਆਪਣੇ ਖ਼ੂਨੀ ਮਨਸੂਬਿਆਂ ਦੀ ਪੂਰਤੀ ਲਈ ਇਸਤੇਮਾਲ ਕਰਦੇ ਆ ਰਹੇ ਹਨ। ਆਂਧਰਾ ਦੀ ਸਪੈਸ਼ਲ ਇੰਟੈਲੀਜੈਂਸ ਬਿਊਰੋ ਤਾਂ ਮੁਲਕ ਦੇ ਕਿਸੇ ਵੀ ਹਿੱਸੇ ਵਿਚ ਜਾ ਕੇ ਮਾਓਵਾਦੀ ਲਹਿਰ ਨਾਲ ਹਮਦਰਦੀ ਰੱਖਣ ਦੇ ਸ਼ੱਕ ਵਿਚ ਕਿਸੇ ਵੀ ਬੰਦੇ ਨੂੰ ਅਗਵਾ ਕਰਨ, ਇੱਥੋਂ ਤਕ ਕਿ ਫਰਜ਼ੀ ਮੁਕਾਬਲੇ ਵਿਚ ਕਤਲ ਕਰ ਦੇਣ ਲਈ ਸਭ ਤੋਂ ਬਦਨਾਮ ਸਰਕਾਰੀ ਏਜੰਸੀ ਮੰਨੀ ਜਾਂਦੀ ਹੈ।

ਰੂਪੋਸ਼ ਨਕਸਲੀਆਂ, ਸ਼ਹਿਰੀ ਆਜ਼ਾਦੀਆਂ ਦੇ ਕਾਰਕੁਨਾਂ ਸਮੇਤ ਮਕਬੂਲ ਅਵਾਮੀ ਨੁਮਾਇੰਦਿਆਂ ਦਾ ਸਫ਼ਾਇਆ ਹੁਕਮਰਾਨਾਂ ਦੀ ਸੋਚੀ-ਸਮਝੀ ਨੀਤੀ ਹੈ। ਇਸ ਦਾ ਮਕਸਦ ਤਹਿਰੀਕ ਨੂੰ ਆਗੂ ਰਹਿਤ ਕਰ ਕੇ ਦਬਾਉਣਾ ਹੈ। ਹਿਟਲਰ ਅਤੇ ਮੁਸੋਲਿਨੀ ਦੇ ਫਾਸ਼ੀਵਾਦ ਨਾਲੋਂ ਇਨ੍ਹਾਂ ਦਾ ਫ਼ਰਕ ਇਹ ਹੈ ਕਿ ਉਹ ਖ਼ਾਸ ਵਿਚਾਰਧਾਰਾ ਜਾਂ ਨਸਲੀ ਪਿਛੋਕੜ ਵਾਲੇ ਲੋਕਾਂ ਦੀ ਕਤਲੋਗ਼ਾਰਤ ਨੂੰ ਐਲਾਨੀਆ ਅੰਜਾਮ ਦਿੰਦੇ ਸਨ ਪਰ ਭਾਰਤ ਦੀ ਹੁਕਮਰਾਨ ਜਮਾਤ ਜਮਹੂਰੀਅਤ ਦੇ ਨਾਂ ਹੇਠ ਅਣਐਲਾਨੇ ਰੂਪ ਵਿਚ ਉਹੋ ਕੁਝ ਕਰਦੀ ਹੈ। ਇਸ ਵਕਤ ਮਾਓਵਾਦੀ ਪ੍ਰਭਾਵਿਤ ਸੂਬਿਆਂ ਵਿਚ ਲਗਭਗ ਉਸੇ ਤਰ੍ਹਾਂ ਦੇ ਹਾਲਾਤ ਬਣੇ ਹੋਏ ਹਨ ਜਿਸ ਤਰ੍ਹਾਂ ਦੇ ਜਨਰਲ ਸੁਹਾਰਤੋ ਦੇ ਫ਼ੌਜੀ ਰਾਜ ਅਧੀਨ ਇੰਡੋਨੇਸ਼ੀਆ ਵਿਚ ਅਤੇ 1970ਵਿਆਂ ਦੇ ਸ਼ੁਰੂ ਵਿਚ ਚਿੱਲੀ ਤੇ ਹੋਰ ਲਾਤੀਨੀ ਅਮਰੀਕੀ ਮੁਲਕਾਂ ਵਿਚ ਰਹੇ ਹਨ। ਪਿਛਲੇ ਤਿੰਨ ਦਹਾਕਿਆਂ ਵਿਚ ਇਕੱਲੇ ਆਂਧਰਾ ਪ੍ਰਦੇਸ਼ ਵਿਚ ਹੀ ਢਾਈ ਹਜ਼ਾਰ ਦੇ ਕਰੀਬ ਰੌਸ਼ਨ-ਦਿਮਾਗ ਮਾਓਵਾਦੀ ਕਾਰਕੁਨ ਤੇ ਚੋਟੀ ਦੇ ਆਗੂ, ਡਾ. ਰਾਮਾਨਾਥਨ, ਪੁਰਸ਼ੋਤਮ ਅਤੇ ਆਜ਼ਮ ਅਲੀ ਵਰਗੇ ਮਕਬੂਲ ਸ਼ਹਿਰੀ ਆਜ਼ਾਦੀਆਂ ਦੇ ਘੁਲਾਟੀਏ ਅਤੇ ਲੋਕ ਗਾਇਕਾ ਬੇਲੀ ਲਲਿਤਾ ਸਮੇਤ ਬੇਸ਼ੁਮਾਰ ਐਕਟਿਵਿਸਟ ਇਨ੍ਹਾਂ ਕਾਨੂੰਨੀ ਅਤੇ ਗ਼ੈਰਕਾਨੂੰਨੀ ਗਰੋਹਾਂ ਹੱਥੋਂ ਕਤਲ ਹੋ ਚੁੱਕੇ ਹਨ। ਪੂਰੇ ਮੁਲਕ ਵਿਚ ਹਰਮਨਪਿਆਰੇ ਇਨਕਲਾਬੀ ਕਲਾਕਾਰ ਗ਼ਦਰ ਨੂੰ ਵੀ 1996 ਵਿਚ ਇਸੇ ਤਰ੍ਹਾਂ ਦੇ ਇਕ ਕਾਤਲ ਗਰੋਹ ਨੇ ਜਾਨਲੇਵਾ ਹਮਲਾ ਕਰ ਕੇ ਗੋਲੀਆਂ ਦਾ ਨਿਸ਼ਾਨਾ ਬਣਾਇਆ ਸੀ ਪਰ ਉਹ ਬਚ ਗਿਆ। 4 ਜੁਲਾਈ ਨੂੰ ਨੈਲੂਰ ਕਸਬੇ ਵਿਚ ਹਰਮਨਪਿਆਰੇ ਮਾਓਵਾਦੀ ਜਨਤਕ ਬੁਲਾਰੇ ਅਤੇ ਟਰੇਡ ਯੂਨੀਅਨ ਘੁਲਾਟੀਏ ਗੰਟੀ ਪ੍ਰਸਾਦਮ ਦਾ ਦਿਨ-ਦਿਹਾੜੇ ਹਸਪਤਾਲ ਦੇ ਗੇਟ ਅੱਗੇ ਘਿਨਾਉਣਾ ਕਤਲ ਇਸੇ ਸਿਲਸਿਲੇ ਦਾ ਹਿੱਸਾ ਸੀ। ਇਹ ਸਾਰੇ ਕਤਲ ਸਿਆਸੀ ਹਨ ਅਤੇ ਇਨ੍ਹਾਂ ਦੀ ਤੰਦ ਸਾਂਝੀ ਹੈ: ਜਿਹੜਾ ਵੀ ਕੋਈ ਸਥਾਪਤੀ ਦੇ ਵਹਿਸ਼ੀ ਜ਼ੁਲਮਾਂ ਉੱਪਰ ਸਵਾਲ ਉਠਾਉਣ ਦੀ ਜ਼ੁਅਰਤ ਕਰਦਾ ਹੈ, ਉਸ ਨੂੰ ਮਰਨ ਲਈ ਤਿਆਰ ਰਹਿਣਾ ਚਾਹੀਦਾ ਹੈ।



ਤੇਲੰਗਾਨਾ ਪਰਜਾ ਫਰੰਟ ਦੇ ਪ੍ਰਧਾਨ ਗਦਰ ਦੀ ਅਗਵਾਈ ਵਿਚ ਕੀਤੇ ਵਿਖਾਵੇ ਦੀ ਝਲਕ। (ਇਨਸੈਟ ਵਿਚ) ਫਰੰਟ ਦਾ ਕਤਲ ਕੀਤਾ ਆਗੂ ਆਕੁਲਾ ਭਮੱਈਆ।

ਇਸ ਵਕਤ ਆਂਧਰਾ ਪ੍ਰਦੇਸ ਸ਼ਾਇਦ ਰਾਜਕੀ ਦਹਿਸ਼ਤਗਰਦੀ ਦਾ ਸਭ ਤੋਂ ਉੱਘਾ ਨਮੂਨਾ ਹੈ। ਲੰਘੇ ਸਾਢੇ ਛੇ ਦਹਾਕਿਆਂ ਤੋਂ ਇਸ ਮੁਲਕ ਦੀ ਮੁੱਖ ਸਰਜ਼ਮੀਨ ਉਪਰ ਅਤੇ ਇਸ ਵਿਚ ਜਬਰੀ ਸ਼ਾਮਲ ਕੀਤੀਆਂ ਕਸ਼ਮੀਰ ਤੇ ਉਤਰ-ਪੂਰਬੀ ਰਿਆਸਤਾਂ ਵਿਚ ਬਹੁਤ ਥਾਈਂ ਸਥਾਪਤੀ ਵਿਰੋਧੀ ਲਹਿਰਾਂ ਉੱਠਦੀਆਂ ਰਹੀਆਂ ਹਨ। ਵਕਤ ਗੁਜ਼ਰਨ ਨਾਲ ਇਹ ਜਾਂ ਤਾਂ ਕਮਜ਼ੋਰ ਪੈ ਗਈਆਂ, ਜਾਂ ਖ਼ਤਮ ਹੋ ਗਈਆਂ। ਬੇਸ਼ਕ ਪੰਜਾਬ ਸਮੇਤ ਇਨ੍ਹਾਂ ਸਾਰੇ ਖੇਤਰਾਂ ਵਿਚ ਭਾਰਤੀ ਰਾਜਤੰਤਰ ਨੇ ਕਾਨੂੰਨੀ ਤੇ ਗ਼ੈਰਕਾਨੂੰਨੀ ਰਾਜਕੀ ਏਜੰਸੀਆਂ ਜ਼ਰੀਏ ਲਗਭਗ ਇਕੋ ਜਿਹੀ ਮੌਤ ਵਰਤਾ ਕੇ ਕਬਰਾਂ ਵਾਲਾ 'ਅਮਨ-ਅਮਾਨ' ਲਿਆਂਦਾ, ਤੇ ਹਰ ਥਾਂ ਹੀ ਬੇਸ਼ੁਮਾਰ ਲੋਕਾਂ ਨੂੰ ਫਰਜ਼ੀ ਪੁਲਿਸ ਮੁਕਾਬਲਿਆਂ ਅਤੇ ਬੇਪਛਾਣ ਲਾਸ਼ਾਂ ਦੇ ਵਰਤਾਰੇ ਜ਼ਰੀਏ ਹਮੇਸ਼ਾ ਲਈ ਖ਼ਾਮੋਸ਼ ਕੀਤਾ ਗਿਆ; ਪਰ ਆਂਧਰਾ ਪ੍ਰਦੇਸ਼ ਦਾ ਬਾਕੀ ਥਾਵਾਂ ਨਾਲੋਂ ਇਕ ਵੱਡਾ ਫ਼ਰਕ ਹੈ ਜਿਸ ਕਾਰਨ ਇਥੇ ਮਾਓਵਾਦੀ ਲਹਿਰ ਨੂੰ ਦਹਾਕਾ ਪਹਿਲਾਂ ਦਬਾਅ ਦਿੱਤੇ ਜਾਣ ਦੀ ਕਾਮਯਾਬੀ ਤੋਂ ਬਾਅਦ ਵੀ ਰਾਜਕੀ ਦਹਿਸ਼ਤਗਰਦੀ ਵਿਚ ਕੋਈ ਢਿੱਲ ਨਹੀਂ ਆ ਰਹੀ। ਇਹ ਹੈ ਮੁਲਕ ਪੱਧਰੀ ਮਾਓਵਾਦੀ ਤਹਿਰੀਕ ਵਿਚ ਆਂਧਰਾ ਕਾਡਰ ਦੀ ਭਾਰੀ ਤਾਦਾਦ ਜੋ ਅੱਜ ਤੋਂ ਤਿੰਨ-ਚਾਰ ਦਹਾਕੇ ਪਹਿਲਾਂ ਰੂਪੋਸ਼ ਹੋ ਕੇ ਵੱਖ-ਵੱਖ ਸੂਬਿਆਂ ਵਿਚ ਇਸ ਤਹਿਰੀਕ ਨੂੰ ਉਸਾਰਨ ਵਾਲੇ ਮੋਢੀ ਆਗੂ ਹੀ ਨਹੀਂ ਸਗੋਂ ਹੁਣ ਸੀਨੀਅਰ ਆਗੂ ਹਨ।

ਆਂਧਰਾ ਕਾਡਰ ਦੀ ਆਗੂ ਭੂਮਿਕਾ ਭਾਰਤੀ ਸਟੇਟ ਲਈ ਵੱਡੀ ਸਿਰਦਰਦੀ ਬਣੀ ਹੋਈ ਹੈ। ਦਰਅਸਲ, ਹੁਕਮਰਾਨ 1980ਵਿਆਂ ਦੀ ਵਿਆਪਕ ਵਿਦਿਆਰਥੀ-ਨੌਜਵਾਨ ਤਹਿਰੀਕ ਦੇ ਦੁਬਾਰਾ ਸ਼ੁਰੂ ਹੋ ਜਾਣ ਦੀ ਸੰਭਾਵਨਾ ਤੋਂ ਅੱਜ ਵੀ ਭੈਅ-ਭੀਤ ਹਨ ਜਿਸ ਨੇ ਐਨੀ ਵੱਡੀ ਤਾਦਾਦ ਵਿਚ ਸਿਰਲੱਥ ਬੁੱਧੀਜੀਵੀ ਆਗੂ ਪੈਦਾ ਕੀਤੇ। ਲਿਹਾਜ਼ਾ, ਸਮਾਜੀ-ਆਰਥਿਕ ਮਸਲਿਆਂ ਦੇ ਹੱਲ ਲਈ ਸਿਆਸੀ ਪਹੁੰਚ ਦੀ ਅਣਹੋਂਦ ਵਿਚ ਮਾਓਵਾਦੀ ਆਗੂਆਂ ਦਾ ਜਿਸਮਾਨੀ ਸਫ਼ਾਇਆ ਕਰਨ ਦੀ ਨੀਤੀ ਨੂੰ ਜਾਰੀ ਰੱਖਣ ਲਈ ਕਾਨੂੰਨੀ ਤੇ ਗ਼ੈਰਕਾਨੂੰਨੀ ਰਾਜਕੀ ਏਜੰਸੀਆਂ ਨੂੰ ਬਰਕਰਾਰ ਰੱਖਣਾ ਹੁਕਮਰਾਨਾਂ ਦੀ ਅਣਸਰਦੀ ਲੋੜ ਬਣੀ ਹੋਈ ਹੈ। ਮਾਓਵਾਦੀ ਤਹਿਰੀਕ ਦੇ ਦਮਨ ਦੇ ਆਂਧਰਾ ਮਾਡਲ ਨੂੰ ਪੂਰੇ ਮੁਲਕ ਲਈ ਆਦਰਸ਼ ਮਾਡਲ ਮੰਨਿਆ ਜਾ ਰਿਹਾ ਹੈ, ਤੇ ਇਸ ਨੂੰ ਹੋਰ ਕਾਰਗਰ ਬਣਾਉਣ ਲਈ ਇਸਰਾਇਲੀ ਖ਼ੁਫ਼ੀਆ ਏਜੰਸੀ ਮੌਸਾਦ ਅਤੇ ਅਮਰੀਕੀ ਏਜੰਸੀ ਸੀ.ਆਈ.ਏ. ਦੀ ਕੁਲ ਆਲਮ ਵਿਚ ਬਗਾਵਤ ਵਿਰੋਧੀ ਲਹਿਰਾਂ ਨਾਲ ਨਜਿੱਠਣ ਦੀ ਮੁਹਾਰਤ, ਤਜਰਬੇ ਅਤੇ ਤਕਨੀਕੀ ਉਤਮਤਾ ਦੀ ਪੂਰੀ ਮਦਦ ਲਈ ਜਾ ਰਹੀ ਹੈ।

ਹੁਣ ਹਾਲਾਤ ਦੀ ਨਜ਼ਾਕਤ ਦੀ ਸਹੀ ਤਰੀਕੇ ਨਾਲ ਥਾਹ ਪਾਉਣ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਇਹ ਗ਼ੈਰਕਾਨੂੰਨੀ ਕਤਲੋਗ਼ਾਰਤ ਮਾਓਵਾਦੀ ਲਹਿਰ ਨੂੰ ਦਬਾਉਣ ਤਕ ਮਹਿਦੂਦ ਨਹੀਂ ਹੈ। ਲਗਦੇ ਹੱਥ ਭਾਰਤੀ ਹੁਕਮਰਾਨ ਆਪਣੀਆਂ ਗ਼ੈਰਕਾਨੂੰਨੀ ਏਜੰਸੀਆਂ ਕੋਲੋਂ ਉਨ੍ਹਾਂ ਤਾਕਤਾਂ ਦਾ ਕੰਡਾ ਵੀ ਕਢਵਾਈ ਜਾ ਰਹੇ ਹਨ ਜਿਨ੍ਹਾਂ ਦਾ ਮਾਓਵਾਦੀ ਲਹਿਰ ਨਾਲ ਕੋਈ ਲਾਗਾ-ਦੇਗਾ ਹੀ ਨਹੀਂ ਹੈ ਜੋ ਉਂਜ ਹੁਕਮਰਾਨਾਂ ਦੀ ਅੱਖ ਦਾ ਰੋੜ ਹਨ (ਮਸਲਨ ਸ਼ਹਿਰੀ ਆਜ਼ਾਦੀਆਂ ਤੇ ਮਨੁੱਖੀ ਹੱਕਾਂ ਦੇ ਕਾਰਕੁਨ ਅਤੇ ਖੁੱਲ੍ਹੀਆਂ ਜਮਹੂਰੀ ਲਹਿਰਾਂ ਦੇ ਆਗੂ)। ਦਰਅਸਲ, ਇਹ ਸਾਰੇ ਉਨ੍ਹਾਂ ਕਾਰਵਾਈਆਂ 'ਚ ਬਿਲਕੁਲ ਸ਼ਾਮਲ ਨਹੀਂ ਹੁੰਦੇ ਜਿਨ੍ਹਾਂ ਨੂੰ ਹੁਕਮਰਾਨ 'ਅਤਿਵਾਦੀ ਹਿੰਸਾ' ਅਤੇ 'ਗ਼ੈਰਕਾਨੂੰਨੀ ਕਾਰਵਾਈਆਂ' ਕਹਿੰਦੇ ਹਨ। ਹਾਲਾਂਕਿ ਪਿੱਛੇ ਜਿਹੇ ਅਕਤੂਬਰ ਮਹੀਨੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਮੁਲਕ ਦੀ ਸੁਪਰੀਮ ਕੋਰਟ ਵਿਚ ਦਿੱਤੇ ਹਲਫ਼ਨਾਮੇ ਵਿਚ ਆਪਣੇ ਮਨ ਦੀ ਗੱਲ ਸਾਫ਼ ਕਹਿ ਦਿੱਤੀ ਹੈ ਕਿ ਸ਼ਹਿਰੀ ਖੇਤਰਾਂ ਵਿਚ ਬੈਠੇ ਮਾਓਵਾਦੀ 'ਸਿਧਾਂਤਕਾਰ', ਮਾਓਵਾਦੀਆਂ ਦੀ ਛਾਪਾਮਾਰ ਫ਼ੌਜ ਨਾਲੋਂ ਵੱਧ ਖ਼ਤਰਨਾਕ ਹਨ। ਗ੍ਰਹਿ-ਮੰਤਰਾਲੇ ਦੀ ਮੁਰਾਦ ਜੰਗਲੀ ਖੇਤਰਾਂ ਤੋਂ ਬਾਹਰਲੇ ਉਨ੍ਹਾਂ ਤਮਾਮ ਜਮਹੂਰੀ, ਬੁੱਧੀਜੀਵੀਆਂ ਹਲਕਿਆਂ ਤੋਂ ਹੈ ਜੋ ਭਾਰਤੀ ਹੁਕਮਰਾਨਾਂ ਦੇ ਅਮਰੀਕੀ ਤਰਜ਼ ਦੀ ਰਾਜਕੀ ਦਹਿਸ਼ਤਗਰਦ ਪਹੁੰਚ ਦੀ ਤਿੱਖੀ ਨੁਕਤਾਚੀਨੀ ਕਰਦੇ ਹਨ ਅਤੇ ਮਾਓਵਾਦੀ ਲਹਿਰ ਨੂੰ ਅਮਨ-ਕਾਨੂੰਨ ਦੇ ਮਸਲੇ ਦੀ ਬਜਾਏ ਸਮਾਜੀ-ਆਰਥਿਕ ਮਸਲੇ ਵਜੋਂ ਲੈ ਕੇ ਇਸ ਦੇ ਸਿਆਸੀ ਹੱਲ 'ਤੇ ਜ਼ੋਰ ਦਿੰਦੇ ਹਨ।

ਇਹ ਉਹ ਹਾਲਾਤ ਹਨ ਜਿਨ੍ਹਾਂ ਵਿਚ ਭੂਮੱਈਆ ਨੂੰ ਕਤਲ ਕਰਾਇਆ ਗਿਆ। ਉਹ ਮਹਿਜ਼ ਅਲਹਿਦਾ ਤੇਲੰਗਾਨਾ ਲਈ ਜਮਹੂਰੀ ਸੰਘਰਸ਼ ਦਾ ਹੀ ਆਗੂ ਨਹੀਂ ਸੀ ਸਗੋਂ ਉਹ 'ਅਲਹਿਦਾ ਤੇਲੰਗਾਨਾ, ਜਮਹੂਰੀ ਤੇਲੰਗਾਨਾ' ਦੀ ਮੁਹਿੰਮ ਦਾ ਮੋਹਰੀ ਸੀ। ਅਜਿਹਾ ਅਲਹਿਦਾ ਸੂਬਾ ਜਿਸ ਦੇ ਵਸੀਲਿਆਂ ਅਤੇ ਸੱਤਾ ਵਿਚ ਆਦਿਵਾਸੀਆਂ ਅਤੇ ਹੋਰ ਦੱਬੇਕੁਚਲੇ ਅਵਾਮ ਦੀ ਪੁੱਗਤ ਤੇ ਹਿੱਸੇਦਾਰੀ ਹੋਵੇ। ਉਹ ਅਧਿਆਪਕ ਲਹਿਰ ਦਾ ਮਕਬੂਲ ਆਗੂ ਰਿਹਾ ਸੀ। ਉਸ ਨੇ ਟਰੇਡ ਯੂਨੀਅਨ ਸਰਗਰਮੀ ਤੋਂ ਪਾਰ ਜਾ ਕੇ ਵੱਖਰੇ ਤੇਲੰਗਾਨਾ ਲਈ (ਇਸ ਬਾਰੇ 1960ਵਿਆਂ ਦੀ ਪਹਿਲੀ ਜੱਦੋ-ਜਹਿਦ ਦੇ ਸਮੇਂ ਤੋਂ ਹੀ) ਸਰਗਰਮੀ ਨਾਲ ਕੰਮ ਕਰਨ ਦੇ ਨਾਲ-ਨਾਲ ਸੂਬੇ ਦੀ ਲਗਭਗ ਹਰ ਜਮਹੂਰੀ ਜੱਦੋਜਹਿਦ ਵਿਚ ਉਭਰਵੀਂ ਭੂਮਿਕਾ ਨਿਭਾਈ। ਕਤਲ ਦੇ ਵਕਤ ਵੀ ਰਾਤ ਦੇ ਪੌਣੇ ਦਸ ਵਜੇ ਉਹ ਸਥਾਨਕ ਪ੍ਰੈੱਸ ਕਲੱਬ ਵਿਚ ਤੇਲੰਗਾਨਾ ਬਾਰੇ ਇਕ ਕਿਤਾਬ ਦੇ ਲੋਕ-ਅਰਪਣ ਸਮਾਗਮ ਤੋਂ ਵਾਪਸ ਆ ਰਿਹਾ ਸੀ ਜਦੋਂ ਪਹਿਲਾਂ ਉਸ ਦੇ ਸਕੂਟਰ ਨੂੰ ਵੈਨ ਦੀ ਫੇਟ ਮਾਰ ਕੇ ਡੇਗਿਆ ਗਿਆ ਅਤੇ ਫਿਰ ਦੁਬਾਰਾ, ਤਸੱਲੀ ਨਾਲ ਵੈਨ ਉਸ ਉਪਰ ਚੜ੍ਹਾ ਕੇ ਉਸ ਨੂੰ ਕੁਚਲ ਦਿੱਤਾ ਗਿਆ। ਉਥੇ ਮੌਜੂਦ ਲੋਕਾਂ ਨੇ ਵੈਨ ਦੇ 'ਚਾਲਕ' ਨੂੰ ਕਾਬੂ ਕਰ ਲਿਆ। ਪੁੱਛ-ਪੜਤਾਲ ਕਰਨ 'ਤੇ ਸਾਹਮਣੇ ਆਇਆ ਕਿ ਉਹ ਨਾ ਤਾਂ ਮਿਉਂਸਪਲ ਕਾਰਪੋਰੇਸ਼ਨ ਦੀ ਇਸ ਕੂੜਾ ਚੁੱਕਣ ਵਾਲੀ ਵੈਨ ਦਾ ਬਾਕਾਇਦਾ ਡਰਾਈਵਰ ਸੀ ਅਤੇ ਨਾ ਹੀ ਉਸ ਨੂੰ ਵੈਨ ਚਲਾਉਣ ਦਾ ਕੰਮ ਦਿੱਤਾ ਹੋਇਆ ਸੀ। ਦਰਅਸਲ ਉਹ ਇਸ ਕਤਲ ਨੂੰ ਅੰਜਾਮ ਦੇਣ ਲਈ ਉਚੇਚੇ ਤੌਰ 'ਤੇ ਲਗਾਇਆ ਭਾੜੇ ਦਾ ਕਾਤਲ ਸੀ ਅਤੇ ਉਹ ਪੂਰੀ ਮੁਸਤੈਦੀ ਨਾਲ ਲੰਮੇ ਸਮੇਂ ਤੋਂ ਭੂਮੱਈਆ ਦਾ ਪਿੱਛਾ ਕਰ ਰਿਹਾ ਸੀ। ਸਿਆਸੀ ਤੌਰ 'ਤੇ ਇਸ ਪਿੱਛੇ ਸੀਮਾ ਆਂਧਰਾ ਹੁਕਮਰਾਨ ਗੁੱਟ ਦਾ ਹੱਥ ਹੈ ਜੋ ਨਾ ਸਿਰਫ਼ ਅਲਹਿਦਾ ਤੇਲੰਗਾਨਾ ਦੇ ਖ਼ਿਲਾਫ਼ ਜ਼ੋਰ-ਸ਼ੋਰ ਨਾਲ ਸਾੜ-ਫੂਕ ਅਤੇ ਭੰਨਤੋੜ ਕਰਵਾਉਂਦਾ ਆ ਰਿਹਾ ਹੈ ਸਗੋਂ ਤੇਲੰਗਾਨਾ ਦੇ ਵਸੀਲਿਆਂ ਉਪਰ ਤੇਲੰਗਾਨਾ ਦੇ ਲੋਕਾਂ ਦੇ ਵਾਹਦ ਹੱਕ ਦੀ ਗੱਲ ਤਾਂ ਉਹ ਕਿਸੇ ਵੀ ਸੂਰਤ ਵਿਚ ਸੁਣਨ ਲਈ ਤਿਆਰ ਨਹੀਂ ਹਨ।

ਇਹ ਹਾਲਤ ਦਰਸਾਉਂਦੇ ਹਨ ਕਿ ਇਸ 'ਜਮਹੂਰੀਅਤ' ਵਿਚ ਜਮਹੂਰੀ ਢੰਗ ਨਾਲ ਸੰਘਰਸ਼ਾਂ ਦੀ ਕਿੰਨੀ ਕੁ ਗੁੰਜਾਇਸ਼ ਮੌਜੂਦ ਹੈ!

# ਲੋਕਪਾਲ ਕਾਨੂੰਨ, ਕੇਂਦਰ ਤੇ ਰਾਜ ਸਰਕਾਰਾਂ

ਵੱਖ-ਵੱਖ ਸਿਆਸੀ ਪਾਰਟੀਆਂ ਦੀ ਅਗਵਾਈ ਹੇਠਲੀਆਂ ਵੱਖ-ਵੱਖ ਸਰਕਾਰਾਂ ਦੀ ਤਕਰੀਬਨ 40 ਸਾਲ ਲੰਮੀ ਘਬਰਾਹਟ ਤੋਂ ਬਾਅਦ ਆਖਰ ਸਾਰੇ ਮਤਭੇਦ ਦੂਰ ਹੋ ਗਏ ਨਜ਼ਰ ਆਏ ਹਨ। ਤਕਰੀਬਨ ਹਰ ਰੰਗ ਦੀਆਂ ਬਹੁਤੀਆਂ ਸਿਆਸੀ ਪਾਰਟੀਆਂ ਨੇ ਸਹਿਮਤ ਹੋ ਕੇ ਸੰਸਦ ਦੇ ਦੋਵਾਂ ਸਦਨਾਂ ਵਿਚ ਲੋਕਪਾਲ ਬਿੱਲ ਪਾਸ ਕਰ ਦਿੱਤਾ। ਹੁਣ ਸਵਾਲ ਇਹ ਹੈ ਕਿ ਆਖਰ 27

**ਨੀਨਾ ਵਿਆਸ**

ਦਸੰਬਰ, 2011 ਤੋਂ ਲੈ ਕੇ ਹੁਣ ਤੱਕ ਕੀ ਬਦਲ ਗਿਆ? ਉਦੋਂ ਇਹ ਬਿੱਲ ਲੋਕ ਸਭਾ ਵਿਚ ਤਾਂ ਪਾਸ ਹੋ ਗਿਆ ਸੀ ਪਰ ਰਾਜ ਸਭਾ ਵਿਚ ਇਸ ਦਾ ਸਖ਼ਤ ਵਿਰੋਧ ਹੋਇਆ ਸੀ। ਰੌਲੇ-ਰੱਪੇ ਤੋਂ ਬਾਅਦ ਰਾਜ ਸਭਾ ਦੀ ਕਾਰਵਾਈ ਉਠਾਉਣੀ ਪਈ ਸੀ। ਕੀ ਸਹਿਮਤੀ ਇਸ ਲਈ ਬਣੀ ਹੈ ਕਿ ਹੁਣ ਹਰ ਕਿਸੇ ਨੂੰ 2014 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਦਾ ਫ਼ਿਕਰ ਹੈ? ਕੁਝ ਲੋਕਾਂ ਦਾ ਕਹਿਣਾ ਹੈ ਕਿ ਚਾਰ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਦੀ ਹਾਰ ਤੋਂ ਬਾਅਦ ਹੀ ਉਸ ਦੀ ਸੋਚ ਵਿਚ ਬਿੱਲ ਨੂੰ ਪਾਸ ਕਰਨ ਬਾਰੇ ਇਹ ਤਬਦੀਲੀ ਆਈ ਹੈ ਪਰ ਇਹ ਮੁੱਖ ਵਿਰੋਧੀ ਪਾਰਟੀ ਅਤੇ ਹੋਰ ਧਿਰਾਂ ਵੱਲੋਂ ਆਪੇ ਘੜੀ ਗਈ ਕਹਾਣੀ ਹੀ ਜਾਪਦੀ ਹੈ। ਅਸਲ ਵਿਚ 'ਸਹਿਮਤੀ' ਇਹ ਉੱਭਰੀ ਹੈ ਕਿ ਕੇਂਦਰ ਵਿਚ ਤਾਂ ਮਜ਼ਬੂਤ ਲੋਕਪਾਲ ਸਥਾਪਤ ਕਰਨ ਸਬੰਧੀ ਕਾਨੂੰਨ ਲਿਆਂਦਾ ਜਾਵੇ ਜਿਸ ਦੇ ਘੇਰੇ ਵਿਚ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੇ ਮੰਤਰੀ ਮੰਡਲ ਦੇ ਸਾਰੇ ਸਾਥੀ ਹੋਣ ਪਰ ਰਾਜਾਂ, ਉਥੋਂ ਦੇ ਮੁੱਖ ਮੰਤਰੀਆਂ ਅਤੇ ਮੰਤਰੀਆਂ ਨੂੰ ਉਂਜ ਹੀ ਛੱਡ ਦਿੱਤਾ ਜਾਵੇ, ਘੱਟੋ-ਘੱਟ ਹਾਲ ਦੀ ਘੜੀ ਤਾਂ ਅਜਿਹਾ ਹੀ ਪ੍ਰਬੰਧ ਹੋਵੇ।

ਸੱਤਾਧਾਰੀ ਕਾਂਗਰਸ ਚਾਹੁੰਦੀ ਸੀ, ਅਜਿਹਾ ਕਾਨੂੰਨ ਬਣਾਇਆ ਜਾਵੇ ਕਿ ਲੋਕ ਸਭਾ ਵਿਚ ਇਸ ਦੇ ਪਾਸ ਹੋਣ ਤੋਂ ਬਾਅਦ ਇਕ ਸਾਲ ਦੇ ਅੰਦਰ-ਅੰਦਰ ਸਾਰੇ ਰਾਜਾਂ ਵਿਚ ਲੋਕ ਆਯੁਕਤਾਂ ਦੀ ਸਥਾਪਨਾ ਜ਼ਰੂਰੀ ਹੋਵੇ। ਇਹ ਲੋਕ ਆਯੁਕਤ ਕੇਂਦਰੀ ਤਰਜ਼ 'ਤੇ ਹੀ ਬਣਾਏ ਜਾਣ ਪਰ ਉਸ ਨੂੰ ਅੰਤ ਝੁਕਣਾ ਪਿਆ। ਸੋ, ਨਤੀਜੇ ਵਜੋਂ ਹੁਣ ਕੇਂਦਰ ਵਿਚ ਤਾਂ ਮਜ਼ਬੂਤ ਭ੍ਰਿਸ਼ਟਾਚਾਰ ਵਿਰੋਧੀ ਕਾਨੂੰਨ ਆ ਗਿਆ ਹੈ, ਪਰ ਰਾਜਾਂ ਨੂੰ ਉਨ੍ਹਾਂ ਦੀ ਮਰਜ਼ੀ 'ਤੇ ਛੱਡ ਦਿੱਤਾ ਗਿਆ ਹੈ।

ਦਸੰਬਰ 2011 ਵਿਚ ਰਾਜ ਸਭਾ ਵਿਚ ਵੱਡਾ ਅੜਿੱਕਾ ਪੈਦਾ ਹੋ ਗਿਆ ਸੀ। ਬਹੁਤੀਆਂ ਪਾਰਟੀਆਂ ਆਪੇ ਤੋਂ ਬਾਹਰ ਹੋ ਗਈਆਂ ਸਨ। ਲੋਕ ਸਭਾ ਵਿਚ ਬਿੱਲ ਦੀ ਹਮਾਇਤ ਕਰਨ ਵਾਲੀਆਂ ਤ੍ਰਿਣਮੂਲ ਕਾਂਗਰਸ ਵਰਗੀਆਂ ਧਿਰਾਂ ਨੇ ਸ਼ਾਇਦ ਭਾਜਪਾ ਦੇ ਦਬਾਅ ਹੇਠ ਅਚਾਨਕ ਆਪਣਾ ਮਨ ਬਦਲ ਲਿਆ ਸੀ ਕਿ ਕੇਂਦਰ ਵਿਚ ਤਾਂ ਲੋਕਪਾਲ ਲਿਆਂਦਾ ਜਾਵੇ ਪਰ ਰਾਜਾਂ ਵਿਚ ਪ੍ਰਭਾਵਸ਼ਾਲੀ ਲੋਕ ਆਯੁਕਤ ਕਿਉਂ ਕਬੂਲਿਆ ਜਾਵੇ?

ਇਸ ਵਿਚ ਕੋਈ ਸ਼ੱਕ ਨਹੀਂ ਕਿ ਮੌਜੂਦਾ ਲੋਕਪਾਲ ਬਿੱਲ ਭ੍ਰਿਸ਼ਟਾਚਾਰ ਖਿਲਾਫ਼ ਭਾਰਤ ਦੀ ਲੜਾਈ ਵਿਚ ਨਵਾਂ ਅਤੇ ਅਹਿਮ ਮੀਲ-ਪੱਥਰ ਸਥਾਪਤ ਹੋਵੇਗਾ ਇਸ ਸਦਕਾ ਸਮੁੱਚੀ ਨੌਕਰਸ਼ਾਹੀ ਅਤੇ ਪ੍ਰਧਾਨ ਮੰਤਰੀ ਸਮੇਤ ਸੱਤਾਧਾਰੀ ਪਾਰਟੀ ਵਿਚਲੇ ਇਸ ਦੇ ਸਾਰੇ ਮਾਲਕ ਮਜ਼ਬੂਤ ਲੋਕਪਾਲ ਦੇ ਘੇਰੇ ਵਿਚ ਹੋਣਗੇ ਪਰ ਰਾਜਾਂ ਦਾ ਕੀ ਬਣੇਗਾ ਜਿਥੇ ਲੋਕਾਂ ਦੀ ਬਹੁਗਿਣਤੀ ਵੱਸਦੀ ਹੈ। ਜਦੋਂ ਦਸੰਬਰ 2011 ਨੂੰ ਰਾਜ ਸਭਾ ਵਿਚ ਬਿੱਲ ਬਾਰੇ ਅੜਿੱਕਾ ਪਿਆ ਸੀ ਤਾਂ ਇਸ ਨੂੰ ਰਾਜ ਸਭਾ ਦੀ ਕਮੇਟੀ ਕੋਲ ਇਸ ਵਿਚ ਲੋੜੀਂਦੀਆਂ ਸੋਧਾਂ ਬਾਰੇ ਸਿਫ਼ਾਰਸ਼ਾਂ ਕਰਨ ਲਈ ਭੇਜ ਦਿੱਤਾ ਗਿਆ ਸੀ। ਕਮੇਟੀ ਨੇ ਨਵੰਬਰ 2012 ਵਿਚ ਆਪਣੀ ਰਿਪੋਰਟ ਦਿੱਤੀ। ਇਨ੍ਹਾਂ ਸਿਫ਼ਾਰਸ਼ਾਂ ਵਿਚ ਬਿੱਲ ਦੀ ਧਾਰਾ 63 ਨਰਮ ਕਰ ਦਿੱਤੀ ਗਈ ਅਤੇ ਧਾਰਾ 64 ਤੋਂ 97 ਹਟਾ ਦਿੱਤੀਆਂ ਗਈਆਂ ਜੋ ਲੋਕ ਆਯੁਕਤਾਂ ਦੀ ਸਥਾਪਨਾ ਨਾਲ ਜੁੜੀਆਂ ਹੋਈਆਂ ਸਨ।

ਉਂਜ, ਬਿੱਲ ਵਿਚ ਲੋਕ ਆਯੁਕਤਾਂ ਦੇ ਘੇਰੇ ਬਾਰੇ ਵੀ ਖਾਮੋਸ਼ੀ ਹੈ। ਕੀ ਮੁੱਖ ਮੰਤਰੀ ਅਤੇ ਮੰਤਰੀ ਇਸ ਦੇ ਘੇਰੇ ਹੇਠ ਆਉਣਗੇ? ਰਾਜ ਪੱਧਰੀ ਭ੍ਰਿਸ਼ਟਾਚਾਰ ਦੇ ਕਿਸੇ ਮਾਮਲੇ ਦੇ ਦੋਸ਼ ਦੀ ਜਾਂਚ ਦੇ ਮਾਮਲੇ ਸਬੰਧੀ ਵੀ ਕੁਝ ਸਪੱਸ਼ਟ ਨਹੀਂ ਹੈ। ਰਾਜਾਂ ਨੇ ਸਿਰਫ ਇਹ ਕਰਨਾ ਹੈ ਕਿ ਕਿਸੇ ਨਾ ਕਿਸੇ ਕਿਸਮ ਦਾ ਲੋਕ ਆਯੁਕਤ ਬਣਾ ਲੈਣਾ ਹੈ। ਅਕਸਰ ਭਾਰਤੀ ਜਨਤਾ ਪਾਰਟੀ ਅਤੇ ਕਈ ਹੋਰ ਪਾਰਟੀਆਂ ਵੱਲੋਂ ਆਪਣੀਆਂ ਮਨ-ਇੱਛਤ ਗੱਲਾਂ ਮੰਨਵਾਉਣ ਲਈ ਕੇਂਦਰ ਸਾਹਮਣੇ ਸੰਘਵਾਦ ਦਾ ਝੰਡਾ ਝੁਲਾਇਆ ਜਾਂਦਾ ਹੈ। ਜਿਵੇਂ ਇਹ ਕੋਈ ਸਰਬਪ੍ਰਵਾਨਤ ਸੰਵਿਧਾਨ ਹੀ ਬਣ ਗਿਆ ਹੈ ਕਿ ਵੱਖਰੇ-ਵੱਖਰੇ ਰਾਜਾਂ ਲਈ ਵੱਖਰੇ-ਵੱਖਰੇ ਕਾਨੂੰਨ ਬਣਾਏ ਜਾਣੇ ਹਨ ਅਤੇ ਇਹ ਵੀ, ਕਿ ਹਰ ਰਾਜ ਨੂੰ ਖੁੱਲ੍ਹ ਹੈ ਕਿ ਉਹ ਆਪਣੀ ਮਰਜ਼ੀ ਮੁਤਾਬਿਕ ਫ਼ੈਸਲਾ ਕਰੇ ਕਿ ਉਸ ਨੇ ਭ੍ਰਿਸ਼ਟਾਚਾਰ ਨਾਲ ਕਿਵੇਂ ਨਜਿੱਠਣਾ ਹੈ। ਟੈਲੀਵਿਜ਼ਨ ਚੈਨਲਾਂ 'ਤੇ ਜਿਥੇ ਸੀ.ਬੀ.ਆਈ. ਦੀ ਸੁਤੰਤਰਤਾ ਬਾਰੇ ਬਹੁਤ ਕੁਝ ਕਿਹਾ ਜਾ ਚੁੱਕਾ ਹੈ, ਉਥੇ ਨਵੇਂ ਲੋਕਪਾਲ ਕਾਨੂੰਨ ਵਿਚ ਪ੍ਰਭਾਵਸ਼ਾਲੀ ਲੋਕ ਆਯੁਕਤਾਂ ਦੀ ਤਕਰੀਬਨ ਅਣਹੋਂਦ ਬਾਰੇ ਚੈਨਲਾਂ 'ਤੇ ਕੋਈ ਬਹਿਸ ਨਹੀਂ ਹੋਈ।

ਅਸਲ ਵਿਚ ਭਾਜਪਾ ਸਮੇਤ ਕੁਝ ਪਾਰਟੀਆਂ ਵੱਲੋਂ ਅਪਣਾਇਆ ਜਾ ਰਿਹਾ ਦੋਹਰਾ ਮਿਆਰ ਦਸੰਬਰ 2011 ਵਿਚ ਹੀ ਜ਼ਾਹਰ ਹੋ ਗਿਆ ਸੀ। ਵਿਰੋਧੀ ਧਿਰ ਦੀ ਆਗੂ ਸੁਸ਼ਮਾ ਸਵਰਾਜ ਨੇ ਬਿੱਲ ਦੀ ਇਹ ਕਹਿ ਕੇ ਆਲੋਚਨਾ ਕੀਤੀ ਸੀ ਕਿ ਇਸ ਤਹਿਤ ਪ੍ਰਧਾਨ ਮੰਤਰੀ ਖਿਲਾਫ਼ ਜਾਂਚ ਫਿਰ ਹੀ ਸ਼ੁਰੂ ਹੋ ਸਕਦੀ ਹੈ ਜੇ ਲੋਕਪਾਲ ਦੇ ਮੁਕੰਮਲ ਬੈਂਚ ਦੀ ਦੋ-ਤਿਹਾਈ ਬਹੁਮਤ ਜਾਂਚ ਨੂੰ ਪ੍ਰਵਾਨਗੀ ਦੇਵੇ, ਪਰ ਇਸ ਦੇ ਨਾਲ ਹੀ ਭਾਜਪਾ ਦੀ ਉਤਰਾਖੰਡ ਸਰਕਾਰ ਵੱਲੋਂ ਪਾਸ ਕੀਤੇ ਗਏ ਲੋਕ ਆਯੁਕਤ ਬਿੱਲ ਦੀ ਭਾਜਪਾ ਵੱਲੋਂ ਸ਼ਲਾਘਾ ਕੀਤੀ ਗਈ ਜਿਸ ਤਹਿਤ ਇਹ ਜ਼ਰੂਰੀ ਸੀ ਕਿ ਮੁੱਖ ਮੰਤਰੀ ਖਿਲਾਫ਼ ਜਾਂਚ ਫਿਰ ਹੀ ਹੋ ਸਕੇਗੀ, ਜੇ ਬੈਂਚ ਦੇ ਸਾਰੇ ਮੈਂਬਰ ਇਸ ਦੀ ਪ੍ਰਵਾਨਗੀ ਦੇਣਗੇ। ਉਸ ਬਿੱਲ ਨੂੰ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠਲੀ ਜਨ-ਲੋਕਪਾਲ ਬਿੱਲ ਲਾਬੀ ਦਾ ਪੂਰਾ ਸਮਰਥਨ ਹਾਸਲ ਸੀ।

# ਡਾ. ਦੀਵਾਨ ਸਿੰਘ ਕਾਲੇ ਪਾਣੀ ਮਿਊਜ਼ੀਅਮ ਦੀ ਮਹੱਤਤਾ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਹੋਰ ਦੋ ਹਫਤੇ ਤੱਕ ਪੰਜਾਬੀ ਦੇ ਸਿਰਮੌਰ ਕਵੀ ਤੇ ਜਨਤਾ ਦੇ ਹਮਦਰਦ ਡਾ. ਦੀਵਾਨ ਸਿੰਘ ਕਾਲੇਪਾਣੀ ਨੂੰ ਇਸ ਦੁਨੀਆਂ ਤੋਂ ਕੂਚ ਕੀਤਿਆਂ 70 ਸਾਲ ਹੋ ਜਾਣੇ ਹਨ। ਉਨ੍ਹਾਂ ਦੀ ਸ਼ਹੀਦੀ ਕਾਲੇ ਪਾਣੀਆਂ ਦੀ ਧਰਤੀ ਉਤੇ 14 ਜਨਵਰੀ 1944 ਨੂੰ ਜਪਾਨੀਆਂ ਵੱਲੋਂ ਦਿੱਤੇ ਤਸੀਹਿਆਂ ਕਾਰਨ ਹੋਈ ਸੀ। ਉਨ੍ਹਾਂ ਦੇ ਜਿਸਮ ਉਤੇ ਜਪਾਨੀਆਂ ਨੇ ਕਿਹੋ ਜਿਹੇ ਅੰਗਿਆਰ ਰਖੇ ਅਤੇ ਉਨ੍ਹਾਂ ਤੋਂ ਆਪਣੀ ਗੱਲ ਮਨਵਾਉਣ ਲਈ ਪੰਜ ਮਹਿਲਾ ਕੈਦੀਆਂ ਨੂੰ ਉਨ੍ਹਾਂ ਕੋਲ ਭੇਜਿਆ, ਇਸ ਦਾ ਪਤਾ ਪਰਿਵਾਰ ਨੂੰ ਸੁਤੰਤਰਤਾ ਪ੍ਰਾਪਤੀ ਤੋਂ ਬਹੁਤ ਪਿੱਛੋਂ ਲਗਿਆ। ਤਸੀਹਿਆਂ ਦਾ ਵੇਰਵਾ ਦੇਣ ਵਾਲਾ ਕਾਲੇ ਪਾਣੀ ਦੀ ਸਜ਼ਾ ਭੁਗਤ ਰਿਹਾ ਮਰਦ ਕੈਦੀ ਸੀ ਅਤੇ ਭਰਮਾਉਣ ਲਈ ਭੇਜੀ ਗਈ ਪੰਜਾਂ ਵਿਚੋਂ ਇਕ ਮਹਿਲਾ ਕੈਦੀ। ਉਹ ਦੋਵੇਂ ਕਾਲੇ ਪਾਣੀ ਤੋਂ ਛੁੱਟਣ ਉਪਰੰਤ ਪਰਿਵਾਰ ਦਾ ਦੁੱਖ ਵੰਡਾਉਣ ਅਤੇ ਆਪਣੇ ਹਮਦਰਦ ਡਾਕਟਰ ਦਾ ਧੰਨਵਾਦ ਕਰਨ ਪਰਿਵਾਰ ਨੂੰ ਮਿਲਣ ਆਏ ਸਨ।

ਡਾ. ਦੀਵਾਨ ਸਿੰਘ ਦੀ ਸ਼ਖਸੀਅਤ ਤੇ ਸ਼ਹਾਦਤ ਦੇ ਇਹ ਵੇਰਵੇ ਉਨ੍ਹਾਂ ਦੇ ਸਪੁੱਤਰ ਹਰਵੰਤ ਸਿੰਘ ਢਿੱਲੋਂ ਨੇ ਪਰਿਵਾਰ ਵਲੋਂ ਉਨ੍ਹਾਂ ਦੀ ਯਾਦ ਨੂੰ ਜੀਵਤ ਰੱਖਣ ਲਈ ਬਣਾਏ ਸ਼ਹੀਦ ਦੀਵਾਨ ਸਿੰਘ ਕਾਲੇਪਾਣੀ ਮਿਊਜ਼ੀਅਮ ਦੇ ਉਦਘਾਟਨ ਸਮੇਂ ਸਰੋਤਿਆਂ ਨਾਲ ਸਾਂਝੇ ਕੀਤੇ। ਢਿੱਲੋਂ ਦੀ ਛੋਟੀ ਭੈਣ ਇੰਦਰਾ ਬੱਲ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਦੇ ਪਿਤਾ ਉਨ੍ਹਾਂ ਦੇ ਬਚਪਨ ਵਿਚ ਆਪਣੇ ਸਾਰੇ ਬੱਚਿਆਂ ਨੂੰ ਸੱਚ ਉਤੇ ਪਹਿਰਾ ਦੇਣ ਦੀ ਨਸੀਹਤ ਸਦਾ ਹੀ ਦਿੰਦੇ ਰਹਿੰਦੇ ਸਨ। ਇਹ ਨਸੀਹਤ ਉਨ੍ਹਾਂ ਦੀ ਕਵਿਤਾ ਵਿਚ ਵੀ ਅੰਕਿਤ ਹੈ ਜਿਹੜੀ ਸਿੱਖ ਗੁਰੂ ਸਾਹਿਬਾਨ ਦੀ ਉਸਤਤ ਦੇ ਨਾਲ ਹੀ ਮਹਾਤਮਾ ਬੁੱਧ ਅਤੇ ਈਸਾ ਦਾ ਗੁਣ ਗਾਇਨ ਵੀ ਬਰਾਬਰ ਦੀ ਸ਼ਰਧਾ ਨਾਲ ਕਰਦੀ ਹੈ। ਉਹ ਕਿਹੋ ਜਿਹੇ ਸੁਭਾਅ ਦੇ ਮਾਲਕ ਸਨ ਉਨ੍ਹਾਂ ਦੀਆਂ ਪੁਸਤਕਾਂ ਦੇ ਨਾਂਵਾਂ ਤੋਂ ਪ੍ਰਤੱਖ ਹੈ-'ਵਗਦੇ ਪਾਣੀ', 'ਮਲਿਆਂ ਦੇ ਬੇਰ', 'ਸਹਿਜ ਸੰਚਾਰ' ਤੇ 'ਅੰਤਿਮ ਲਹਿਰਾਂ' ਤੋਂ।

ਪਰਿਵਾਰ ਵੱਲੋਂ ਚੰਡੀਗੜ੍ਹ ਨੇੜੇ ਸਿੱਸਵਾਂ-ਬੱਦੀ ਸੜਕ ਉਤੇ ਸੁਲਤਾਨਪੁਰ ਨਾਂ ਦੇ ਪਿੰਡ ਦੀ



ਡਾ. ਦੀਵਾਨ ਸਿੰਘ ਕਾਲੇਪਾਣੀ

ਰਮਣੀਕ ਭੂਮੀ ਉਤੇ ਬਣਾਏ ਗਏ ਇਸ ਮਿਊਜ਼ੀਅਮ ਦਾ ਉਦਘਾਟਨ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 23 ਦਸੰਬਰ 2013 ਨੂੰ ਕੀਤਾ। ਇਸ ਮਿਊਜ਼ੀਅਮ ਦੀ ਉਸਾਰੀ ਦਾ ਕਾਰਜ ਪਰਿਵਾਰ ਵੱਲੋਂ ਬਣਾਏ ਢਿੱਲੋਂ ਫਾਰਮ ਦੇ ਚੋਣਵੇਂ ਕੋਨੇ ਵਿਚ ਸੰਨ 1947 ਨੂੰ ਦੀਵਾਨ ਸਿੰਘ ਕਾਲੇਪਾਣੀ ਦੇ ਵੱਡੇ ਸਪੁੱਤਰ ਮਹਿੰਦਰ ਸਿੰਘ ਢਿੱਲੋਂ ਨੇ ਸ਼ੁਰੂ ਕੀਤਾ ਸੀ ਜਿਸ ਨੂੰ ਢਿੱਲੋਂ ਦੀ ਬੇਟੀ ਸੋਨੀਆ ਅਤੇ ਭਤੀਜੇ ਗੁਰਪ੍ਰਤਾਪ ਸਿੰਘ ਢਿੱਲੋਂ ਨੇ ਭਵਨ ਕਲਾ ਦੇ ਮਾਹਰ ਅਮਰ ਬਹਿਲ ਦੀ ਦੇਖ ਰੇਖ ਥੱਲੇ ਸੰਪੂਰਨ ਕੀਤਾ। ਅਮਰ ਬਹਿਲ ਨੇ ਭਾਵਪੂਰਣ ਤਸਵੀਰਾਂ ਰਾਹੀਂ ਇਸ ਨੂੰ ਡਾ. ਦੀਵਾਨ ਸਿੰਘ ਦੇ ਮਨਭਾਉਂਦੇ ਵਿਸ਼ਿਆਂ, ਪੰਜਾਬੀਅਤ, ਧਰਮ, ਰਾਸ਼ਟਰਵਾਦ ਤੇ ਮਾਨਵਤਾ-ਚਾਰ ਭਾਗਾਂ ਵਿਚ ਉਭਾਰਿਆ ਹੈ। ਮੁੱਖ ਮੰਤਰੀ ਨੇ ਇਸ ਯਾਦਗਾਰ ਨੂੰ ਪੰਜਾਬ ਸਰਕਾਰ ਵਲੋਂ ਚਪੜਚਿੜੀ, ਫਤਿਹਗੜ੍ਹ ਸਾਹਿਬ ਤੇ ਅਨੰਦਪੁਰ ਸਾਹਿਬ ਵਿਖੇ ਕ੍ਰਮਵਾਰ ਬਾਬਾ ਬੰਦਾ ਬਹਾਦਰ, ਮੋਤੀ ਰਾਮ ਮਹਿਰਾ ਤੇ ਭਾਈ ਜੈਤੇ ਦੀ ਯਾਦ ਵਿਚ ਬਣਾਈਆਂ ਯਾਦਗਾਰਾਂ ਵਰਗਾ ਗਰਦਾਨਦਿਆਂ ਇਸ ਦੇ ਬਾਕੀ ਰਹਿੰਦੇ ਕੰਮ ਨੂੰ ਸੰਪੂਰਨ ਕਰਨ ਅਤੇ ਇਸ ਤੋਂ ਪਿੱਛੋਂ ਇਸ ਦੀ ਦੇਖ-ਰੇਖ ਸਰਕਾਰ ਵੱਲੋਂ ਜਾਰੀ ਰੱਖਣ ਲਈ ਪੰਜਾਬ ਦੇ ਸਭਿਆਚਾਰਕ ਮੰਤਰਾਲੇ ਦੇ ਸਥਾਈ ਬਜਟ ਦਾ ਹਿੱਸਾ ਬਣਾਏ ਜਾਣ ਦਾ ਵਚਨ ਦਿੱਤਾ। ਮੌਕੇ ਉਤੇ ਹਾਜ਼ਰ ਸਭਿਆਚਾਰਕ ਮਾਮਲਿਆਂ ਦੇ ਮੰਤਰੀ ਸਰਵਣ ਸਿੰਘ ਫਿਲੌਰ ਨੇ ਇਹ ਸੁਝਾਓ ਉਤਸ਼ਾਹ ਨਾਲ ਪ੍ਰਵਾਨ ਕੀਤਾ।

ਇਸ ਮੌਕੇ ਪਰਿਵਾਰ ਦੇ ਅਮਰੀਕਾ ਤੱਕ ਤੋਂ ਆਏ ਪੁਨੀਤ ਸਿੰਘ ਆਦਿ ਮੈਂਬਰ ਹੀ ਨਹੀਂ ਪੰਜਾਬ ਸਰਕਾਰ ਦੇ ਉਚ ਅਧਿਕਾਰੀ ਵੀ ਹਾਜ਼ਰ ਸਨ। ਥੋੜ੍ਹੇ ਤੇ ਭਾਵਪੂਰਤ ਸ਼ਬਦਾਂ ਵਿਚ ਮੰਤਰੀ ਸਰਵਣ ਸਿੰਘ ਫਿਲੌਰ, ਪਦਮਸ਼੍ਰੀ ਸੁਰਜੀਤ ਪਾਤਰ, ਯੂਨੀਵਰਸਿਟੀ ਆਫ ਕੈਲੀਫੋਰਨੀਆ ਸੈਂਟਾ ਬਾਰਬਰਾ ਦੇ ਸਿੱਖ ਇਤਿਹਾਸਕਾਰ ਪ੍ਰੋ. ਗੁਰਿੰਦਰ ਮਾਨ ਨੇ ਆਪੋ ਆਪਣੇ ਢੰਗ ਨਾਲ ਸਮਾਗਮ ਦੇ ਮਹਤਵ ਨੂੰ ਉਜਾਗਰ ਕਰਨ ਵਾਲੇ ਵਿਚਾਰ ਪੇਸ਼ ਕੀਤੇ। ਇਸ ਤੋਂ ਬਿਨਾਂ ਡਲਹੌਜ਼ੀ ਪਬਲਿਕ ਸਕੂਲ ਦੇ ਵਿਦਿਆਰਥੀ ਆਮਿਰ ਖਾਨ ਦਾ ਸੂਫੀਆਨਾ ਕਲਾਮ ਵੀ ਮੌਕੇ ਨਾਲ ਮੇਲ ਖਾਂਦਾ ਸੀ। ਅੰਤ ਵਿਚ ਮੁੱਖ ਮੰਤਰੀ ਅਤੇ ਅਮਰੀਕਾ ਤੱਕ ਤੋਂ ਆਏ ਸਾਕ ਸੰਬੰਧੀਆਂ, ਦੋਸਤਾਂ ਮਿੱਤਰਾਂ ਅਤੇ ਪੜੌਸੀ ਫਾਰਮ ਹਾਊਸਾਂ ਦੇ ਪਰਿਵਾਰਾਂ ਦਾ ਧੰਨਵਾਦ ਕਰਦਿਆਂ ਡਲਹੌਜ਼ੀ ਪਬਲਿਕ ਸਕੂਲ ਦੇ ਡਾਇਰੈਕਟਰ ਡਾ. (ਕੈਪਟਨ) ਜੀ.ਐਸ. ਢਿੱਲੋਂ ਨੇ ਫੈਜ਼ ਅਹਿਮਦ ਫੈਜ਼ ਦੇ ਹੇਠ ਲਿਖੇ ਸ਼ਿਅਰ ਦਾ



ਸ਼੍ਰੀਮਤੀ ਇੰਦਰ ਕੌਰ ਅਤੇ ਡਾ. ਦੀਵਾਨ ਸਿੰਘ ਕਾਲੇਪਾਣੀ

ਹਵਾਲਾ ਦੇ ਕੇ ਅਜਿਹਾ ਮਾਹੌਲ ਪੈਦਾ ਕੀਤਾ ਕਿ ਮੁੱਖ ਮੰਤਰੀ ਬਾਦਲ ਦੇ ਮੁੱਖ ਤੋਂ ਸੁਭਾਵਕ ਹੀ ਇਹ ਸ਼ਬਦ ਨਿਕਲ ਗਏ ਕਿ ਉਨ੍ਹਾਂ ਦਾ ਇਸ ਮਹੱਤਵਪੂਰਨ ਸਥਾਨ ਤੋਂ ਜਾਣ ਨੂੰ ਜੀਅ ਹੀ ਨਹੀਂ ਕਰ ਰਿਹਾ।

ਜਿਸ ਧੱਜ ਸੇ ਕੋਈ ਮਕਤਲ ਮੇਂ ਗਿਆ
ਵੁਹ ਸ਼ਾਨ ਸਲਾਮਤ ਰਹਿਤੀ ਹੈ।
ਯੇਹ ਜਾਨ ਤੋਂ ਆਨੀ ਜਾਨੀ ਹੈ
ਇਸ ਜਾਨ ਕੀ ਕੋਈ ਬਾਤ ਨਹੀਂ।

ਬਾਦਲ ਸਾਹਿਬ ਦੇ ਸ਼ਬਦਾਂ ਨੇ ਮਿਊਜ਼ੀਅਮ ਦੇ ਮਹੱਤਵ ਤੇ ਪਰਿਵਾਰ ਦੀ ਕਾਰ ਗੁਜ਼ਾਰੀ ਨੂੰ ਏਨਾ ਖੁਸ਼ਗਵਾਰ ਬਣਾ ਦਿੱਤਾ ਕਿ ਚਾਹ ਪੀਂਦੇ ਸਮੇਂ ਡਾ. ਸਾਹਿਬ ਦੀ ਧਰਮ ਪਤਨੀ ਇੰਦਰ ਕੌਰ ਵੱਲੋਂ ਕਵੀ ਕੁਟੀਆ ਕਲਕੱਤਾ ਦੇ ਸੰਚਾਲਨ ਸਮੇਂ ਦੇ ਡਾ. ਸਾਹਿਬ ਦੇ ਸਾਥੀ ਨਿਰੰਜਣ ਸਿੰਘ ਤਾਲਿਬ ਦੀ ਹੱਲਾਸ਼ੇਰੀ ਤੇ ਸਹਾਇਤਾ ਨਾਲ ਸਾਰੀ ਔਲਾਦ ਨੂੰ ਉਚੀ ਤੇ ਗੌਰਵਮਈ ਵਿਦਿਆ ਦੇਣ ਨੂੰ ਖਾਸ ਤੌਰ 'ਤੇ ਚੇਤੇ ਕੀਤਾ ਗਿਆ ਜਿਸ ਦਾ ਇਕ ਸਬੂਤ ਇਸ ਮਿਊਜ਼ੀਅਮ ਦਾ ਹੋਂਦ ਵਿਚ ਆਉਣਾ ਹੈ।

**ਅੰਤਿਕਾ:** (ਸੁਰਜੀਤ ਪਾਤਰ)

ਜਦੋਂ ਤੱਕ ਲਫਜ਼ ਜਿਊਂਦੇ ਨੇ
ਸੁਖਨਵਰ ਜਿਊਣ ਮਰ ਕੇ ਵੀ।
ਉਹ ਕੇਵਲ ਜਿਸਮ ਹੁੰਦੇ ਨੇ
ਜੋ ਸਿਵਿਆਂ ਦੀ ਸਵਾਹ ਬਣਦੇ।
ਜੋ ਲੋਅ ਮੱਥੇ 'ਚੋਂ ਫੁੱਟਦੀ ਹੈ
ਉਹ ਅਸਲੀ ਤਾਜ ਹੁੰਦੀ ਹੈ।
ਤਵੀ ਦੇ ਤਖਤ 'ਤੇ ਬਹਿ ਕੇ ਹੀ
ਸੱਚੇ ਪਾਤਸ਼ਾਹ ਬਣਦੇ।

---

ਸਰਵਜੀਤ ਸਿੰਘ ਸੈਕਰਾਮੈਂਟੋ

# 23 ਪੋਹ ਬਨਾਮ ਪੋਹ ਸੁਦੀ 7

ਸਿੱਖ ਮਾਨਸਿਕਤਾ 'ਚ ਘਰ ਕਰ ਚੁੱਕੀਆਂ ਇਹ ਦੋਵੇਂ ਤਾਰੀਖ਼ਾਂ ਭਾਵੇਂ ਅੱਜ ਤੋਂ 348 ਸਾਲ ਪਹਿਲਾਂ ਇਕੋ ਦਿਨ ਹੀ ਆਈਆਂ ਸਨ ਪਰ ਹਰ ਸਾਲ ਅਜਿਹਾ ਨਹੀਂ ਹੁੰਦਾ। ਇਨ੍ਹਾਂ ਵਿਚੋਂ ਇਕ ਤਾਰੀਖ 23 ਪੋਹ, ਸੂਰਜੀ ਬਿਕਰਮੀ (Solar) ਕੈਲੰਡਰ ਦੀ ਹੈ ਅਤੇ ਦੂਜੀ ਪੋਹ ਸੁਦੀ 7, ਚੰਦਰ ਸੂਰਜੀ (Lunisolar) ਬਿਕਰਮੀ ਕੈਲੰਡਰ ਦੀ ਹੈ। ਅੱਜ ਇਨ੍ਹਾਂ ਦੋ ਤਾਰੀਖਾਂ 'ਚੋਂ ਇਕ ਤਾਰੀਖ ਦੀ ਚੋਣ ਕਰਨੀ ਸਾਡੇ ਲਈ ਸਭ ਤੋਂ ਵੱਡੀ ਸਮੱਸਿਆ ਬਣ ਗਈ ਹੈ। ਇਹ ਸਮੱਸਿਆ ਕਿਸੇ ਬਿਗਾਨੇ ਨੇ ਨਹੀਂ ਸਗੋਂ ਸਾਡੇ ਆਪਣੇ ਧਾਰਮਿਕ ਮੁਖੀਆਂ ਨੇ ਹੀ ਖੜ੍ਹੀ ਕੀਤੀ ਹੈ।

ਕੈਲੰਡਰ ਵਿਗਿਆਨ ਦਾ ਅਰੰਭ ਵੀ, ਇਸ ਧਰਤੀ ਤੇ ਇਨਸਾਨ ਦੇ ਹੋਸ਼ ਸੰਭਾਲਣ ਨਾਲ ਹੀ ਹੋ ਗਿਆ ਸੀ। ਸਭ ਤੋਂ ਪਹਿਲਾਂ ਦਿਨ ਦੇ ਚਾਨਣ ਅਤੇ ਰਾਤ ਦੇ ਅੰਧੇਰੇ ਦਾ ਹੀ ਪਤਾ ਸੀ। ਖਿਆਲ ਕਰੋ ਕਿ ਜਦੋਂ ਕਿਸੇ ਸਿਆਣੇ ਨੇ ਚੰਦ ਦੇ ਮੱਸਿਆ ਤੋਂ ਪੁੰਨਿਆ ਤੱਕ ਚਾਨਣੇ ਪੱਖ (ਸੁਦੀ ਪੱਖ) ਅਤੇ ਪੁੰਨਿਆ ਤੋਂ ਮੱਸਿਆ ਦੇ ਹਨੇਰੇ ਪੱਖ (ਵਦੀ ਪੱਖ) ਦੀ ਗਿਣਤੀ ਕਰਕੇ ਕੈਲੰਡਰ ਦਾ ਮੁੱਢ ਬੰਨਿਆ ਹੋਵੇਗਾ ਤਾਂ ਇਨਸਾਨ ਦੇ ਜੀਵਨ ਵਿਚ ਕਿੰਨੀ ਇਨਕਲਾਬੀ ਤਬਦੀਲੀ ਆਈ ਹੋਏਗੀ। ਇਸ ਵਿਚ ਕੋਈ ਸ਼ੱਕ ਨਹੀ ਕਿ ਸਭ ਤੋਂ ਪਹਿਲਾ ਚੰਦ ਅਧਾਰਤ ਕੈਲੰਡਰ ਹੀ ਹੋਂਦ ਵਿਚ ਆਇਆ ਸੀ। ਜਿਉਂ-ਜਿਉਂ ਮਨੁੱਖ ਨੇ ਤਰੱਕੀ ਕੀਤੀ ਅਤੇ ਮੌਸਮਾਂ ਸਬੰਧੀ ਜਾਣਕਾਰੀ ਵਿਚ ਵਾਧਾ ਹੋਇਆ, ਸੂਰਜੀ ਕੈਲੰਡਰ ਹੋਂਦ ਵਿਚ ਆ ਗਏ। ਅੱਜ ਵੀ ਚੰਦ ਆਧਾਰਤ ਕੈਲੰਡਰ ਦਾ ਸ਼ੁੱਧ ਰੂਪ ਹਿਜਰੀ ਕੈਲੰਡਰ, ਇਸਲਾਮ ਧਰਮ ਵਿਚ ਪ੍ਰਚਲਿਤ ਹੈ। ਹਿੰਦੂ ਧਰਮ ਵਿਚ ਚੰਦਰ ਸੂਰਜੀ ਬਿਕਰਮੀ ਕੈਲੰਡਰ ਪ੍ਰਚਲਿਤ ਹੈ ਅਤੇ ਸਿੱਖ ਧਰਮ ਚੰਦਰ ਸੂਰਜੀ ਬਿਕਰਮੀ, ਸੂਰਜੀ ਬਿਕਰਮੀ ਅਤੇ ਸੀ: ਈ: ਕੈਲੰਡਰ ਪ੍ਰਚਲਿਤ ਹੈ। ਭਾਵੇਂ ਇਹ ਕੋਈ ਧਾਰਮਿਕ ਵਿਸ਼ਾ ਨਹੀ ਹੈ ਫਿਰ ਵੀ ਇਸ ਦਾ ਧਰਮ ਨਾਲ ਗੂੜਾ ਸਬੰਧ ਹੈ। ਕੈਲੰਡਰ ਦਾ ਮੁੱਖ ਮੰਤਵ ਤਾਂ ਸਮੇਂ ਦੀ ਗਿਣਤੀ-ਮਿਣਤੀ ਦੇ ਨਾਲ-ਨਾਲ ਕੌਮ ਲਈ ਮਹੱਤਵਪੂਰਨ ਦਿਹਾੜਿਆਂ ਦੀ ਸਹੀ ਨਿਸ਼ਾਨਦੇਹੀ ਕਰਨਾ ਹੁੰਦਾ ਹੈ।

ਧਰਤੀ ਆਪਣੇ ਧੁਰੇ ਦੁਆਲੇ ਹੈ ਇਸ ਦਾ ਇਕ ਚੱਕਰ 24 ਘੰਟੇ ਵਿਚ ਪੂਰਾ ਹੁੰਦਾ ਹੈ। ਕੈਲੰਡਰ 'ਚ ਇਸ ਨੂੰ ਇਕ ਦਿਨ ਗਿਣਿਆ ਜਾਂਦਾ ਹੈ। ਧਰਤੀ ਸੂਰਜ ਦੇ ਦੁਵਾਲੇ ਵੀ ਘੁੰਮਦੀ ਹੈ, ਇਹ ਚੱਕਰ 365 ਦਿਨ, 5 ਘੰਟੇ, 48 ਮਿੰਟ ਅਤੇ 45 ਸੈਕਿੰਡ ਵਿਚ ਪੂਰਾ ਹੁੰਦਾ ਹੈ। ਇਸ ਨੂੰ ਮੌਸਮੀ/ਰੁੱਤੀਸਾਲ (Tropical Year) ਸਾਲ ਕਿਹਾ ਜਾਂਦਾ ਹੈ। ਚੰਦ ਧਰਤੀ ਦੇ ਦੁਵਾਲੇ ਘੁੰਮਦਾ ਹੈ। ਇਹ ਚੱਕਰ 354 ਦਿਨ, 8 ਘੰਟੇ, 52 ਮਿੰਟ ਅਤੇ 48 ਸੈਕਿੰਡ ਵਿਚ ਪੂਰਾ ਹੁੰਦਾ ਹੈ। ਭਾਵ ਚੰਦ ਦਾ ਇਕ ਸਾਲ ਮੌਸਮੀ ਸਾਲ ਤੋਂ ਲਗਭਗ 11 ਦਿਨ ਛੋਟਾ ਹੁੰਦਾ ਹੈ। ਹੁਣ ਜੇ ਹਿਜਰੀ ਕੈਲੰਡਰ ਵਾਂਗੂ ਹੀ ਸਾਰੇ ਦਿਹਾੜੇ ਮਨਾਏ ਜਾਣ ਤਾਂ ਹਰ ਸਾਲ ਉਹ ਦਿਹਾੜਾ ਪਹਿਲੇ ਸਾਲ ਨਾਲੋਂ 11 ਦਿਨ ਪਹਿਲਾਂ ਆ ਜਾਵੇਗਾ ਅਤੇ 33 ਸਾਲ ਪਿਛੋਂ ਮੁੜ ਉਸੇ ਤਾਰੀਖ ਦੇ ਨੇੜੇ-ਤੇੜੇ ਆ ਜਾਵੇਗਾ। (ਸੂਰਜ ਦੇ 33 ਸਾਲ=ਚੰਦ ਦੇ 34 ਸਾਲ) ਜਿਵੇਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਪੋਹ ਸੁਦੀ 7, 2013 ਸੀ: ਈ: ਵਿਚ 6 ਮਾਘ/18ਜਨਵਰੀ ਨੂੰ ਸੀ ਅਤੇ ਇਸ ਸਾਲ ਇਹ ਦਿਹਾੜਾ, ਇਸ ਤੋਂ11 ਦਿਨ ਪਹਿਲਾਂ ਭਾਵ 24 ਪੋਹ/7 ਜਨਵਰੀ ਨੂੰ ਆਵੇਗਾ। ਇਸ ਤੋਂ ਅਗਲਾ ਗੁਰਪੁਰਬ 13 ਪੋਹ/28 ਦਸੰਬਰ 2014 ਨੂੰ ਆਵੇਗਾ। ਭਾਵ ਇਕ ਸਾਲ 'ਚ ਦੋ ਵਾਰ ਗੁਰਪੁਰਬ ਮਨਾਇਆ ਜਾਵੇਗਾ। ਇਸ ਹਿਸਾਬ ਨਾਲ ਤਾਂ ਇਸ ਤੋਂ ਅਗਲਾ ਗੁਰਪੁਰਬ 3 ਪੋਹ/17 ਦਸੰਬਰ 2015 ਨੂੰ ਆਉਣਾ ਚਾਹੀਦਾ ਹੈ ਪਰ ਨਹੀਂ! ਹੁਣ, ਗੁਰੂ ਜੀ ਦਾ ਪ੍ਰਕਾਸ਼ ਦਿਹਾੜਾ 3 ਮਾਘ/16 ਜਨਵਰੀ 2016 ਨੂੰ ਮਨਾਇਆ ਜਾਵੇਗਾ। ਅਜਿਹਾ ਕਿਉਂ?

ਚੰਦ ਦਾ ਸਾਲ, ਸੂਰਜੀ ਸਾਲ ਨਾਲੋਂ ਇਕ ਸਾਲ 'ਚ 11 ਦਿਨ, ਦੋ ਸਾਲ 'ਚ 22 ਦਿਨ ਪਿਛੇ ਰਹਿ ਗਿਆ ਹੈ। ਹੁਣ ਇਸ ਨੂੰ ਸੂਰਜੀ ਸਾਲ ਦੇ ਨੇੜੇ-ਤੇੜੇ ਰੱਖਣ ਲਈ ਇਸ ਵਿਚ ਇਕ ਹੋਰ ਮਹੀਨਾ ਜੋੜ ਦਿੱਤਾ ਜਾਵੇਗਾ, 2015 ਵਿਚ ਚੰਦ ਦੇ ਸਾਲ ਦੇ 13 ਮਹੀਨੇ ਅਤੇ 384 ਦਿਨ ਹੋਣਗੇ। 19 ਸਾਲਾਂ ਵਿਚ ਚੰਦ ਦੇ 7 ਸਾਲ, 13 ਮਹੀਨਿਆਂ ਦੇ ਹੁੰਦੇ ਹਨ। 2015 ਵਿਚ ਚੰਦ ਦੇ ਸਾਲ 'ਚ 13 ਮਹੀਨੇ ਹੋਣ ਕਾਰਨ ਜਿਹੜਾ ਦਿਹਾੜਾ 3 ਪੋਹ/17 ਦਸੰਬਰ 2015 ਨੂੰ ਆਉਣਾ ਚਾਹੀਦਾ ਸੀ ਹੁਣ ਉਹ 2016 ਵਿਚ 3 ਮਾਘ/16 ਜਨਵਰੀ ਨੂੰ ਆਵੇਗਾ। 2015 ਸੀ. ਈ. ਵਿਚ ਇਹ ਦਿਹਾੜਾ ਨਹੀ ਆਵੇਗਾ। ਹੁਣ ਫੇਰ ਚੰਦ ਦੇ ਸਾਲ ਲੰਬਾਈ ਮੁਤਾਬਕ ਗੁਰਪੁਰਬ 11 ਦਿਨ ਪਹਿਲਾਂ 22 ਪੋਹ/5 ਜਨਵਰੀ 2017 ਨੂੰ ਆਵੇਗਾ ਅਤੇ ਉਸ ਤੋਂ ਅਗਲਾ 11 ਪੋਹ/25 ਦਸੰਬਰ 2017 ਨੂੰ। ਇਹ ਹੈ ਚੰਦਰ ਸੂਰਜੀ ਬਿਕਰਮੀ ਕੈਲੰਡਰ ਦਾ ਕਮਾਲ।

ਜਿਸ ਦਿਨ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ ਸੀ ਉਸ ਦਿਨ ਚੰਦਰ ਸੂਰਜੀ ਬਿਕਰਮੀ ਕੈਲੰਡਰ ਦੀ ਪੋਹ ਸੁਦੀ 7 ਦੇ ਨਾਲ-ਨਾਲ ਸੂਰਜੀ ਬਿਕਰਮੀ ਕੈਲੰਡਰ ਦੀ 23 ਪੋਹ ਵੀ ਸੀ। ਸਾਲ ਦੇ ਦਿਨਾਂ 'ਚ 11 ਦਿਨਾਂ ਦਾ ਅੰਤਰ ਹੋਣ ਕਾਰਨ, ਹਰ ਸਾਲ ਇਹ ਦੋਵੇਂ ਤਾਰੀਖਾਂ




ਇਕੱਠੀਆਂ ਨਹੀਂ ਆ ਸਕਦੀਆਂ। 1666 ਤੋਂ ਪਿਛੋਂ 1685 ਵਿਚ ਇਹ ਦੋਵੇਂ ਤਾਰੀਖਾਂ ਇਕੱਠੀਆਂ ਆਈਆਂ ਸਨ। ਪਿਛਲੀ ਸਦੀ ਵਿਚ ਸਿਰਫ 4 ਵਾਰੀ (1903, 49, 68, 87) ਇਕੱਠੀਆਂ ਆਈਆਂ ਸਨ। ਅਸੀਂ ਗੁਰੂ ਜੀ ਦਾ ਪ੍ਰਕਾਸ਼ ਦਿਹਾੜਾ ਮਨਾਉਣ ਲਈ ਇਨ੍ਹਾਂ ਦੋਵਾਂ ਤਾਰੀਖਾਂ ਦੇ ਇਕੱਠੀਆਂ ਆਉਣ ਦਾ ਇੰਤਜ਼ਾਰ ਨਹੀ ਕਰ ਸਕਦੇ। ਸੋ ਸਪੱਸ਼ਟ ਹੈ ਕਿ ਸਾਨੂੰ ਦੋਵਾਂ 'ਚੋਂ ਇਕ ਤਾਰੀਖ ਦੀ ਚੋਣ ਹੀ ਕਰਨੀ ਪਵੇਗੀ।

ਹੁਣ ਸਵਾਲ ਹੈ ਕਿ ਜੇ ਅਸੀਂ ਇਹ ਦਿਹਾੜਾ ਪੋਹ ਸੁਦੀ 7 ਦੀ ਬਜਾਏ 23 ਪੋਹ ਨੂੰ ਮਨਾਉਂਦੇ ਹਾਂ ਤਾਂ ਸਾਡਾ ਕੀ ਨੁਕਸਾਨ ਹੁੰਦਾ ਹੈ? ਨਹੀਂ! ਇਸ ਨਾਲ ਸਾਡਾ ਕੋਈ ਨੁਕਸਾਨ ਨਹੀਂ ਹੁੰਦਾ। ਇਸ ਨਾਲ ਤਾਂ ਸਾਨੂੰ ਲਾਭ ਹੀ ਲਾਭ ਹੈ। ਅਸੀਂ ਵਦੀ-ਸੁਦੀ ਦੇ ਮੱਕੜ ਜਾਲ 'ਚ ਨਿਕਲ ਜਾਂਦੇ ਹਾਂ। ਨਾਨਕਸ਼ਾਹੀ ਕੈਲੰਡਰ ਮੁਤਾਬਕ, ਗੁਰੂ ਜੀ ਦਾ ਪ੍ਰਕਾਸ਼ ਦਿਹਾੜਾ ਹਰ ਸਾਲ 23 ਪੋਹ/5 ਜਨਵਰੀ ਨੂੰ ਹੀ ਮਨਾਇਆ ਜਾਵੇਗਾ। ਸਾਡਾ ਇਹ ਲਾਭ ਸ਼ਾਇਦ ਕਿਸੇ ਹੋਰ (?) ਲਈ ਨੁਕਸਾਨਦਾਇਕ ਹੋ ਸਕਦਾ ਹੋਵੇ। ਹੈਰਾਨੀ ਦੀ ਗੱਲ ਹੈ ਕਿ ਸਾਡੇ ਧਾਰਮਿਕ ਮੁਖੀਆਂ ਨੂੰ ਸਾਡੇ ਲਾਭ ਨਾਲੋਂ ਕਿਸੇ ਹੋਰ (?) ਦੇ ਹੋਣ ਵਾਲੇ ਸੰਭਾਵੀ ਨੁਕਸਾਨ ਦਾ ਜਿਆਦਾ ਫਿਕਰ ਹੈ।

ਹੁਣ ਜਦੋਂ ਅਸੀਂ ਇਹ ਦਿਹਾੜਾ ਪੋਹ ਸੁਦੀ 7 ਦੀ ਬਜਾਏ 23 ਪੋਹ ਨੂੰ ਮਨਾਉਂਦੇ ਹਾਂ ਤਾਂ ਇਹ ਦਿਨ ਹਰ ਸਾਲ ਤਕਰੀਬਨ ਇਕ ਹੀ ਤਾਰੀਖ ਨੂੰ ਆਉਂਦਾ ਹੈ। 1666 ਤੋਂ 1751 ਤਾਂਈ 23 ਪੋਹ ਜਿਆਦਾ ਸਾਲ 22 ਦਸੰਬਰ (ਯੂਲੀਅਨ) ਨੂੰ ਹੀ ਆਉਂਦਾ ਰਿਹਾ ਹੈ ਪਰ ਬਿਕਰਮੀ ਸਾਲ ਦੀ ਲੰਬਾਈ ਦੇ ਫਰਕ ਕਾਰਨ ਕਦੇ-ਕਦੇ 21 ਜਾਂ 23 ਦਸੰਬਰ ਨੂੰ ਵੀ ਆਇਆ ਸੀ। 1752 ਵਿਚ ਇੰਗਲੈਂਡ ਵੱਲੋਂ ਗਰੈਗੋਰੀਅਨ ਕੈਲੰਡਰ ਨੂੰ ਮਾਨਤਾ ਦੇਣ ਕਾਰਨ 23 ਪੋਹ 2 ਜਨਵਰੀ ਦਿਨ ਮੰਗਲਵਾਰ ਨੂੰ ਸੀ। ਹੁਣ ਇਥੇ ਇਕ ਹੋਰ ਸਮੱਸਿਆ ਆ ਜਾਂਦੀ ਹੈ। ਉਹ ਹੈ, ਸੂਰਜੀ ਬਿਕਰਮੀ ਕੈਲੰਡਰ ਅਤੇ ਮੌਸਮੀ ਕੈਲੰਡਰ ਦੀ ਲੰਬਾਈ ਵਿਚ ਅੰਤਰ। 1964 ਤੋਂ ਪਹਿਲਾਂ ਸਾਰੇ ਭਾਰਤ ਵਿਚ ਸੂਰਜੀ ਸਿਧਾਂਤ 'ਤੇ ਆਧਾਰਤ ਬਿਕਰਮੀ ਕੈਲੰਡਰ ਲਾਗੂ ਸੀ ਜਿਸ ਦੀ ਲੰਬਾਈ 365.2587 ਦਿਨ ਹੈ। ਮੌਸਮੀ ਸਾਲ ਤੋਂ ਇਸ ਦੀ ਲੰਬਾਈ ਲਗਭਗ 24 ਮਿੰਟ ਵੱਧ ਹੋਣ ਕਾਰਨ ਇਸ 'ਚ ਮੌਸਮੀ ਸਾਲ ਨਾਲ 60 ਸਾਲ ਵਿਚ ਇਕ ਦਿਨ ਦਾ ਫਰਕ ਪੈ ਜਾਂਦਾ ਸੀ। 1964 ਵਿਚ ਵਿਦਵਾਨਾਂ ਵੱਲੋਂ ਇਸ 'ਚ ਸੋਧ ਕਰਨ ਉਪਰੰਤ ਦ੍ਰਿਗਗਿਣਤ ਸਿਧਾਂਤ ਹੋਂਦ ਵਿਚ ਆਇਆ ਜਿਸ ਮੁਤਾਬਕ ਸਾਲ ਦੀ ਲੰਬਾਈ 365.2563 ਦਿਨ ਹੈ। ਦ੍ਰਿਗਗਿਣਤ ਸਿਧਾਂਤ ਮੁਤਾਬਕ ਸਾਲ ਦੀ ਲੰਬਾਈ ਲਗਭਗ 20 ਮਿੰਟ ਵੱਧ ਹੋਣ ਕਾਰਨ, ਹੁਣ ਇਹ 72 ਸਾਲਾਂ ਪਿਛੋਂ ਇਕ ਦਿਨ ਦਾ ਫਰਕ ਪਵੇਗਾ।

ਇਥੋਂ ਸ਼ੁਰੂ ਹੁੰਦੀ ਹੈ ਨਾਨਕਸ਼ਾਹੀ ਕੈਲੰਡਰ ਦੀ ਕਹਾਣੀ। ਜਦੋਂ ਵਿਦਵਾਨਾਂ ਨੇ ਇਹ ਸੋਚਿਆ ਕਿ ਇਹ ਫਰਕ ਤਾਂ ਵੱਧਦਾ ਹੀ ਰਹੇਗਾ ਤੇ ਸਾਡੇ ਧਾਰਮਿਕ ਦਿਹਾੜਿਆਂ ਦਾ ਸਬੰਧ ਮੌਸਮਾਂ ਨਾਲੋਂ ਟੁੱਟ ਜਾਵੇਗਾ ਤਾਂ ਕਿਉਂ ਨਾ ਆਪਣੇ ਕੈਲੰਡਰ ਨੂੰ ਮੌਸਮੀ ਕੈਲੰਡਰ ਦੇ ਮੁਤਾਬਿਕ ਕੀਤਾ ਜਾਵੇ? ਕੈਨੇਡਾ ਵਾਸੀ ਸ. ਪਾਲ ਸਿੰਘ ਪੁਰੇਵਾਲ ਵੱਲੋਂ ਬਣਾਏ ਗਏ ਕੈਲੰਡਰ 'ਤੇ ਵਿਦਵਾਨਾਂ ਵੱਲੋਂ ਇਕ ਦਹਾਕੇ ਤੋਂ ਵੀ ਵੱਧ ਸੋਚ ਵਿਚਾਰ ਕਰਨ ਉਪਰੰਤ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਵਾਨ ਕੀਤਾ ਗਿਆ ਨਾਨਕਸ਼ਾਹੀ ਕੈਲੰਡਰ 2003 ਵਿਚ ਅਕਾਲ ਤਖਤ ਸਾਹਿਬ ਤੋਂ ਜਾਰੀ ਕਰ ਦਿੱਤਾ ਗਿਆ ਸੀ। 2010 ਵਿਚ ਸ਼੍ਰੋਮਣੀ ਕਮੇਟੀ ਨੇ ਸੰਤ ਸਮਾਜ ਦੇ ਕਹਿਣ ਤੇ ਸੋਧਾਂ ਦੇ ਨਾਮ ਹੇਠ ਨਾਨਕਸ਼ਾਹੀ ਕੈਲੰਡਰ ਦਾ ਹੁਲੀਆ ਵਿਗਾੜ ਦਿੱਤਾ। 12 ਦਸੰਬਰ 2013 ਨੂੰ ਖ਼ਬਰ ਆਈ ਕਿ ਸੰਤ ਸਮਾਜ ਨੇ ਮੁੜ ਚੰਦਰ ਸੂਰਜੀ ਬਿਕਰਮੀ ਕੈਲੰਡਰ ਨੂੰ ਹੀ ਲਾਗੂ ਕਰਨ ਲਈ ਅਕਾਲ ਤਖਤ ਸਾਹਿਬ ਦੇ ਮੁਖ ਸੇਵਾਦਾਰ ਤਾਂਈਂ ਪਹੁੰਚ ਕੀਤੀ ਹੈ। ਖ਼ਬਰਾਂ ਮੁਤਾਬਕ ਗਿਆਨੀ ਗੁਰਬਚਨ ਸਿੰਘ ਨੇ ਸੰਤ ਸਮਾਜ ਦੀ ਮੰਗ 'ਤੇ ਹਮਦਰਦੀ ਨਾਲ ਵਿਚਾਰ ਕਰਨ ਦਾ ਭਰੋਸਾ ਵੀ ਦਿੱਤਾ ਹੈ।

ਅੱਜ ਜੋ ਸੀ ਈ ਕੈਲੰਡਰ ਦੁਨੀਆਂ ਵਿਚ ਲਾਗੂ ਹੈ ਇਸ ਨੂੰ ਗਰੈਗੋਰੀਅਨ ਕੈਲੰਡਰ ਵੀ ਕਿਹਾ ਜਾਂਦਾ ਹੈ, ਇਹ ਯੂਲੀਅਨ ਕੈਲੰਡਰ ਦਾ ਸੋਧਿਆ ਹੋਇਆ ਰੂਪ ਹੈ। ਯੂਲੀਅਨ ਕੈਲੰਡਰ ਵੀ ਸੂਰਜ ਅਧਾਰਤ ਸੀ ਪਰ ਉਸ ਦੀ ਲੰਬਾਈ 365.25 ਦਿਨ ਸੀ ਜੋ ਮੌਸਮੀ ਸਾਲ ਤੋਂ ਸਵਾ ਗਿਆਰਾਂ ਮਿੰਟ ਵੱਧ ਸੀ ਜਿਸ ਕਾਰਨ ਇਸ 'ਚ 128 ਸਾਲ ਵਿਚ 1 ਦਿਨ ਦਾ ਫਰਕ ਆ ਜਾਂਦਾ ਸੀ। ਵਿਦਵਾਨਾਂ ਨੇ ਇਸ ਵਿਚ ਸੋਧ ਕੀਤੀ ਅਤੇ 1582 ਵਿਚ ਗਰੈਗੋਰੀਅਨ ਕੈਲੰਡਰ ਹੋਂਦ ਵਿਚ ਆਇਆ। (ਇੰਗਲੈਂਡ ਨੇ ਗਰੈਗੋਰੀਅਨ ਕੈਲੰਡਰ ਨੂੰ 1752 ਵਿਚ ਮਾਨਤਾ ਦਿੱਤੀ ਸੀ) ਗਰੈਗੋਰੀਅਨ ਕੈਲੰਡਰ ਦੇ ਸਾਲ ਦੀ ਲੰਬਾਈ 365.2425 ਦਿਨ ਹੈ। ਇਹ ਮੌਸਮੀ ਸਾਲ ਦੇ ਬਹੁਤ ਹੀ ਨੇੜੇ ਹੈ। ਹੁਣ ਇਹ ਲਗਭਗ 3300 ਸਾਲ ਪਿਛੋਂ 1 ਦਿਨ ਦਾ ਫਰਕ ਪਾਵੇਗਾ। ਨਾਨਕਸ਼ਾਹੀ ਕੈਲੰਡਰ ਦੀ ਲੰਬਾਈ ਵੀ 365.2425 ਦਿਨ ਹੈ। ਨਾਨਕਸ਼ਾਹੀ ਕੈਲੰਡਰ ਮੁਤਾਬਕ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਦਿਹਾੜਾ 23 ਪੋਹ ਹਰ ਸਾਲ 5 ਜਨਵਰੀ ਨੂੰ ਹੀ ਆਵੇਗੀ। ਹੁਣ ਇਹ ਫੈਸਲਾ ਪੂਰੇ ਵਿਸ਼ਵ 'ਚ ਫੈਲ ਚੁਕੀ ਸਿੱਖ ਕੌਮ ਨੇ ਕਰਨਾ ਹੈ ਕਿ ਕੀ ਸਾਨੂੰ ਮੌਸਮੀ ਕੈਲੰਡਰ 'ਤੇ ਆਧਾਰਤ ਨਾਨਕਸ਼ਾਹੀ ਕੈਲੰਡਰ, ਜਿਸ ਦੀਆਂ ਤਾਰੀਖਾਂ ਸਦਾ ਵਾਸਤੇ ਇਕੋ ਹੀ ਰਹਿਣਗੀਆਂ, ਦੀ ਲੋੜ ਹੈ ਜਾਂ ਚੰਦਰ ਸੂਰਜੀ ਬਿਕਰਮੀ ਕੈਲੰਡਰ ਦੀ, ਜਿਸ ਦੀਆਂ ਤਾਰੀਖਾਂ ਹਰ ਸਾਲ ਬਦਲ ਜਾਂਦੀਆਂ ਹਨ ਅਤੇ ਤਾਰੀਖਾਂ ਦਾ ਪਤਾ ਕਰਨ ਲਈ ਕਿਸੇ (?) ਨੂੰ ਪੁੱਛਣਾ ਹੀ ਪਵੇਗਾ।

# ਦਿੱਲੀ ਦੇ ਨਤੀਜਿਆਂ ਨੇ ਮਿਥੀ ਸਾਡੀ ਰਾਜਨੀਤੀ ਲਈ ਨਵੀਂ ਦਿਸ਼ਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

**ਵਿਰੋਧੀ ਧਿਰ ਦੀ ਜਿਸ ਪਾਰਟੀ ਤੋਂ ਲੋਕਾਂ ਨੂੰ ਆਸ ਹੋਣੀ ਸੀ ਕਿ ਉਹ ਵਿਧਾਨ ਸਭਾ ਵਿਚ ਸਰਕਾਰ ਨੂੰ ਘੇਰ ਕੇ ਕਿਸੇ ਗੱਲ ਲਈ ਕੁਝ ਕਾਰਵਾਈ ਕਰਨ ਨੂੰ ਮਜਬੂਰ ਕਰੇਗੀ, ਉਸ ਦੇ ਤੇਰਾਂ ਲੀਡਰ ਤੇ ਤੇਤੀ ਧੜੇ ਹਨ ਅਤੇ ਸਾਰੇ ਆਪੋ ਵਿਚ ਲੜਨ ਤੋਂ ਹੀ ਵਿਹਲੇ ਨਹੀਂ ਹੁੰਦੇ। ਇਸ ਦਾ ਲਾਭ ਲੈ ਕੇ ਅਕਾਲੀਆਂ ਨੇ ਵਿਧਾਨ ਸਭਾ ਵਿਚ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੂੰ ਧਮਕੜੇ ਪਾਇਆ, ਬਾਕੀ ਚੁੱਪ ਕੀਤੇ ਰਹੇ। ਫਿਰ ਬੀਬੀ ਭੱਠਲ ਦੇ ਵਿਰੁਧ ਚਾਂਦਮਾਰੀ ਕੀਤੀ ਤਾਂ ਦੂਸਰਿਆਂ ਨੇ ਚੁੱਪ ਵੱਟੀ ਰੱਖੀ।**

ਮੁੱਕਦੇ ਅਤੇ ਮੂਹਰੇ ਖੜੇ ਦੋ ਸਾਲਾਂ ਦੇ ਦੋ-ਮੇਲ ਉਤੇ ਖੜੋਤਿਆਂ ਪਿੱਛੇ ਅਤੇ ਅੱਗੇ ਵੱਲ ਝਾਕਣਾ ਆਮ ਆਦਮੀ ਲਈ ਦਿਲਚਸਪੀ ਤੋਂ ਖਾਲੀ ਨਹੀਂ ਹੁੰਦਾ ਤੇ ਖੁਸ਼ੀ-ਗਮੀ ਦੋਵਾਂ ਦਾ ਅਹਿਸਾਸ ਇਕੱਠਾ ਕਰਵਾ ਦੇਂਦਾ ਹੈ। ਕੈਲੰਡਰ ਦੇ ਹਿਸਾਬ ਨਾਲ ਆਪਣੀ ਉਮਰ ਹੰਢਾ ਕੇ ਜਾਂਦਾ ਇਹ ਸਾਲ ਮੋਟੇ ਤੌਰ ਉਤੇ ਖਾਸ ਚੰਗਾ ਨਹੀਂ ਜਾਪਦਾ, ਪਰ ਜੇ ਪਿਛਲੇ ਸਾਲਾਂ ਨੂੰ ਵੇਖਦੇ ਹਾਂ, ਫਿਰ ਇਸ ਨੂੰ ਇੱਕ ਔਸਤਨ ਸਾਲ ਮੰਨ ਕੇ ਤਸੱਲੀ ਕੀਤੀ ਜਾ ਸਕਦੀ ਹੈ।

ਜਦੋਂ ਹਾਲੇ ਇਹ ਸਾਲ ਪਹਿਲੇ ਹਫਤਿਆਂ ਦੇ ਗੇੜ ਵਿਚੋਂ ਨਿਕਲ ਰਿਹਾ ਸੀ, ਉਦੋਂ ਸਾਨੂੰ ਇਸ ਗੱਲ ਨਾਲ ਕੌੜ ਚੜ੍ਹ ਗਈ ਸੀ ਕਿ ਪਾਕਿਸਤਾਨ ਵਾਲੇ ਪਾਸੇ ਤੋਂ ਘੁਸਪੈਠ ਕਰ ਕੇ ਆਏ ਉਸ ਦੇ ਫੌਜੀਆਂ ਨੇ ਸਾਡੇ ਦੋ ਜਵਾਨਾਂ ਦੇ ਸਿਰ ਕਲਮ ਕਰ ਦਿੱਤੇ ਤੇ ਇੱਕ ਦਾ ਸਿਰ ਨਾਲ ਲੈ ਗਏ ਸਨ। ਸਾਰਾ ਦੇਸ਼ ਇਸ ਤੋਂ ਉਬਲ ਖੜੋਤਾ ਸੀ। ਇਸ ਦੇ ਪਿੱਛੋਂ ਵੀ ਇੱਕ ਵਾਰ ਇਹੋ ਜਿਹੀ ਘਟਨਾ ਵਾਪਰੀ ਸੀ, ਜਿਸ ਦਾ ਸਾਰੇ ਭਾਰਤੀ ਲੋਕਾਂ ਨੂੰ ਰੰਜ ਰਿਹਾ। ਜਦੋਂ ਇਹ ਸਾਲ ਅੰਤ ਨੂੰ ਪਹੁੰਚਿਆ, ਹਾਲਾਤ ਕਾਫੀ ਬਦਲ ਗਏ। ਪਾਕਿਸਤਾਨ ਦੀ ਹਕੂਮਤ ਪਹਿਲਾਂ ਵਾਲੀ ਨਾ ਰਹੀ। ਉਸ ਦੇਸ਼ ਵਿਚ ਪਹਿਲੀ ਵਾਰ ਕਿਸੇ ਚੁਣੀ ਹੋਈ ਹਕੂਮਤ ਨੇ ਪੰਜ ਸਾਲ ਪੂਰੇ ਕੀਤੇ ਤੇ ਇੱਕ ਹੋਰ ਚੁਣੀ ਹੋਈ ਹਕੂਮਤ ਨੂੰ ਵਾਗਡੋਰ ਸਾਂਭੀ, ਪਰ ਫੌਜ ਦਾ ਦਖਲ ਕਿਤੇ ਨਹੀਂ ਰੜਕਿਆ। ਫਿਰ ਵੀ ਉਥੋਂ ਦੀ ਨਵੀਂ ਸਰਕਾਰ ਦਾ ਰਾਹ ਸੌਖਾ ਨਹੀਂ ਸੀ। ਉਹ ਹਾਲੇ ਪੱਕੇ ਪੈਰੀਂ ਨਹੀਂ ਸੀ ਹੋਈ ਕਿ ਪਾਕਿਸਤਾਨੀ ਫੌਜ ਦੇ ਕੁਝ ਕਮਾਂਡਰਾਂ ਨੇ ਇਸ ਨੂੰ ਠਿੱਬੀ ਲਾਉਣ ਦਾ ਯਤਨ ਦੇਸ਼ ਅੰਦਰ ਵੀ ਕੀਤਾ ਤੇ ਗਵਾਂਢ ਨਾਲ ਸਬੰਧਾਂ ਵਿਚ ਵੀ। ਚੰਗੀ ਗੱਲ ਇਹ ਰਹੀ ਕਿ ਫੌਜ ਦੇ ਉਦੋਂ ਵਾਲੇ ਮੁਖੀ ਨੂੰ ਸੇਵਾ-ਮੁਕਤ ਕਰਨ ਵਿਚ ਨਵੀਂ ਸਰਕਾਰ ਕਾਮਯਾਬ ਰਹੀ ਤੇ ਨਵੇਂ ਮੁਖੀ ਨੂੰ ਦੋ ਦੇਸ਼ਾਂ ਦੇ ਸਬੰਧਾਂ ਵਿਚ ਸੁਧਾਰ ਦੀ ਇਸ ਸਰਕਾਰ ਦੀ ਸੋਚ ਦੀ ਹਾਮੀ ਭਰਨੀ ਪੈ ਗਈ। ਨਤੀਜੇ ਵਜੋਂ ਚੌਦਾਂ ਸਾਲਾਂ ਪਿੱਛੋਂ ਦੋਵਾਂ ਦੇਸ਼ਾਂ ਦੇ ਫੌਜੀ ਅਪਰੇਸ਼ਨਾਂ ਦੇ ਮੁਖੀਆਂ ਦੀ ਉਹ ਮੀਟਿੰਗ ਹੋ ਗਈ, ਜਿਸ ਦਾ ਦੋਵੇਂ ਪਾਸੇ ਆਮ ਕਰ ਕੇ ਸਵਾਗਤ ਕੀਤਾ ਗਿਆ ਹੈ।

ਇਸੇ ਸਾਲ ਭਾਰਤ ਨੂੰ ਕਈ ਵਾਰੀ ਇਹੋ ਜਿਹੇ ਹਾਲਾਤ ਵਿਚੋਂ ਵੀ ਲੰਘਣਾ ਪਿਆ, ਜਦੋਂ ਕਦੀ ਚੀਨ ਅਤੇ ਕਦੀ ਬੰਗਲਾ ਦੇਸ਼ ਜਾਂ ਸ੍ਰੀਲੰਕਾ ਨਾਲ ਸਬੰਧਾਂ ਵਿਚ ਖਿੱਚੋਤਾਣ ਪੈਦਾ ਹੋ ਗਈ। ਭਾਰਤ ਦਾ ਮੀਡੀਆ ਸਾਰਾ ਨਾ ਸਹੀ, ਇਸ ਦਾ ਇੱਕ ਹਿੱਸਾ ਇਹੋ ਜਿਹੇ ਹਰ ਮੌਕੇ ਨੂੰ ਮਕਾਣਾਂ ਦੇ ਮੌਸਮ ਵਿਚ ਬਦਲਣ ਨੂੰ ਸਾਰਾ ਜ਼ੋਰ ਲਾਈ ਗਿਆ, ਪਰ ਸ਼ੁਕਰ ਦੀ ਗੱਲ ਹੈ ਕਿ ਇਹੋ ਜਿਹੀ ਨੌਬਤ ਆਉਣ ਤੋਂ ਬਚਾਅ ਹੁੰਦਾ ਗਿਆ ਹੈ।

ਜਿਸ ਮਸਲੇ ਨੇ ਅੰਤਰਰਾਸ਼ਟਰੀ ਸਬੰਧਾਂ ਵਿਚ ਭਾਰਤ ਦੇ ਲੋਕਾਂ ਨੂੰ ਬਹੁਤਾ ਜਜ਼ਬਾਤੀ ਕੀਤਾ, ਉਹ ਅਮਰੀਕਾ ਵਿਚ ਭਾਰਤੀ ਡਿਪਲੋਮੇਟ ਦੇਵੀਆਨੀ ਖੋਬਰਾਗੜੇ ਨਾਲ ਦੁਰ-ਵਿਹਾਰ ਦੀ ਘਟਨਾ ਸੀ। ਭਾਰਤ ਦੇ ਕਈ ਦੂਤ ਇਸ ਤੋਂ ਪਹਿਲਾਂ ਵੀ ਦੂਸਰੇ ਦੇਸ਼ਾਂ ਵਿਚ ਜਾ ਕੇ ਇੱਕ ਜਾਂ ਦੂਸਰੇ ਚੱਕਰ ਵਿਚ ਉਲਝਦੇ ਰਹੇ ਸਨ, ਕੁਝ ਦੂਤਾਂ ਉਤੇ ਦੇਵੀਆਨੀ ਵਾਲੇ ਦੋਸ਼ ਵੀ ਲੱਗ ਚੁੱਕੇ ਸਨ, ਪਰ ਕਦੀ ਵੀ ਭਾਰਤੀ ਲੋਕਾਂ ਨੇ ਉਨ੍ਹਾਂ ਦੇ ਪੱਖ ਵਿਚ ਇਸ ਤਰ੍ਹਾਂ ਦੀ ਭਾਵਨਾ ਵਿਖਾਉਣ ਦੀ ਲੋੜ ਨਹੀਂ ਸੀ ਸਮਝੀ। ਇਸ ਵਾਰੀ ਸਥਿਤੀ ਵੱਖਰਾ ਮੋੜ ਲੈ ਗਈ। ਦੇਵੀਆਨੀ ਨੂੰ ਉਸ ਦੀ ਘਰੇਲੂ ਸਹਾਇਕ ਦੇ ਕੇਸ ਵਿਚ ਦੋਸ਼-ਮੁਕਤ ਨਹੀਂ ਕਿਹਾ ਜਾ ਸਕਦਾ, ਮੁੰਬਈ ਵਾਲੇ ਆਦਰਸ਼ ਸੁਸਾਇਟੀ ਘੋਟਾਲੇ ਵਿਚ ਵੀ ਉਸ ਦਾ ਨਾਂ ਬੋਲ ਰਿਹਾ ਹੈ। ਫਿਰ ਵੀ ਉਸ ਦੇ ਸਵਾਲ ਉਤੇ ਭਾਰਤੀ ਲੋਕ ਵਧੇਰੇ ਭਾਵੁਕ ਇਸ ਲਈ ਹੋ ਗਏ ਕਿ ਉਸ ਦੇ ਵਿਰੁਧ ਕਾਰਵਾਈ ਦਾ ਢੰਗ ਕਾਨੂੰਨੀ ਨਾਲੋਂ ਵੱਧ ਕਿਸੇ ਬੰਦੇ ਨੂੰ ਜ਼ਲੀਲ ਕਰਨ ਵਾਲਾ ਜਾਪ ਰਿਹਾ ਸੀ। ਭਾਰਤ ਨੂੰ ਭਵਿੱਖ ਵਿਚ ਸਿਰਫ ਅਮਰੀਕਾ ਨਾਲ ਹੀ ਸੰਤੁਲਤ ਨੀਤੀ ਦੀ ਲੋੜ ਨਹੀਂ, ਆਪਣੇ ਦੂਤਾਂ ਦੀ ਲਗਾਮ ਵੀ ਖਿੱਚ ਕੇ ਰੱਖਣ ਦੀ ਨੀਤੀ ਅਪਨਾਉਣੀ ਚਾਹੀਦੀ ਹੈ, ਤਾਂ ਕਿ ਫਿਰ ਕਦੀ ਇਹੋ ਜਿਹਾ ਕੋਈ ਮੁੱਦਾ ਹੀ ਨਾ ਉਠੇ।

ਭਾਰਤ ਦੇ ਅੰਦਰੂਨੀ ਹਾਲਾਤ ਵਿਚ ਇਸ ਸਾਲ ਜਿਸ ਘਟਨਾ ਨੂੰ ਸਭ ਤੋਂ ਅਹਿਮ ਮੰਨਿਆ ਜਾ ਸਕਦਾ ਸੀ, ਉਹ ਉਤਰਾਖੰਡ ਦੀ ਤ੍ਰਾਸਦੀ ਵੀ ਹੋ ਸਕਦੀ ਸੀ, ਜਿਸ ਵਿਚ ਪੰਜ ਹਜ਼ਾਰ ਤੋਂ ਵੱਧ ਲੋਕ ਹੜ੍ਹਾਂ ਵਿਚ ਮਾਰੇ ਗਏ ਸਨ ਤੇ ਜਿਸ ਦੇ ਵਾਪਰਨ ਲਈ ਮਨੁੱਖ ਆਪ ਜ਼ਿੰਮੇਵਾਰ ਹੈ, ਪਰ ਸਾਲ ਮੁੱਕਣ ਤੱਕ ਇਹ ਬਹੁਤੇ ਲੋਕਾਂ ਨੂੰ ਯਾਦ ਹੀ ਨਹੀਂ ਰਹੀ। ਇਸ ਦੁਖਾਂਤ ਦੇ ਬਜਾਏ ਸਾਲ ਦੇ ਅੰਤ ਤੱਕ ਕੁਦਰਤੀ ਵਰਤਾਰਿਆਂ ਨਾਲ ਸਿੱਝਣ ਦਾ ਕੰਮ ਏਜੰਡੇ ਤੋਂ ਨਿਕਲ ਗਿਆ ਜਾਪਦਾ ਹੈ ਤੇ ਇਸ ਦੀ ਥਾਂ ਸਭ ਤੋਂ ਵੱਡੀ ਘਟਨਾ ਭਾਰਤੀ ਰਾਜਨੀਤੀ ਵਿਚ ਆਇਆ ਉਹ ਭੁਚਾਲ ਬਣ ਗਈ ਹੈ, ਜਿਸ ਦਾ ਕੇਂਦਰ ਬਿੰਦੂ ਦੇਸ਼ ਦੀ ਰਾਜਧਾਨੀ ਦਿੱਲੀ ਨੂੰ ਕਿਹਾ ਜਾ ਸਕਦਾ ਹੈ।

ਭ੍ਰਿਸ਼ਟਾਚਾਰ ਦੀ ਸੜ੍ਹਿਆਂਦ ਨਾਲ ਗੜੁੱਚੇ ਪਏ ਇਸ ਦੇਸ਼ ਵਿਚ ਆਸ ਦੀ ਇੱਕ ਕਿਰਨ ਸਾਢੇ ਕੁ ਚਾਰ ਦਹਾਕੇ ਪਹਿਲਾਂ ਉਦੋਂ ਚਮਕੀ ਸੀ, ਜਦੋਂ ਇਹ ਕਿਹਾ ਗਿਆ ਸੀ ਕਿ ਏਥੇ ਇੱਕ ਲੋਕਪਾਲ ਦਾ ਅਹੁਦਾ ਕਾਇਮ ਕੀਤਾ ਜਾਵੇਗਾ, ਜਿਸ ਕੋਲ ਹਰ ਕਿਸੇ ਭ੍ਰਿਸ਼ਟਾਚਾਰੀ ਦੇ ਖਿਲਾਫ ਕਾਰਵਾਈ ਕਰਨ ਦਾ ਅਧਿਕਾਰ ਹੋਵੇਗਾ। ਇਹ ਸੋਚ ਲੰਮਾ ਸਮਾਂ ਸਿਰੇ ਨਹੀਂ ਚੜ੍ਹ ਸਕੀ, ਪਰ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਨੇ ਇੱਕੋ ਹਫਤੇ ਵਿਚ ਸਿਰੇ ਲਾ ਦਿੱਤੀ। ਇਸ ਪਿੱਛੇ ਕਾਰਨ ਇਹ ਸੀ ਕਿ ਨਵੀਂ ਉਠੀ ਆਮ ਆਦਮੀ ਪਾਰਟੀ ਨੇ ਆਪਣੀ ਉਮਰ ਦਾ ਇੱਕ ਵਰ੍ਹਾ ਵੀ ਪੂਰਾ ਨਹੀਂ ਹੋਣ ਦਿੱਤਾ ਅਤੇ ਰਾਜਧਾਨੀ ਤੋਂ ਯੁੱਗ ਪਲਟਾਊ ਪ੍ਰਭਾਵ ਦੇਂਦੇ ਚੋਣ ਨਤੀਜੇ ਪੇਸ਼ ਕਰ ਦਿੱਤੇ ਸਨ। ਤਿੰਨ ਵਾਰ ਦਿੱਲੀ ਵਿਚ ਮੁੱਖ ਮੰਤਰੀ ਰਹਿ ਚੁੱਕੀ ਬੀਬੀ ਸ਼ੀਲਾ ਦੀਕਸ਼ਤ ਇਸ ਪਾਰਟੀ ਦੇ ਪਹਿਲੀ ਚੋਣ ਲੜ ਰਹੇ ਪ੍ਰਧਾਨ ਕੇਜਰੀਵਾਲ ਤੋਂ ਛੱਬੀ ਹਜ਼ਾਰ ਦੇ ਕਰੀਬ ਵੋਟਾਂ ਨਾਲ ਹਾਰ ਗਈ ਤੇ ਉਸ ਦੀ ਪਾਰਟੀ ਏਨੀਆਂ ਘੱਟ ਸੀਟਾਂ ਉਤੇ ਆ ਡਿੱਗੀ ਕਿ ਉਸ ਦਾ ਜ਼ਿਕਰ ਕਰਨ ਤੋਂ ਵੀ ਕਾਂਗਰਸੀ ਲੀਡਰਾਂ ਨੂੰ ਸ਼ਰਮ ਆਉਣ ਲੱਗੀ ਸੀ। ਨਵੀਂ ਪਾਰਟੀ ਦੇ ਆਗੂ ਪਹਿਲਾਂ ਲੋਕਪਾਲ ਦੀ ਨਿਯੁਕਤੀ ਦਾ ਬਿੱਲ ਪਾਸ ਕਰਵਾਉਣ ਲਈ ਸਮਾਜ ਸੇਵੀ ਅੰਨਾ ਹਜ਼ਾਰੇ ਨਾਲ ਮਿਲ ਕੇ ਸੰਘਰਸ਼ ਕਰਦੇ ਰਹੇ ਸਨ ਤੇ ਫਿਰ ਚੋਣਾਂ ਦੇ ਪ੍ਰਚਾਰ ਵਿਚ ਵੀ ਇਸੇ ਗੱਲ ਨੂੰ ਮੁੱਦਾ ਬਣਾਉਂਦੇ ਰਹੇ। ਲੋਕਾਂ ਨੇ ਇਸ ਮੁੱਦੇ ਨੂੰ ਜਦੋਂ ਮਾਨਤਾ ਦੇ ਦਿੱਤੀ ਤਾਂ ਰਾਜਨੀਤੀ ਦੀਆਂ ਦੋਵਾਂ ਮੁੱਖ ਧਿਰਾਂ ਕਾਂਗਰਸ ਤੇ ਭਾਜਪਾ ਵਾਲਿਆਂ ਦੇ ਪੈਰਾਂ ਹੇਠੋਂ ਜ਼ਮੀਨ ਹਿੱਲ ਗਈ ਹੈ।

ਪਹਿਲਾਂ ਕਾਂਗਰਸ ਨੇ ਕਿਹਾ ਕਿ ਉਹ ਰਾਜ ਸਭਾ ਵਿਚੋਂ ਪਾਸ ਕਰਵਾਉਣ ਲਈ ਹੁਣ ਤੱਕ ਲਟਕਿਆ ਹੋਇਆ ਲੋਕਪਾਲ ਬਿੱਲ ਇਸੇ ਹਫਤੇ ਪੇਸ਼ ਕਰੇਗੀ ਤੇ ਉਸ ਦੇ ਮਗਰੇ-ਮਗਰ ਭਾਜਪਾ ਵਾਲਿਆਂ ਨੇ ਕਹਿ ਦਿੱਤਾ ਕਿ ਤੁਸੀਂ ਪੇਸ਼ ਤਾਂ ਕਰੋ, ਅਸੀਂ ਬਹਿਸ ਕੀਤੇ ਤੋਂ ਬਿਨਾਂ ਪਾਸ ਕਰਨ ਨੂੰ ਤਿਆਰ ਹਾਂ। ਇੱਕ ਦਿਨ ਰਾਜ ਸਭਾ ਵਿਚ ਪਾਸ ਹੋਇਆ ਤੇ ਫਿਰ ਲੋਕ ਸਭਾ ਵਿਚ ਵੀ ਪਾਸ ਕਰ ਦਿੱਤਾ ਗਿਆ। ਅੱਜ ਕੱਲ੍ਹ ਹਰ ਕੋਈ ਇਹ ਕਹਿੰਦਾ ਹੈ ਕਿ ਅਸੀਂ ਆਹ ਕੀਤਾ ਹੈ, ਪਰ ਇਹ ਕੋਈ ਨਹੀਂ ਦੱਸਦਾ ਕਿ ਪਿਛਲੇ ਚਾਲੀ ਸਾਲਾਂ ਤੋਂ ਵੱਧ ਇਸ ਬਿੱਲ ਅਤੇ ਇਸ ਪਿੱਛੇ ਕੰਮ ਕਰਦੀ ਇੱਛਾ ਨੂੰ ਰੋਕੀ ਰੱਖਣ ਦਾ ਕੌਣ ਜ਼ਿੰਮੇਵਾਰ ਸੀ? ਹੁਣ ਇਹ ਕਾਂਗਰਸ ਤੇ ਭਾਜਪਾ ਦੇ ਲੀਡਰਾਂ ਨੇ ਪਾਸ ਨਹੀਂ ਕਰਵਾਇਆ, ਦਿੱਲੀ ਦੇ ਲੋਕਾਂ ਨੇ ਇਨ੍ਹਾਂ ਦੋਵਾਂ ਪਾਰਟੀਆਂ ਦੇ ਲੀਡਰਾਂ ਨੂੰ ਸ਼ੀਸ਼ਾ ਦਿਖਾ ਕੇ ਪਾਸ ਕਰਨ ਨੂੰ ਮਜਬੂਰ ਕਰ ਦਿੱਤਾ ਹੈ। ਯੋਗਦਾਨ ਬਾਬਾ ਅੰਨਾ ਦੇ ਸੰਘਰਸ਼ ਦਾ ਵੀ ਘਟਾ ਕੇ ਨਹੀਂ ਵੇਖਣਾ ਚਾਹੀਦਾ, ਪਰ ਸਭ ਤੋਂ ਵੱਧ ਇਸ ਗੱਲ ਲਈ ਸ਼ਾਬਾਸ਼ ਦਿੱਲੀ ਦੇ ਵੋਟਰਾਂ ਨੂੰ ਦੇਣੀ ਬਣਦੀ ਹੈ, ਜਿਨ੍ਹਾਂ ਨੇ ਇਸ ਦੇਸ਼ ਨੂੰ ਨਵੀਂ ਦਿਸ਼ਾ ਵੱਲ ਜਾਣ ਦਾ ਰਾਹ ਵਿਖਾ ਦਿੱਤਾ ਹੈ। ਇਹ ਇਸ ਮੁੱਕ ਰਹੇ ਸਾਲ ਦੀ ਇੱਕ ਸੁਲੱਖਣੀ ਪ੍ਰਾਪਤੀ ਕਹੀ ਜਾ ਸਕਦੀ ਹੈ।

ਰਹਿ ਗਈ ਗੱਲ ਸਾਡੇ ਪੰਜਾਬ ਦੀ, ਇਸ ਵਿਚ ਅਜੇ ਤੱਕ ਕਿਸੇ ਬਦਲਦੀ ਸਥਿਤੀ ਦਾ ਕੋਈ ਬੁੱਲਾ ਕਿਸੇ ਪਾਸੇ ਤੋਂ ਨਹੀਂ ਆ ਰਿਹਾ। ਪੰਜਾਬ ਦੇ ਰਾਜ-ਭਾਗ ਦੀ ਕਮਾਨ ਉਸ ਅਕਾਲੀ ਪਾਰਟੀ ਦੇ ਸਰਪ੍ਰਸਤ ਅਤੇ ਉਸ ਦੇ ਪੁੱਤਰ ਦੇ ਹੱਥਾਂ ਵਿਚ ਹੈ, ਜਿਨ੍ਹਾਂ ਦੇ ਅੱਗੇ ਕੋਈ ਅੜਿੱਕਾ ਹੀ ਨਹੀਂ। ਆਪਣੀ ਭਾਈਵਾਲ ਪਾਰਟੀ ਭਾਜਪਾ ਦੀ ਹਾਈ ਕਮਾਨ ਨਾਲ ਨੇੜਲੇ ਸਬੰਧ ਉਹ ਏਦਾਂ ਦੇ ਬਣਾ ਚੁੱਕੇ ਹਨ ਕਿ ਪੰਜਾਬ ਦੀ ਭਾਜਪਾ ਦਾ ਪ੍ਰਧਾਨ ਵੀ ਸਾਰੇ ਪੁਰਾਣੇ ਲੀਡਰਾਂ ਨੂੰ ਨੁੱਕਰੇ ਧੱਕ ਕੇ ਉਸ ਬੰਦੇ ਨੂੰ ਬਣਵਾ ਲਿਆ ਹੈ, ਜਿਹੜਾ ਇਹ ਪਦਵੀ ਸੰਭਾਲਣ ਤੋਂ ਇੱਕ ਹਫਤਾ ਬਾਅਦ ਤੱਕ ਵੀ ਸਰਕਾਰੀ ਕਾਗਜ਼ਾਂ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ 'ਓ ਐਸ ਡੀ' (ਆਫੀਸਰ ਆਨ ਸਪੈਸ਼ਲ ਡਿਊਟੀ) ਹੁੰਦਾ ਸੀ। ਏਦਾਂ ਦੇ ਪੱਕੇ ਪ੍ਰਬੰਧਾਂ ਤੋਂ ਬਾਅਦ ਭਾਈਵਾਲ ਪਾਰਟੀ ਭਾਜਪਾ ਹੁਣ ਅਕਾਲੀ ਦਲ ਦੀ ਗੋਲਕ ਵਿਚ ਪਈ ਹੈ, ਆਪਣੀ ਪਾਰਟੀ ਦਾ ਕੋਈ ਆਗੂ ਅੱਖ ਉਚੀ ਕਰ ਕੇ ਬੋਲਣ ਵਾਲਾ ਪਹਿਲਾਂ ਹੀ ਨਹੀਂ ਸੀ ਰਹਿ ਗਿਆ।

ਪੰਜਾਬ ਇਸ ਵਕਤ ਦੁਰ-ਪ੍ਰਬੰਧ ਦਾ ਵੀ ਸ਼ਿਕਾਰ ਹੈ ਤੇ ਨਸ਼ਿਆਂ ਦੇ ਵਗਦੇ ਦਰਿਆ ਬਾਰੇ ਵੀ ਕਿਸੇ ਨੂੰ ਦੱਸਣ ਦੀ ਲੋੜ ਨਹੀਂ। ਮੰਤਰੀਆਂ ਦੇ ਨਾਂ ਮੀਡੀਏ ਵਿਚ ਛਪੀ ਜਾ ਰਹੇ ਹਨ। ਇੱਕ ਚੀਫ ਪਾਰਲੀਮੈਂਟਰੀ ਸੈਕਟਰੀ ਨੂੰ ਦਿੱਤੀ ਗਈ ਸਰਕਾਰੀ ਕਾਰ ਵਿਚ ਨਸ਼ੀਲੇ ਪਦਾਰਥਾਂ ਦੀ ਢੋਆ-ਢੁਆਈ ਦਾ ਦੋਸ਼ ਅਕਾਲੀ ਦਲ ਦੇ ਇੱਕ ਸਾਬਕਾ ਮੰਤਰੀ ਨੇ ਲਾਇਆ ਹੈ। ਉਸ ਚੀਫ ਪਾਰਲੀਮੈਂਟਰੀ ਸੈਕਟਰੀ ਦੇ ਖਿਲਾਫ ਕੋਈ ਕਾਰਵਾਈ ਨਹੀਂ ਹੋਈ। ਤਿੰਨ ਮੰਤਰੀਆਂ ਦੇ ਨਾਂ ਇਸ ਧੰਦੇ ਵਿਚ ਲਏ ਜਾ ਚੁੱਕੇ ਹਨ, ਜਿਨ੍ਹਾਂ ਵਿਚੋਂ ਇੱਕ ਦਾ ਨਾਂ ਅਖਬਾਰਾਂ ਨੇ 'ਡੋਡਿਆਂ ਵਾਲਾ ਬਾਬਾ' ਲਿਖਿਆ ਹੈ, ਪਰ ਕਾਰਵਾਈ ਕਰਨ ਦੀ ਲੋੜ ਕਿਸੇ ਨੂੰ ਨਹੀਂ, ਕਿਉਂਕਿ ਅੱਗੋਂ ਪਾਰਲੀਮੈਂਟ ਚੋਣਾਂ ਆ ਰਹੀਆਂ ਹਨ ਅਤੇ ਮਾਰ-ਖੋਰੇ ਬੰਦੇ ਹਾਕਮ ਧਿਰ ਨੂੰ ਚਾਹੀਦੇ ਹਨ। ਰੇਤ-ਬੱਜਰੀ ਤੋਂ ਲੈ ਕੇ ਸਕੂਲਾਂ ਦੀਆਂ ਕਿਤਾਬਾਂ ਤੱਕ ਹਰ ਥਾਂ ਭ੍ਰਿਸ਼ਟਾਚਾਰ ਦੇ ਕਿੱਸੇ ਅਖਬਾਰਾਂ ਵਿਚ ਛਾਏ ਰਹੇ, ਪਰ ਕਾਰਵਾਈ ਕਰਨ ਦੀ ਲੋੜ ਕਿਤੇ ਵੀ ਨਹੀਂ ਸਮਝੀ ਗਈ।

ਏਨਾ ਕੁਝ ਲੋਕਾਂ ਤੱਕ ਪਹੁੰਚ ਜਾਣ ਦੇ ਬਾਵਜੂਦ ਰਾਜ ਸਰਕਾਰ ਕਿਸੇ ਕਾਰਵਾਈ ਦੀ ਲੋੜ ਕਿਉਂ ਨਹੀਂ ਸਮਝ ਰਹੀ? ਸਿਰਫ ਇਸ ਲਈ ਕਿ ਪੰਜਾਬ ਵਿਚ ਹੁਣ ਵਿਰੋਧੀ ਧਿਰ ਅਧਰੰਗ ਦੀ ਸ਼ਿਕਾਰ ਹੋ ਚੁੱਕੀ ਹੈ। ਵਿਰੋਧੀ ਧਿਰ ਦੀ ਜਿਸ ਪਾਰਟੀ ਤੋਂ ਲੋਕਾਂ ਨੂੰ ਆਸ ਹੋਣੀ ਸੀ ਕਿ ਉਹ ਵਿਧਾਨ ਸਭਾ ਵਿਚ ਸਰਕਾਰ ਨੂੰ ਘੇਰ ਕੇ ਕਿਸੇ ਗੱਲ ਲਈ ਕੁਝ ਕਾਰਵਾਈ ਕਰਨ ਨੂੰ ਮਜਬੂਰ ਕਰੇਗੀ, ਉਸ ਦੇ ਤੇਰਾਂ ਲੀਡਰ ਤੇ ਤੇਤੀ ਧੜੇ ਹਨ ਅਤੇ ਸਾਰੇ ਆਪੋ ਵਿਚ ਲੜਨ ਤੋਂ ਹੀ ਵਿਹਲੇ ਨਹੀਂ ਹੁੰਦੇ। ਇਸ ਦਾ ਲਾਭ ਲੈ ਕੇ ਅਕਾਲੀਆਂ ਨੇ ਵਿਧਾਨ ਸਭਾ ਵਿਚ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੂੰ ਧਮਕੜੇ ਪਾਇਆ, ਬਾਕੀ ਚੁੱਪ ਕੀਤੇ ਰਹੇ। ਫਿਰ ਬੀਬੀ ਭੱਠਲ ਦੇ ਵਿਰੁਧ ਚਾਂਦਮਾਰੀ ਕੀਤੀ ਤਾਂ ਦੂਸਰਿਆਂ ਨੇ ਚੁੱਪ ਵੱਟੀ ਰੱਖੀ। ਅਖੀਰ ਪਾਰਟੀ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੇ ਵਿਰੁਧ ਸਿਆਸੀ ਫਾਇਰ ਖੋਲ੍ਹਣ ਲੱਗ ਪਏ। ਕਾਂਗਰਸੀ ਆਗੂ ਜਦੋਂ ਵਿਧਾਨ ਸਭਾ ਵਿਚ ਆਪਸੀ ਵਿਰੋਧਾਂ ਕਾਰਨ ਇੱਕ-ਦੂਸਰੇ ਦੀ ਬੇਇੱਜ਼ਤੀ ਹੁੰਦੀ ਵੇਖਦੇ ਰਹੇ ਤੇ ਕੁਝ ਕਰਨ ਲਈ ਇਕੱਠੇ ਨਹੀਂ ਹੋ ਸਕੇ ਤਾਂ ਸਰਕਾਰ ਦੀ ਹੋਰ ਕਿਸੇ ਗੱਲ ਅੱਗੇ ਅੜਿੱਕਾ ਬਣਨ ਦੀ ਉਨ੍ਹਾਂ ਤੋਂ ਆਸ ਕਿਹੜਾ ਰੱਖ ਸਕਦਾ ਹੈ? ਪੰਜਾਬ ਦੇ ਲੋਕਾਂ ਨੂੰ ਦੁੱਖ ਇਹ ਵੀ ਹੈ ਕਿ ਸਰਕਾਰ ਠੀਕ ਨਹੀਂ ਕਰਦੀ, ਪਰ ਬਹੁਤਾ ਇਹ ਹੈ ਕਿ ਜਿਨ੍ਹਾਂ ਨੂੰ ਇਸ ਸਰਕਾਰ ਦੇ ਖਿਲਾਫ ਲੋਕਾਂ ਦੀ ਆਵਾਜ਼ ਬਣ ਕੇ ਵਿਧਾਨ ਸਭਾ ਵਿਚ ਬੋਲਣਾ ਚਾਹੀਦਾ ਸੀ, ਤਾਂ ਕਿ ਅਗਲੇ ਸਾਲ ਵੋਟਾਂ ਮੰਗਣ ਦਾ ਹੱਕ ਸਾਬਤ ਕਰ ਸਕਣ, ਉਹ ਉਂਜ ਹੀ ਗਏ-ਗੁਜ਼ਰੇ ਹੋ ਗਏ ਜਾਪ ਰਹੇ ਹਨ।

ਅਸੀਂ ਹਰ ਨਵੇਂ ਆਏ ਸਾਲ ਦੀਆਂ ਬਰੂਹਾਂ ਉਤੇ ਖੜੋ ਕੇ ਭਵਿੱਖ ਦੀ ਸੁੱਖ ਮੰਗਦੇ ਰਹੇ ਹਾਂ, ਇਸ ਵਾਰੀ ਫਿਰ ਮੰਗ ਲਵਾਂਗੇ, ਪਰ ਸਿਰਫ ਸੁੱਖ ਮੰਗਣ ਨਾਲ ਹੀ ਸੁੱਖ ਨਹੀਂ ਹੋ ਸਕਣੀ। ਇਸ ਦੇ ਲਈ ਹੀਲਾ ਕਰਨਾ ਪਵੇਗਾ। ਦਿੱਲੀ ਦੇ ਲੋਕਾਂ ਨੇ ਇੱਕ ਹੀਲਾ ਕੀਤਾ ਤੇ ਭਾਰਤ ਦੀ ਰਾਜਨੀਤੀ ਦੀ ਇੱਕ ਦਿਸ਼ਾ ਤੈਅ ਕਰਨ ਦੀ ਪਹਿਲ ਕੀਤੀ ਹੈ। ਅਗਲੀ ਵਾਰੀ ਇਹ ਝੰਡਾ ਕਿਸ ਰਾਜ ਦੇ ਲੋਕ ਉਚਾ ਕਰਨ ਲਈ ਉਠਣਗੇ, ਨਵੇਂ ਸਾਲ ਵਿਚ ਇਸ ਦੀ ਉਡੀਕ ਰਹੇਗੀ।

ਜਾਇਦਾਦ ਦੀ ਖਰੀਦ-ਵੇਚ
ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ
ਪੁਨੀਆ ਰੀਅਲ ਅਸਟੇਟ:94173-34049
ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ



10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ
24/7 Customer Service Available
Same rate for lanline and mobile.
ਟੌਲ ਫਰੀ ਨੰਬਰ 1-888-652-6268
732-983-4332/4333

ਡਾ. ਮਨਬੀਰ ਸਿੰਘ ਅਤੇ ਪਰਿਵਾਰ ਵਲੋਂ

ਕਲਗੀਧਰ ਪਾਤਸ਼ਾਹ ਸਰਬੰਸਦਾਨੀ
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ

Happy New Year 2014

ਲੱਖ ਲੱਖ ਵਧਾਈ

Happy New Year 2014





Dr. Manbir Singh
MD. FACP

Mc Farland Location
733, 3rd Street, Mc Farland CA 93250
Tel : 661.792.3097
Fax : 661.792.3095

Bakersfield Location
3905 Hughes Ln, Suite E1, Bakersfield CA 93304
Tel : 661.827.1033
Fax : 661.827.1138

E-mail: manbirsinghmd@gmail.com

SINGH MEDICAL CLINIC

Dedicated to all the Medical, Immigration, Citizenship, DMV and related needs at both the locations.

# ਬਰਤਾਨਵੀ ਵਿਦਿਆਰਥੀ ਨੇ ਬਣਾਇਆ ਵਿਸ਼ਵ ਰਿਕਾਰਡ

**ਲੰਡਨ:** ਬਰਤਾਨੀਆ ਦੀ ਯੇਲ ਯੂਨੀਵਰਸਿਟੀ ਦੇ ਵਿਦਿਆਰਥੀ ਪਾਰਕਰ (19 ਸਾਲ) ਨੇ ਐਂਟਾਰਕਟਿਕਾ ਦੇ ਤੱਟ ਤੋਂ ਦੱਖਣੀ ਪੋਲ ਤਕ ਦਾ 561 ਕਿਲੋਮੀਟਰ ਸਮੁੰਦਰੀ ਸਫ਼ਰ ਮਹਿਜ਼ 18 ਦਿਨਾਂ ਵਿਚ ਪੂਰਾ ਕਰਕੇ ਇਸ ਯਾਤਰਾ ਨੂੰ ਸਭ ਤੋਂ ਵੱਧ ਤੇਜ਼ੀ ਨਾਲ ਸਿਰੇ ਚਾੜ੍ਹਨ ਦਾ ਵਿਸ਼ਵ ਰਿਕਾਰਡ ਬਣਾਇਆ ਹੈ। ਉਹ ਕੈਲੀਫੋਰਨੀਆ ਤੋਂ ਹੈ। ਉਸ ਦਾ ਇਕੋ ਇਕ ਸਾਥੀ ਡਾਊਰਾ ਸਟਾਊਪ ਸੀ। ਇਸ ਤੋਂ ਇਲਾਵਾ ਉਨ੍ਹਾਂ ਕੋਈ ਮਦਦ ਨਹੀਂ ਲਈ। ਇਸ ਸਫਰ ਦੌਰਾਨ ਉਸ ਨੂੰ 55 ਮੀਲ ਦੀ ਸਪੀਡ ਦੀ ਹਵਾ ਦਾ ਸਾਹਮਣਾ ਵੀ ਕਰਨਾ ਪਿਆ। ਅਖਬਾਰ 'ਡੇਲੀ ਐਕਸਪ੍ਰੈਸ' ਅਨੁਸਾਰ ਪਾਰਕਰ ਪਹਿਲਾਂ ਵੀ ਤਿੰਨ ਵਾਰ ਐਂਟਾਰਕਟਿਕਾ ਤੱਟ ਦੀ ਯਾਤਰਾ 15 ਸਾਲ ਦੀ ਉਮਰ ਤੋਂ ਤਿੰਨ ਵਾਰ ਕਰ ਚੁੱਕਿਆ ਹੈ।


ਵਾਜਬ ਭਾਅ ਉਤੇ ਵਧੀਆ ਹੈਲਥ ਇੰਸ਼ੋਰੈਂਸ ਲੈਣ ਲਈ

COVERED CALIFORNIA

YOUR DESTINATION FOR AFFORDABLE QUALITY HEALTH CARE INCLUDING MEDI-CAL

CERTIFIED INSURANCE AGENT
GURCHARAN SINGH MANN
License # 0C70672

(510) 797-7989
2450 PERALTA BLVD, SUITE 203
FREMONT CA 94536



Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?



ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।

*We Accept Personal Injury (PI) Cases*



*Contact:*
Dr. Baljit Jammu
*Doctor of Chiropractic*
Ph: 510-940-8236
1090 La Palya Dr.,
Hayward CA 94545


*To Advertise with Punjab Times Call: 847-359-0746*




Are You Protected?

We are your one stop source for security cameras

Residential & Commercial

* Homes * Retail Stores * Restaurants * Hotels * Motels * Truck Stops * Office Buildings and Much More

- Surveillance Cameras
- Hidden Cameras
- Hi-Definition Cameras
- Night Vision Cameras
- Wireless Cameras
- PTZ Cameras
- IP Cameras
- Vandalism Prevention Cameras
- Cash Register Monitoring
- Audio Monitoring




Satellite Plus
www.SPSecurity.org
559.226.1510
1.877.593.1510
5070 N. Sixth St. Suite 186, Fresno, Ca 93710

BBB ACCREDITED BUSINESS
Since 1995

*Also Available:*
comcast Authorized Dealer
xfinity AUTHORIZED DEALER
dish NETWORK AUTHORIZED RETAILER
DIRECTV AUTHORIZED RETAILER



PANNU'S Legal Services



G.S. Pannu
Immigration Consultant - LDA

PANNU'S
Passport & Visa Services
4444 GEARY BLVD. #210,
(Between 8th and 9th Avenue)
One Block From Visa Center
(Between 6th & 7th Avenue)
Two Blocks before
Passport Center
SAN FRANCISCO, CA



M.K. Pannu
Manager



ਇਮੀਗਰੇਸ਼ਨ ਸਿਟੀਜਨਸ਼ਿਪ | ਤਲਾਕ ਬੱਚਿਆਂ ਦੀ ਇਮਦਾਦ | ਇੰਡੀਅਨ ਪਾਸਪੋਰਟ | ਇੰਡੀਅਨ ਵੀਜ਼ਾ

ਓ.ਸੀ.ਆਈ. ਕਾਰਡ, ਮੁਖਤਿਆਰਨਾਮਾ ਅਤੇ ਹੋਰ ਸਬੰਧਤ ਮਾਮਲੇ

ਅਸੀਂ ਪੰਜਾਬ ਵਿਚਲੇ ਜਾਇਦਾਦ ਅਤੇ ਤਲਾਕ ਦੇ ਕੇਸ ਵੀ ਹੱਲ ਕਰਦੇ ਹਾਂ

ਹੁਣ ਤੁਹਾਡੀ ਸੇਵਾ ਲਈ ਤਿੰਨ ਸ਼ਹਿਰਾਂ ਵਿੱਚ

ਫਰੀਮੌਂਟ
4127 Bay St., Unit 7
Fremont, CA 94538
(Near Fremont Bharat Bazar)
(510) 677-5200

ਮਨਟੀਕਾ
1381 E. Yosemite Ave
Manteca, CA 95336
Open Everyday
(209) 679-8025

ਸੈਨ ਫਰਾਂਸਿਸਕੋ
4444 Geary Blvd, Suite 210,
San Francisco, CA 94118
(510) 677-8440

pannugurwant@yahoo.com
Fax: (510) 279-7624

indiavisa123@gmail.com
Fax: (510) 279-7624





ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ

www.011india.com

$25 2,500 Minutes

ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ

ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।

✓ ਵਧੀਆ, ਸਾਫ਼ ਆਵਾਜ਼
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ

Limited Time Offer. Restrictions & Additional Fees Apply.

800.914.1013 • 408.659.9400

# A&I Transport Inc.

123 E Lee Rd Watsonville, CA Ph: 831-763-7805

## ਗਾਖਲ ਭਰਾਵਾਂ ਵਲੋਂ ਪੰਜਾਬ ਟਾਈਮਜ਼ ਦੇ ਪਾਠਕਾਂ, ਸਮੂਹ ਪੰਜਾਬੀ ਭਾਈਚਾਰੇ ਤੇ ਟਰੱਕਰ ਭਰਾਵਾਂ ਨੂੰ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ ਦੀ

# ਲੱਖ ਲੱਖ ਵਧਾਈ



ਇਕਬਾਲ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ




ਅਮੋਲਕ ਸਿੰਘ ਗਾਖਲ

*ਆਓ ਸਾਰੇ ਰਲ ਕੇ ਗੁਰੂ ਚਰਨਾਂ ਵਿਚ ਅਰਦਾਸ ਕਰੀਏ ਕਿ ਆਉਣ ਵਾਲਾ ਵਰ੍ਹਾ ਕੁਲ ਦੁਨੀਆਂ ਲਈ ਸੁੱਖਾਂ ਭਰਿਆ ਹੋਵੇ।*

31 ਦਸੰਬਰ ਦੀ ਸ਼ਾਮ ਗਾਖਲ ਪਰਿਵਾਰ ਅਤੇ ਸਲੀਨਸ ਦੀਆਂ ਸੰਗਤਾਂ ਵਲੋਂ ਗੁਰਦੁਆਰਾ ਸੈਨ ਹੋਜ਼ੇ ਵਿਚ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।
ਰਾਜਾ ਸਵੀਟਸ ਵਲੋਂ ਗਰਮਾ-ਗਰਮ ਜਲੇਬੀਆਂ ਦਾ ਲੰਗਰ ਵੀ ਹੋਵੇਗਾ।

**ਬੇਨਤੀ ਕਰਤਾ**

ਹਰਭਜਨ ਸਿੰਘ ਗਾਖਲ, ਰਣਵੀਰ ਸਿੰਘ, ਤੀਰਥ ਸਿੰਘ, ਪਰਗਟ ਸਿੰਘ ਗਾਖਲ, ਦਲਵਿੰਦਰ ਸਿੰਘ ਪੱਡਾ, ਅਵਤਾਰ ਸਿੰਘ ਬੈਂਸ, ਬਿੰਦਰ ਸਿੰਘ ਸਲੀਨਸ, ਗੁਰਮੇਲ ਸਿੰਘ ਗਾਖਲ, ਪਰਮਵੀਰ ਸਿੰਘ ਗਾਖਲ, ਰਘਵੀਰ ਸਿੰਘ ਗਾਖਲ, ਬਖਤਾਵਰ ਸਿੰਘ ਗਾਖਲ, ਸ਼ੀਰਥ ਗਾਖਲ, ਮੇਜਰ ਸਿੰਘ ਗਾਖਲ, ਸੋਹਨ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ, ਬਲਜਿੰਦਰ ਸਿੰਘ ਕਲੇਰ, ਬਲਰਾਜ ਸਿੰਘ ਸਰਾਏ, ਰਾਕੇਸ਼ ਸ਼ਰਮਾ, ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ।


Raja™ SWEETS & CATERING®
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
HAPPY NEW YEAR
ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ ਤੇ ਰਵਿੰਦਰ ਸਿੰਘ ਵਲੋਂ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ
ਨਵਾਂ ਸਾਲ ਮੁਬਾਰਕ
Follow us on:
Toll Free 1-866-FOR-RAJA
www.rajasweets.com
msbains@rajasweets.com
Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving:
All kinds of Sweets
Snacks & Food
Chaat & Tikki Stall
Pani Poori Stall
Bhel Poori / Pav Bhaji
Falooda Kulfi
Catering Services:
Wedding Ceremonies
Receptions
Birthday Parties
Religious Gatherings
Corporate Events
Picnics / Bar-b-que
Additional Services:
Warmers
Chaffing Dishes
China & Silverware
Linen Rental
Waiters & Bartenders
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Call Makhan Bains or Ravinder Singh For Your Next Party
1-866-FOR-RAJA(367-7252)
www.RajaSweets.com

# ਗੁਰਦੁਆਰਾ ਨਾਨਕਸਰ ਚੈਰੀ ਐਵਨਿਊ ਦੀ ਨਵੀਂ ਇਮਾਰਤ ਦੀ ਉਸਾਰੀ ਅਰੰਭ





**ਫਰਿਜ਼ਨੋ (ਬਿਊਰੋ):** ਗੁਰਦੁਆਰਾ ਨਾਨਕਸਰ ਕਲੇਰਾਂ ਦੀ ਸੁੰਦਰ ਇਮਾਰਤ ਦੀ ਤਰਜ਼ 'ਤੇ ਸਥਾਨਕ ਗੁਰਦੁਆਰਾ ਨਾਨਕਸਰ ਦੀ ਇਮਾਰਤ ਬਣਾਉਣ ਦੇ ਕਾਰਜ ਸ਼ੁਰੂ ਕਰਨ ਲਈ ਇਕ ਵਿਸ਼ੇਸ਼ ਸਮਾਗਮ ਕੀਤਾ ਗਿਆ। ਸੰਤ ਬਾਬਾ ਨੰਦ ਸਿੰਘ ਨਾਨਕਸਰ ਵਾਲਿਆਂ ਦੁਆਰਾ ਵਰੋਸਾਏ ਸੰਤ ਬਾਬਾ ਈਸ਼ਰ ਸਿੰਘ ਦੀ ਜਨਮ ਸ਼ਤਾਬਦੀ



ਮੌਕੇ ਨਵੀਂ ਇਮਾਰਤ ਲਈ ਨੀਂਹ ਪੱਥਰ ਰੱਖਣ ਦੀ ਰਸਮ ਪਿਛਲੇ ਦਿਨੀਂ ਨਿਭਾਈ ਗਈ।

ਇਸ ਸਮਾਗਮ ਵਿਚ ਸੰਤ ਬਾਬਾ ਰਾਮ ਸਿੰਘ ਸੀਂਗੜੇ ਵਾਲਿਆਂ ਤੋਂ ਇਲਾਵਾ ਸੰਤ ਬਲਵਿੰਦਰ ਸਿੰਘ ਨਾਨਕਸਰ ਕੁਰਾਲੀ ਵਾਲੇ, ਬਾਬਾ ਮਹਿਲ ਸਿੰਘ ਨਾਨਕਸਰ ਕਲੇਰਾਂ, ਸੰਤ ਅਮਰੀਕ ਸਿੰਘ ਪੰਜ ਭੈਣੀਆਂ, ਭਾਈ ਜਸਪਾਲ ਸਿੰਘ ਲਾਲੀ ਪਾਉਂਟਾ ਸਾਹਿਬ, ਬਾਬਾ ਭਾਗ ਸਿੰਘ, ਭਾਈ ਗੁਰਚਰਨ ਸਿੰਘ ਰੱਕੜ ਅਤੇ ਹੋਰ ਕੀਰਤਨੀ ਜਥਿਆਂ ਨੇ ਗੁਰਬਾਣੀ ਕੀਰਤਨ ਅਤੇ ਸ਼ਬਦ ਵਿਆਖਿਆ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਗੁਰੂਘਰ ਦੇ ਮੁੱਖ ਪ੍ਰਬੰਧਕਾ ਵਿਚੋਂ ਡਾ. ਸੁਖਜੀਤ ਸਿੰਘ ਚਾਹਲ ਨੇ ਬਾਬਾ ਜੀ ਦੀ ਜੀਵਨੀ ਉਤੇ ਚਾਨਣਾ ਪਾਇਆ।

ਸਥਾਨਕ ਸਿਟੀ ਪ੍ਰਸ਼ਾਸਨ ਦੀਆਂ ਬੰਦਿਸ਼ਾਂ ਨੂੰ ਸਾਹਮਣੇ ਰੱਖਦਿਆਂ ਨੀਂਹ ਪੱਥਰ ਰੱਖਣ ਲਈ ਟੱਕ ਲਾਉਣ ਦੀ ਥਾਂ ਯਾਦਗਾਰੀ ਨਿਸ਼ਾਨ ਪੱਥਰ ਦੀ ਪਲੇਟ ਪ੍ਰਬੰਧਕਾਂ ਨੂੰ ਦੇਣ ਦੀ ਰਸ਼ਮ ਕੀਤੀ ਗਈ। ਸਮਾਗਮ ਦੇ ਅੰਤ ਵਿਚ ਅਰਦਾਸ ਅਤੇ ਹੁਕਮਨਾਮੇ ਉਪਰੰਤ ਗੁਰਦੁਆਰਾ ਸਾਹਿਬ ਦੀ ਇਮਾਰਤ ਲਈ ਬਣਾਇਆ ਗਿਆ ਯਾਦਗਾਰੀ ਨਿਸ਼ਾਨ ਸੰਤ ਬਾਬਾ ਰਾਮ ਸਿੰਘ ਸੀਂਗੜੇ ਵਾਲਿਆਂ ਅਤੇ ਸਮੂਹ ਸੰਤਾਂ ਵਲੋਂ ਇੱਥੇ ਸੇਵਾ ਨਿਭਾ ਰਹੇ ਬਾਬਾ ਕਰਤਾਰ ਸਿੰਘ ਨੂੰ ਸੌਂਪਿਆ ਗਿਆ।

ਗੁਰਦੁਆਰਾ ਨਾਨਕਸਰ ਚੈਰੀ ਐਵਨਿਊ 'ਤੇ ਸਥਿਤ ਹੈ ਜੋ ਸੰਤ ਬਾਬਾ ਨੰਦ ਸਿੰਘ ਨਾਨਕਸਰ ਕਲੇਰਾਂ ਵਾਲਿਆਂ ਵਲੋਂ ਚਲਾਈ ਗਈ ਨਾਨਕਸਰ ਸੰਪਰਦਾ ਅਨੁਸਾਰ ਡਾ. ਸੁਖਜੀਤ ਸਿੰਘ ਚਾਹਲ ਅਤੇ ਸ. ਗੁਰਦੇਵ ਸਿੰਘ ਮੁਹਾਰ ਵਲੋਂ ਬਾਬਾ ਕਰਤਾਰ ਸਿੰਘ (ਭਤੀਜਾ ਸੱਚਖੰਡ ਵਾਸੀ ਸੰਤ ਬਾਬਾ ਈਸ਼ਰ ਸਿੰਘ) ਨਾਲ ਮਿਲ ਕੇ ਚਲਾਇਆ ਜਾ ਰਿਹਾ ਹੈ। ਇੱਥੇ ਹਰ ਸਾਲ ਦਸੰਬਰ ਤੋਂ ਫਰਵਰੀ ਮਹੀਨੇ ਦੌਰਾਨ ਅਖੰਡ ਪਾਠਾਂ ਦੀ ਲੜੀ ਚਲਦੀ ਹੈ। ਇਸ ਸਾਲ ਵੀ ਇਹ ਲੜੀ 20 ਦਸੰਬਰ ਤੋਂ ਅਰੰਭ ਹੋ ਚੁੱਕੀ ਹੈ ਅਤੇ ਸਮਾਪਤੀ 23 ਫਰਬਰੀ 2014 ਦੀ ਹੈ। ਇਸ ਵਿਚ ਹਿੱਸਾ ਲੈਣ ਲਈ ਭਾਈ ਚਰਨਜੀਤ ਸਿੰਘ ਲਾਲ (ਚਮਨ ਲਾਲ) ਦਿੱਲੀ ਵਾਲੇ, ਭਾਈ ਦਵਿੰਦਰ ਸਿੰਘ ਸੋਢੀ ਲੁਧਿਆਣੇ ਵਾਲੇ ਅਤੇ ਹੋਰ ਜਥੇ ਪਹੁੰਚ ਰਹੇ ਹਨ।

## ਕਾਂਗਰਸ ਘੱਟ-ਗਿਣਤੀਆਂ ਲਈ ਖੋਲ੍ਹੇਗੀ ਪਿਟਾਰਾ

**ਨਵੀਂ ਦਿੱਲੀ:** ਆਗਾਮੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਪਾਰਟੀ ਘੱਟ-ਗਿਣਤੀਆਂ ਲਈ ਸਕੀਮਾਂ ਦਾ ਪਿਟਾਰਾ ਖੋਲ੍ਹ ਰਹੀ ਹੈ।

ਪਾਰਟੀ ਘੱਟ-ਗਿਣਤੀਆਂ ਨੂੰ ਸਿਹਤ ਸਹੂਲਤਾਂ, ਵਿਕਾਸ ਤੇ ਔਰਤਾਂ ਵਿਚ ਲੀਡਰਸ਼ਿਪ ਦੀ ਭਾਵਨਾ ਪੈਦਾ ਕਰਨ ਤੇ ਮੁਸਲਿਮਾਂ ਤਕ ਪਹੁੰਚ ਕਰਨ ਦੀਆਂ ਸਕੀਮਾਂ ਬਣਾ ਰਹੀ ਹੈ। ਨਵੀਂ ਸਕੀਮ ਤਹਿਤ ਸਾਲ 2013-14 ਲਈ 100 ਕਰੋੜ ਰੁਪਏ ਖਰਚਣ ਦੀ ਯੋਜਨਾ ਸੀ।




ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਿਨ॥

ਸਮੂਹ ਸੰਗਤਾਂ ਨੂੰ ਕਲਗੀਧਰ ਪਿਤਾ
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ

ਕੋਟਾਨਿ ਕੋਟਿ ਵਧਾਈ

ਅਮਰੀਕ ਸਿੰਘ
(ਸੀਨੀਅਰ ਮੀਤ ਪ੍ਰਧਾਨ, ਅਕਾਲੀ ਦਲ, ਇਲੀਨਾਏ)
ਅਤੇ ਪਰਿਵਾਰ

Amar Carpets Inc.
ਵੈਸਟਰਨ ਅਵੈਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659
Ph: 773-508-5253,773-507-8043, Fax: 773-508-5249



ਅਮਰੀਕ ਸਿੰਘ

## ਸਭ ਤੋਂ ਅਮੀਰ ਸੰਸਦ ਮੈਂਬਰ ਨਵਾਜ਼ ਸ਼ਰੀਫ਼



**ਇਸਲਾਮਾਬਾਦ:** ਪਾਕਿਸਤਾਨ ਦੇ ਚੋਣ ਕਮਿਸ਼ਨ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ 1.43 ਅਰਬ ਡਾਲਰ ਤੋਂ ਵੱਧ ਦੀ ਜਾਇਦਾਦ ਦੇ ਮਾਲਕ ਵਜ਼ੀਰੇ ਆਜ਼ਮ ਨਵਾਜ਼ ਸ਼ਰੀਫ਼ ਦੇਸ਼ ਦੇ ਸਭ ਤੋਂ ਅਮੀਰ ਸੰਸਦ ਮੈਂਬਰ ਹਨ।

ਨਵਾਜ਼ ਸ਼ਰੀਫ਼ ਕੁੱਲ 1.43 ਅਰਬ ਡਾਲਰ ਦੀ ਕੀਮਤ ਦੀ ਖੇਤੀ ਵਾਲੀ ਜ਼ਮੀਨ ਦੇ ਮਾਲਕ ਹਨ। ਉਨ੍ਹਾਂ ਨੇ 6 ਅਲੱਗ-ਅਲੱਗ ਮਿੱਲਾਂ ਵਿਚ 1.3 ਕਰੋੜ ਰੁਪਏ ਨਿਵੇਸ਼ ਕੀਤੇ ਹੋਏ ਹਨ ਤੇ ਉਨ੍ਹਾਂ ਦੇ 7 ਬੈਂਕ ਖਾਤਿਆਂ ਵਿਚ 12.6 ਕਰੋੜ ਰੁਪਏ ਜਮ੍ਹਾਂ ਹਨ। ਪ੍ਰਧਾਨ ਮੰਤਰੀ ਕੋਲ 2010 ਮਾਡਲ ਦੀ ਟੋਇਟਾ ਲੈਂਡ ਕਰੂਜ਼ਰ ਤੇ 1973 ਤੇ 1991 ਮਾਡਲ ਦੀਆਂ ਮਰਸੀਡੀਜ਼ ਬੈਂਜ਼ ਕਾਰਾਂ ਹਨ।


M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont



COMMERCIAL GRADE
SECURITY SOLUTIONS
MORE THAN SECURITY



- LICENCE PLATE READER
- BILL READER
- LONG RANGE
- CASH REGISTER INTERFACE
- HD SERIES CAMERAS

SPECIAL OFFER 4 CAMERAS WITH 4 CH DVR LED MONITOR INCLUDED ~~1549~~ $1349 +Tax
SPECIAL OFFER 8 CAMERAS INSTALLATION INCLUDED LED MONITOR INCLUDED ~~2549~~ $2349 +Tax
SPECIAL OFFER 12 CAMERAS INSTALLATION INCLUDED LED MONITOR INCLUDED ~~4249~~ $3749 +Tax

Vista CCTV TECHNOLOGY
Buy Online : www.ezchase.com
Email : commvision@sbcglobal.net
Call Sukhpal
661-586-5080



The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available



Pinnacle Carriers Inc., San Jose, CA
Now Hiring Company Drivers
team and solo (With Two Yr Experience )
Owner Operators
Specialized in Reefer & Dry Loads.
Run All 48 States



*Trailer rentals
*Get paid weekly on time.
*Fuel advance
*Also provide fuel cards

We have late model trucks and brand new refers.

ਕੰਪਨੀ ਡਰਾਈਵਰਾਂ
ਟੀਮ ਅਤੇ ਸੋਲੋ (ਘੱਟੋ ਘੱਟ ਦੋ ਸਾਲ ਦਾ ਤਜ਼ਰਬਾ)
ਓਨਰ ਅਪਰੇਟਰਾਂ ਦੀ ਲੋੜ ਹੈ
*ਰੀਫਰ ਅਤੇ ਡਰਾਈ ਲੋਡ *ਸਾਰੀਆਂ 48 ਸਟੇਟਾਂ ਦੇ ਗੇੜੇ *ਕਿਰਾਏ ਦੇ ਟਰੇਲਰ ਉਪਲਬਧ
*ਹਰ ਹਫਤੇ ਸਮੇਂ ਸਿਰ ਅਦਾਇਗੀ *ਫਿਊਲ ਐਂਡਵਾਂਸ ਅਤੇ ਫਿਊਲ ਕਾਰਡ

Sharanbeer Atwal: 408-373-4168
Manpreet and Preet: 408-835-3007
www.pinnaclecarriers.com
51-6

# ਐਸ ਐਨ ਕਾਲਜ ਬੰਗਾ ਦੇ ਸਿਰਮੌਰ ਫੁੱਟਬਾਰ ਖਿਡਾਰੀ ਗੁਰਦੇਵ ਸਿੰਘ ਦੇਬੀ ਗੁਜਰਪੁਰ ਖੁਰਦ (ਨਜ਼ਦੀਕ ਬੰਗਾ) ਵਲੋਂ ਆਪਣੇ ਸਮੂਹ ਸਾਥੀ ਖਿਡਾਰੀਆਂ ਅਤੇ ਸਨੇਹੀਆਂ ਨੂੰ




# ਨਵਾਂ ਸਾਲ ਬਹੁਤ ਬਹੁਤ ਮੁਬਾਰਕ !






ਗੁਰਦੇਵ ਸਿੰਘ ਦੇਬੀ ਆਪਣੇ ਪਰਿਵਾਰ ਨਾਲ



ਗੁਰਦੇਵ ਸਿੰਘ ਦੇਬੀ



ਸਿੱਖ ਨੈਸ਼ਨਲ ਕਾਲਜ ਬੰਗਾ ਮੈਚ ਦੀ ਓਪਨਿੰਗ ਕਰਾਉਂਦੇ ਹੋਏ ਦਸੰਬਰ 7, 2013



ਸ. ਇੰਦਰ ਸਿੰਘ ਅਰਜੁਨ ਅਵਾਰਡੀ ਫੁਟਬਾਲ ਖਿਡਾਰੀ







**ਗੁਰਦੇਵ ਸਿੰਘ ਦੇਬੀ, ਫੋਨ:732-261-7993**

ਸਥਾਪਨਾ ਦੇ 25ਵੇਂ ਸਾਲ ਵਿਚ

# ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ (ਕੈਲੀਫੋਰਨੀਆ)

HAPPY NEW YEAR 2014

## ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ ਸਮੂਹ ਪੰਜਾਬੀ ਭਾਈਚਾਰੇ ਨੂੰ

# ਨਵਾਂ ਸਾਲ ਬਹੁਤ ਬਹੁਤ ਮੁਬਾਰਕ!

ਸਾਲਾਨਾ ਵਿਸਾਖੀ ਮੇਲਾ ਐਸ ਈ ਐਸ ਹਾਲ, ਐਲਕ ਗਰੂਵ ਵਿਚ
19 ਅਪਰੈਲ 2014 ਨੂੰ ਅਤੇ ਤੀਆਂ ਦਾ ਮੇਲਾ 17 ਅਗਸਤ 2014 ਨੂੰ

**ਪ੍ਰਬੰਧਕ ਕਮੇਟੀ:** ਰਾਜਿੰਦਰਪਾਲ ਸਿੰਘ, ਅਮਰੀਕ ਸਿੰਘ, ਹਰਜਿੰਦਰ ਬਸਰਾ, ਤੀਰਥ ਸਹੋਤਾ, ਪਰਮਜੀਤ ਢਿੱਲੋਂ, ਸੁਰਿੰਦਰ ਬਿੰਦਰਾ, ਅਜੈਬ ਕਾਹਲੋਂ, ਰਛਪਾਲ ਸਿੰਘ ਫਰਵਾਲਾ, ਜਰਨੈਲ ਸਰਪੰਚ, ਦੇਬੀ ਗਿੱਲ, ਸੁਖਰਾਜ ਸਿੰਘ, ਭੁਪਿੰਦਰ ਰਿਹਲ, ਜਸਵਿੰਦਰ ਪੂਨੀ, ਜਸਵੰਤ ਸਿੰਘ ਸ਼ਾਦ, ਅਰਜਿੰਦਰ ਕੁੱਕੀ, ਪਵਿਤਰ ਨਾਹਲ, ਸਤਵਿੰਦਰ ਰੰਗੀ, ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਬਲਬੀਰ ਜੌਹਲ, ਅਵਤਾਰ ਡੋਡ, ਹਰਜਿੰਦਰ ਪੰਧੇਰ, ਸਤਵਿੰਦਰ ਸਰਹੱਦੀ, ਪਾਲ ਸਿੰਘ, ਮਨੋਹਰ ਲਾਲ ਰੱਤੀ, ਜਰਨੈਲ ਮੰਡੇਰ, ਜਗਜੀਤ ਕੰਦੋਲਾ, ਯਾਦਵਿੰਦਰ ਗਿੱਲ, ਕਰਮਜੀਤ ਮਿਨਹਾਸ ਅਤੇ ਦਲਜੀਤ ਸਿੰਘ ਲੋਪੋਂ।





ਸਾਲ 2014 ਮੁਬਾਰਕ ਸਾਲ 2014 ਮੁਬਾਰਕ ਸਾਲ 2014 ਮੁਬਾਰਕ ਸਾਲ 2014 ਮੁਬਾਰਕ ਸਾਲ 2014 ਮੁਬਾਰਕ

## ਅਮਰ ਗੀਤਾਂ ਦੀ ਗਾਇਕਾ

# ਸ਼ਾਰਦਾ

**ਖ਼ਾਮੋਸ਼ ਸੁਰਾਂ-12**

*ਹਿੰਦੀ ਫ਼ਿਲਮ ਗਾਇਕੀ ਮੁੱਖ ਤੌਰ 'ਤੇ ਲਤਾ ਮੰਗੇਸ਼ਕਰ, ਮੁਹੰਮਦ ਰਫ਼ੀ, ਆਸ਼ਾ ਭੌਂਸਲੇ, ਕਿਸ਼ੋਰ ਕੁਮਾਰ, ਮੰਨਾ ਡੇਅ, ਗੀਤਾ ਦੱਤ ਅਤੇ ਹੇਮੰਤ ਕੁਮਾਰ ਵਾਲੀ ਪੀੜ੍ਹੀ ਨਾਲ ਹੀ ਜੁੜੀ ਮੰਨੀ ਜਾਂਦੀ ਹੈ। ਇਨ੍ਹਾਂ ਮਹਾਨ ਗਾਇਕਾਂ-ਗਾਇਕਾਵਾਂ ਦੇ ਯੁੱਗ ਦੌਰਾਨ ਹੀ ਕੁਝ ਅਜਿਹੀਆਂ ਗਾਇਕਾਵਾਂ ਤੇ ਗਾਇਕ ਸਰਗਰਮ ਰਹੇ ਜਿਨ੍ਹਾਂ ਬਾਰੇ ਅੱਜ ਦੀ ਪੀੜ੍ਹੀ ਬਹੁਤ ਘੱਟ ਜਾਣਦੀ ਹੈ। 'ਖ਼ਾਮੋਸ਼ ਸੁਰਾਂ' ਵਿਚ ਹਿੰਦੀ ਫ਼ਿਲਮ ਗਾਇਕੀ ਦੇ ਸੁਨਹਿਰੀ ਯੁੱਗ ਨਾਲ ਜੁੜੇ ਅਜਿਹੇ ਗਾਇਕਾਂ-ਗਾਇਕਾਵਾਂ ਨਾਲ ਤੁਆਰਫ਼ ਕਰਵਾਇਆ ਜਾ ਰਿਹਾ ਹੈ।*

ਉਹ 1975 ਵਿਚ ਫਿਲਮ 'ਗੁੰਮਨਾਮ' ਦੇ ਦੋਗਾਣੇ 'ਜਾਨੇ ਚਮਨ ਸ਼ੋਲਾ ਬਦਨ' ਰਾਹੀਂ ਹਿੰਦੀ ਫਿਲਮ ਗਾਇਨ ਦੇ ਖੇਤਰ ਵਿਚ ਆਈ ਅਤੇ 1986 ਵਿਚ 'ਕਾਂਚ ਕੀ ਦੀਵਾਰ' ਤੱਕ ਗੀਤ ਗਾਉਂਦੀ ਰਹੀ। ਇਸ ਅਰਸੇ ਦੌਰਾਨ ਉਸ ਨੇ 400 ਤੋਂ ਵੱਧ ਗੀਤ ਗਾਏ। ਊਸ਼ਾ ਤਿਮੋਥੀ, ਕਮਲ ਬਾਰੋਟ ਜਾਂ ਮੁਬਾਰਕ ਬੇਗ਼ਮ ਵਾਂਗ ਉਹ ਫਿਲਮ ਸੰਗੀਤ ਦੇ ਹਾਸ਼ੀਏ 'ਤੇ ਨਹੀਂ ਰਹੀ, ਬਲਕਿ ਉਸ ਦਾ ਆਪਣਾ ਵੱਖਰਾ ਵਜੂਦ ਸੀ।

**ਸੁਰਿੰਦਰ ਸਿੰਘ ਤੇਜ**
**ਫੋਨ: +91-98555-01488**

ਉਸ ਦੀਆਂ ਰਿਕਾਰਡਿੰਗਜ਼ ਸਕਰੈਪ ਨਹੀਂ ਸੀ ਹੁੰਦੀਆਂ, ਇਹ ਫਿਲਮੀ ਰਿਕਾਰਡਾਂ ਦਾ ਹਿੱਸਾ ਬਣਦੀਆਂ ਸਨ। ਫਿਲਮਸਾਜ਼ ਉਸ ਨੂੰ ਇੱਜ਼ਤ-ਮਾਣ ਦਿੰਦੇ ਸਨ ਅਤੇ ਸੰਗੀਤਕਾਰ ਤੇ ਸਾਜ਼ਿੰਦੇ ਸਨੇਹ ਨਾਲ ਦੁਆ-ਸਲਾਮ ਕਰਦੇ ਸਨ। ਸ਼ਾਰਦਾ ਰਾਜਨ ਆਇੰਗਾਰ ਜੋ ਸਿਰਫ ਸ਼ਾਰਦਾ ਦੇ ਨਾਮ ਨਾਲ ਮਸ਼ਹੂਰ ਸੀ, ਉਹ ਗਾਇਕਾ ਸੀ ਜਿਸ ਨੂੰ ਸੰਗੀਤਕਾਰ ਸੁੰਦਰ ਸਿੰਘ ਰਘੂਵੰਸ਼ੀ ਨੇ ਆਪਣੀ ਸ਼ਾਗਿਰਦ ਵਜੋਂ ਉਭਾਰਿਆ ਸੀ। ਉਸ ਨੇ ਇਹ ਕਦਮ ਲਤਾ ਮੰਗੇਸ਼ਕਰ ਦੀ ਸਰਦਾਰੀ ਨੂੰ ਚੁਣੌਤੀ ਦੇਣ ਅਤੇ ਫਿਲਮ ਸੰਗੀਤ ਦਾ ਨਵਾਂ ਮੁਹਾਵਰਾ ਰਚਣ ਲਈ ਚੁੱਕਿਆ ਸੀ। ਇਹ ਸੰਗੀਤਕਾਰ, ਮਸ਼ਹੂਰ ਜੋੜੀ ਸ਼ੰਕਰ-ਜੈਕਿਸ਼ਨ ਦਾ ਪਹਿਲਾ ਅੰਗ ਸੀ। 1965 ਉਹ ਸਾਲ ਸੀ ਜਦੋਂ ਸ਼ੰਕਰ-ਜੈਕਿਸ਼ਨ ਦੇ ਸੰਗੀਤ ਦਾ ਜਾਦੂ ਹਰ ਪਾਸੇ ਸੀ। ਇਸ ਜੋੜੀ ਦਾ ਸੰਗੀਤ ਫਿਲਮ ਦੇ ਹਿੱਟ ਹੋਣ ਦੀ ਪੇਸ਼ਗੀ ਗਾਰੰਟੀ ਮੰਨਿਆ ਜਾਂਦਾ ਸੀ।

ਉਂਝ, 1965 ਉਹ ਸਾਲ ਵੀ ਸੀ ਜਦੋਂ ਪੰਜਾਬੀ ਮੂਲ ਦੇ ਆਂਧਰਾ ਵਾਸੀ ਸ਼ੰਕਰ ਅਤੇ ਗੁਜਰਾਤੀ ਜੈਕਿਸ਼ਨ ਪਾਂਚਾਲ ਦਰਮਿਆਨ ਮਤਭੇਦ ਵੀ ਸਿਖਰਾਂ ਉੱਤੇ ਸਨ। ਆਲਮ ਇਹ ਸੀ ਕਿ ਉਨ੍ਹਾਂ ਦਿਨਾਂ ਦੌਰਾਨ ਕੁਝ ਫਿਲਮਾਂ ਅਜਿਹੀਆਂ ਆਈਆਂ ਜਿਨ੍ਹਾਂ ਵਿਚ ਸ਼ੰਕਰ ਜਾਂ ਜੈਕਿਸ਼ਨ ਨੇ ਸੰਗੀਤ ਵੱਖ-ਵੱਖ ਤੌਰ 'ਤੇ ਦਿੱਤਾ; ਕਰੈਡਿਟਸ ਵਿਚ ਭਾਵੇਂ ਨਾਮ ਸਮੁੱਚੀ ਜੋੜੀ ਦਾ ਹੀ ਸੀ। ਰਾਮਾਨੰਦ ਸਾਗਰ ਦੀ 'ਆਰਜ਼ੂ' ਇਨ੍ਹਾਂ ਵਿਚੋਂ ਇਕ ਸੀ।

ਗਾਇਕਾ ਦੇ ਰੂਪ ਵਿਚ ਸ਼ਾਰਦਾ ਇਸੇ ਯੁੱਗ ਦੀ ਪੈਦਾਇਸ਼ ਸੀ। ਉਹ ਸ਼ੰਕਰ ਦੀ ਸ਼ਾਗਿਰਦ ਵੀ ਰਹੀ, ਪ੍ਰੇਮਿਕਾ ਤੇ ਪਤਨੀ ਵੀ ਬਣੀ ਅਤੇ ਫਿਰ ਖ਼ੁਦ ਆਜ਼ਾਦ ਸੰਗੀਤਕਾਰ ਦੇ ਰੂਪ ਵਿਚ ਵੀ ਉੱਭਰ ਕੇ ਸਾਹਮਣੇ ਆਈ। ਗਾਇਕਾ ਦੇ ਰੂਪ ਵਿਚ ਉਹ ਲਗਾਤਾਰ ਚਾਰ ਸਾਲਾਂ ਤੱਕ 'ਫਿਲਮਫੇਅਰ ਐਵਾਰਡ' ਲਈ ਨਾਮਜ਼ਦ ਹੁੰਦੀ ਰਹੀ ਅਤੇ ਦੋ ਵਾਰ ਇਸ ਐਵਾਰਡ ਦੀ ਜੇਤੂ ਵੀ ਰਹੀ। ਇੰਝ ਹੀ ਸੰਗੀਤਕਾਰ ਵਜੋਂ ਵੀ ਉਸ ਦਾ ਇਕ ਗੀਤ 'ਅੱਛਾ ਹੀ ਹੂਆ ਦਿਲ ਟੂਟ ਗਿਆ' (ਮਾਂ, ਬਹਿਨ ਔਰ ਬੀਵੀ) ਫਿਲਮਫੇਅਰ ਐਵਾਰਡ ਲਈ ਨਾਮਜ਼ਦ ਹੋਇਆ।

ਸ਼ਾਰਦਾ ਨੂੰ ਸੰਗੀਤਕਾਰ ਸ਼ੰਕਰ ਤੇ ਲਤਾ ਮੰਗੇਸ਼ਕਰ ਦਰਮਿਆਨ ਖੱਟ-ਪੱਟ ਦੀ ਵਜ੍ਹਾ ਮੰਨਿਆ ਜਾਂਦਾ ਰਿਹਾ ਹੈ। ਅਸਲੀਅਤ ਇਹ ਸੀ ਕਿ ਸ਼ੰਕਰ ਨੂੰ ਅੰਦਰੋਂ ਇਹ ਪਤਾ ਸੀ ਕਿ ਉਸ ਦਾ ਲਤਾ ਮੰਗੇਸ਼ਕਰ ਬਿਨਾਂ ਗੁਜ਼ਾਰਾ ਨਹੀਂ, ਫਿਰ ਵੀ ਉਸ ਦਾ ਵੀ ਆਪਣਾ ਅਭਿਮਾਨ ਸੀ। ਉਹ ਮਹਿਸੂਸ ਕਰਦਾ ਸੀ ਕਿ ਲਤਾ, ਉਸ ਨਾਲੋਂ ਜੈਕਿਸ਼ਨ ਨੂੰ ਤਰਜੀਹ ਦਿੰਦੀ ਹੈ। ਇਸੇ ਅਭਿਮਾਨ ਨੇ ਉਸ ਨੂੰ ਸ਼ਾਰਦਾ ਨੂੰ ਪਰੋਮੋਟ ਕਰਨ ਦੇ ਰਾਹ ਪਾਇਆ, ਸ਼ਾਰਦਾ ਲਈ ਵਧੀਆ ਧੁਨਾਂ ਰਚੀਆਂ ਗਈਆਂ। ਫਿਲਮ 'ਸੂਰਜ' (1966) ਦਾ ਗੀਤ 'ਦੇਖੋ ਮੇਰਾ ਦਿਲ ਮਚਲ ਗਿਆ' (ਸ਼ੈਲੇਂਦਰ) ਅਜਿਹੀਆਂ ਵਿਚੋਂ ਇਕ ਸੀ। ਇਸੇ ਫਿਲਮ ਦਾ ਇਕ ਹੋਰ ਗੀਤ 'ਤਿਤਲੀ ਉੜੀ, ਉੜ ਜੋ ਚਲੀ' (ਸ਼ੈਲੇਂਦਰ) ਸੁਪਰਹਿੱਟ ਹੋਇਆ ਅਤੇ ਫਿਲਮਫੇਅਰ ਐਵਾਰਡ ਲਈ ਵੀ ਨਾਮਜ਼ਦ ਹੋਇਆ। ਉਸ ਜ਼ਮਾਨੇ ਵਿਚ ਇਹ ਗੀਤ ਯੁਵਾ ਪੀੜ੍ਹੀ ਦੀ ਪਹਿਲੀ ਪਸੰਦ ਸੀ ਅਤੇ ਰੇਡੀਓ ਸੀਲੋਨ ਦੀ ਬਿਨਾਕਾ ਗੀਤਮਾਲਾ ਉੱਤੇ ਇਸ ਦੀ ਟੱਕਰ ਆਸ਼ਾ ਭੋਸਲੇ ਦੇ ਸੁਪਰਹਿੱਟ ਗੀਤ 'ਸ਼ੀਸ਼ੇ ਸੇ ਪੀ, ਯਾ ਪੈਮਾਨੇ ਪੀ' (ਫੂਲ ਔਰ ਪੱਥਰ) ਨਾਲ ਸੀ। ਅਜਿਹੀ ਮਕਬੂਲੀਅਤ ਦੇ ਬਾਵਜੂਦ ਸ਼ਾਰਦਾ, ਆਵਾਜ਼ ਦੀ ਪੁਖ਼ਤਗੀ ਪੱਖੋਂ ਮੰਗੇਸ਼ਕਰ ਭੈਣਾਂ ਦੇ ਕਿਸੇ ਵੀ ਤਰ੍ਹਾਂ ਨੇੜੇ ਨਹੀਂ ਸੀ ਢੁੱਕ ਸਕਦੀ। ਉਹ ਸੀਮਿਤ ਗਾਇਕਾ ਸੀ। ਉਸ ਦੀ ਆਵਾਜ਼ ਵੱਖਰੀ ਸੀ, ਇਸ ਵਿਚ ਭਾਰੀਪਣ ਸੀ, ਰਵਾਨੀ ਸੀ ਪਰ



ਲੋਚ ਨਹੀਂ ਸੀ। ਉਸ ਦੇ ਗੀਤ ਚੰਗੇ ਤੇ ਵੱਖਰੇ ਤਾਂ ਲਗਦੇ ਸਨ, ਨਿਹਾਲ ਨਹੀਂ ਸੀ ਕਰਦੇ।

ਸ਼ਾਰਦਾ ਨੇ ਹਿੰਦੁਸਤਾਨੀ ਵਿਚ ਡੇਢ ਸੌ ਦੇ ਕਰੀਬ ਸੋਲੋ ਗਾਏ। ਇਨ੍ਹਾਂ ਤੋਂ ਇਲਾਵਾ ਉਸ ਨੂੰ ਮੁਹੰਮਦ ਰਫ਼ੀ, ਆਸ਼ਾ ਭੋਸਲੇ, ਕਿਸ਼ੋਰ ਕੁਮਾਰ, ਮੁਕੇਸ਼, ਯੇਸੂਦਾਸ, ਮੰਨਾ ਡੇਅ ਅਤੇ ਸੁਮਨ ਕਲਿਆਣਪੁਰ ਨਾਲ ਡੂਏਟਸ ਗਾਉਣ ਦਾ ਮੌਕਾ ਮਿਲਿਆ। ਸ਼ੰਕਰ ਤੋਂ ਇਲਾਵਾ ਊਸ਼ਾ ਖੰਨਾ, ਰਵੀ, ਦੱਤਾ ਰਾਮ, ਇਕਬਾਲ ਕੁਰੈਸ਼ੀ, ਐਨ ਦੱਤਾ ਅਤੇ ਖੱਯਾਮ ਨੇ ਵੀ ਉਸ ਨੂੰ ਆਪੋ-ਆਪਣੇ ਬੈਟਨ ਹੇਠ ਗਾਉਣ ਦਾ ਮੌਕਾ ਦਿੱਤਾ। ਉਸ ਨੇ ਤੈਲਗੂ, ਮਰਾਠੀ, ਅੰਗਰੇਜ਼ੀ ਤੇ ਗੁਜਰਾਤੀ ਵਿਚ ਗੀਤ ਗਾਉਣ ਤੋਂ ਇਲਾਵਾ ਮਿਰਜ਼ਾ ਗਾਲਿਬ ਦੀਆਂ ਗ਼ਜ਼ਲਾਂ ਦੀ ਐਲਬਮ 'ਅੰਦਾਜ਼-ਏ-ਬਿਆਂ' ਵੀ ਰਿਕਾਰਡ ਕਰਵਾਈ। ਸ਼ੰਕਰ ਨੇ ਫਿਲਮ 'ਅਰਾਊਂਡ ਦਿ ਵਲਡ' ਵਿਚ 'ਜਾਨੇ ਭੀ ਦੇ ਸਨਮ ਮੁਝੇ, ਅਭੀ ਜਾਨੇ ਭੀ ਦੇ' ਗੀਤ ਰਾਹੀਂ ਉਸ ਵਾਸਤੇ ਦਿਲਕਸ਼ ਧੁਨ ਰਚੀ। ਇਹ ਧੁਨ ਰਾਗ ਭੈਰਵੀ ਵਿਚ ਸੀ ਜਿਸ ਨੂੰ ਫਿਲਮ ਸੰਗੀਤਕਾਰ 'ਸਦਾ ਸੁਹਾਗਣ' ਰਾਗ ਮੰਨਦੇ ਹਨ। ਸ਼ਾਰਦਾ ਇਸ ਧੁਨ ਨਾਲ ਨਿਆਂ ਨਹੀਂ ਕਰ ਸਕੀ।

ਉਂਝ, ਸੀਮਾਵਾਂ ਦੇ ਬਾਵਜੂਦ ਸ਼ਾਰਦਾ ਨੇ ਕੁਝ ਗੀਤਾਂ ਤੇ ਧੁਨਾਂ ਨਾਲ ਅਜਿਹਾ ਨਿਆਂ ਕੀਤਾ ਕਿ ਗੀਤ ਅਮਰ ਹੋ ਗਏ। ਅਜਿਹੇ ਗੀਤਾਂ ਵਿਚ 'ਬਾਤ ਜ਼ਰਾ ਆਪਸ ਕੀ' ਸ਼ਾਮਲ ਹੈ। 'ਜਹਾਂ ਪਿਆਰ ਮਿਲੇ' (1970) ਵਿਚ ਸ਼ੰਕਰ ਵੱਲੋਂ ਸਿਰਜੇ ਗਏ ਇਸ ਕੈਬਰੇ ਗੀਤ ਨੂੰ ਫਿਲਮਫੇਅਰ ਐਵਾਰਡ ਮਿਲਿਆ। 'ਜਹਾਂ ਪਿਆਰ ਮਿਲੇ' ਟਿਕਟ ਖਿੜਕੀ 'ਤੇ ਬੁਰੀ ਤਰ੍ਹਾਂ ਫਲਾਪ ਹੋਈ। ਇਸ ਦੀ ਅਜਿਹੀ ਹੋਣੀ ਦੇ ਬਾਵਜੂਦ ਇਸ ਦੇ ਗੀਤ ਦਾ ਸੁਪਰਹਿੱਟ ਹੋਣਾ ਦਰਸਾਉਂਦਾ ਹੈ ਕਿ ਧੁਨ ਵਿਚ ਵੀ ਜਾਨ ਸੀ ਅਤੇ ਗਾਇਨ ਵਿਚ ਵੀ। ਇੰਝ ਹੀ 'ਅਰਾਊਂਡ ਦਿ ਵਲਡ' ਵਿਚ ਮੁਕੇਸ਼ ਨਾਲ ਉਸ ਦਾ ਡੂਏਟ 'ਚਲੇ ਜਾਨਾ ਜ਼ਰਾ ਠਹਿਰੋ' (ਹਸਰਤ ਜੈਪੁਰੀ) ਅੱਜ ਵੀ ਯਾਦਗਾਰੀ ਮੰਨਿਆ ਜਾਂਦਾ ਹੈ। 'ਪਿਆਰ ਮੋਹਬੱਤ' (1968) ਵਿਚ ਉਸ ਦਾ ਸੋਲੋ 'ਤੇਰੇ ਸਿਵਾ ਕੌਨ ਹੈ ਮੇਰਾ' (ਹਸਰਤ ਜੈਪੁਰੀ) ਵੀ ਯਾਦਗਾਰੀ ਗੀਤ ਹੈ। ਸੰਗੀਤਕਾਰ ਊਸ਼ਾ ਖੰਨਾ ਨੇ 'ਸ਼ਿਮਲਾ ਰੋਡ' (1968) ਵਿਚ ਉਸ ਪਾਸੋਂ 'ਯਿਹ ਮਹਿਫਿਲ, ਯਿਹ ਮੀਨਾ, ਯਿਹ ਪੈਮਾਨਾ' (ਅਸਦ ਭੋਪਾਲੀ) ਗੀਤ ਗੁਆ ਕੇ ਇਕ ਵਾਰ ਫਿਰ ਸਾਬਤ ਕੀਤਾ ਕਿ ਪੱਛਮੀ ਬੀਟ ਵਾਲੇ ਗੀਤਾਂ ਲਈ ਸ਼ਾਰਦਾ ਦੀ ਆਵਾਜ਼ ਦੇ ਭਾਰੀਪਣ ਨੂੰ ਕਿਵੇਂ ਸੁਚੱਜੇ ਢੰਗ ਨਾਲ ਵਰਤਿਆ ਜਾ ਸਕਦਾ ਸੀ।

ਸ਼ਾਰਦਾ ਨੇ 'ਮਾਂ ਬਹਿਨ ਔਰ ਬੀਵੀ', 'ਤੂੰ ਮੇਰੀ ਮੈਂ ਤੇਰਾ', 'ਕਸ਼ਿਤਿਜ਼', 'ਮੰਦਿਰ ਮਸਜਿਦ' ਅਤੇ 'ਮੈਲਾ ਆਂਚਲ' ਫਿਲਮਾਂ ਵਿਚ ਸੰਗੀਤ ਦਿੱਤਾ। ਸੰਗੀਤਕਾਰ ਸ਼ੰਕਰ ਦੀ ਮੌਤ ਤੋਂ ਬਾਅਦ 1986 ਤੋਂ ਉਸ ਨੇ ਫਿਲਮ ਸੰਗੀਤ ਤੋਂ ਕਿਨਾਰਾਕਸ਼ੀ ਕਰ ਲਈ ਅਤੇ ਹੁਣ ਮੁੰਬਈ ਵਿਚ ਆਪ ਬਣਾਏ ਸੰਗੀਤ ਵਿਦਿਆਲੇ ਵਿਚ ਉਹ ਛੋਟੇ ਬੱਚਿਆਂ ਨੂੰ ਸੰਗੀਤ ਦੀ ਤਾਲੀਮ ਦੇ ਕੇ ਸੰਗੀਤ ਦੀ ਸੇਵਾ ਕਰ ਰਹੀ ਹੈ। ਉਹ ਮੰਨਦੀ ਹੈ ਕਿ ਜੇ ਰਾਜ ਕਪੂਰ 1963 ਵਿਚ ਤਹਿਰਾਨ (ਇਰਾਨ) ਵਿਚ ਉਸ ਸਮੇਂ ਦੇ ਧਨਾਢ ਭਾਰਤੀ ਕਾਰੋਬਾਰੀ ਸ੍ਰੀਚੰਦ ਆਹੂਜਾ ਦੀ ਰਿਹਾਇਸ਼ 'ਤੇ ਇਕ ਮਹਿਫਿਲ ਦੌਰਾਨ ਉਸ ਦਾ ਗੀਤ ਸੁਣ ਕੇ ਉਸ ਨੂੰ ਆਡੀਸ਼ਨ ਲਈ ਮੁੰਬਈ ਨਾ ਬੁਲਾਉਂਦੇ ਤਾਂ ਸ਼ਾਇਦ ਉਹ ਗੁੰਮਨਾਮ ਗਾਇਕਾ ਹੀ ਰਹਿੰਦੀ। ਰਾਜ ਕਪੂਰ ਨੂੰ ਤਾਂ ਉਸ ਦੀ ਆਡੀਸ਼ਨ ਪਸੰਦ ਨਹੀਂ ਆਈ, ਪਰ ਆਰ.ਕੇ. ਬੈਨਰ ਦੇ 'ਸੰਗੀਤ ਸਮਰਾਟ' ਸ਼ੰਕਰ ਦੇ ਮਨ ਨੂੰ ਉਹ ਅਜਿਹੀ ਭਾਈ ਕਿ ਉਹ ਵੈਜੰਤੀਮਾਲਾ, ਰਾਜਸ਼੍ਰੀ, ਸਾਧਨਾ, ਨੰਦਾ, ਸਾਇਰਾ ਬਾਨੋ ਵਰਗੀਆਂ ਨਾਇਕਾਵਾਂ ਦੀ ਆਵਾਜ਼ ਬਣ ਗਈ।



*ਸੰਗੀਤਕਾਰ ਮਦਨ ਮੋਹਨ (ਵਿਚਕਾਰ) ਅਤੇ ਸ਼ੰਕਰ ਨਾਲ ਸ਼ਾਰਦਾ।*

## ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 11 ਜਨਵਰੀ 2014 ਹੈ। -ਸੰਪਾਦਕ

### ਕੈਪਸ਼ਨ ਮੁਕਾਬਲਾ-98



*ਮਾਏ ਨੀ ਮਾਏ ਦੱਸ ਕਿਸ ਜਨਮ ਦੇ, ਮੈਂ ਕੀ ਕਰਮ ਕਮਾਏ?*
*ਸੱਧਰਾਂ ਮੇਰੀਆਂ ਖਾਕ ਹੋ ਗਈਆਂ, ਰੱਬ ਨੂੰ ਵੀ ਲਾਜ ਨਾ ਆਏ।*
*ਮਿਲ ਜਾਵੇ ਜੇ ਕਿਧਰੇ ਰਾਹ ਵਿਚ, ਪੁੱਛਾਂ ਕੋਲ ਬਿਠਾ ਕੇ,*
*ਖਿੜੀਆਂ ਰੁੱਤਾਂ ਵਿਚ ਵੀ ਮੇਰੇ, ਫੁੱਲ ਕਿਉਂ ਕੁਮਲਾਏ?*

### ਕੈਪਸ਼ਨ ਮੁਕਾਬਲਾ-96



ਬੂਰੀ ਕਾਲੀ ਤੋਕੜ ਹੋਈਆਂ,
ਬਥੇਰਾ ਵੰਡ ਵੜੇਵਾਂ ਪਾਈਏ।
ਦੁੱਧ ਬਿਨਾ ਇੱਕ ਪਲ ਨਾ ਸਰਦਾ,
ਭਾਵੇਂ ਲੱਖ ਪਦਾਰਥ ਖਾਈਏ।
ਚੱਲ ਜੋੜੀਏ ਚੁੱਕੋ ਡੋਲੂ,
ਡੇਅਰੀ ਤੋਂ ਲੈ ਆਈਏ।

*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਇਨ੍ਹਾਂ ਦਾਦੀ ਦੇ ਨੰਨ੍ਹੇ ਦੁਲਾਰਿਆਂ ਨੇ,
ਦੇਖੋ ਕਿੱਦਾਂ ਇਹ 'ਮੋਰਚਾ' ਮੱਲਿਆ ਏ।
ਨਾਲੇ ਸੰਗੀ ਜਾਂਦੇ ਨਾਲੇ ਲੰਘੀ ਜਾਂਦੇ,
ਪਿਆਰ ਸਭ ਨੂੰ ਆਪਣਾ ਘੱਲਿਆ ਏ।

*-ਗੁਰਮੀਤ ਸਿੰਘ, ਸ਼ਿਕਾਗੋ*

---

ਫੋਟੋ ਵੇਖ ਕੇ ਦਾਦੀ-ਪੋਤਿਆਂ ਦੀ
ਮਾਤਾ ਗੁਜਰੀ ਦੀਆਂ
ਚੇਤੇ ਆ ਗਈਆਂ ਉਹ ਯਾਦਾਂ।
ਠੰਢੇ ਬੁਰਜ ਵਿਚ ਕਿਵੇਂ ਗੁਜ਼ਾਰੀਆਂ
ਨਾਲ ਪੋਤਿਆਂ ਦੇ
ਉਹ ਠੰਢੀਆਂ ਪੋਹ ਦੀਆਂ ਰਾਤਾਂ।
ਮੂਲ ਨਾਲੋਂ ਵਿਆਜ ਪਿਆਰਾ
ਇਹ ਸਭ ਆਪਾਂ ਜਾਣਦੇ।
ਕਰਮਾਂ ਵਾਲੇ ਉਹ ਬੱਚੇ ਜਿਹੜੇ
ਦਾਦੇ-ਦਾਦੀਆਂ ਦੀ
ਨਿੱਘੀ ਗੋਦ ਦਾ ਅਨੰਦ ਮਾਣਦੇ।

*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 218-690-8403*

## 13 ਲੱਖ ਅਮਰੀਕੀਆਂ ਦਾ ਬੇਰੁਜ਼ਗਾਰੀ ਭੱਤਾ ਬੰਦ

**ਵਾਸ਼ਿੰਗਟਨ:** ਅਮਰੀਕਾ ਦੇ 10 ਲੱਖ ਤੋਂ ਵੱਧ ਲੋਕ ਹੁਣ ਬੇਰੁਜ਼ਗਾਰੀ ਭੱਤੇ ਤੋਂ ਵਾਂਝੇ ਰਹਿਣਗੇ। ਸਰਕਾਰ ਵੱਲੋਂ ਬੇਰੁਜ਼ਗਾਰਾਂ ਦੇ ਪਰਿਵਾਰਾਂ ਨੂੰ ਦਿੱਤੀ ਜਾਂਦੀ ਨਕਦ ਸਹਾਇਤਾ ਬੰਦ ਕੀਤੀ ਜਾ ਰਹੀ ਹੈ। 'ਐਮਰਜੈਂਸੀ ਬੇਰੁਜ਼ਗਾਰੀ ਮੁਆਵਜ਼ਾ' ਨਾਂ ਦੀ ਇਹ ਸਕੀਮ ਬੰਦ ਕੀਤੇ ਜਾਣ ਨਾਲ ਕਰੀਬ 13 ਲੱਖ ਲੋਕ ਪ੍ਰਤੀ ਮਹੀਨੇ ਦੇ ਔਸਤਨ 1166 ਅਮਰੀਕੀ ਡਾਲਰ ਦੇ ਮੁਆਵਜ਼ੇ ਤੋਂ ਵਾਂਝੇ ਹੋ ਗਏ ਹਨ।

ਮਾਹਿਰਾਂ ਦਾ ਮੰਨਣਾ ਹੈ ਕਿ ਇਸ ਨਾਲ ਬੇਰੁਜ਼ਗਾਰੀ ਦੀ ਦਰ ਤਾਂ ਘਟ ਸਕਦੀ ਹੈ, ਪਰ ਆਰਥਿਕਤਾ ਦਾ ਨੁਕਸਾਨ ਹੋਵੇਗਾ, ਕਿਉਂਕਿ ਖਪਤਕਾਰਾਂ ਦੀ ਕੱਪੜਿਆਂ ਤੋਂ ਲੈ ਕੇ ਕਾਰਾਂ ਤੱਕ ਖਰਚਣ ਦੀ ਸਮਰੱਥਾ ਘਟ ਜਾਵੇਗੀ। ਇਹ 'ਐਮਰਜੈਂਸੀ' ਪ੍ਰੋਗਰਾਮ ਖ਼ਤਮ ਹੋਣ ਮਗਰੋਂ ਇਹ ਸਪੱਸ਼ਟ ਨਹੀਂ ਹੋਇਆ ਕਿ ਸਰਕਾਰ ਕੋਲ ਇਸ ਨੂੰ ਮੁੜ ਸ਼ੁਰੂ ਕੀਤੇ ਜਾਣ ਦੀ ਸਮਰੱਥਾ ਹੈ ਜਾਂ ਨਹੀਂ। ਲੇਬਰ ਵਿਭਾਗ ਅਨੁਸਾਰ ਕੈਲੀਫੋਰਨੀਆ ਦੇ ਕਰੀਬ 214,000 ਲੋਕਾਂ ਨੂੰ 28 ਦਸੰਬਰ ਤੋਂ ਮੁਆਵਜ਼ਾ ਨਹੀਂ ਦਿੱਤਾ ਜਾਵੇਗਾ। ਇਹ ਅੰਕੜਾ ਜੂਨ ਵਿਚ ਵਧ ਕੇ ਪੰਜ ਲੱਖ 'ਤੇ ਪਹੁੰਚ ਜਾਵੇਗਾ। ਬੀਤੇ 12 ਮਹੀਨਿਆਂ ਦੌਰਾਨ ਕੈਲੀਫੋਰਨੀਆ ਦੇ ਲੋਕਾਂ ਨੂੰ ਬੇਰੁਜ਼ਗਾਰੀ ਭੱਤੇ ਵਜੋਂ 4.5 ਅਰਬ ਡਾਲਰ ਪ੍ਰਾਪਤ ਹੋਏ ਹਨ।

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥
ਹਲਾਲੱਸਤ ਬੁਦਨ ਬ ਸ਼ਮਸ਼ੀਰ ਦਸਤ॥

# ਖਾਲਸੇ ਦੀ ਸਿਰਜਣਾ ਕਰ ਕੇ ਇਸ ਨੂੰ ਜ਼ੁਲਮ ਦੇ ਟਾਕਰੇ ਲਈ ਇਕ ਨੂੰ ਸਵਾ ਲੱਖ ਨਾਲ ਲੜਾਉਣ ਦੇ ਸਮਰਥ ਕਰਨ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ

## ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

# ਲੱਖ ਲੱਖ ਵਧਾਈ

# ਸਾਲ 2014 ਬਹੁਤ ਬਹੁਤ ਮੁਬਾਰਕ

## ਆਓ ਸਾਰੇ ਰਲ-ਮਿਲ ਕੇ ਵਿਸ਼ਵ ਨੂੰ ਗਦਰੀ ਬਾਬਿਆਂ ਦੇ ਸੁਪਨਿਆਂ ਦੇ ਹਾਣ ਦਾ ਬਣਾਉਣ ਦਾ ਸਿਰਤੋੜ ਯਤਨ ਕਰੀਏ




### ਡਾਇਰੈਕਟਰਾਂ ਦਾ ਬੋਰਡ

ਸੁਮਿੱਤਰ ਸਿੰਘ ਉਪਲ ਕਸ਼ਮੀਰ ਸਿੰਘ ਕਾਂਗਣਾ ਜਰਨੈਲ ਸਿੰਘ ਸਰਪੰਚ

ਜਗਜੀਤ ਸਿੰਘ ਗਿੱਲ, ਪਰਮਜੀਤ ਸਿੰਘ ਸੰਧੂ, ਹਰਪਾਲ ਸਿੰਘ ਸੰਘਾ, ਕਰਮਜੀਤ ਸਿੰਘ ਕੰਗ, ਅਮਰਜੀਤ ਸਿੰਘ ਰਾਏ, ਜਸਵਿੰਦਰ ਸਿੰਘ ਸੰਧੂ, ਜੁਝਾਰ ਸਿੰਘ ਗਿੱਲ, ਬਲਵੰਤ ਬਾਂਕਾ, ਨਿਰਮਲਜੀਤ ਸਿੰਘ ਭੁਲਰ, ਜੋਗਾ ਸਿੰਘ, ਬਲਵਿੰਦਰ ਸਿੰਘ ਸੰਧੂ, ਸਤਵਿੰਦਰ ਸਿੰਘ ਬਾਠ, ਰਮੇਸ਼, ਫਰੈਂਕ ਜੌਹਨ ਸਨ, ਸ਼ੰਗਾਰਾ ਸਿੰਘ ਬੋਪਾਰਾਏ, ਹਰਪ੍ਰੀਤ ਸਿੰਘ ਢਿੱਲੋਂ, ਬੀਬੀ ਕਰਨੈਲ ਕੌਰ।

| ਪ੍ਰਧਾਨ | ਫਾਇਨਾਂਸ ਸਕੱਤਰ | ਸਕੱਤਰ | ਪ੍ਰੈਸ ਸਕੱਤਰ |
|---|---|---|---|
| ਸੁਰਿੰਦਰ ਸਿੰਘ ਬਿੰਦਰਾ | ਪ੍ਰਿਤਪਾਲ ਸਿੰਘ ਭੋਗਲ | ਬਲਜਿੰਦਰ ਸਿੰਘ ਭੱਟੀ | ਗਿਆਨ ਸਿੰਘ ਬਿਲਗਾ |

## ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ (ਯੂ ਐਸ ਏ)

# ਪੰਜਾਬ ਸਰਕਾਰ ਦੀ ਆਮਦਨੀ ਅਠਿਆਨੀ ਖਰਚਾ ਰੁਪਈਆ

**ਚੰਡੀਗੜ੍ਹ:** ਪੰਜਾਬ ਸਰਕਾਰ ਲਈ ਸਾਲ 2013 ਮਾਲੀ ਸੰਕਟ ਵਾਲਾ ਹੀ ਰਿਹਾ। ਸਾਲ 2013 ਦੌਰਾਨ ਸਰਕਾਰ ਨੂੰ ਨਿੱਤ ਦੇ ਖਰਚੇ ਚਲਾਉਣ ਲਈ ਸਰਕਾਰੀ ਜ਼ਮੀਨਾਂ ਗਹਿਣੇ ਧਰ ਕੇ 1500 ਕਰੋੜ ਰੁਪਏ ਦਾ ਕਰਜ਼ਾ ਲੈਣਾ ਪਿਆ। ਸਰਕਾਰ ਦਾ ਵਹੀ ਖਾਤਾ ਬਿਆਨ ਕਰਦਾ ਹੈ ਕਿ ਨਵੰਬਰ ਮਹੀਨੇ ਤੱਕ ਨਾ ਸਿਰਫ਼ ਮਿਥੇ ਟੀਚੇ ਨਾਲੋਂ ਘੱਟ ਆਮਦਨ ਹੋਈ ਸਗੋਂ ਆਰਥਿਕ ਮੁਹਾਜ਼ 'ਤੇ ਇਸ ਨੂੰ ਨਾਕਾਮੀਆਂ ਦਾ ਵੀ ਸਾਹਮਣਾ ਕਰਨਾ ਪਿਆ।

ਸਰਕਾਰ ਨੇ ਜੋ ਵੀ ਕਮਾਈ ਕੀਤੀ, ਉਸ ਨਾਲ ਮੁੱਖ ਮੰਤਰੀ ਤੋਂ ਲੈ ਕੇ ਦਰਜਾ ਚਾਰ ਮੁਲਾਜ਼ਮਾਂ ਤੱਕ ਦੀਆਂ ਤਨਖਾਹਾਂ, ਸੂਬਾਈ ਕਰਜ਼ੇ 'ਤੇ ਵਿਆਜ ਦੀ ਅਦਾਇਗੀ ਤੇ ਕੁਝ ਹੋਰ ਅਦਾਇਗੀਆਂ ਹੀ ਸੰਭਵ ਹੋਈਆਂ। ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਮਾਰਚ ਮਹੀਨੇ ਦੌਰਾਨ ਵਿਧਾਨ ਸਭਾ ਵਿਚ ਪੇਸ਼ ਬਜਟ ਦੌਰਾਨ ਵਿਕਾਸ ਕਰਵਾਉਣ ਦੇ ਜੋ ਦਾਅਵੇ ਕੀਤੇ ਸਨ, ਉਨ੍ਹਾਂ 'ਤੇ ਪਾਣੀ ਫਿਰ ਗਿਆ। ਵਿਕਾਸ ਕਾਰਜਾਂ ਲਈ ਪੈਸੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਸੰਗਤ ਦਰਸ਼ਨਾਂ ਦੌਰਾਨ ਵੰਡੇ ਜਾਣੇ ਜਾਰੀ ਰਹੇ। ਵਿੱਤ ਵਿਭਾਗ ਵੱਲੋਂ ਤਕਨੀਕੀ ਤੌਰ 'ਤੇ ਇਸ ਤਰ੍ਹਾਂ ਦੀਆਂ ਗਰਾਂਟਾਂ ਨੂੰ ਸੂਬਾਈ ਯੋਜਨਾ ਦਾ ਹਿੱਸਾ ਨਹੀਂ ਮੰਨਿਆ ਜਾਂਦਾ। ਵਿੱਤ ਵਿਭਾਗ ਦਾ ਵਹੀ-ਖਾਤਾ ਬਿਆਨ ਕਰਦਾ ਹੈ ਕਿ 31 ਮਾਰਚ, 2014 ਤੱਕ ਰਾਜ ਸਰਕਾਰ ਸਿਰ ਕਰਜ਼ੇ ਦਾ ਭਾਰ ਇਕ ਲੱਖ ਕਰੋੜ ਰੁਪਏ ਵਧ ਜਾਵੇਗਾ।

ਸਰਕਾਰ ਦੀ ਹਾਲਤ ਆਮਦਨੀ ਅਠੰਨੀ




ਖਰਚਾ ਰੁਪਈਆ ਵਾਲੀ ਹੋਈ ਪਈ ਹੈ। ਮਾਲੀ ਹਾਲਤ ਸੁਧਰਨ ਦੀ ਥਾਂ ਦਿਨ ਪ੍ਰਤੀ ਦਿਨ ਵਿਗੜਦੀ ਜਾ ਰਹੀ ਹੈ। ਵਿੱਤ ਵਿਭਾਗ ਲੋਕਾਂ ਲਈ ਵਿਕਾਸ ਦੀਆਂ ਸਕੀਮਾਂ ਵਾਸਤੇ ਮਾਲੀ ਵਿਵਸਥਾ ਕਰਨ ਦੀ ਥਾਂ ਤਨਖਾਹਾਂ ਸਮੇਂ ਸਿਰ ਦੇਣ ਦੇ ਜੁਗਾੜ ਵਿਚ ਹੀ ਲੱਗਿਆ ਰਹਿੰਦਾ ਹੈ। ਸਰਕਾਰ ਦੇ ਬੱਝਵੇਂ ਖਰਚੇ ਹੀ ਏਨੇ ਹਨ ਕਿ ਵਿਕਾਸ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਵਿੱਤ ਵਿਭਾਗ ਮੁਤਾਬਕ ਚਲੰਤ ਮਾਲੀ ਸਾਲ ਦੌਰਾਨ ਤਨਖਾਹਾਂ ਤੇ ਪੈਨਸ਼ਨਾਂ ਦਾ 24 ਹਜ਼ਾਰ ਕਰੋੜ ਰੁਪਏ, ਸਰਕਾਰ ਸਿਰ ਚੜ੍ਹੇ ਕਰਜ਼ੇ ਦੀ ਕਿਸ਼ਤ ਤੇ ਵਿਆਜ ਦੀ ਅਦਾਇਗੀ 11 ਹਜ਼ਾਰ ਕਰੋੜ ਰੁਪਏ, ਬਿਜਲੀ ਸਬਸਿਡੀ 5700 ਕਰੋੜ ਰੁਪਏ, ਬੁਢਾਪਾ ਪੈਨਸ਼ਨਾਂ, ਸ਼ਗਨ ਸਕੀਮ ਤੇ ਹੋਰ ਭਲਾਈ ਸਕੀਮਾਂ ਦਾ 1700 ਕਰੋੜ ਤੇ ਆਟਾ-ਦਾਲ ਸਕੀਮ ਦਾ 360 ਕਰੋੜ ਰੁਪਏ ਦੇ ਬੱਝਵੇਂ ਖਰਚੇ ਬਣਦੇ ਹਨ। ਇਨ੍ਹਾਂ ਖਰਚਿਆਂ ਤੋਂ ਸਰਕਾਰ ਮੂੰਹ ਨਹੀਂ ਮੋੜ ਸਕਦੀ। ਇਸ ਤਰ੍ਹਾਂ ਨਾਲ ਸਰਕਾਰ ਵੱਲੋਂ ਬੱਝਵੇਂ ਖਰਚਿਆਂ 'ਤੇ ਕੀਤਾ ਜਾਣ ਵਾਲਾ ਭੁਗਤਾਨ 43000 ਕਰੋੜ ਦੇ ਕਰੀਬ ਬਣਦਾ ਹੈ।

ਸਰਕਾਰ ਨੇ ਸਾਰੇ ਵਸੀਲਿਆਂ ਤੋਂ ਆਮਦਨ ਦਾ ਟੀਚਾ 42000 ਕਰੋੜ ਰੁਪਏ ਮਿਥਿਆ ਹੈ ਜਿਸ ਤਰ੍ਹਾਂ ਪਿਛਲੇ 8 ਮਹੀਨਿਆਂ ਤੋਂ ਮੰਦੀ ਦਾ ਦੌਰ ਚੱਲ ਰਿਹਾ ਹੈ, ਉਸ ਨੂੰ ਦੇਖਦਿਆਂ ਵਿੱਤ ਵਿਭਾਗ ਵੀ ਮੰਨਦਾ ਹੈ ਕਿ ਆਮਦਨ ਦਾ ਮਿਥਿਆ ਟੀਚਾ ਪੂਰਾ ਕਰਨਾ ਇਸ ਸਾਲ ਦੌਰਾਨ ਅਸੰਭਵ ਹੈ। ਇਸ ਤੋਂ ਇਹ ਤੱਥ ਸਪਸ਼ਟ ਹੋ ਜਾਂਦਾ ਹੈ ਕਿ ਤਨਖਾਹਾਂ ਤੱਕ ਦੇਣ ਲਈ ਸਰਕਾਰ ਨੂੰ ਕਰਜ਼ਿਆਂ ਦਾ ਸਹਾਰਾ ਲੈਣਾ ਪੈਂਦਾ ਰਿਹਾ ਹੈ। ਤਨਖਾਹਾਂ ਤੇ ਰੋਜ਼ਾਨਾ ਦੇ ਹੋਰ ਖ਼ਰਚੇ ਚਲਾਉਣ ਲਈ ਸਰਕਾਰ ਨੇ 'ਪੂਡਾ' ਨੂੰ ਕਰਜ਼ਾ ਲੈਣ ਲਈ ਕਿਹਾ। ਇਸ ਅਦਾਰੇ ਨੇ ਬੈਂਕਾਂ ਤੋਂ 1500 ਕਰੋੜ ਰੁਪਏ ਦਾ ਕਰਜ਼ਾ ਲੈ ਕੇ ਦਿੱਤਾ।

ਨਿੱਘਰੀ ਮਾਲੀ ਹਾਲਤ ਕਾਰਨ ਹੀ ਪੰਜਾਬ ਸਰਕਾਰ, ਕੇਂਦਰ ਸਰਕਾਰ ਦੀਆਂ ਸਕੀਮਾਂ ਵਿਚ ਆਪਣਾ ਹਿੱਸਾ ਨਹੀਂ ਪਾ ਸਕੀ। ਦੂਜੇ ਪਾਸੇ ਸਰਕਾਰ ਦੀ ਇਹ ਦਰਿਆਦਿਲੀ ਹੈ ਕਿ ਮੰਤਰੀਆਂ ਤੇ ਮੁੱਖ ਸੰਸਦੀ ਸਕੱਤਰਾਂ ਦਾ ਆਮਦਨ ਕਰ ਵੀ ਸਰਕਾਰੀ ਖਜ਼ਾਨੇ ਵਿਚੋਂ ਹੀ ਅਦਾ ਕੀਤਾ ਜਾਂਦਾ ਹੈ। ਇਹ ਇਕ ਕਰੋੜ ਤੋਂ ਵੱਧ ਸਾਲਾਨਾ ਬਣਦਾ ਹੈ। ਮੁੱਖ ਪਾਰਲੀਮਾਨੀ ਸਕੱਤਰਾਂ ਦੀ ਵੱਡੀ ਫੌਜ ਖੜ੍ਹੀ ਕਰਕੇ ਸਰਕਾਰੀ ਖਜ਼ਾਨੇ 'ਤੇ ਸਾਲਾਨਾ ਕਰੋੜਾਂ ਰੁਪਏ ਦਾ ਬੋਝ ਪਾਇਆ ਜਾ ਰਿਹਾ ਹੈ।

## ਆਟਾ ਦਾਲ ਸਕੀਮ ਵੀ ਦਮ ਤੋੜਨ ਲੱਗੀ

**ਚੰਡੀਗੜ੍ਹ:** ਪੰਜਾਬ ਸਰਕਾਰ ਦੀ ਨਵੀਂ ਆਟਾ ਦਾਲ ਸਕੀਮ ਵੀ ਦਮ ਤੋੜਨ ਲੱਗੀ ਹੈ। ਸਰਕਾਰ ਨੇ ਦਸੰਬਰ ਮਹੀਨੇ ਦੀ ਆਟਾ ਦਾਲ ਸਕੀਮ ਵੰਡੀ ਹੀ ਨਹੀਂ । ਨਾ ਪੁਰਾਣੀ ਸਕੀਮ ਤਹਿਤ ਅਨਾਜ ਆਇਆ ਤੇ ਨਾ ਹੀ ਇਕ ਰੁਪਏ ਕਿਲੋ ਵਾਲਾ ਅਨਾਜ ਗਰੀਬ ਲੋਕਾਂ ਤੱਕ ਪੁੱਜਿਆ ਹੈ। ਪੰਜਾਬ ਸਰਕਾਰ ਨੇ ਪਹਿਲੀ ਦਸੰਬਰ ਤੋਂ ਨੀਲੇ ਕਾਰਡਾਂ ਵਾਲੇ ਲਾਭਪਾਤਰੀਆਂ ਨੂੰ ਇਕ ਰੁਪਏ ਪ੍ਰਤੀ ਕਿਲੋ ਅਨਾਜ ਦੇਣ ਦਾ ਐਲਾਨ ਕੀਤਾ ਸੀ। ਪੂਰਾ ਦਸੰਬਰ ਮਹੀਨਾ ਲੰਘ ਚੱਲਿਆ ਹੈ ਤੇ ਉਨ੍ਹਾਂ ਨੂੰ ਅਜੇ ਤਕ ਇਹ ਅਨਾਜ ਨਹੀਂ ਮਿਲਿਆ। ਪੰਜਾਬ ਦੇ ਡਿਪੂ ਹੋਲਡਰ ਹੜਤਾਲ 'ਤੇ ਗਏ ਹੋਏ ਹਨ ਤੇ ਸਰਕਾਰ ਨੇ ਖੁਰਾਕ ਇੰਸਪੈਕਟਰਾਂ ਰਾਹੀਂ ਨਵੀਂ ਸਕੀਮ ਦਾ ਅਨਾਜ ਵੰਡਣ ਦਾ ਪ੍ਰਬੰਧ ਕੀਤਾ ਹੋਇਆ ਹੈ। ਹੁਣ ਗਰੀਬ ਲੋਕ ਪਿੰਡਾਂ ਵਿਚ ਡਿਪੂ ਹੋਲਡਰਾਂ ਕੋਲ ਚੱਕਰ ਕੱਢ ਰਹੇ ਹਨ। ਪੰਜਾਬ ਦੇ ਕਰੀਬ 16 ਲੱਖ ਲਾਭਪਾਤਰੀ ਹਨ ਜਿਨ੍ਹਾਂ ਦਾ ਦਸੰਬਰ ਮਹੀਨਾ ਸੁੱਕਾ ਲੰਘ ਗਿਆ ਹੈ। ਇਨ੍ਹਾਂ ਨੂੰ ਚਾਰ ਰੁਪਏ ਪ੍ਰਤੀ ਕਿਲੋ ਕਣਕ ਤੇ 20 ਰੁਪਏ ਪ੍ਰਤੀ ਕਿਲੋ ਦਾਲ ਦਿੱਤੀ ਜਾਂਦੀ ਸੀ। ਪੰਜਾਬ ਸਰਕਾਰ ਹਰ ਮਹੀਨਾ ਸ਼ੁਰੂ ਹੋਣ ਤੋਂ ਹਫਤਾ ਪਹਿਲਾਂ ਅਨਾਜ ਜ਼ਿਲ੍ਹਿਆਂ ਨੂੰ ਭੇਜ ਦਿੰਦੀ ਸੀ ਪਰ ਐਤਕੀਂ ਹਾਲੇ ਤੱਕ ਦਸੰਬਰ ਮਹੀਨੇ ਦਾ ਅਨਾਜ ਨਹੀਂ ਆਇਆ।

ਹਰ ਮਹੀਨੇ ਦੀ 25 ਤਰੀਕ ਤੱਕ ਆਟਾ



ਦਾਲ ਸਕੀਮ ਦਾ ਅਨਾਜ ਵੰਡਿਆ ਜਾਣਾ ਹੁੰਦਾ ਹੈ। ਇਸ ਵਾਰ ਅਨਾਜ ਨਾ ਪੁੱਜਣ ਕਰਕੇ ਗਰੀਬ ਲੋਕ ਸਰਕਾਰ ਦੇ ਰਾਹ ਤੱਕ ਰਹੇ ਹਨ। ਖੁਰਾਕ ਤੇ ਸਪਲਾਈ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਅਸਲ ਵਿਚ ਕੇਂਦਰ ਸਰਕਾਰ ਵੱਲੋਂ ਕੌਮੀ ਖੁਰਾਕ ਸੁਰੱਖਿਆ ਐਕਟ ਤਹਿਤ ਜੋ ਅਨਾਜ ਪੰਜਾਬ ਸਰਕਾਰ ਨੂੰ ਭੇਜਿਆ ਜਾਣਾ ਹੈ, ਉਸ ਵਿਚ ਹੀ ਪੰਜਾਬ ਸਰਕਾਰ ਨੇ ਪੱਲਿਓਂ ਕੁਝ ਹਿੱਸਾ ਪਾ ਕੇ ਆਟਾ ਦਾਲ ਸਕੀਮ ਦੇ ਲਾਭਪਾਤਰੀਆਂ ਨੂੰ ਦੇਣਾ ਹੈ। ਕੇਂਦਰ ਸਰਕਾਰ ਨੇ ਖੁਰਾਕ ਸੁਰੱਖਿਆ ਵਾਲਾ ਅਨਾਜ ਹਾਲੇ ਦਿੱਤਾ ਨਹੀਂ ਜਿਸ ਕਰਕੇ ਪੰਜਾਬ ਸਰਕਾਰ ਆਪਣੇ ਪੱਲਿਓਂ ਅਨਾਜ ਦੇਣ ਤੋਂ ਟਾਲਾ ਵੱਟ ਰਹੀ ਹੈ ਕਿਉਂਕਿ ਇਸ ਦਾ ਬਜਟ ਕਾਫ਼ੀ ਬਣ ਜਾਣਾ ਹੈ। ਇਹੋ ਕਾਰਨ ਹੈ ਕਿ ਸਸਤਾ ਆਟਾ ਦਾਲ ਦਸੰਬਰ ਮਹੀਨੇ ਵਿਚ ਵੰਡਿਆ ਨਹੀਂ ਜਾ ਸਕਿਆ ਹੈ।

# ਅਕਾਲੀਆਂ ਨੇ ਕੰਪਨੀਆਂ ਦੀ ਬਾਂਹ ਮਰੋੜ ਕੇ ਫੰਡ ਵਸੂਲੇ: ਕਾਂਗਰਸ

**ਚੰਡੀਗੜ੍ਹ:** ਪੰਜਾਬ ਕਾਂਗਰਸ ਨੇ ਅਕਾਲੀ ਦਲ ਵੱਲੋਂ ਰੀਅਲ ਅਸਟੇਟ ਕੰਪਨੀਆਂ ਤੋਂ ਵੱਡੇ ਪੱਧਰ 'ਤੇ ਪਾਰਟੀ ਫੰਡ ਲੈਣ ਉਪਰ ਕਈ ਸਵਾਲ ਖੜ੍ਹੇ ਕੀਤੇ ਹਨ। ਪੰਜਾਬ ਕਾਂਗਰਸ ਦੇ ਵਿਧਾਇਕਾਂ ਬਲਬੀਰ ਸਿੰਘ ਸਿੱਧੂ, ਜਗਮੋਹਨ ਸਿੰਘ ਕੰਗ, ਅਮਰੀਕ ਸਿੰਘ ਢਿੱਲੋਂ ਤੇ ਰਣਦੀਪ ਸਿੰਘ ਨਾਭਾ ਨੇ ਕਿਹਾ ਹੈ ਕਿ ਅਕਾਲੀ ਦਲ ਵੱਲੋਂ ਚੋਣ ਕਮਿਸ਼ਨ ਨੂੰ ਦਾਨੀਆਂ ਦੀ ਸੌਂਪੀ ਸੂਚੀ ਵਿਚ ਪ੍ਰਾਈਵੇਟ ਬਿਲਡਰਾਂ ਵੱਲੋਂ ਫੰਡ ਦੇਣ ਤੋਂ ਕਈ ਭੇਤ ਉਜਾਗਰ ਹੋ ਗਏ ਹਨ।

ਇਸ ਸੂਚੀ ਵਿਚ ਦਰਜ ਕੰਪਨੀਆਂ ਨੂੰ ਸੂਬਾ ਸਰਕਾਰ ਤੋਂ ਲਾਭ ਮਿਲਣਾ ਹੈਰਾਨੀ ਪੈਦਾ ਕਰਦਾ ਹੈ। ਇਕ ਪੰਜਾਬੀ ਵੱਲੋਂ ਚਲਾਈ ਜਾਂਦੀ ਮੁੰਬਈ ਨਾਲ ਸਬੰਧਤ ਡਿਟੈਕਟਿਵ ਏਜੰਸੀ ਟ੍ਰਿੰਗ ਦਾ ਨਾਂ ਵੀ ਆਇਆ ਹੈ। ਇਸ ਏਜੰਸੀ ਨੇ ਅਕਾਲੀ ਦਲ ਨੂੰ 50 ਲੱਖ ਦਾਨ ਕੀਤੇ ਹਨ। ਕਾਂਗਰਸ ਆਗੂਆਂ ਨੇ ਇਸ ਏਜੰਸੀ ਦੇ ਟੀਚਿਆਂ ਪ੍ਰਤੀ ਸ਼ੰਕਾ ਜ਼ਾਹਿਰ ਕਰਦਿਆਂ ਸਿਆਸੀ ਪਾਰਟੀ ਨੂੰ ਵੱਡੀ ਰਾਸ਼ੀ ਦੇਣ ਦੀ ਜਾਂਚ ਕਰਨ ਦੀ ਮੰਗ ਕੀਤੀ ਹੈ।

ਉਨ੍ਹਾਂ ਦੋਸ਼ ਲਾਇਆ ਕਿ ਕੁਝ ਰੀਅਲ ਅਸਟੇਟ ਕੰਪਨੀਆਂ ਵਿਚ ਪ੍ਰਮੁੱਖ ਅਕਾਲੀਆਂ ਆਗੂਆਂ ਦੀ ਬੇਨਾਮੀ ਹਿੱਸੇਦਾਰੀ ਹੈ ਤੇ ਇਨ੍ਹਾਂ ਕੰਪਨੀਆਂ ਨੂੰ ਇਸੇ ਲਈ ਸਭ ਤੋਂ ਵੱਧ ਲਾਭ ਦਿੱਤੇ ਗਏ ਹਨ। ਮੁਹਾਲੀ ਤੇ ਇਸ ਦੇ ਆਲੇ-ਦੁਆਲੇ ਅੱਠ ਰੀਅਲ ਅਸਟੇਟ ਕੰਪਨੀਆਂ ਨੂੰ ਪ੍ਰਾਜੈਕਟ ਮਿਲੇ ਹਨ। ਉਨ੍ਹਾਂ ਕਿਹਾ ਕਿ ਮਾਮਲੇ ਦੀ ਸਚਾਈ ਜਾਣਨ ਲਈ ਅਕਾਲੀ ਦਲ ਤੇ ਭਾਜਪਾ ਆਗੂਆਂ ਦੇ ਇਨ੍ਹਾਂ ਕੰਪਨੀਆਂ ਨਾਲ ਸਬੰਧਾਂ ਦੀ ਸੁਤੰਤਰ ਜਾਂਚ ਹੋਣੀ ਚਾਹੀਦੀ ਹੈ ਕਿਉਂਕਿ ਇਨ੍ਹਾਂ ਵੱਲੋਂ ਆਪਣੀ ਮਰਜ਼ੀ ਨਾਲ ਸੱਤਾਧਾਰੀ ਪਾਰਟੀ ਨੂੰ ਦਾਨ ਨਹੀਂ ਦਿੱਤਾ ਜਾ ਸਕਦਾ। ਕਾਂਗਰਸ ਪੰਜਾਬ ਵਿਚ ਪ੍ਰਾਜੈਕਟ ਲਗਾਉਣ ਲਈ ਕੰਪਨੀਆਂ ਤੋਂ ਜ਼ਬਰਦਸਤੀ ਵਸੂਲੀ ਦੇ ਖ਼ਿਲਾਫ਼ ਹੈ।

## ਸੰਗਤਾਂ ਦੇ ਦਰਸ਼ਨਾਂ ਲਈ 'ਗੰਗਾ ਸਾਗਰ' ਜਾਏਗਾ ਦੁਬਈ

**ਜਲੰਧਰ:** ਰਾਏ ਅਜ਼ੀਜ਼ ਉੱਲਾ ਖਾਨ ਜੋ ਪਾਕਿਸਤਾਨ ਦੇ ਸਾਬਕਾ ਐਮ.ਪੀ. ਹਨ ਤੇ ਲਾਹੌਰ ਵਿਚ ਰਹਿ ਰਹੇ ਹਨ, ਨੇ ਗੁਰੂ ਗੋਬਿੰਦ ਸਿੰਘ ਵੱਲੋਂ ਉਨ੍ਹਾਂ ਦੇ ਪਰਿਵਾਰ ਨੂੰ ਬਖਸ਼ਿਸ਼ ਪਾਵਨ ਤੇ ਇਤਿਹਾਸਕ 'ਗੰਗਾ ਸਾਗਰ' ਸ਼ਰਧਾ ਵਜੋਂ ਸੰਭਾਲ ਕੇ ਰੱਖਿਆ ਹੋਇਆ ਹੈ। ਇਹ 'ਗੰਗਾ ਸਾਗਰ' ਉਨ੍ਹਾਂ ਦੇ ਬਜ਼ੁਰਗਾਂ ਰਿਆਸਤ ਰਾਏ ਕੋਟ (ਲੁਧਿਆਣਾ) ਦੇ ਰਾਏ ਕੱਲਾ ਨੂੰ 1705 ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਉਨ੍ਹਾਂ ਦੇ ਪਰਿਵਾਰ ਵੱਲੋਂ ਉਨ੍ਹਾਂ ਪਾਸ ਠਹਿਰਨ ਦੌਰਾਨ ਕੀਤੀ ਗਈ ਟਹਿਲ ਸੇਵਾ ਤੋਂ ਪ੍ਰਸੰਨ ਹੋ ਕੇ ਨਿਸ਼ਾਨੀ ਵਜੋਂ ਉਨ੍ਹਾਂ ਨੂੰ ਭੇਟ ਕੀਤਾ ਸੀ। ਜਨਾਬ ਅਜ਼ੀਜ਼ ਉੱਲਾ ਖਾਨ ਨੇ ਦੱਸਿਆ ਕਿ ਦੁਬਈ ਵਿਚ ਜੋ ਨਵਾਂ ਗੁਰਦੁਆਰਾ ਸਾਹਿਬ ਜਿਸ ਦਾ ਨਾਂ ਗੁਰੂ ਨਾਨਕ ਦਰਬਾਰ ਗੁਰਦੁਆਰਾ ਹੈ, ਦੇ ਚੇਅਰਮੈਨ ਤੇ ਉਘੇ ਕਾਰੋਬਾਰੀ ਸੁਰਿੰਦਰ ਸਿੰਘ ਕੰਧਾਰੀ ਦੇ ਸੱਦੇ 'ਤੇ ਦੁਬਈ ਦੀਆਂ ਸੰਗਤਾਂ ਦੇ ਦਰਸ਼ਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਮੌਕੇ 9 ਤੋਂ 12 ਜਨਵਰੀ ਤੱਕ ਉਥੇ ਲੈ ਕੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਹ ਪਾਵਨ 'ਗੰਗਾ ਸਾਗਰ' ਉਨ੍ਹਾਂ ਕੈਨੇਡਾ ਵਿਚ ਸੁਰੱਖਿਅਤ ਰੱਖਿਆ ਹੋਇਆ ਹੈ। ਪਹਿਲਾਂ ਉਹ ਕੈਨੇਡਾ ਜਾਣਗੇ ਤੇ ਫਿਰ ਉਹ ਦੁਬਈ ਪੁੱਜਣਗੇ। ਦੁਬਈ ਵਿਚ ਨਵਾਂ ਬਣਿਆ ਗੁਰੂ ਘਰ ਜੋ 25,400 ਵਰਗ ਫੁੱਟ ਜਗ੍ਹਾ ਵਿਚ ਉਸਾਰਿਆ ਗਿਆ ਹੈ, ਲਈ ਜਗ੍ਹਾ ਉਥੋਂ ਦੇ ਸ਼ੇਖ ਮੁਹੰਮਦ ਬਿਨ ਰਸ਼ੀਦ ਅਲ ਮਖਤੂਮ ਨੇ ਦਾਨ ਵਜੋਂ ਦਿੱਤੀ ਹੈ।

# ਕਾਰਾਂ ਤੇ ਜ਼ਮੀਨ ਦੀ ਖਰੀਦੋ-ਫਰੋਖਤ ਨੂੰ ਬਰੇਕਾਂ

**ਚੰਡੀਗੜ੍ਹ:** ਪੰਜਾਬ ਵਿਚ ਜ਼ਮੀਨ ਜਾਇਦਾਦ ਦੀ ਵਿਕਰੀ ਤੇ ਨਵੀਆਂ ਕਾਰਾਂ ਦੀ ਖ਼ਰੀਦ ਵਿਚ ਭਾਰੀ ਕਮੀ ਆਈ ਹੈ। ਸਰਕਾਰ ਦੇ ਆਰਥਿਕ ਸੰਕਟ ਦਾ ਇਕ ਆਧਾਰ ਇਨ੍ਹਾਂ ਖੇਤਰਾਂ ਵਿਚ ਆਈ ਖੜੋਤ ਵੀ ਬਣ ਗਿਆ ਹੈ। ਨਵੰਬਰ ਤੱਕ ਜ਼ਮੀਨਾਂ ਦੀਆਂ ਰਜਿਸਟਰੀਆਂ ਤੋਂ ਸਰਕਾਰ ਨੂੰ ਪਿਛਲੇ ਸਾਲ ਦੇ ਮੁਕਾਬਲੇ 13 ਫੀਸਦੀ ਘੱਟ ਕਮਾਈ ਹੋਈ ਹੈ ਜਦਕਿ ਕਾਰਾਂ ਆਦਿ ਦੀ ਖ਼ਰੀਦ ਵਿਚ ਪਿਛਲੇ ਸਾਲ ਦੇ ਮੁਕਾਬਲੇ 10 ਫੀਸਦੀ ਘੱਟ ਟੈਕਸ ਵਸੂਲ ਹੋਇਆ।

ਸਰਕਾਰ ਨੂੰ ਇਨ੍ਹਾਂ ਦੋਹਾਂ ਪਾਸਿਆਂ ਤੋਂ ਹੁੰਦੀ ਕਮਾਈ ਵਿਚੋਂ ਆਸ ਨਾਲੋਂ ਘੱਟ ਆਮਦਨ ਹੋਣ ਕਾਰਨ ਡੇਢ ਹਜ਼ਾਰ ਕਰੋੜ ਰੁਪਏ ਤੱਕ ਦਾ ਮਾਲੀ ਘਾਟਾ ਝੱਲਣਾ ਪੈ ਰਿਹਾ ਹੈ। ਆਰਥਿਕ ਮੰਦਵਾੜੇ ਕਾਰਨ ਸੂਬੇ ਵਿਚ ਜ਼ਮੀਨਾਂ ਦੇ ਭਾਅ ਪਹਿਲਾਂ ਨਾਲੋਂ ਘਟ ਗਏ ਹਨ ਤੇ ਰਜਿਸਟਰੀਆਂ ਵਿਚ ਭਾਰੀ ਕਮੀ ਆਈ ਹੈ। ਸਰਕਾਰ ਵੱਲੋਂ ਮਾਲ ਵਿਭਾਗ ਨੂੰ 20 ਫੀਸਦੀ ਸਟੈਂਪ ਡਿਊਟੀ ਵਧਾਉਣ ਦਾ ਟੀਚਾ ਦਿੱਤਾ ਗਿਆ ਸੀ।

ਰਜਿਸਟਰੀਆਂ ਤੋਂ ਹੁੰਦੀ ਆਮਦਨ ਵਿਚ 13 ਫੀਸਦੀ ਦੀ ਕਮੀ ਤੋਂ ਸਪਸ਼ਟ ਹੈ ਕਿ ਮਿਥੇ ਟੀਚੇ ਨਾਲੋਂ ਆਮਦਨ 30 ਫੀਸਦੀ ਤੋਂ ਵੀ ਘਟ ਗਈ ਹੈ। ਵਿੱਤ ਵਿਭਾਗ ਦੇ ਵਹੀ ਖਾਤੇ ਅਨੁਸਾਰ ਸਰਕਾਰ ਨੇ 30 ਨਵੰਬਰ ਤੱਕ 22,250 ਕਰੋੜ ਰੁਪਏ ਕਮਾਏ ਤੇ 23,771 ਕਰੋੜ ਰੁਪਏ ਖ਼ਰਚ ਕੀਤੇ। ਆਮਦਨ ਤੇ ਖਰਚ ਵਿਚਲਾ ਇਹ ਪਾੜਾ ਸਰਕਾਰ ਨੂੰ ਆਰਥਿਕ ਸੰਕਟ ਵੱਲ ਲਿਜਾ ਰਿਹਾ ਹੈ। ਸਰਕਾਰ ਨੂੰ ਜ਼ਮੀਨਾਂ ਦੀਆਂ ਰਜਿਸਟਰੀਆਂ ਤੋਂ 30 ਨਵੰਬਰ ਤੱਕ 1669 ਕਰੋੜ ਰੁਪਏ ਦੀ ਕਮਾਈ ਹੋਈ ਹੈ। ਇਹ ਆਮਦਨ ਪਿਛਲੇ ਸਾਲ 1920 ਕਰੋੜ ਰੁਪਏ ਸੀ। ਸਰਕਾਰ ਨੂੰ ਸਾਉਣੀ ਦੇ ਸੀਜ਼ਨ ਦੌਰਾਨ ਹਾਲਾਤ ਸੁਧਰਨ ਦੀ ਉਮੀਦ ਸੀ ਪਰ ਕੋਈ ਸੁਧਾਰ ਨਹੀਂ ਹੋਇਆ।

ਪੰਜਾਬ ਵਿਚ ਕਾਰਾਂ ਦੀ ਵਿਕਰੀ ਤੋਂ 2011-12 ਦੇ ਪਹਿਲੇ ਤਿੰਨ ਮਹੀਨਿਆਂ ਦੌਰਾਨ 301.38 ਕਰੋੜ ਤੇ 2012-13 ਦੌਰਾਨ 31.4 ਫੀਸਦੀ ਦੇ ਵਾਧੇ ਨਾਲ 396.11 ਕਰੋੜ ਰੁਪਏ ਮਿਲੇ ਸਨ। ਚਲੰਤ ਮਾਲੀ ਵਰ੍ਹੇ ਦੌਰਾਨ ਕਾਰਾਂ ਦੀ ਖਰੀਦ ਤੋਂ 374.81 ਕਰੋੜ ਰੁਪਏ ਕਰ ਪ੍ਰਾਪਤ ਹੋਇਆ ਸੀ ਜੋ 5.4 ਫੀਸਦੀ ਦਾ ਘਾਟਾ ਸੀ। ਇਹ ਘਾਟਾ ਹੁਣ ਨਵੰਬਰ ਤੱਕ ਵਧ ਕੇ 10 ਫੀਸਦੀ ਹੋ ਗਿਆ ਹੈ। ਇਸ ਤਰ੍ਹਾਂ ਨਾਲ ਵਾਹਨਾਂ ਦੀ ਵਿਕਰੀ ਤੋਂ ਆਉਂਦੇ ਕਰਾਂ ਵਿਚ ਕਮੀ ਹੋਣ ਕਾਰਨ ਸਰਕਾਰ ਨੂੰ ਕਰੀਬ 1000 ਕਰੋੜ ਰੁਪਏ ਦਾ ਘਾਟਾ ਸਹਿਣਾ ਪੈ ਰਿਹਾ ਹੈ। ਸਰਕਾਰ ਨੂੰ ਵਿਆਹਾਂ ਦੇ ਸੀਜ਼ਨ ਦੌਰਾਨ ਮਾਲੀ ਹਾਲਤ ਸੁਧਰਨ ਦੀ ਜੋ ਉਮੀਦ ਸੀ, ਉਸ ਨੂੰ ਗ੍ਰਹਿ ਲੱਗ ਗਿਆ ਹੈ ਕਿਉਂਕਿ ਵੈਟ ਵਸੂਲੀ ਵਿਚ ਬਹੁਤਾ ਸੁਧਾਰ ਨਹੀਂ ਹੋਇਆ। ਇਸ ਸਾਲ ਦੌਰਾਨ ਕਣਕ ਤੋਂ ਵੈਟ ਦੀ ਵਸੂਲੀ 721 ਕਰੋੜ ਰੁਪਏ ਹੋਈ ਸੀ ਜੋ ਪਿਛਲੇ ਸਾਲ 779.22 ਕਰੋੜ ਰੁਪਏ ਸੀ। ਇਹ ਘਾਟਾ ਸੱਤ ਫੀਸਦੀ ਹੈ। ਝੋਨੇ ਤੋਂ ਆਉਂਦੇ ਕਰਾਂ ਵਿਚ ਵੀ ਕੋਈ ਸੁਧਾਰ ਨਹੀਂ ਹੋਇਆ। ਵਿੱਤ ਵਿਭਾਗ ਮੁਤਾਬਕ ਵੈਟ ਵਿਚ ਕੁੱਲ ਵਾਧਾ 11.03 ਫੀਸਦੀ ਹੈ।

ਸਰਕਾਰ ਵੱਲੋਂ 20 ਫੀਸਦੀ ਵਾਧੇ ਦਾ ਟੀਚਾ ਦਿੱਤਾ ਗਿਆ ਸੀ। ਇਸ ਤਰ੍ਹਾਂ ਨਾਲ ਵੈਟ ਵਸੂਲੀ ਵਿਚ ਮਿਥਿਆ ਟੀਚਾ ਹਾਸਲ ਕਰਨਾ ਬਹੁਤ ਕਠਿਨ ਦਿਖਾਈ ਦੇ ਰਿਹਾ ਹੈ। ਜ਼ਮੀਨਾਂ ਦੀਆਂ ਰਜਿਸਟਰੀਆਂ ਤੋਂ ਆਉਂਦੀ ਆਮਦਨ ਵਿਚ ਅਕਤੂਬਰ ਤੱਕ 22 ਫੀਸਦੀ ਕਮੀ ਦਿਖਾਈ ਦੇ ਰਹੀ ਸੀ। ਮਾਹਿਰਾਂ ਦਾ ਕਹਿਣਾ ਹੈ ਕਿ ਆਰਥਿਕ ਮੰਦਵਾੜੇ ਕਾਰਨ ਜ਼ਮੀਨਾਂ ਦੀ ਖ਼ਰੀਦੋ ਫਰੋਖ਼ਤ ਤੇ ਕਾਰਾਂ ਦੀ ਖਰੀਦ ਵਿਚ ਅਗਲੇ ਇਕ ਦੋ ਸਾਲ ਕੋਈ ਸੁਧਾਰ ਆਉਣ ਦੀ ਉਮੀਦ ਨਹੀਂ ਹੈ।

# ਸਰਕਾਰ ਨੇ ਖੁਦ ਹੀ ਬਿਠਾਇਆ ਪੀ.ਆਰ.ਟੀ.ਸੀ. ਦਾ ਭੱਠਾ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸਰਕਾਰੀ ਬੱਸਾਂ ਦੀ ਮੁਫ਼ਤ ਵਿਚ ਵਰਤੋਂ ਕੀਤੀ ਜਾ ਰਹੀ ਹੈ। ਵਿਸ਼ਵ ਕਬੱਡੀ ਕੱਪ ਹੋਵੇ ਜਾਂ ਜੇਲ੍ਹ ਭਰੋ ਅੰਦੋਲਨ, ਸਰਕਾਰ ਇਨ੍ਹਾਂ ਸਰਕਾਰੀ ਬੱਸਾਂ ਨਾਲ ਲੋਕਾਂ ਨੂੰ ਢੋਂਹਦੀ ਹੈ ਤਾਂ ਜੋ ਸਮਾਗਮਾਂ ਨੂੰ ਪ੍ਰਭਾਵਸ਼ਾਲੀ ਬਣਾਇਆ ਜਾ ਸਕੇ। ਪੀ.ਆਰ.ਟੀ.ਸੀ. ਦੇ ਕਰੀਬ 2.52 ਕਰੋੜ ਰੁਪਏ ਸਰਕਾਰ ਵੱਲ ਫਸੇ ਹੋਏ ਹਨ। ਤਕਰੀਬਨ 12 ਵਰ੍ਹਿਆਂ ਤੋਂ ਇਨ੍ਹਾਂ ਬੱਸਾਂ ਦੀ ਵਰਤੋਂ ਕਰਨ ਬਦਲੇ ਸਰਕਾਰ ਨੇ ਪੂਰਾ ਪੈਸਾ ਨਹੀਂ ਦਿੱਤਾ ਹੈ ਜਿਸ ਕਾਰਨ ਅਦਾਰੇ ਦੀ ਹਾਲਤ ਪਤਲੀ ਬਣੀ ਹੋਈ ਹੈ। ਪੀ.ਆਰ.ਟੀ.ਸੀ. ਵੱਲੋਂ ਆਰ.ਟੀ.ਆਈ. ਤਹਿਤ ਦਿੱਤੇ ਗਏ ਵੇਰਵਿਆਂ ਅਨੁਸਾਰ ਸਰਕਾਰ ਨੇ ਸਰਕਾਰੀ ਬੱਸਾਂ ਨੂੰ ਚੋਣਾਂ, ਕਬੱਡੀ ਕੱਪ, ਤਾਜਪੋਸ਼ੀ ਸਮਾਗਮਾਂ, ਕ੍ਰਿਕਟ ਮੈਚਾਂ ਵਾਸਤੇ ਵਰਤਿਆ ਹੈ ਤੇ ਬਦਲੇ ਵਿਚ ਕੋਈ ਕਿਰਾਇਆ ਨਹੀਂ ਦਿੱਤਾ ਹੈ। ਸਰਕਾਰ ਵੱਲੋਂ ਪ੍ਰਾਈਵੇਟ ਬੱਸ ਮਾਲਕਾਂ ਤੋਂ ਵੀ ਵਗਾਰ ਵਿਚ ਬੱਸਾਂ ਲੈਣ ਦਾ ਕੰਮ ਚੱਲਦਾ ਰਹਿੰਦਾ ਹੈ। ਪਹਿਲੇ ਵਿਸ਼ਵ ਕਬੱਡੀ ਕੱਪ 2010 ਵਿਚ ਲੋਕਾਂ ਦਾ ਇਕੱਠ ਕਰਨ ਵਾਸਤੇ




ਸਰਕਾਰੀ ਬੱਸਾਂ ਦੀ ਵਰਤੋਂ ਕੀਤੀ ਗਈ ਸੀ ਪਰ ਹਾਲੇ ਤੱਕ ਪੀ.ਆਰ.ਟੀ.ਸੀ. ਨੂੰ 4.42 ਲੱਖ ਰੁਪਏ ਕਿਰਾਇਆ ਨਹੀਂ ਦਿੱਤਾ ਗਿਆ।

ਤੀਸਰੇ ਵਿਸ਼ਵ ਕਬੱਡੀ ਕੱਪ 2012 ਵਿਚ ਸਰਕਾਰੀ ਬੱਸਾਂ ਲਈਆਂ ਗਈਆਂ ਸਨ ਜਿਨ੍ਹਾਂ ਦੇ 19.77 ਲੱਖ ਰੁਪਏ ਕਿਰਾਏ ਦੀ ਅਦਾਇਗੀ ਨਹੀਂ ਕੀਤੀ ਗਈ ਹੈ। ਚੌਥੇ ਵਿਸ਼ਵ ਕਬੱਡੀ ਕੱਪ ਦੇ ਹਾਲ ਵਿਚ ਹੀ ਹੋਏ ਸਮਾਪਤੀ ਸਮਾਰੋਹਾਂ ਵਾਸਤੇ ਵੀ ਸਰਕਾਰ ਨੇ ਪੀ.ਆਰ.ਟੀ.ਸੀ ਤੋਂ 200 ਬੱਸਾਂ ਲਈਆਂ ਸਨ। ਇਸੇ ਤਰ੍ਹਾਂ ਅਕਾਲੀ ਭਾਜਪਾ ਸਰਕਾਰ ਨੇ 1999 ਵਿਚ ਆਨੰਦਪੁਰ ਸਾਹਿਬ ਵਿਖੇ ਖ਼ਾਲਸੇ ਦਾ 300 ਸਾਲਾਂ ਜਨਮ ਦਿਹਾੜਾ ਮਨਾਉਣ, ਉਸੇ ਸਾਲ ਅੰਮ੍ਰਿਤਸਰ ਵਿਖੇ ਮਹਾਰਾਜਾ ਰਣਜੀਤ ਸਿੰਘ ਦੀ ਤਾਜਪੋਸ਼ੀ ਸਮਾਗਮ ਤੇ 2001 ਵਿਚ ਰਣਜੀਤ ਸਾਗਰ ਡੈਮ ਦੇ ਉਦਘਾਟਨੀ ਸਮਾਰੋਹ ਲਈ ਲੋਕਾਂ ਨੂੰ ਲਿਆਉਣ ਵਾਸਤੇ ਸਰਕਾਰੀ ਬੱਸਾਂ ਦੀ ਵਰਤੋਂ ਕੀਤੀ ਸੀ।

ਇਨ੍ਹਾਂ ਸਮਾਗਮਾਂ ਵਿਚ ਵਰਤੀਆਂ ਸਰਕਾਰੀ ਬੱਸਾਂ ਦਾ 58.53 ਲੱਖ ਰੁਪਏ ਕਿਰਾਇਆ 13 ਵਰ੍ਹਿਆਂ ਮਗਰੋਂ ਵੀ ਸਰਕਾਰ ਨੇ ਨਹੀਂ ਦਿੱਤਾ ਹੈ। ਅਕਤੂਬਰ 2010 ਵਿਚ ਕ੍ਰਿਕਟ ਮੈਚ ਦਿਖਾਉਣ ਵਾਸਤੇ ਸਰਕਾਰੀ ਬੱਸਾਂ ਲਈਆਂ ਗਈਆਂ ਪਰ 6.13 ਲੱਖ ਰੁਪਏ ਕਿਰਾਇਆ ਤਾਰਿਆ ਨਹੀਂ ਗਿਆ। ਅਗਸਤ ਤੇ ਅਕਤੂਬਰ 2010 ਵਿਚ ਭਾਰਤ ਬਨਾਮ ਅਸਟ੍ਰੇਲੀਆ ਕ੍ਰਿਕਟ ਮੈਚ ਵਾਸਤੇ ਲਈਆਂ ਸਰਕਾਰੀ ਬੱਸਾਂ ਦਾ 22.29 ਲੱਖ ਰੁਪਏ ਕਿਰਾਇਆ ਵੀ ਨਹੀਂ ਦਿੱਤਾ ਗਿਆ।

ਆਸਟਰੀਆ ਵਿਚ ਸੰਤ ਰਾਮਾ ਨੰਦ ਦੇ 25 ਮਈ, 2009 ਨੂੰ ਕਤਲ ਮਗਰੋਂ ਪੀ.ਆਰ.ਟੀ.ਸੀ. ਦਾ 1.20 ਕਰੋੜ ਰੁਪਏ ਦਾ ਨੁਕਸਾਨ ਹੋ ਗਿਆ ਸੀ ਜਿਸ ਦੀ ਭਰਪਾਈ ਸਰਕਾਰ ਨੇ ਹਾਲੇ ਤੱਕ ਨਹੀਂ ਕੀਤੀ। ਬਿਜਲੀ ਬੋਰਡ ਭੰਗ ਕਰਨ ਸਮੇਂ ਵੀ ਸਰਕਾਰੀ ਬੱਸਾਂ ਲਈਆਂ ਗਈਆਂ ਜਿਨ੍ਹਾਂ ਦੇ ਬਦਲੇ 1.74 ਲੱਖ ਰੁਪਏ ਨਹੀਂ ਦਿੱਤੇ ਗਏ। ਸ਼੍ਰੋਮਣੀ ਕਮੇਟੀ ਚੋਣਾਂ ਸਮੇਂ ਵਰਤੀਆਂ ਬੱਸਾਂ ਦਾ ਡੇਢ ਲੱਖ ਰੁਪਏ ਕਿਰਾਇਆ ਵੀ ਤਾਰਿਆ ਨਹੀਂ ਗਿਆ ਹੈ।

# ਜੱਟਾਂ ਦੇ ਰਾਖਵੇਂਕਰਨ ਨੂੰ ਲੈ ਕੇ ਸਿਆਸਤ ਮਘੀ

**ਜਲੰਧਰ:** ਉਤਰੀ ਭਾਰਤ ਦੇ ਵੱਖ-ਵੱਖ ਸੂਬਿਆਂ ਵਿਚ ਜੱਟਾਂ ਨੂੰ ਦਿੱਤੇ ਗਏ ਰਾਖਵੇਂਕਰਨ ਵਿਚੋਂ ਜੱਟ ਸਿੱਖਾਂ ਨੂੰ ਬਾਹਰ ਰੱਖਣ ਬਾਰੇ ਕੇਂਦਰ ਸਰਕਾਰ ਦੇ ਫੈਸਲੇ ਖਿਲਾਫ਼ ਚੁਫੇਰਿਓਂ ਆਵਾਜ਼ ਬੁਲੰਦ ਹੋਣ ਲੱਗੀ ਹੈ। ਕੇਂਦਰ ਦੇ ਇਸ ਫੈਸਲੇ ਪਿੱਛੇ ਪੰਜਾਬ ਸਰਕਾਰ ਨੂੰ ਵੀ ਦੋਸ਼ੀ ਮੰਨਿਆ ਜਾ ਰਿਹਾ ਹੈ ਕਿਉਂਕਿ ਇਹ ਰਾਖਵਾਂਕਰਨ ਉਨ੍ਹਾਂ ਸੂਬਿਆਂ ਵਿਚ ਦਿੱਤਾ ਗਿਆ ਹੈ ਜਿਥੇ ਸੂਬਾ ਸਰਕਾਰਾਂ ਨੇ ਇਸ ਨੂੰ ਪਹਿਲਾਂ ਹੀ ਮਾਨਤਾ ਦਿੱਤੀ ਹੋਈ ਹੈ। ਉੱਤਰੀ ਭਾਰਤ ਦੀਆਂ ਜੱਟ ਜਥੇਬੰਦੀਆਂ ਲੰਮੇ ਸਮੇਂ ਤੋਂ ਜੱਟਾਂ ਲਈ ਰਾਖਵੇਂਕਰਨ ਦੀ ਮੰਗ ਕਰਦੀਆਂ ਆ ਰਹੀਆਂ ਸਨ। ਕਈ ਸੂਬਿਆਂ ਨੇ ਜੱਟਾਂ ਦੀ ਇਸ ਮੰਗ ਨੂੰ ਪ੍ਰਵਾਨ ਵੀ ਕੀਤਾ ਹੋਇਆ ਸੀ ਪਰ ਕੇਂਦਰ ਸਰਕਾਰ ਵੱਲੋਂ ਜੱਟ ਭਾਈਚਾਰੇ ਨੂੰ ਪੱਛੜੇ ਵਰਗਾਂ ਵਿਚ ਸ਼ਾਮਲ ਨਾ ਕੀਤੇ ਜਾਣ ਕਾਰਨ ਉਨ੍ਹਾਂ ਨੂੰ ਰਿਜ਼ਰਵੇਸ਼ਨ ਦੇ ਪੂਰੇ ਲਾਭ ਨਹੀਂ ਸਨ ਮਿਲ ਰਹੇ। ਭਾਵੇਂ ਕਾਂਗਰਸ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹੁਣ ਪੰਜਾਬ ਦੇ ਜੱਟ ਸਿੱਖਾਂ ਨੂੰ ਵੀ ਰਾਖਵੇਂਕਰਨ ਵਿਚ ਸ਼ਾਮਲ ਕਰਨ ਦੀ ਮੰਗ ਕਰ ਰਹੇ ਹਨ ਤੇ ਮੌਜੂਦਾ ਹੁਕਮਰਾਨ ਅਕਾਲੀ ਨੇਤਾ ਵੀ ਗਾਹੇ-ਬਗਾਹੇ ਜੱਟਾਂ ਦੀ ਇਸ ਮੰਗ ਦਾ ਸਮਰਥਨ ਕਰਦੇ ਰਹਿੰਦੇ ਹਨ।

ਪੰਜਾਬ ਦੇ ਗੁਆਂਢੀ ਸੂਬਿਆਂ ਹਿਮਾਚਲ, ਹਰਿਆਣਾ, ਉੱਤਰ ਪ੍ਰਦੇਸ਼, ਰਾਜਸਥਾਨ ਆਦਿ ਵਿਚ ਸੂਬਾ ਸਰਕਾਰਾਂ ਜੱਟਾਂ ਲਈ ਰਾਖਵੇਂਕਰਨ ਦੀ ਮੰਗ ਪ੍ਰਵਾਨ ਕਰ ਚੁੱਕੀਆਂ ਸਨ। ਜੱਟ ਸਿੱਖ ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਜ਼ਮੀਨਾਂ ਘਟਣ, ਜਿਣਸਾਂ ਦੇ ਘੱਟ ਭਾਅ ਮਿਲਣ ਤੇ ਕਈ ਕਿਸਾਨ ਵਿਰੋਧੀ ਸਰਕਾਰੀ ਨੀਤੀਆਂ ਕਾਰਨ ਪੰਜਾਬ ਦੇ ਜੱਟ ਕਿਸਾਨ ਬੇਹੱਦ ਮੰਦਹਾਲੀ ਵਾਲੀ ਹਾਲਤ ਵਿਚੋਂ ਲੰਘ ਰਹੇ ਹਨ। ਕਿਸਾਨਾਂ ਵੱਲੋਂ ਕੀਤੀਆਂ ਜਾਂਦੀਆਂ ਖੁਦਕੁਸ਼ੀਆਂ ਇਸ ਗੱਲ ਦਾ ਸਬੂਤ ਹਨ। ਵਰਨਣਯੋਗ ਹੈ ਕਿ ਜੱਟਾਂ ਨੂੰ ਰਾਖਵਾਂਕਰਨ ਸਿਰਫ ਹਿੰਦੂ ਜੱਟਾਂ ਤੱਕ ਹੀ ਸੀਮਤ ਹੈ, ਜੱਟ ਸਿੱਖ ਭਾਵੇਂ ਹਰਿਆਣਾ, ਰਾਜਸਥਾਨ ਜਾਂ ਪੰਜਾਬ ਕਿਤੇ ਵੀ ਰਹਿੰਦਾ ਹੈ, ਉਹ ਜੱਟ ਰਿਜ਼ਰਵੇਸ਼ਨ ਦਾ ਲਾਭ ਨਹੀਂ ਲੈ ਸਕੇਗਾ ਤੇ ਨਾ ਹੀ ਜੰਮੂ-ਕਸ਼ਮੀਰ ਦੇ ਮੁਸਲਮਾਨ ਜੱਟ ਰਿਜ਼ਰਵੇਸ਼ਨ ਦੇ ਘੇਰੇ ਵਿਚ ਆਉਂਦੇ ਹਨ।

ਕਾਂਗਰਸ ਐਮ.ਪੀ ਡਾ. ਮਨੋਹਰ ਸਿੰਘ ਗਿੱਲ ਨੇ ਇਸ ਬਾਰੇ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਕੇਂਦਰ ਸਰਕਾਰ ਸਿੱਖਾਂ ਤੇ ਪੰਜਾਬ ਨਾਲ ਵਿਤਕਰੇ ਭਰੇ ਇਸ ਫ਼ੈਸਲੇ ਵਿਚ ਸੋਧ ਕਰੇ। ਉਨ੍ਹਾਂ ਕਿਹਾ ਕਿ ਪੂਰੇ ਉੱਤਰ-ਪੂਰਬੀ ਸੂਬਿਆਂ ਦੇ ਜੱਟ ਮਿਲ ਕੇ ਰਾਖਵੇਂਕਰਨ ਲਈ ਮੰਗ ਕਰਦੇ ਰਹੇ ਹਨ, ਫਿਰ ਜੱਟ ਸਿੱਖਾਂ ਨੂੰ ਇਸ ਵਿਚੋਂ ਬਾਹਰ ਰੱਖਣਾ ਘੋਰ ਵਿਤਕਰੇ ਵਾਲੀ ਕਾਰਵਾਈ ਹੈ। ਜੱਟ ਰਾਖਵਾਂਕਰਨ ਸੰਘਰਸ਼ ਸੰਮਤੀ ਪੰਜਾਬ ਦੇ ਪ੍ਰਧਾਨ ਕਰਨੈਲ ਸਿੰਘ ਭਾਵੜਾ ਦਾ ਕਹਿਣਾ ਹੈ ਕਿ ਪੰਜਾਬ ਦੇ ਜੱਟਾਂ ਨੂੰ ਰਾਖਵੇਂਕਰਨ ਵਿਚੋਂ ਬਾਹਰ ਰੱਖੇ ਜਾਣ ਲਈ ਪੰਜਾਬ ਸਰਕਾਰ ਵੀ ਬਰਾਬਰ ਦੀ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਸਿਰਫ ਉਨ੍ਹਾਂ ਸੂਬਿਆਂ ਦੇ ਜੱਟਾਂ ਨੂੰ ਹੀ ਰਿਜ਼ਰਵੇਸ਼ਨ ਦੇਣ ਦਾ ਫ਼ੈਸਲਾ ਕੀਤਾ ਹੈ, ਜਿਨ੍ਹਾਂ ਨੂੰ ਸੂਬਾ ਸਰਕਾਰਾਂ ਨੇ ਪਹਿਲਾਂ ਹੀ ਪ੍ਰਵਾਨ ਕੀਤਾ ਹੋਇਆ।



## ਬਾਦਲ ਵੱਲੋਂ ਜੱਟਾਂ ਨੂੰ ਭਰੋਸਾ

**ਜਲੰਧਰ:** ਜਾਟ ਰਾਖਵਾਂਕਰਨ ਸੰਘਰਸ਼ ਸੰਮਤੀ ਦੇ ਆਗੂਆਂ ਨਾਲ ਹੋਈ ਮੀਟਿੰਗ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਭਰੋਸਾ ਦਿਵਾਇਆ ਕਿ ਸੂਬਾ ਸਰਕਾਰ ਪੰਜਾਬ ਦੇ ਜੱਟਾਂ ਨੂੰ ਪੱਛੜੇ ਵਰਗਾਂ ਦੀ ਸੂਚੀ ਵਿਚ ਸ਼ਾਮਲ ਕਰਨ ਲਈ ਗੰਭੀਰਤਾ ਨਾਲ ਵਿਚਾਰ ਕਰੇਗੀ। ਸੂਤਰਾਂ ਮੁਤਾਬਕ ਮੁੱਖ ਮੰਤਰੀ ਨੇ ਪ੍ਰਿੰਸੀਪਲ ਸਕੱਤਰ ਐਸ.ਕੇ ਸੰਧੂ, ਪੱਛੜਾ ਵਰਗ ਕਮਿਸ਼ਨ ਤੇ ਸਬੰਧਤ ਅਧਿਕਾਰੀਆਂ ਨੂੰ ਸਾਰੇ ਮਾਮਲੇ ਦੀ ਘੋਖ ਪੜਤਾਲ ਕਰਨ ਤੇ ਇਸ ਬਾਰੇ ਬਣਦੀ ਕਾਨੂੰਨੀ ਕਾਰਵਾਈ ਲਈ ਛੇਤੀ ਹੀ ਸਿਫਾਰਸ਼ ਭੇਜਣ ਦੀ ਹਦਾਇਤ ਕੀਤੀ ਹੈ।

ਪੱਛੜਾ ਵਰਗ ਕਮਿਸ਼ਨ ਤੇ ਸਰਕਾਰੀ ਅਧਿਕਾਰੀਆਂ ਦੀ ਪੜਤਾਲੀਆ ਰਿਪੋਰਟ ਮਿਲਣ ਤੋਂ ਬਾਅਦ ਮੁੜ ਮੀਟਿੰਗ ਸੱਦੇ ਜਾਣ ਦਾ ਫ਼ੈਸਲਾ ਕੀਤਾ ਹੈ। ਸੰਘਰਸ਼ ਕਮੇਟੀ ਦੇ ਆਗੂਆਂ ਦਾ ਕਹਿਣਾ ਸੀ ਕਿ ਸਾਰੇ ਗੁਆਂਢੀ ਸੂਬੇ ਜਾਟਾਂ ਨੂੰ ਪੱਛੜੇ ਵਰਗਾਂ ਵਿਚ ਸ਼ਾਮਲ ਕਰ ਚੁੱਕੇ ਹਨ ਤੇ ਕੇਂਦਰ ਸਰਕਾਰ ਦੇ ਮੰਤਰੀ ਸਮੂਹ ਨੇ ਵੀ ਜਾਟਾਂ ਨੂੰ ਪੱਛੜੇ ਵਰਗਾਂ ਵਿਚ ਸ਼ਾਮਲ ਕਰਨ ਦੀ ਸਿਫਾਰਸ਼ ਕਰ ਦਿੱਤੀ ਹੈ, ਇਸ ਕਰਕੇ ਪੰਜਾਬ ਸਰਕਾਰ ਨੂੰ ਵੀ ਪੰਜਾਬ ਦੇ ਜੱਟਾਂ ਨੂੰ ਪੱਛੜੇ ਵਰਗਾਂ ਦੀ ਸੂਚੀ ਵਿਚ ਸ਼ਾਮਲ ਕਰਨਾ ਚਾਹੀਦਾ ਹੈ। ਪੱਛੜੇ ਵਰਗਾਂ ਦੀ ਸੂਚੀ ਵਿਚ ਕਿਸੇ ਨੂੰ ਸ਼ਾਮਲ ਕਰਨ ਦੀ ਸੰਵਿਧਾਨਕ ਮੱਦ ਮੁਤਾਬਕ ਇਹ ਕੇਂਦਰ ਤੇ ਸੂਬਿਆਂ ਦੀ ਸਾਂਝੀ ਸੂਚੀ ਦਾ ਮਸਲਾ ਹੈ ਤੇ ਦੋਵੇਂ ਸਰਕਾਰਾਂ ਆਪਣੇ ਪੱਧਰ 'ਤੇ ਫ਼ੈਸਲਾ ਲੈਣ ਦੇ ਸਮਰੱਥ ਹਨ।

## ਸਾਫ਼ ਪਾਣੀ ਮੁਹੱਈਆ ਕਰਨ ਵਿਚ ਪੰਜਾਬ ਦੇਸ਼ ਭਰ ਵਿਚੋਂ ਅੱਵਲ

**ਲੁਧਿਆਣਾ:** ਆਮ ਲੋਕਾਂ ਦੇ ਘਰਾਂ ਵਿਚ ਪੀਣ ਵਾਲਾ ਸਾਫ਼ ਪਾਣੀ ਮੁਹੱਈਆ ਹੋਣ ਦੇ ਮਾਮਲੇ ਵਿਚ ਪੰਜਾਬ ਦੇਸ਼ ਭਰ ਵਿਚੋਂ ਅੱਵਲ ਹੈ ਜਿਥੇ 99.5 ਫੀਸਦੀ ਘਰਾਂ ਨੂੰ ਇਹ ਸਹੂਲਤ ਪ੍ਰਾਪਤ ਹੈ ਹਾਲਾਂਕਿ ਪੂਰਾ ਸਾਲ ਲਗਾਤਾਰ ਇਹ ਸਹੂਲਤ ਉਪਲਬਧ ਹੋਣ ਦੇ ਮਾਮਲੇ ਵਿਚ ਪੰਜਾਬ ਕੁਝ ਪੱਛੜਿਆ ਹੋਇਆ ਹੈ ਜਿਸ ਵਿਚ ਉੱਤਰ ਪ੍ਰਦੇਸ਼ ਪਹਿਲੇ ਨੰਬਰ 'ਤੇ ਦੱਸਿਆ ਗਿਆ ਹੈ।

ਇਹ ਖੁਲਾਸਾ ਨੈਸ਼ਨਲ ਸੈਂਪਲ ਸਰਵੇ ਆਫਸ (ਐਨ.ਐਸ.ਐਸ.ਓ) ਵੱਲੋਂ ਪਿਛਲੇ ਪੰਜ ਸਾਲਾਂ ਦੌਰਾਨ ਇਸ ਮਾਮਲੇ ਵਿਚ ਆਈਆਂ ਤਬਦੀਲੀਆਂ ਬਾਰੇ ਇਕੱਤਰ ਕੀਤੇ 69ਵੇਂ ਸਰਵੇ ਦੇ ਅੰਕੜਿਆਂ ਤੋਂ ਹੋਇਆ ਹੈ। ਇਨ੍ਹਾਂ ਅੰਕੜਿਆਂ ਮੁਤਾਬਕ ਪੰਜਾਬ ਦੇ 99.5 ਫੀਸਦੀ ਪੇਂਡੂ ਤੇ 99.7 ਫੀਸਦੀ ਸ਼ਹਿਰੀ ਘਰਾਂ ਨੂੰ ਪੀਣ ਵਾਲਾ ਸਾਫ਼ ਪਾਣੀ ਉਪਲਬਧ ਹੈ।

ਪੰਜਾਬ ਤੋਂ ਬਾਅਦ ਬਿਹਾਰ ਇਸ ਮਾਮਲੇ ਵਿਚ ਦੂਜੇ ਸਥਾਨ ਤੇ ਉੱਤਰ ਪ੍ਰਦੇਸ਼ ਤੀਜੇ ਨੰਬਰ 'ਤੇ ਹੈ। ਹਰਿਆਣਾ ਵਿਚ 92.6 ਫੀਸਦੀ ਪੇਂਡੂ ਤੇ 92.3 ਫੀਸਦੀ ਸ਼ਹਿਰੀ ਖੇਤਰਾਂ ਵਿਚ, ਹਿਮਾਚਲ ਪ੍ਰਦੇਸ਼ ਦੇ 95.8 ਫੀਸਦੀ ਪੇਂਡੂ ਅਤੇ 100 ਫੀਸਦੀ ਸ਼ਹਿਰੀ ਘਰਾਂ ਨੂੰ ਜਦਕਿ ਜੰਮੂ ਕਸ਼ਮੀਰ ਵਿਚ 80.6 ਫੀਸਦੀ ਪੇਂਡੂ ਤੇ 97.9 ਫੀਸਦੀ ਸ਼ਹਿਰੀ ਘਰਾਂ ਨੂੰ ਇਹ ਸਹੂਲਤ ਉਪਲਬਧ ਹੈ।

# ਬਾਜਵਾ ਦੇ ਉਮੀਦਵਾਰਾਂ ਬਾਰੇ ਫੈਸਲੇ ਤੋਂ ਕੈਪਟਨ ਖ਼ਫ਼ਾ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਤੇ ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਅਗਾਮੀ ਲੋਕ ਸਭਾ ਚੋਣਾਂ ਵਿਚ ਪਾਰਟੀ ਉਮੀਦਵਾਰਾਂ ਬਾਰੇ ਆਪਣੇ ਵਿਚਾਰ ਜਨਤਕ ਨਾ ਕਰਨ ਲਈ ਕਿਹਾ ਹੈ। ਕੈਪਟਨ ਨੇ ਕਿਹਾ ਕਿ ਸ. ਬਾਜਵਾ ਨੇ ਮੀਡੀਆ ਨੂੰ ਦੱਸਿਆ ਹੈ ਕਿ ਕੁਝ ਮੌਜੂਦਾ ਸੰਸਦ ਮੈਂਬਰਾਂ ਖਿਲਾਫ਼ ਬਦਲਾਅ ਦੀ ਲਹਿਰ ਵੀ ਚੱਲ ਰਹੀ ਹੈ।

ਉਨ੍ਹਾਂ ਕਿਹਾ ਕਿ ਇਸ ਨਾਲ ਨਾ ਸਿਰਫ ਪਾਰਟੀ ਅਹੁਦੇਦਾਰਾਂ ਤੇ ਵਰਕਰਾਂ ਵਿਚਾਲੇ ਭਰਮ ਪੈਦਾ ਹੋਵੇਗਾ ਬਲਕਿ ਉਮੀਦਵਾਰਾਂ ਦਾ ਮਨੋਬਲ ਵੀ ਘਟੇਗਾ। ਉਨ੍ਹਾਂ ਪ੍ਰਦੇਸ਼ ਕਾਂਗਰਸ ਪ੍ਰਧਾਨ ਨੂੰ ਅਜਿਹੇ ਕਦਮ ਨਾ ਚੁੱਕਣ ਦੀ ਸਲਾਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪ੍ਰਦੇਸ਼ ਕਾਂਗਰਸ ਪ੍ਰਧਾਨ ਨੂੰ ਆਪਣੇ ਸੰਸਦ ਮੈਂਬਰਾਂ ਵਿਰੁੱਧ ਗੱਲ ਕਰਨ ਦੀ ਥਾਂ ਅਕਾਲੀ ਭਾਜਪਾ ਗਠਜੋੜ ਨੂੰ ਜ਼ਿੰਮੇਵਾਰ ਠਹਿਰਾਉਣਾ ਚਾਹੀਦਾ ਹੈ।

ਉਨ੍ਹਾਂ ਨੇ ਸ. ਬਾਜਵਾ ਵੱਲੋਂ ਪਾਰਟੀ ਹਾਈਕਮਾਂਡ ਨੂੰ ਵਿਸ਼ਵਾਸ ਵਿਚ ਲਏ ਬਗੈਰ ਕੁਝ ਲੋਕ ਸਭਾ ਹਲਕਿਆਂ ਦੇ ਉਮੀਦਵਾਰ ਐਲਾਨਣ ਬਾਰੇ ਕਿਹਾ ਕਿ ਪਾਰਟੀ ਉਮੀਦਵਾਰ ਤੈਅ ਕਰਨਾ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦਾ ਵਿਸ਼ੇਸ਼ ਅਧਿਕਾਰ ਹੈ ਤੇ ਪ੍ਰਦੇਸ਼ ਪ੍ਰਧਾਨ ਸਿਰਫ ਆਪਣੀਆਂ ਸਿਫਾਰਸ਼ਾਂ ਭੇਜ ਸਕਦੇ ਹਨ।

# ਗਾਇਕ ਲਾਭ ਜੰਜੂਆ ਭਾਜਪਾ ਵਿਚ ਸ਼ਾਮਲ

**ਖੰਨਾ:** ਪੰਜਾਬੀ ਦੀ ਪ੍ਰਸਿੱਧ ਗਾਇਕਾ ਮਿਸ ਪੂਜਾ ਦੇ ਭਾਜਪਾ ਵਿਚ ਸ਼ਾਮਲ ਹੋਣ ਉਪਰੰਤ ਇਕ ਹੋਰ ਬਾਲੀਵੁਡ ਗਾਇਕ ਲਾਭ ਜੰਜੂਆ ਵੀ ਭਾਜਪਾ ਵਿਚ ਸ਼ਾਮਲ ਹੋ ਗਏ। ਸ੍ਰੀ ਲਾਭ ਜੰਜੂਆ ਹੁਣ ਤੱਕ ਬਾਲੀਵੁਡ ਦੀਆਂ ਦਰਜਨਾਂ ਫਿਲਮਾਂ ਵਿਚ ਕਈ ਸੁਪਰਹਿੱਟ ਹਿੰਦੀ ਪੰਜਾਬੀ ਗੀਤ ਗਾ ਚੁੱਕੇ ਹਨ।

ਸ੍ਰੀ ਲਾਭ ਜੰਜੂਆ ਨੇ ਪੰਜਾਬ ਭਾਜਪਾ ਦੇ ਪ੍ਰਧਾਨ ਕਮਲ ਸ਼ਰਮਾ ਅਤੇ ਪੰਜਾਬ ਭਾਜਪਾ ਦੇ ਜਨਰਲ ਸਕੱਤਰ ਸੰਗਠਨ ਸ੍ਰੀ ਅਜੇ ਜੰਮਵਾਲ ਦੀ ਪ੍ਰੇਰਨਾ ਸਦਕਾ ਜ਼ਿਲ੍ਹਾ ਭਾਜਪਾ ਪ੍ਰਧਾਨ ਬਿਕਰਮਜੀਤ ਸਿੰਘ ਚੀਮਾ ਦੀ ਅਗਵਾਈ ਵਿਚ ਭਾਜਪਾ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ।

ਇਸ ਮੌਕੇ ਸ੍ਰੀ ਜੰਜੂਆ ਨੇ ਕਿਹਾ ਕਿ ਉਹ ਆਉਂਦੀਆਂ ਲੋਕ ਸਭਾ ਚੋਣਾਂ ਵਿਚ ਦੇਸ਼ਭਰ ਵਿਚ



ਭਾਜਪਾ ਉਮੀਦਵਾਰਾਂ ਲਈ ਕੰਮ ਕਰਨਗੇ। ਇਸ ਮੌਕੇ ਚੀਮਾ ਨੇ ਕਿਹਾ ਕਿ ਮਿਸ ਪੂਜਾ ਤੋਂ ਬਾਅਦ ਸ੍ਰੀ ਲਾਭ ਜੰਜੂਆ ਦਾ ਭਾਜਪਾ ਵਿਚ ਸ਼ਾਮਿਲ ਹੋਣਾ ਇਹ ਸਾਬਤ ਕਰਦਾ ਹੈ ਕਿ ਭਾਜਪਾ ਕਲਾਕਾਰਾਂ ਵਿਚ ਵੀ ਸਭ ਤੋਂ ਵੱਧ ਹਰਮਨ ਪਿਆਰੀ ਪਾਰਟੀ ਬਣ ਗਈ ਹੈ।

# ਪੁਲਿਸ ਵੱਲੋਂ ਗਾਇਕ ਨਛੱਤਰ ਗਿੱਲ ਨੂੰ ਵੀ.ਆਈ.ਪੀ. ਸਹੂਲਤਾਂ

**ਲੁਧਿਆਣਾ:** ਕੁੜੀ ਨੂੰ ਮਾਡਲਿੰਗ ਕਰਾਉਣ ਦਾ ਝਾਂਸਾ ਦੇ ਕੇ ਉਸ ਨਾਲ ਬਲਾਤਕਾਰ ਕਰਨ ਦੇ ਦੋਸ਼ਾਂ ਹੇਠ ਗ੍ਰਿਫਤਾਰ ਕੀਤੇ ਗਾਇਕ ਨਛੱਤਰ ਗਿੱਲ 'ਤੇ ਲੁਧਿਆਣਾ ਪੁਲਿਸ ਮਿਹਰਬਾਨ ਜਾਪਦੀ ਹੈ। ਗਾਇਕ ਨੂੰ ਅਦਾਲਤ ਵਿਚ ਪੇਸ਼ ਕਰਨ ਅਤੇ ਸਿਵਲ ਹਸਪਤਾਲ ਮੈਡੀਕਲ ਕਰਵਾਉਣ ਲਈ ਲਿਜਾਣ ਵਾਸਤੇ ਪੁਲਿਸ ਪ੍ਰਾਈਵੇਟ ਲਗਜ਼ਰੀ ਗੱਡੀ ਦੀ ਵਰਤੋਂ ਕਰ ਰਹੀ ਹੈ। ਪੀੜਤ ਲੜਕੀ ਦੇ ਪਿਤਾ ਨੇ ਪਹਿਲਾਂ ਹੀ ਦੋਸ਼ ਲਾਇਆ ਸੀ ਕਿ ਪੁਲਿਸ ਥਾਣੇ ਵਿਚ ਗਾਇਕ ਨੂੰ ਮਹਿਮਾਨਾਂ ਵਾਂਗ ਰੱਖਿਆ ਜਾ ਰਿਹਾ ਹੈ। ਉਸ ਦਾ ਖਾਣਾ ਵੀ ਹੋਟਲ ਵਿਚੋਂ ਆ ਰਿਹਾ ਹੈ ਤੇ ਉਸ ਨੂੰ ਪੀਣ ਲਈ ਮਿਨਰਲ ਵਾਟਰ ਹੀ ਦਿੱਤਾ ਜਾਂਦਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਪੁਲਿਸ ਗਾਇਕ ਨਛੱਤਰ ਗਿੱਲ ਨੂੰ ਅਦਾਲਤ ਵਿਚ ਪੇਸ਼ ਕਰਨ ਮਗਰੋਂ ਸਿਵਲ ਹਸਪਤਾਲ ਵਿਚ ਮੈਡੀਕਲ ਕਰਵਾਉਣ ਲਈ ਲੈ ਕੇ ਗਈ। ਇਸ ਗਾਇਕ ਨੂੰ ਸ਼ਾਨੋ-ਸ਼ੌਕਤ ਨਾਲ ਤਿੰਨ ਗੱਡੀਆਂ ਦੇ ਕਾਫਲੇ ਵਿਚ ਲਿਆਂਦਾ ਗਿਆ। ਇਨ੍ਹਾਂ ਵਿਚੋਂ ਇਕ ਲਗਜ਼ਰੀ ਗੱਡੀ ਵਿਚ ਗਾਇਕ ਤੇ ਪੁਲਿਸ ਮੁਲਾਜ਼ਮ ਸਵਾਰ ਸਨ ਤੇ ਬਾਕੀ ਦੋ ਗੱਡੀਆਂ ਵਿਚ ਉਸਦੇ ਸਮਰਥਕ ਸਵਾਰ ਸਨ।



ਛੇ ਮਹੀਨੇ ਪਹਿਲਾਂ ਲੁਧਿਆਣਾ ਦੇ ਪੀ.ਏ.ਯੂ. ਥਾਣੇ ਵਿਚ 26 ਸਾਲਾ ਕੁੜੀ ਨੇ ਗਾਇਕ ਨਛੱਤਰ ਗਿੱਲ ਖ਼ਿਲਾਫ਼ ਬਲਾਤਕਾਰ ਦਾ ਕੇਸ ਦਰਜ ਕਰਵਾਇਆ ਸੀ। ਪੁਲਿਸ ਨੇ ਬੀਤੇ ਮੰਗਲਵਾਰ ਦੀ ਰਾਤ ਨਛੱਤਰ ਗਿੱਲ ਨੂੰ ਗ੍ਰਿਫਤਾਰ ਕੀਤਾ ਸੀ। ਪੁਲਿਸ ਦੇ ਏ.ਡੀ.ਸੀ.ਪੀ. ਜੋਗਿੰਦਰ ਸਿੰਘ ਦਾ ਕਹਿਣਾ ਹੈ ਕਿ ਗਾਇਕ ਨੂੰ ਕੋਈ ਵੀ.ਆਈ.ਪੀ. ਟਰੀਟਮੈਂਟ ਨਹੀਂ ਦਿੱਤਾ ਗਿਆ। ਏ.ਐਸ.ਆਈ. ਦੀ ਆਪਣੀ ਪ੍ਰਾਈਵੇਟ ਕਾਰ ਹੈ ਜਿਸ ਵਿਚ ਉਹ ਹੀ ਉਸ ਨੂੰ ਅਦਾਲਤ ਵਿਚ ਪੇਸ਼ ਕਰਨ ਲਈ ਲੈ ਕੇ ਗਿਆ ਸੀ।

ਜ਼ਿਕਰਯੋਗ ਹੈ 2006 ਵਿਚ ਜਲੰਧਰ ਵਿਚ ਫੈਸ਼ਨ ਸ਼ੋਅ ਦੌਰਾਨ ਗਾਇਕ ਨਛੱਤਰ ਗਿੱਲ ਮਾਡਲ ਕੁੜੀ ਨੂੰ ਮਿਲਿਆ ਸੀ। ਗਾਇਕ ਨੇ ਕੁੜੀ ਨੂੰ ਆਪਣਾ ਮੋਬਾਈਲ ਨੰਬਰ ਦੇ ਦਿੱਤਾ ਤੇ ਉਸ ਨੂੰ ਵੀਡੀਓ ਵਿਚ ਮਾਡਲਿੰਗ ਕਰਵਾਉਣ ਦੀ ਗੱਲ ਕਹਿ ਕੇ ਚੰਡੀਗੜ੍ਹ ਦੇ ਇਕ ਹੋਟਲ ਵਿਚ ਬੁਲਾਇਆ। ਹੋਟਲ ਵਿਚ ਗਾਇਕ ਨੇ ਲੜਕੀ ਨੂੰ ਕੋਈ ਨਸ਼ੀਲਾ ਪਦਾਰਥ ਦੇ ਕੇ ਬੇਹੋਸ਼ ਕਰਕੇ ਉਸ ਨਾਲ ਬਲਾਤਕਾਰ ਕੀਤਾ ਤੇ ਉਸ ਦੀ ਵੀਡੀਓ ਵੀ ਬਣਾ ਲਈ।

ਬਾਅਦ ਵਿਚ ਉਹ ਲੜਕੀ ਨੂੰ ਬਲੈਕਮੇਲ ਕਰਕੇ ਕਈ ਵਾਰ ਉਸ ਨਾਲ ਬਲਾਤਕਾਰ ਕਰਦਾ ਰਿਹਾ। ਕਾਫ਼ੀ ਸਮਾਂ ਬਾਅਦ ਕੁੜੀ ਨੇ ਸਾਰੀ ਗੱਲ ਆਪਣੇ ਮਾਪਿਆਂ ਨੂੰ ਦੱਸੀ। ਉਹ ਪੁਲੀਸ ਕੋਲ ਗਏ ਤੇ ਪੁਲਿਸ ਨੇ ਪੰਜ ਮਹੀਨੇ ਜਾਂਚ ਕਰਨ ਤੋਂ ਬਾਅਦ ਨਛੱਤਰ ਗਿੱਲ ਤੇ ਉਸ ਦੇ ਤਿੰਨ ਸਾਥੀਆਂ ਖ਼ਿਲਾਫ਼ ਬਲਾਤਕਾਰ ਦਾ ਕੇਸ ਦਰਜ ਕੀਤਾ। ਮੁਲਜ਼ਮਾਂ ਵਿਚੋਂ ਚਰਨਜੀਤ ਸਿੰਘ ਚੰਨੀ ਤੇ ਜਸਦੀਪ ਸਿੰਘ ਸੋਹੀ ਵੀ ਪੁਲਿਸ ਦੀ ਗ੍ਰਿਫ਼ਤ ਵਿਚ ਹਨ।

# ਬਾਦਲ ਨਸ਼ਿਆਂ ਬਾਰੇ ਰਿਪੋਰਟ ਜਨਤਕ ਕਰੇ: ਸ਼ਸ਼ੀਕਾਂਤ

**ਕਪੂਰਥਲਾ:** ਪੰਜਾਬ ਦੇ ਸਾਬਕਾ ਡੀ.ਜੀ.ਪੀ ਸ਼ਸ਼ੀਕਾਂਤ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਮੰਗ ਕੀਤੀ ਕਿ ਉਹ ਨਸ਼ਿਆਂ ਦੀ ਤਸਕਰੀ ਵਿਚ ਸ਼ਾਮਲ ਆਪਣੇ ਮੰਤਰੀਆਂ ਤੇ ਅਕਾਲੀ ਵਿਧਾਇਕਾਂ ਨੂੰ ਕਲੀਨ ਚਿਟ ਦੇਣ ਦੀ ਬਜਾਏ, ਉਨ੍ਹਾਂ ਵੱਲੋਂ ਪੇਸ਼ ਕੀਤੀ ਗਈ ਰਿਪੋਰਟ ਜਨਤਕ ਕਰਨ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਡਰੱਗ ਕਾਂਡ ਦੀ ਜਾਂਚ ਕਿਸੇ ਨਿਰਪੱਖ ਏਜੰਸੀ ਕੋਲੋਂ ਕਰਵਾਈ ਜਾਵੇ ਤਾਂ ਪੰਜਾਬ ਦੀਆਂ ਬਹੁਤ ਸਾਰੀਆਂ ਹਸਤੀਆਂ ਦੀ ਇਸ ਤਸਕਰੀ ਵਿਚ ਸ਼ਮੂਲੀਅਤ ਸਾਹਮਣੇ ਆਵੇਗੀ।

ਉਨ੍ਹਾਂ ਕਿਹਾ ਕਿ ਸੂਬੇ ਵਿਚ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਸਭ ਨੂੰ ਇਕ ਜੁਟ ਹੋ ਕੇ ਨਸ਼ਿਆਂ ਵਿਰੁੱਧ ਖੜ੍ਹੇ ਹੋਣ ਦੀ ਲੋੜ ਹੈ।ਉਨ੍ਹਾਂ ਭਾਰਤ ਨੌਜਵਾਨ ਸਭਾ ਦੀ ਨਸ਼ਾ ਵਿਰੋਧੀ ਮੁਹਿੰਮ ਨੂੰ ਪੂਰਨ ਸਮਰਥਨ ਦੇਣ ਦਾ ਐਲਾਨ ਕਰਦਿਆਂ ਕਿਹਾ ਕਿ ਛੇਤੀ ਹੀ ਉਹ ਹਾਈ ਕੋਰਟ ਵਿਚ ਨਸ਼ਾ ਤਸਕਰੀ ਵਿਚ ਸ਼ਾਮਲ ਸਿਆਸੀ ਆਗੂਆਂ ਦੇ ਨਾਂਅ ਵਾਲਾ ਹਲਫਨਾਮਾ ਦਾਇਰ ਕਰਵਾਉਣਗੇ। ਉਨ੍ਹਾਂ ਨਸ਼ਿਆਂ ਦੀ ਤਸਕਰੀ ਲਈ ਕਾਂਗਰਸ ਸਮੇਤ ਸੱਤਾਧਾਰੀ ਅਕਾਲੀ-ਭਾਜਪਾ ਗੱਠਜੋੜ ਨੂੰ ਜ਼ਿੰਮੇਵਾਰ ਠਹਿਰਾਇਆ। ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਨੌਜਵਾਨ ਭਾਰਤ ਸਭਾ ਦੇ ਸੂਬਾਈ ਪ੍ਰਧਾਨ ਰਮਿੰਦਰ ਸਿੰਘ ਪਟਿਆਲਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ੇ ਵੇਚਣ ਵਾਲਿਆਂ ਦਾ ਸਮਾਜਿਕ ਬਾਈਕਾਟ ਕਰਨ। ਉਨ੍ਹਾਂ ਕਿਹਾ ਕਿ ਅਕਾਲੀ ਆਗੂ ਬਿੱਟੂ ਔਲਖ ਦੀ ਗ੍ਰਿਫਤਾਰੀ ਪਿੱਛੋਂ ਇਸ ਵਿਚ ਸ਼ਾਮਲ ਹੋਰ ਸਿਆਸੀ ਆਗੂਆਂ ਵਿਰੁੱਧ ਵੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

## ਤੇਜ਼ਾਬ ਹਮਲਾ ਪੀੜਤ ਹਰਪ੍ਰੀਤ ਕੌਰ ਦੀ ਮੌਤ

**ਬਰਨਾਲਾ:** ਬਰਨਾਲਾ ਦੀ 22 ਸਾਲਾ ਹਰਪ੍ਰੀਤ ਕੌਰ ਜਿਸ ਉਤੇ ਵਿਆਹ ਵਾਲੇ ਦਿਨ ਤੇਜ਼ਾਬ ਸੁੱਟ ਦਿੱਤਾ ਗਿਆ ਹੈ, ਦੀ ਮੁੰਬਈ ਦੀ ਨੈਸ਼ਨਲ ਬਰਨਜ਼ ਕੇਅਰ ਸੈਂਟਰ ਵਿਖੇ ਮੌਤ ਹੋ ਗਈ। ਇਹ ਘਟਨਾ ਉਸ ਵੇਲੇ ਵਾਪਰੀ ਸੀ ਜਦੋਂ ਹਰਪ੍ਰੀਤ ਕੌਰ ਨੂੰ ਸਰਾਭਾ ਨਗਰ ਦੇ ਇਕ ਬਿਊਟੀ ਸੈਲੂਨ ਵਿਚ ਵਿਆਹ ਲਈ ਤਿਆਰ ਕੀਤਾ ਜਾ ਰਿਹਾ ਸੀ। ਉਸ ਵੇਲੇ ਹਮਲਾਵਰ ਸੈਲੂਨ ਦੇ ਅੰਦਰ ਜਾ ਵੜੇ ਸਨ ਤੇ ਉਨ੍ਹਾਂ ਨੇ ਹਰਪ੍ਰੀਤ ਉਤੇ ਤੇਜ਼ਾਬ ਸੁੱਟ ਦਿੱਤਾ। ਇਹ ਹਮਲੇ ਵਿਚ ਉਹ 45 ਫੀਸਦੀ ਸੜ ਗਈ ਸੀ।

ਲੁਧਿਆਣਾ ਪੁਲਿਸ ਨੇ ਇਸ ਹਮਲੇ ਦੇ ਦੋਸ਼ ਵਿਚ ਹਰਪ੍ਰੀਤ ਕੌਰ ਦੇ ਹੋਣ ਵਾਲੇ ਪਤੀ ਦੇ ਵੱਡੇ ਭਰਾ ਦੀ ਸਾਬਕਾ ਪਤਨੀ ਅੰਮ੍ਰਿਤਪਾਲ ਕੌਰ ਤੇ ਉਸ ਦੇ ਪ੍ਰੇਮੀ ਸਮੇਤ ਪੰਜ ਜਣਿਆਂ ਨੂੰ ਗ੍ਰਿਫਤਾਰ ਕੀਤਾ ਸੀ। ਅੰਮ੍ਰਿਤਪਾਲ ਕੌਰ ਨੇ ਮੰਨਿਆ ਸੀ ਕਿ ਉਸ ਨੇ ਆਪਣੇ ਸਾਬਕਾ ਪਤੀ ਤੋਂ ਬਦਲਾ ਲੈਣ ਲਈ ਇਹ ਹਮਲਾ ਕਰਵਾਇਆ ਸੀ।

# ਮਲੇਸ਼ੀਆ ਦੀਆਂ ਜੇਲ੍ਹਾਂ ਵਿਚ ਰੁਲ ਰਹੇ ਨੇ ਸੈਂਕੜੇ ਭਾਰਤੀ

**ਤਰਨਤਾਰਨ:** ਰੋਜ਼ੀ ਰੋਟੀ ਦੇ ਚੱਕਰ ਵਿਚ ਪੁੱਠੇ-ਸਿੱਧੇ ਢੰਗ ਨਾਲ ਮਲੇਸ਼ੀਆ ਗਏ ਵੱਡੀ ਗਿਣਤੀ ਵਿਚ ਭਾਰਤੀ ਨੌਜਵਾਨ ਇਸ ਸਮੇਂ ਸਜ਼ਾ ਪੂਰੀ ਹੋਣ ਦੇ ਬਾਵਜੂਦ ਜੇਲ੍ਹਾਂ ਵਿਚ ਸੜ ਰਹੇ ਹਨ। ਇਨ੍ਹਾਂ ਨੌਜਵਾਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਆਪਣੇ ਬੱਚਿਆਂ ਬਾਰੇ ਕੋਈ ਜਾਣਕਾਰੀ ਨਹੀਂ ਹੈ। ਇਨ੍ਹਾਂ ਨੌਜਵਾਨਾਂ ਦੀ ਰਿਹਾਈ ਲਈ ਭਾਰਤ ਸਰਕਾਰ ਵੱਲੋਂ ਕੋਈ ਠੋਸ ਕਦਮ ਨਹੀਂ ਚੁੱਕੇ ਗਏ।

ਜੇਲ੍ਹਾਂ ਵਿਚ ਬੰਦ ਇਨ੍ਹਾਂ ਨੌਜਵਾਨਾਂ ਵਿਚ ਜ਼ਿਆਦਾਤਰ ਨੌਜਵਾਨ ਉਹ ਹਨ ਜੋ ਟ੍ਰੈਵਲ ਏਜੰਟਾਂ ਦੇ ਜਾਅਲੀ ਵਰਕ ਪਰਮਿਟ ਉਪਰ ਮਲੇਸ਼ੀਆ ਵਿਚ ਕੰਮ ਕਰਦੇ ਫੜੇ ਗਏ ਹਨ, ਜਾਂ ਇਨ੍ਹਾਂ ਨੌਜਵਾਨਾਂ ਦਾ ਵੀਜ਼ਾ ਸਮਾਂ ਪੂਰਾ ਹੋਣ 'ਤੇ ਇਹ ਨੌਜਵਾਨ 'ਓਵਰ ਸਟੇਅ' ਕਰ ਚੁਕੇ ਹਨ। ਆਪਣੇ ਭਰਾ ਦੀ ਭਾਲ ਵਿਚ ਮਲੇਸ਼ੀਆ ਪਹੁੰਚੀ ਨਵਾਂ ਸ਼ਹਿਰ ਦੀ ਐਡਵੋਕੇਟ ਰਮਨਦੀਪ ਕੌਰ ਨੇ ਜੇਲ੍ਹ ਵਿਚੋਂ ਜਿਥੇ ਆਪਣੇ ਭਰਾ ਨੂੰ ਰਿਹਾਅ ਕਰਵਾਇਆ, ਉਥੇ ਤਰਨਤਾਰਨ ਤੇ ਨਡਾਲਾ (ਕਪੂਰਥਲਾ) ਦੇ ਨੌਜਵਾਨ ਵੀ ਆਪਣੇ ਪਰਿਵਾਰ ਵਿਚ ਪਹੁੰਚਣ ਵਿਚ ਕਾਮਯਾਬ ਹੋਏ ਹਨ।

ਮਲੇਸ਼ੀਆ ਤੋਂ ਪਰਤੇ ਤੇਜਿੰਦਰ ਸਿੰਘ ਨਾਂ ਦੇ ਨੌਜਵਾਨ ਮੁਤਾਬਕ ਉਸ ਦੇ ਗੁਆਂਢ ਰਹਿੰਦੇ ਪੰਕਜ ਕੁਮਾਰ ਉਰਫ ਕਾਕੂ ਨੇ ਉਸ ਨੂੰ ਵਿਜ਼ਟਰ ਵੀਜ਼ੇ 'ਤੇ 65000 ਰੁਪਏ ਲੈ ਕੇ ਮਲੇਸ਼ੀਆ ਭੇਜ ਦਿੱਤਾ ਤੇ ਕਿਹਾ ਕਿ ਉਥੇ ਉਸ ਦੇ ਆਦਮੀ ਉਸ ਨੂੰ ਵਰਕ ਪਰਮਿਟ ਲੈ ਦੇਣਗੇ। ਜਦ ਤੇਜਿੰਦਰ ਸਿੰਘ ਮਲੇਸ਼ੀਆ ਹਵਾਈ ਅੱਡੇ 'ਤੇ ਪਹੁੰਚਿਆ ਤਾਂ ਉਥੇ ਉਸ ਨੂੰ ਰਾਜਵੀਰ ਸਿੰਘ ਤੇ ਸਾਬਾ ਨਾਂਅ ਦੇ ਨੌਜਵਾਨਾਂ ਨੇ ਹਵਾਈ ਅੱਡੇ ਤੋਂ ਘਰ ਤੱਕ ਲਿਆਉਣ ਲਈ 25000 ਰੁਪਏ ਲੈਣ ਦੇ ਬਾਵਜੂਦ ਕੋਈ ਕੰਮ ਨਹੀਂ ਦਿਵਾਇਆ। ਉਹ ਇਕ ਮਹੀਨਾ ਮਜ਼ਦੂਰੀ ਕਰਦਾ ਰਿਹਾ।

ਉਕਤ ਨੌਜਵਾਨਾਂ ਨੇ ਉਸ ਕੋਲੋਂ ਵਰਕ ਪਰਮਿਟ ਲਈ 80 ਹਜ਼ਾਰ ਰੁਪਏ ਦੀ ਹੋਰ ਮੰਗ ਕੀਤੀ ਜਦ ਉਸ ਨੂੰ ਪਤਾ ਲੱਗਿਆ ਕਿ ਇਹ ਨੌਜਵਾਨਾਂ ਨੂੰ ਜਾਅਲੀ ਵਰਕ ਪਰਮਿਟ ਦੇ ਕੇ ਠੱਗੀ



ਮਾਰ ਲੈਂਦੇ ਹਨ ਤਾਂ ਉਸ ਨੇ ਘਰ ਵਾਪਸ ਆਉਣ ਨੂੰ ਹੀ ਬਿਹਤਰ ਸਮਝਿਆ। ਉਸ ਸਮੇਂ ਤੱਕ ਉਹ ਵੀਜ਼ੇ ਤੋਂ ਇਕ ਮਹੀਨੇ ਓਵਰ ਸਟੇਅ ਹੋ ਚੁੱਕਾ ਸੀ। ਉਥੇ ਜਗਤਾਰ ਸਿੰਘ ਨਾਂ ਦੇ ਏਜੰਟ ਨੇ ਉਸ ਕੋਲੋਂ ਇਮੀਗ੍ਰੇਸ਼ਨ ਵਿਚੋਂ ਲੰਘਾਉਣ ਲਈ 40 ਹਜ਼ਾਰ ਰੁਪਏ ਲਏ, ਜਦ ਕਿ ਭਾਰਤ ਵਾਪਸ ਆਉਣ ਲਈ ਕੁਆਲਾਲੰਪੁਰ (ਮਲੇਸ਼ੀਆ) ਹਵਾਈ ਅੱਡੇ 'ਤੇ ਆਇਆ ਤਾਂ ਉਸ ਨੂੰ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਗ੍ਰਿਫਤਾਰ ਕਰ ਲਿਆ। ਉਸ ਸਮੇਂ ਉਥੇ ਉਸ ਨਾਲ ਕਾਫੀ ਗਿਣਤੀ ਵਿਚ ਹੋਰ ਵੀ ਨੌਜਵਾਨ ਮੌਜੂਦ ਸਨ, ਜੋ ਓਵਰ ਸਟੇਅ ਦੇ ਮਾਮਲੇ ਵਿਚ ਗ੍ਰਿਫਤਾਰ ਕਰ ਲਏ ਗਏ ਸਨ। ਜਦ ਗ੍ਰਿਫਤਾਰੀ ਦਾ ਪਤਾ ਤੇਜਿੰਦਰ ਦੇ ਪਰਿਵਾਰਕ ਮੈਂਬਰਾਂ ਨੂੰ ਲੱਗਾ ਤਾਂ ਉਨ੍ਹਾਂ ਨੇ ਮਲੇਸ਼ੀਆ ਸਥਿਤ ਆਪਣੇ ਕੁਝ ਜਾਣੂ ਵਿਅਕਤੀਆਂ ਨਾਲ ਸੰਪਰਕ ਕਰਨ ਤੋਂ ਬਾਅਦ ਉਸ ਦੇ ਸਹੁਰੇ ਪਰਿਵਾਰ ਦੇ ਨਜ਼ਦੀਕ ਰਹਿੰਦੇ ਰਾਜੂ ਨਾਂਅ ਦੇ ਵਿਅਕਤੀ ਨਾਲ ਗੱਲ ਕੀਤੀ ਤਾਂ ਉਸ ਨੇ 2,70,000 ਦੀ ਮੰਗ ਕਰਦਿਆਂ ਕਿਹਾ ਕਿ ਇਸ ਰਕਮ ਨਾਲ ਉਹ ਤੇਜਿੰਦਰ ਨੂੰ ਅਦਾਲਤ ਵਿਚ ਪੇਸ਼ ਕਰਨ ਤੋਂ ਪਹਿਲਾਂ ਹੀ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਪੈਸੇ ਦੇ ਕੇ ਤੇਜਿੰਦਰ ਨੂੰ ਭਾਰਤ ਭੇਜ ਦੇਵੇਗਾ।

ਉਨ੍ਹਾਂ ਵੱਲੋਂ ਇਹ ਪੈਸੇ ਰਾਜੂ ਨੂੰ ਮਲੇਸ਼ੀਆ ਉਸ ਦੇ ਖਾਤੇ ਵਿਚ ਪਾਉਣ 'ਤੇ ਵੀ ਰਾਜੂ ਨੇ ਉਨ੍ਹਾਂ ਨਾਲ ਠੱਗੀ ਮਾਰ ਲਈ ਤੇ ਉਸਦੀ ਰਿਹਾਈ ਲਈ ਕੋਈ ਪੈਸਾ ਖਰਚ ਨਹੀਂ ਕੀਤਾ। ਤੇਜਿੰਦਰ ਮੁਤਾਬਕ ਜਦ ਉਸ ਨੂੰ ਕੁਆਲਾਲੰਪੁਰ ਦੀ ਅਦਾਲਤ ਵਿਚ ਪੇਸ਼ ਕੀਤਾ ਤਾਂ ਅਦਾਲਤ ਨੇ ਉਨ੍ਹਾਂ ਨੂੰ ਦੋ ਮਹੀਨੇ ਦੀ ਸਜ਼ਾ ਸੁਣਾਈ। ਜੇਲ੍ਹ ਵਿਚ ਉਥੇ ਉਨ੍ਹਾਂ ਦੇ ਬਲਾਕ ਵਿਚ ਤਕਰੀਬਨ 125 ਨੌਜਵਾਨ ਸਨ, ਜਦ ਕਿ ਜੇਲ੍ਹ ਦੇ ਹੋਰ ਬਲਾਕਾਂ ਵਿਚ ਪਾ ਕੇ ਇਹ ਗਿਣਤੀ ਹਜ਼ਾਰਾਂ ਵਿਚ ਬਣ ਜਾਂਦੀ ਸੀ, ਜਿਨ੍ਹਾਂ ਵਿਚ ਜ਼ਿਆਦਾਤਰ ਭਾਰਤੀ, ਬੰਗਲਾਦੇਸ਼ੀ ਅਤੇ ਪਾਕਿਸਤਾਨੀ ਸਨ। ਤੇਜਿੰਦਰ ਸਿੰਘ ਨੇ ਇਹ ਵੀ ਦੱਸਿਆ ਕਿ ਜੇਲ੍ਹ ਵਿਚ ਉਨ੍ਹਾਂ ਨੌਜਵਾਨਾਂ ਨਾਲ ਮੁਲਾਕਾਤ ਹੋਈ, ਜੋ ਸਜ਼ਾ ਪੂਰੀ ਕਰਨ ਦੇ ਬਾਵਜੂਦ ਪੰਜ ਤੋਂ 10 ਸਾਲ ਤੱਕ ਜੇਲ੍ਹ ਵਿਚ ਸੜ ਰਹੇ ਹਨ ਤੇ ਉਨ੍ਹਾਂ ਦੇ ਘਰ ਵਾਲਿਆਂ ਨੂੰ ਵੀ ਉਨ੍ਹਾਂ ਦੇ ਜੇਲ੍ਹ ਵਿਚ ਹੋਣ ਬਾਰੇ ਕੋਈ ਪਤਾ ਨਹੀਂ ਹੈ। ਐਡਵੋਕੇਟ ਰਮਨਦੀਪ ਕੌਰ ਕਾਰਨ ਹਰਮਨਦੀਪ ਸਿੰਘ ਅਤੇ ਨਡਾਲਾ ਦਾ ਰਹਿਣ ਵਾਲਾ ਗੁਰਮੀਤ ਸਿੰਘ ਆਪਣੇ ਪਰਿਵਾਰ ਵਿਚ ਪਹੁੰਚ ਗਏ ਹਨ, ਜਦ ਕਿ ਉਨ੍ਹਾਂ ਨਾਲ ਰਿਹਾਅ ਹੋ ਕੇ ਆਏ ਬਾਕੀ ਅਜੇ ਵੀ ਕੈਂਪਾਂ ਵਿਚ ਸੜ ਰਹੇ ਹਨ।

## ਮਲੇਸ਼ੀਆ ਦੇ ਜੰਗਲਾਂ ਵਿਚ ਦਿਨ ਕਟੀ ਕਰਨ ਲਈ ਮਜਬੂਰ

**ਮਾਛੀਵਾੜਾ:** ਏਜੰਟਾਂ ਦੇ ਧੱਕੇ ਚੜ੍ਹ ਕੇ ਮਲੇਸ਼ੀਆ ਗਏ ਪੰਜਾਬੀ ਨੌਜਵਾਨ ਉਥੇ ਅਜਿਹਾ ਬੁਰੇ ਫਸੇ ਹਨ ਕਿ ਉਹ ਲੁਕ ਛਿਪ ਕੇ ਜੰਗਲਾਂ ਵਿਚ ਦਿਨ ਕਟੀ ਕਰ ਰਹੇ ਹਨ। ਉਨ੍ਹਾਂ ਨੇ ਘਰ ਵਾਪਸੀ ਲਈ ਭਾਰਤੀ ਦੂਤਾਵਾਸ ਤੋਂ ਮੱਦਦ ਮੰਗੀ ਹੈ। ਅਜਿਹੇ ਹੀ ਹਾਲਾਤ ਵਿਚੋਂ ਲੰਘ ਰਿਹਾ ਮਾਛੀਵਾੜਾ ਵਾਸੀ ਅਮਨਦੀਪ ਸਿੰਘ 2011 ਵਿਚ ਲੱਖਾਂ ਰੁਪਏ ਖਰਚ ਕੇ ਵਰਕ ਪਰਮਿਟ ਵੀਜ਼ੇ 'ਤੇ ਭਾਰਤ ਤੋਂ ਮਲੇਸ਼ੀਆ ਗਿਆ ਸੀ ਪਰ ਏਜੰਟ ਵੱਲੋਂ ਨੌਕਰੀ ਦਿਵਾਉਣ ਦੇ ਭਰੋਸੇ ਦੇ ਉਲਟ ਉਥੇ ਉਸ ਨੂੰ ਕੰਮ ਮਿਲਣ ਦੀ ਬਜਾਏ ਧੱਕੇ ਖਾਣੇ ਪਏ। ਉਸ ਨੇ ਤਕਰੀਬਨ ਇਕ ਸਾਲ ਤਾਂ ਮਲੇਸ਼ੀਆ ਵਿਚ ਵੱਖ ਵੱਖ ਥਾਵਾਂ 'ਤੇ ਨੌਕਰੀ ਕਰਕੇ ਆਪਣਾ ਗੁਜ਼ਾਰਾ ਕਰਦਾ ਰਿਹਾ ਪਰ ਤਿੰਨ ਮਹੀਨੇ ਪਹਿਲਾਂ ਇਕ ਪਾਕਿਸਤਾਨੀ ਏਜੰਟ, ਜਿਸ ਨੂੰ ਉਸ ਸਮੇਤ ਤਕਰੀਬਨ 10 ਨੌਜਵਾਨਾਂ ਨੇ ਆਪਣਾ ਵਰਕ ਪਰਮਿਟ ਵੀਜ਼ਾ ਰੀਨਿਊ ਕਰਨ ਲਈ ਆਪਣੇ ਪਾਸਪੋਰਟ ਤੇ 80-80 ਹਜ਼ਾਰ ਰੁਪਏ ਨਕਦ ਦਿੱਤੇ ਸਨ, ਪਾਸਪੋਰਟ ਤੇ ਪੈਸੇ ਲੈ ਕੇ ਫਰਾਰ ਹੋ ਗਿਆ। ਇਸ ਕਾਰਨ ਉਨ੍ਹਾਂ ਨੂੰ ਹੁਣ ਨਾ ਤਾਂ ਮਲੇਸ਼ੀਆ ਵਿਚ ਕਿਤੇ ਕੰਮ ਮਿਲ ਰਿਹਾ ਹੈ ਤੇ ਨਾ ਉਹ ਖੁੱਲ੍ਹੇਆਮ ਇਸ ਦੇਸ਼ ਵਿਚ ਘੁੰਮ ਸਕਦੇ ਹਨ ਕਿਉਂਕਿ ਇਥੋਂ ਦੀ ਪੁਲਿਸ ਦਾ ਰਵੱਈਆ ਕਾਫੀ ਸਖ਼ਤ ਹੈ ਤੇ ਉਹ ਬਿਨਾਂ ਵਰਕ ਪਰਮਿਟ ਵੀਜ਼ੇ ਵਾਲੇ ਨੂੰ ਤੁਰੰਤ ਜੇਲ੍ਹ ਵਿਚ ਡਕ ਦਿੰਦੇ ਹਨ।

ਉਹ ਤੇ ਉਸ ਸਮੇਤ ਕਈ ਨੌਜਵਾਨ ਪਿਛਲੇ ਤਿੰਨ ਮਹੀਨਿਆਂ ਤੋਂ ਮਲੇਸ਼ੀਆਂ ਦੇ ਜੰਗਲਾਂ ਵਿਚ ਛੋਟੇ ਜਿਹੇ ਲੱਕੜ ਦੇ ਕਮਰੇ ਵਿਚ ਦਿਨ ਬਤੀਤ ਕਰ ਰਹੇ ਹਨ ਤੇ ਉਨ੍ਹਾਂ ਕੋਲ ਜੋ ਥੋੜ੍ਹਾ ਬਹੁਤ ਪੈਸਾ ਸੀ, ਉਹ ਵੀ ਖਰਚ ਹੋ ਗਿਆ। ਉਨ੍ਹਾਂ ਨੂੰ ਇਸ ਜੰਗਲ ਵਿਚ ਭੁੱਖੇ ਪਿਆਸੇ ਰਹਿ ਕੇ ਦਿਨ ਬਤੀਤ ਕਰਨੇ ਪੈ ਰਹੇ ਹਨ। ਇਥੋਂ ਤੱਕ ਕਿ ਭਾਰਤੀ ਦੂਤਾਵਾਸ ਵਿਚ ਤਾਇਨਾਤ ਅਧਿਕਾਰੀਆਂ ਕੋਲ ਫਰਿਆਦ ਕਰਨ 'ਤੇ ਵੀ ਉਨ੍ਹਾਂ ਦੇ ਕਿਸੇ ਨੇ ਬਾਂਹ ਨਹੀਂ ਫੜੀ। ਇਨ੍ਹਾਂ ਨੌਜਵਾਨਾਂ ਨੇਆਪਣੇ ਘਰ ਵਾਲਿਆਂ ਨੂੰ ਵੀ ਨਹੀਂ ਦੱਸਿਆ ਕਿ ਉਹ ਮਲੇਸ਼ੀਆ ਦੇ ਜੰਗਲਾਂ ਵਿਚ ਲੁਕ ਕੇ ਜ਼ਿੰਦਗੀ ਬਤੀਤ ਕਰ ਰਹੇ ਹਨ ਕਿਉਂਕਿ ਇਸ ਨਾਲ ਉਨ੍ਹਾਂ ਦੇ ਮਾਪੇ ਵੀ ਚਿੰਤਾ ਵਿਚ ਡੁੱਬ ਜਾਣਗੇ। ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ ਦਾ ਕਹਿਣਾ ਹੈ ਕਿ ਅਜੇ ਤੱਕ ਉਨ੍ਹਾਂ ਨੂੰ ਮਲੇਸ਼ੀਆ ਤੋਂ ਨੌਜਵਾਨਾਂ ਵੱਲੋਂ ਕੋਈ ਫੈਕਸ ਜਾਂ ਬੇਨਤੀ ਪੱਤਰ ਨਹੀਂ ਆਇਆ ਪਰ ਵਿਦੇਸ਼ ਮੰਤਰਾਲਾ ਅਜਿਹੇ ਮਾਮਲਿਆਂ ਪ੍ਰਤੀ ਕਾਫੀ ਗੰਭੀਰ ਹੈ। ਉਨ੍ਹਾਂ ਕਿਹਾ ਕਿ ਮਲੇਸ਼ੀਆ ਵਿਚ ਫਸੇ ਨੌਜਵਾਨਾਂ ਨੂੰ ਭਾਰਤ ਲਿਆਉਣ ਲਈ ਉਹ ਤੁਰੰਤ ਉਥੋਂ ਦੇ ਭਾਰਤੀ ਦੂਤਾਵਾਸ ਨਾਲ ਗੱਲ ਕਰਨਗੇ ਤੇ ਨੌਜਵਾਨਾਂ ਦੀ ਘਰ ਵਾਪਸੀ ਲਈ ਕਦਮ ਚੁੱਕੇ ਜਾਣਗੇ।

## ਬਰਾਕ ਓਬਾਮਾ ਵੱਲੋਂ ਸਨਮਾਨੇ ਵਿਗਿਆਨੀਆਂ ਵਿਚ ਦੋ ਭਾਰਤੀ

**ਵਾਸ਼ਿੰਗਟਨ:** ਰਾਸ਼ਟਰਪਤੀ ਬਰਾਕ ਓਬਾਮਾ ਨੇ ਰਾਸ਼ਟਰਪਤੀ ਪੁਰਸਕਾਰ ਲਈ ਜਿਨ੍ਹਾਂ 102 ਵਿਗਿਆਨੀਆਂ ਦੇ ਨਾਂਅ ਨਸ਼ਰ ਕੀਤੇ ਹਨ, ਉਨ੍ਹਾਂ ਵਿਚ ਦੋ ਭਾਰਤੀ ਮੂਲ ਦੇ ਵਿਗਿਆਨੀ ਵੀ ਸ਼ਾਮਲ ਹਨ।

ਇਨ੍ਹਾਂ ਦੇ ਨਾਂਅ ਕਰੁਣੇਸ਼ ਗਾਂਗੁਲੀ ਤੇ ਹਰਦੀਪ ਸਿੰਘ ਹਨ। ਇਹ ਵੱਕਾਰੀ ਪੁਰਸਕਾਰ ਨੌਜਵਾਨ ਵਿਗਿਆਨੀਆਂ ਤੇ ਇੰਜੀਨੀਅਰਾਂ ਨੂੰ ਦਿੱਤਾ ਜਾਂਦਾ ਹੈ। ਵ੍ਹਾਈਟ ਹਾਊਸ ਤੋਂ ਜਾਰੀ ਬਿਆਨ ਵਿਚ ਸ੍ਰੀ ਓਬਾਮਾ ਨੇ ਕਿਹਾ ਹੈ ਕਿ ਇਨ੍ਹਾਂ ਨੌਜਵਾਨਾਂ ਦੀਆਂ ਪ੍ਰਾਪਤੀਆਂ ਬਹੁਤ ਮਾਣ-ਮੱਤੀਆਂ ਹਨ। ਇਹ ਆਪੋ-ਆਪਣੇ ਪੇਸ਼ੇ ਵਿਚ ਹੋਰ ਪ੍ਰਾਪਤੀਆਂ ਕਰਨ ਦੇ ਸਮਰੱਥ ਹਨ। ਯਾਦ ਰਹੇ ਕਿ ਇਸ ਪੁਰਸਕਾਰ ਦਾ ਨਾਂਅ 'ਪ੍ਰੈਜ਼ੀਡੈਂਸ਼ੀਅਲ ਅਰਲੀ ਕਰੀਅਰ ਅਵਾਰਡ ਫਾਰ ਸਾਇੰਟਿਸਟਸ ਐਂਡ ਇੰਜੀਨੀਅਰਜ਼' ਹੈ ਅਤੇ ਇਹ ਅਗਲੇ ਸਾਲ ਦਿੱਤਾ ਜਾਣਾ ਹੈ। ਹਰਦੀਪ ਸਿੰਘ ਹਿਊਸਟਨ ਦੇ ਵੀਏ ਮੈਡੀਕਲ ਸੈਂਟਰ ਅਤੇ ਕਰੁਣੇਸ਼ ਸਾਨ ਫਰਾਂਸਿਸਕੋ ਦੇ ਵੀਏ ਮੈਡੀਕਲ ਸੈਂਟਰ ਵਿਖੇ ਤਾਇਨਾਤ ਹੈ। ਇਹ ਪੁਰਸਕਾਰ 1996 ਵਿਚ ਤਤਕਾਲੀ ਰਾਸ਼ਟਰਪਤੀ ਬਿੱਲ ਕਲਿੰਟਨ ਵੱਲੋਂ ਸ਼ੁਰੂ ਕੀਤੇ ਗਏ ਸਨ। ਇਨ੍ਹਾਂ ਪੁਰਸਕਾਰਾਂ ਦੀ ਚੋਣ ਸਾਇੰਸ ਐਂਡ ਟੈਕਨੋਲੋਜੀ ਪਾਲਿਸੀ ਦੇ ਦਫ਼ਤਰ ਅਤੇ ਰਾਸ਼ਟਰਪਤੀ ਦੇ ਦਫ਼ਤਰ ਵੱਲੋਂ ਕੀਤੀ ਜਾਂਦੀ ਹੈ।

## ਵਤਨ ਵਾਪਸੀ ਨੂੰ ਚੁਣੌਤੀ

**ਸਿੰਗਾਪੁਰ:** ਬੀਤੀ ਅੱਠ ਦਸੰਬਰ ਨੂੰ ਸਿੰਗਾਪੁਰ ਵਿਚ ਹੋਏ ਦੰਗਿਆਂ ਵਿਚ ਸ਼ਮੂਲੀਅਤ ਦੇ ਦੋਸ਼ ਹੇਠ ਵਾਪਸ ਭੇਜੇ ਗਏ 57 ਵਿਦੇਸ਼ੀ ਕਾਮਿਆਂ ਵਿਚੋਂ ਇਕ ਦੇ ਵਾਪਸੀ ਦੇ ਹੁਕਮ ਰੱਦ ਕਰਵਾਉਣ ਲਈ ਹਾਈ ਕੋਰਟ ਵਿਚ ਅਪੀਲ ਪਾਈ ਗਈ ਹੈ। ਵਕੀਲ ਐਮ. ਰਵੀ ਵੱਲੋਂ 22 ਸਾਲਾ ਭਾਰਤੀ ਕਾਮੇ ਰਜਿੰਦਰਨ ਰੰਜਨ ਦਾ ਵਰਕ ਪਰਮਿਟ ਵੀ ਬਹਾਲ ਕਰਨ ਲਈ ਕਿਹਾ ਗਿਆ ਹੈ ਤਾਂ ਜੋ ਉਹ ਸਿੰਗਾਪੁਰ ਵਿਚ ਕੰਮ ਕਰਨਾ ਜਾਰੀ ਰੱਖ ਸਕੇ। ਰੰਜਨ 'ਤੇ ਸੱਤ ਵਿਅਕਤੀਆਂ ਦਾ ਸਮੂਹ, ਜਿਸ ਨੇ ਪ੍ਰਾਈਵੇਟ ਬੱਸ ਦੀ ਵਿੰਡ ਸਕਰੀਨ ਤੋੜੀ, ਦਾ ਹਿੱਸਾ ਹੋਣ ਦੇ ਦੋਸ਼ ਲੱਗੇ ਸਨ। ਵਕੀਲ ਨੇ ਦਾਅਵਾ ਕੀਤਾ ਕਿ ਬਰੀ ਕੀਤੇ ਜਾਣ ਦੇ ਬਾਵਜੂਦ ਰੰਜਨ ਨੂੰ ਵਾਪਸ ਭੇਜ ਦਿੱਤਾ ਗਿਆ ਅਤੇ ਉਸ ਨੂੰ ਅਪੀਲ ਕਰਨ ਦੇ ਅਧਿਕਾਰ ਤੋਂ ਵਾਂਝਾ ਰੱਖਿਆ ਗਿਆ।

## ਸਿੱਖ ਸੰਗਠਨ ਦਾ ਮੁੱਖ ਮੰਤਰੀ ਬਾਦਲ ਖਿਲਾਫ਼ ਕੇਸ ਖਾਰਜ

**ਵਾਸ਼ਿੰਗਟਨ:** ਇਕ ਅਮਰੀਕੀ ਅਦਾਲਤ ਨੇ ਮਨੁੱਖੀ ਹੱਕਾਂ ਦੀ ਉਲੰਘਣਾਂ ਲਈ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖਿਲਾਫ ਮਾਮਲਾ ਇਹ ਕਹਿੰਦੇ ਹੋਏ ਖਾਰਜ ਕਰ ਦਿੱਤਾ ਕਿ ਨਿਊ ਯਾਰਕ ਆਧਾਰਤ ਸਿੱਖਾਂ ਦੇ ਗਰੁੱਪ ਨੇ ਕਦੇ ਵੀ ਬਾਦਲ ਨੂੰ ਦਸਤੀ ਰੂਪ ਵਿਚ ਸੰਮਨ ਨਹੀਂ ਦਿੱਤਾ। ਅਪੀਲਾਂ ਸੁਣਨ ਵਾਲੀ 7ਵੀਂ ਸਰਕਟ ਅਦਾਲਤ ਨੇ ਆਪਣੇ ਹੁਕਮ ਵਿਚ ਇਸ ਫ਼ੈਸਲੇ ਦੀ ਪੁਸ਼ਟੀ ਕੀਤੀ ਹੈ ਕਿ ਸਿੱਖ ਸੰਗਠਨ ਸਿੱਖਸ ਫਾਰ ਜਸਟਿਸ ਨੇ ਸ. ਬਾਦਲ ਨੂੰ ਫੈਡਰਲ ਅਦਾਲਤ ਦਾ ਸੰਮਨ ਤਾਮੀਲ ਨਹੀਂ ਕਰਵਾਇਆ। ਇਕ ਮੀਡੀਆ ਰਿਲੀਜ਼ ਵਿਚ ਕਿਹਾ ਗਿਆ ਹੈ ਕਿ ਸਿੱਖ ਫਾਰ ਜਸਟਿਸ ਤੇ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲਾ ਅਕਾਲੀ ਦਲ (ਅੰਮ੍ਰਿਤਸਰ) ਹੁਣ ਇਹ ਸਥਾਪਤ ਕਰਨ ਲਈ ਜਿਲ੍ਹਾ ਅਦਾਲਤ ਵਿਚ 'ਮੋਸ਼ਨ ਟੂ ਰਿਮਾਂਡ' ਦਾਇਰ ਕਰੇਗਾ ਕਿ ਬਾਦਲ ਨੂੰ ਬਦਲਵੇਂ ਰਸਤੇ ਹੇਗ ਰਾਹੀਂ ਸੰਮਨ ਤਾਮੀਲ ਕਰਵਾਏ ਗਏ ਸਨ। ਸਿੱਖ ਸੰਗਠਨ ਨੇ ਇਹ ਬਿਆਨ ਅਪੀਲਾਂ ਦੀ ਸੁਣਵਾਈ ਕਰਨ ਵਾਲੀ ਅਦਾਲਤ ਵੱਲੋਂ ਮਾਮਲਾ ਖਾਰਜ ਕਰਨ ਪਿੱਛੋਂ ਜਾਰੀ ਕੀਤਾ ਹੈ, ਜਿਸ ਵਿਚ ਸਿੱਖ ਸੰਗਠਨ ਨੇ ਨੌ ਅਗਸਤ ਨੂੰ ਓਕ ਕਰੀਕ ਹਾਈ ਸਕੂਲ ਵਿਖੇ ਬਾਦਲ ਨੂੰ ਨਿੱਜੀ ਰੂਪ ਵਿਚ ਫੈਡਰਲ ਅਦਾਲਤ ਦੇ ਸੰਮਨ ਦੇਣ ਦਾ ਦਾਅਵਾ ਕੀਤਾ ਸੀ।

## ਭਾਰਤ ਨੇ ਸਿੱਖ ਵਿਧਾਇਕ ਨੂੰ ਵੀਜ਼ਾ ਨਾ ਦਿੱਤਾ

### ਮਨੁੱਖੀ ਅਧਿਕਾਰਾਂ ਲਈ ਮਾਰਿਆ ਸੀ ਹਾਅ ਦਾ ਨਾਅਰਾ

**ਟੋਰਾਂਟੋ:** ਭਾਰਤੀ ਕੌਂਸਲਖਾਨੇ ਵੱਲੋਂ ਕੈਨੇਡਾ ਦੇ ਸੂਬੇ ਓਂਟਾਰੀਓ ਵਿਚ ਬਰੈਮਲੀ-ਗੋਰ-ਮਾਲਟਨ ਹਲਕੇ ਤੋਂ ਵਿਧਾਇਕ ਜਗਮੀਤ ਸਿੰਘ ਨੂੰ ਵੀਜ਼ਾ ਦੇਣ ਤੋਂ ਇਨਕਾਰ ਕੀਤਾ ਗਿਆ ਹੈ। ਜਗਮੀਤ ਸਿੰਘ ਮੁਤਾਬਕ ਉਨ੍ਹਾਂ ਨੇ 24 ਦਸੰਬਰ ਤੋਂ ਪਹਿਲਾਂ ਪੰਜਾਬ ਪਹੁੰਚਣ ਲਈ ਬੀਤੀ 15 ਨਵੰਬਰ ਨੂੰ ਵੀਜ਼ਾ ਅਪਲਾਈ ਕੀਤਾ ਸੀ। 16 ਦਸੰਬਰ ਨੂੰ ਕੌਂਸਲ ਅਧਿਕਾਰੀਆਂ ਨੇ ਵੀਜ਼ਾ ਨਾ ਦੇਣ ਦਾ ਫ਼ੈਸਲਾ ਦਿੱਤਾ ਤੇ ਪਾਸਪੋਰਟ ਵਾਪਸ ਮੋੜ ਦਿੱਤਾ।

ਇਸ ਦਾ ਵਿਸਥਾਰ ਜਾਣਨ ਲਈ ਉਨ੍ਹਾਂ ਨੇ 24 ਦਸੰਬਰ ਨੂੰ ਕੌਂਸਲ ਜਨਰਲ ਅਖਿਲੇਸ਼ ਮਿਸ਼ਰਾ ਨਾਲ ਮੁਲਾਕਾਤ ਕੀਤੀ, ਜਿਨ੍ਹਾਂ ਨੇ ਦੱਸਿਆ ਕਿ ਵੀਜ਼ਾ ਤੋਂ ਇਨਕਾਰ ਕਰਨ ਦਾ ਫੈਸਲਾ ਕੌਂਸਲਖਾਨੇ ਦਾ ਨਹੀਂ ਸਗੋਂ ਭਾਰਤ ਦੇ ਗ੍ਰਹਿ ਤੇ ਵਿਦੇਸ਼ ਮੰਤਰਾਲੇ ਦੀਆਂ ਹਦਾਇਤਾਂ ਮੁਤਾਬਕ ਹੈ। ਕੈਨੇਡਾ ਦੇ ਜੰਮਪਲ ਜਗਮੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੇ ਸਿਆਸੀ ਕੈਰੀਅਰ ਵਿਚ ਮਨੁੱਖੀ ਅਧਿਕਾਰਾਂ ਲਈ ਹਾਅ ਦਾ ਨਾਅਰਾ ਮਾਰਿਆ ਹੈ ਤੇ '84 ਦੇ ਸਿੱਖ ਵਿਰੋਧੀ ਕਤਲੇਆਮ ਦੇ ਪੀੜਤਾਂ ਨੂੰ



ਇਨਸਾਫ ਦੇਣ ਲਈ ਦ੍ਰਿੜਤਾ ਨਾਲ ਆਵਾਜ਼ ਬੁਲੰਦ ਕਰਦੇ ਹਨ। ਆਜ਼ਾਦੀ ਘੁਲਾਟੀਏ ਸਵਰਗੀ ਸੇਵਾ ਸਿੰਘ ਠੀਕਰੀਵਾਲ ਦੇ ਪੜਪੋਤਰੇ ਜਗਮੀਤ ਸਿੰਘ ਨੇ ਆਖਿਆ ਕਿ ਜਨਤਾ ਦੇ ਚੁਣੇ ਹੋਏ ਨੁਮਾਇੰਦੇ ਦੇ ਤੌਰ 'ਤੇ ਇਨਸਾਫ ਤੇ ਮਨੁੱਖੀ ਹੱਕਾਂ ਦੀ ਗੱਲ ਕਰਨਾ ਉਨ੍ਹਾਂ ਦੀ ਜ਼ਿੰਮੇਵਾਰੀ ਹੈ। ਆਪਣੇ ਵਡੇਰਿਆਂ ਦੇ ਦੇਸ਼ ਵਿਚ ਜਾਣ ਤੋਂ ਰੋਕਣ ਤੋਂ ਉਨ੍ਹਾਂ ਨੂੰ ਬਹੁਤ ਦੁੱਖ ਪੁੱਜਾ ਹੈ।

## ਨਿਊਟਾਊਨ ਸਕੂਲ ਗੋਲੀ ਕਾਂਡ ਬਾਰੇ ਦਸਤਾਵੇਜ਼ ਜਾਰੀ

**ਨਿਊਟਾਊਨ, ਕੁਨੈਕਟੀਕਟ (ਬਿਊਰੋ):** ਇਥੋਂ ਦੇ ਸੈਂਡੀ ਹੁਕ ਸਕੂਲ ਵਿਚ ਪਿਛਲੇ ਸਾਲ ਅੰਨ੍ਹੇਵਾਹ ਗੋਲੀਆਂ ਚਲਾ ਕੇ ਵੀਹ ਬੱਚਿਆਂ ਸਮੇਤ ਕਈ ਹੋਰ ਲੋਕਾਂ ਦੀ ਜਾਨ ਲੈਣ ਵਾਲੇ ਐਡਮ ਲੈਂਜ਼ਾ ਨੇ ਬੱਚਿਆਂ ਦੀਆਂ ਚੀਕਾਂ ਤੋਂ ਬਚਣ ਲਈ ਆਪਣੇ ਕੰਨ ਪੀਲੇ ਰੰਗ ਦੇ ਈਅਰ ਪਲੱਗਾਂ ਨਾਲ ਬੰਦ ਕੀਤੇ ਹੋਏ ਸਨ।




ਪੁਲੀਸ ਨੇ ਇਸ ਕੇਸ ਨਾਲ ਸਬੰਧਤ ਹਜ਼ਾਰਾਂ ਪੇਜਾਂ ਦੀ ਜਾਂਚ ਰਿਪੋਰਟ ਅਤੇ ਤਸਵੀਰਾਂ ਜਾਰੀ ਕੀਤੀਆਂ ਹਨ। ਵੀਹ ਸਾਲਾਂ ਦੇ ਇਸ ਨੌਜਵਾਨ ਨੇ ਸੈਂਡੀ ਹੁੱਕ ਐਲੀਮੈਂਟਰੀ ਸਕੂਲ ਵਿਚ ਗੋਲੀਆਂ ਚਲਾ ਕੇ ਫਸਟ ਗਰੇਡ ਦੇ 20 ਬੱਚਿਆਂ ਅਤੇ 6 ਨੌਜਵਾਨਾਂ ਦੀ ਹੱਤਿਆ ਕਰ ਦਿੱਤੀ ਸੀ। ਇਸ ਘਟਨਾ ਸਮੇਂ ਲੈਂਜ਼ਾ ਨੇ ਕਾਲ਼ੇ ਰੰਗ ਦੇ ਕੱਪੜੇ ਪਾਏ ਹੋਏ ਸਨ ਅਤੇ ਉਸ ਦੇ ਪੈਰਾਂ ਵਿਚ ਸਪੋਰਟਸ ਸ਼ੂਜ ਸਨ। ਉਹ ਇਕ ਕਲਾਸ ਰੂਮ 'ਚ ਚਲਾ ਗਿਆ ਅਤੇ ਉਸ ਨੇ ਆਪਣੇ ਆਪ ਨੂੰ ਗੋਲੀ ਮਾਰ ਲਈ। ਪੜਤਾਲੀਆ ਰਿਪੋਰਟ ਮੁਤਾਬਕ ਲੈਂਜ਼ਾ ਨੇ ਆਪਣੇ ਮੂੰਹ ਵਿਚ ਗੋਲੀ ਮਾਰੀ ਸੀ, ਜਿਸ ਕਾਰਨ ਉਸ ਦੇ ਦਿਮਾਗ਼ ਅਤੇ ਖੋਪੜੀ ਦੇ ਪਰਖੱਚੇ ਉਡ ਗਏ ਸਨ।

ਜਾਣਕਾਰੀ ਮੁਤਾਬਕ ਲੈਂਜ਼ਾ ਅਤੇ ਉਸ ਦੀ ਮਾਂ ਨੈਨਸੀ ਕੋਲ ਚਾਰ ਹਥਿਆਰ ਸਨ, ਜੋ ਇਸ ਨੌਜਵਾਨ ਦੇ ਬੈਡਰੂਮ 'ਚ ਪਏ ਹੁੰਦੇ ਸਨ। ਇਸ ਗੋਲੀ ਕਾਂਡ ਦੇ ਇਕ ਗਵਾਹ ਨੇ ਦੱਸਿਆ ਸੀ ਕਿ ਲੈਂਜ਼ਾ ਦਾ ਸੁਭਾਅ ਗੁੱਸੇ ਵਾਲਾ ਸੀ।

ਉਹ ਸ਼ਾਕਾਹਾਰੀ ਸੀ ਅਤੇ ਜਪਾਨੀ ਸੰਗੀਤ ਪਸੰਦ ਕਰਦਾ ਸੀ। ਉਹ ਚੀਨੀ ਭਾਸ਼ਾ ਵੀ ਸਿੱਖ ਰਿਹਾ ਸੀ। ਉਸ ਨੂੰ ਕੰਪਿਊਟਰ ਹਾਰਡਵੇਅਰ ਬਾਰੇ ਕਾਫੀ ਜਾਣਕਾਰੀ ਸੀ। ਇਸ ਹਤਿਆਰੇ ਦੇ ਮਕਾਨ ਦੀ ਇਕ ਖਿੜਕੀ ਟੇਪ ਲਗਾ ਕੇ ਬੰਦ ਕੀਤੀ ਹੋਈ ਸੀ, ਕਿਉਂਕਿ ਉਹ ਰੌਲੇ ਤੇ ਰੋਸ਼ਨੀ ਨੂੰ ਪਸੰਦ ਨਹੀਂ ਕਰਦਾ ਸੀ।

# ਕੌਮੀ ਰਾਜਨੀਤੀ ਅਤੇ ਆਮ ਆਦਮੀ ਪਾਰਟੀ

ਦੇਸ਼ ਦੀ ਰਾਜਧਾਨੀ ਵਿਚ ਆਮ ਆਦਮੀ ਪਾਰਟੀ ਜਿਸ ਹੈਰਾਨ ਕਰ ਦੇਣ ਵਾਲੇ ਢੰਗ ਨਾਲ ਸੱਤਾਧਾਰੀ ਹੋਈ, ਉਸ ਨੇ ਸਿਆਸਤਦਾਨਾਂ ਨੂੰ ਆਪਣੀਆਂ ਧਾਰਨਾਵਾਂ, ਚੋਣਾਂ ਜਿੱਤਣ ਸਬੰਧੀ ਆਪਣੀਆਂ ਰਣਨੀਤੀਆਂ ਅਤੇ ਸਿਆਸੀ ਸਮੀਕਰਨਾਂ ਬਾਰੇ ਮੁੜ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਸਿਆਸੀ ਤਬਕੇ ਤੋਂ 'ਬਾਹਰਲੀ' ਇਹ ਧਿਰ ਉਨ੍ਹਾਂ ਸਾਰਿਆਂ ਲਈ ਚੁਣੌਤੀ ਬਣ ਗਈ ਹੈ। ਆਮ ਆਦਮੀ ਪਾਰਟੀ ਨੇ ਹੁਣ ਤੱਕ ਪ੍ਰਚਲਿਤ ਧਾਰਨਾਵਾਂ ਨੂੰ ਗ਼ਲਤ ਸਾਬਤ ਕਰਦਿਆਂ ਇਹ ਉਮੀਦ ਜਗਾਈ ਹੈ ਕਿ 'ਨਵੀਂ ਜ਼ਮੀਨੀ ਪੱਧਰ ਦੀ

**ਪ੍ਰਫੁੱਲ ਬਿਦਵਈ**

ਲੋਕਾਂ ਨਾਲ ਜੁੜੀ ਰਾਜਨੀਤੀ' ਸਥਾਪਤ ਆਗੂਆਂ ਤੋਂ ਬਿਨਾਂ ਵੀ ਅਤਿ ਪ੍ਰਸੰਗਿਕ ਸਿੱਧ ਹੋ ਸਕਦੀ ਹੈ। ਇਹ ਉਮੀਦ ਅਤੇ ਤਜਰਬਾ ਲੋਕ ਸਭਾ ਚੋਣਾਂ ਦੌਰਾਨ ਸੰਭਵ ਤੌਰ 'ਤੇ ਭਾਰਤ ਦੀਆਂ 94 ਸ਼ਹਿਰੀ ਅਤੇ 122 ਅਰਧ-ਸ਼ਹਿਰੀ ਸੀਟਾਂ ਦੇ ਨਤੀਜਿਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ, ਭਾਵੇਂ ਆਮ ਆਦਮੀ ਪਾਰਟੀ ਦੀ ਉਥੇ ਜੋ ਮਰਜ਼ੀ ਤਾਕਤ ਹੋਵੇ।

ਸਰਕਾਰ ਬਣਾਉਣ ਲਈ ਕਾਂਗਰਸ ਦੀ ਹਮਾਇਤ ਲੈ ਕੇ ਆਮ ਆਦਮੀ ਪਾਰਟੀ ਨੇ ਜੋਖ਼ਮ ਉਠਾਇਆ ਹੈ। ਕਾਂਗਰਸ ਕਿਸੇ ਵੀ ਸਮੇਂ ਹਮਾਇਤ ਵਾਪਸ ਲੈ ਸਕਦੀ ਹੈ। ਇਸ ਨੇ 1980 ਵਿਚ ਚਰਨ ਸਿੰਘ ਦੀ ਸਰਕਾਰ ਉਲਟਾ ਦਿੱਤੀ ਸੀ ਅਤੇ 1997 ਵਿਚ ਜ਼ਬਰਦਸਤੀ ਪ੍ਰਧਾਨ ਮੰਤਰੀ ਐਚ.ਡੀ. ਦੇਵਗੌੜਾ ਨੂੰ ਲਾਂਭੇ ਕਰ ਕੇ ਆਈ.ਕੇ. ਗੁਜਰਾਲ ਨੂੰ ਪ੍ਰਧਾਨ ਮੰਤਰੀ ਬਣਾਇਆ ਸੀ। ਕਾਂਗਰਸ ਦਿੱਲੀ ਵਿਚ ਭਾਜਪਾ ਨੂੰ ਸੱਤਾ ਤੋਂ ਬਾਹਰ ਰੱਖਣ ਵਿਚ ਕਾਮਯਾਬ ਰਹੀ ਹੈ ਪਰ ਕੌਮੀ ਪੱਧਰ 'ਤੇ ਆਮ ਆਦਮੀ ਪਾਰਟੀ ਕਾਂਗਰਸ ਨੂੰ ਨੁਕਸਾਨ ਪਹੁੰਚਾਏਗੀ, ਬਸ਼ਰਤੇ ਕਿ ਉਹ ਨਰਿੰਦਰ ਮੋਦੀ ਦੀ ਤਰਜ਼ ਵਾਲੇ ਕੱਟੜ ਹਿੰਦੂਤਵ ਖਿਲਾਫ਼ ਸਖ਼ਤ ਰੁਖ਼ ਅਪਣਾਵੇ।

ਮਹਿੰਗਾਈ, ਭ੍ਰਿਸ਼ਟਾਚਾਰ ਅਤੇ ਆਰਥਿਕ ਕੁਪ੍ਰਬੰਧਾਂ ਲਈ ਕਾਂਗਰਸ ਦੀ ਅਗਵਾਈ ਹੇਠਲੇ ਸਾਂਝੇ ਪ੍ਰਗਤੀਸ਼ੀਲ ਗਠਜੋੜ ਨੂੰ ਵਿਆਪਕ ਤੌਰ 'ਤੇ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ। ਇਸ ਵਿਰੁੱਧ ਸਥਾਪਤੀ ਵਿਰੋਧੀ ਰੁਝਾਨ ਦਿਨੋ-ਦਿਨ ਵਧਦਾ ਜਾ ਰਿਹਾ ਹੈ ਪਰ ਕਾਂਗਰਸ ਇਸ ਨੂੰ ਪਛਾਣਦੀ ਨਹੀਂ ਜਾਪਦੀ, ਜਿਵੇਂ ਆਦਰਸ਼ ਘਪਲੇ ਦੀ ਰਿਪੋਰਟ ਨੂੰ ਮਹਾਰਾਸ਼ਟਰ ਦੀ ਸਰਕਾਰ ਵੱਲੋਂ ਬੇਸ਼ਰਮੀ ਭਰੇ ਢੰਗ ਨਾਲ ਰੱਦ ਕੀਤੇ ਜਾਣ ਤੋਂ ਜ਼ਾਹਰ ਹੁੰਦਾ ਹੈ। ਦੂਜੇ ਪਾਸੇ ਭਾਜਪਾ ਨੂੰ ਵੀ ਆਮ ਆਦਮੀ ਪਾਰਟੀ ਦਾ ਸੇਕ ਲੱਗੇਗਾ। ਨਾ ਸਿਰਫ਼ ਭਾਰਤ ਦੇ 35 ਵਿਚੋਂ 8 ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ ਹੀ ਜਿਥੇ-ਜਿਥੇ ਕਾਂਗਰਸ ਅਤੇ ਭਾਜਪਾ ਵਿਚਕਾਰ ਦੋ-ਧਿਰੀ ਟੱਕਰ ਹੁੰਦੀ ਹੈ, ਸਗੋਂ ਕੌਮੀ ਪੱਧਰ 'ਤੇ ਵੀ।



ਜੇ ਆਮ ਆਦਮੀ ਪਾਰਟੀ 20 ਤੋਂ 40 ਲੋਕ ਸਭਾ ਸੀਟਾਂ ਜਿੱਤਣ ਵਿਚ ਸਫਲ ਰਹਿੰਦੀ ਹੈ ਤਾਂ ਇਹ ਏ.ਆਈ.ਡੀ.ਐਮ.ਕੇ., ਸਮਾਜਵਾਦੀ ਪਾਰਟੀ, ਬਹੁਜਨ ਸਮਾਜ ਪਾਰਟੀ, ਤ੍ਰਿਣਮੂਲ ਕਾਂਗਰਸ ਜਾਂ ਬੀਜੂ ਜਨਤਾ ਦਲ ਆਦਿ ਵਰਗੀਆਂ ਖੇਤਰੀ ਪਾਰਟੀਆਂ ਦੇ ਮੁਕਾਬਲੇ ਸਗੋਂ ਜ਼ਿਆਦਾ ਪ੍ਰਭਾਵਸ਼ਾਲੀ ਧਿਰ ਬਣ ਜਾਵੇਗੀ। ਉਕਤ ਖੇਤਰੀ ਪਾਰਟੀਆਂ ਹੀ 2014 ਵਿਚ 'ਕਿੰਗ ਮੇਕਰ' ਦੀ ਭੂਮਿਕਾ ਨਿਭਾਉਣਗੀਆਂ। ਭਾਜਪਾ ਦੀ ਅਗਵਾਈ ਹੇਠਲੇ ਕੌਮੀ ਜਮਹੂਰੀ ਗਠਜੋੜ ਵਿਚ ਜਿਥੇ ਪਹਿਲਾਂ 20 ਤੋਂ ਵੱਧ ਸਹਿਯੋਗੀ ਦਲ ਹੁੰਦੇ ਸਨ, ਉਥੇ ਹੁਣ ਸ਼ਿਵ ਸੈਨਾ ਅਤੇ ਅਕਾਲੀ ਦਲ ਹੀ ਰਹਿ ਗਏ ਹਨ। ਗਠਜੋੜ ਨੂੰ 250 ਸੀਟਾਂ ਤੱਕ ਫੈਲਾਉਣਾ ਭਾਜਪਾ ਲਈ ਵੱਡੀ ਚੁਣੌਤੀ ਹੋਵੇਗੀ, ਖਾਸ ਕਰ ਕੇ ਦੱਖਣ ਅਤੇ ਪੂਰਬ ਵਿਚ ਜਿਥੇ ਇਸ ਦੇ ਦਾਖ਼ਲੇ ਦੀ ਗੁੰਜਾਇਸ਼ ਬਹੁਤ ਘੱਟ ਹੈ। ਬਾਕੀ ਬਚਦੀਆਂ ਤਕਰੀਬਨ 290 ਸੀਟਾਂ ਵਿਚੋਂ ਭਾਜਪਾ ਨੂੰ ਸੱਤਾ ਵਿਚ ਆਉਣ ਲਈ ਖ਼ੁਦ 180 ਤੋਂ 220 ਸੀਟਾਂ ਜਿੱਤਣੀਆਂ ਹੋਣਗੀਆਂ, ਇਹ ਵੀ ਕੋਈ ਸੌਖਾ ਕੰਮ ਨਹੀਂ ਹੈ। ਭਾਜਪਾ ਵੀ ਉਸੇ ਮਾੜੇ ਸ਼ਾਸਨ, ਪੂੰਜੀਵਾਦ ਪੱਖੀ ਨੀਤੀਆਂ, ਭ੍ਰਿਸ਼ਟਾਚਾਰ ਅਤੇ ਲਾਲਬੱਤੀ ਸੱਭਿਆਚਾਰ ਦੀ ਸ਼ਿਕਾਰ ਹੈ ਜਿਸ ਲਈ ਅਰਵਿੰਦ ਕੇਜਰੀਵਾਲ ਕਾਂਗਰਸ ਦੀ ਆਲੋਚਨਾ ਕਰਦੇ ਰਹੇ ਹਨ। ਜੇ ਆਮ ਆਦਮੀ ਪਾਰਟੀ ਨੇ ਸ਼ਹਿਰੀ ਗਰੀਬਾਂ ਨੂੰ ਆਪਣੇ ਨਾਲ ਲਾਮਬੰਦ ਕਰਨਾ ਹੈ ਤਾਂ ਇਸ ਨੂੰ ਭਾਜਪਾ ਪ੍ਰਤੀ ਵੀ ਓਨੀ ਹੀ ਤਿੱਖੇਪਣ ਵਾਲੀ ਹਮਲਾਵਰੀ ਨੀਤੀ ਅਪਣਾਉਣੀ ਹੋਵੇਗੀ। ਜਿਥੋਂ ਤੱਕ ਕਾਂਗਰਸ ਦੀ ਗੱਲ ਹੈ, ਵਿਧਾਨ ਸਭਾਵਾਂ ਦੀਆਂ ਚੋਣਾਂ ਵਿਚ ਮਿਲੀ ਹਾਰ ਤੋਂ ਬਾਅਦ ਇਸ ਦੀ ਹਾਲਤ ਇਕ ਤਰ੍ਹਾਂ ਤਰਸਯੋਗ ਹੀ ਹੈ। ਕਰਨਾਟਕ ਨੂੰ ਛੱਡ ਕੇ ਇਹ ਹੋਰ ਕਿਸੇ ਵੀ ਮੁੱਖ ਰਾਜ ਵਿਚ ਵੱਡੀ ਜਿੱਤ ਦੀ ਉਮੀਦ ਨਹੀਂ ਲਾ ਸਕਦੀ। ਆਂਧਰਾ ਪ੍ਰਦੇਸ਼ ਵਿਚ ਇਸ ਨੇ 2009 ਵਿਚ 42 ਵਿਚੋਂ 33 ਸੀਟਾਂ ਜਿੱਤੀਆਂ ਸਨ ਪਰ ਹੁਣ ਤੇਲੰਗਾਨਾ ਮੁੱਦੇ ਕਾਰਨ ਉਥੇ ਇਸ ਦੀ ਫਜ਼ੀਹਤ ਹੋਣੀ ਤੈਅ ਹੈ। ਪਿਛਲੀਆਂ ਚੋਣਾਂ ਵਿਚ ਉੱਤਰ ਪ੍ਰਦੇਸ਼ ਵਿਚ ਕਾਂਗਰਸ 80 ਵਿਚੋਂ 21 ਸੀਟਾਂ ਜਿੱਤਣ ਵਿਚ ਸਫਲ ਰਹੀ ਸੀ ਕਿਉਂਕਿ ਉੱਚ ਜਾਤੀ ਵੋਟਰਾਂ ਦਾ ਕਾਫੀ ਹੱਦ ਤੱਕ ਭਾਜਪਾ ਅਤੇ ਬਸਪਾ ਤੋਂ ਮੋਹ ਭੰਗ ਹੋ ਚੁੱਕਾ ਸੀ ਅਤੇ ਮੁਸਲਿਮ ਬਰਾਦਰੀ ਸਮਾਜਵਾਦੀ ਪਾਰਟੀ ਤੋਂ ਦੂਰ ਖੜ੍ਹੀ ਸੀ ਪਰ ਹੁਣ ਉੱਚ ਜਾਤੀਆਂ ਭਾਜਪਾ ਵੱਲ ਝੁਕੀਆਂ ਨਜ਼ਰ ਆਉਂਦੀਆਂ ਹਨ। ਮੁਸਲਿਮ ਵੋਟਰ ਭਾਵੇਂ ਮੁਜ਼ੱਫਰਨਗਰ ਦੇ ਦੰਗਿਆਂ ਤੋਂ ਬਾਅਦ ਸਮਾਜਵਾਦੀ ਪਾਰਟੀ ਤੋਂ ਨਾਰਾਜ਼ ਹਨ ਪਰ ਕਾਂਗਰਸ ਵੱਲੋਂ ਉਨ੍ਹਾਂ ਦੀ ਹਮਾਇਤ ਹਾਸਲ ਕਰ ਸਕਣ ਦੀਆਂ ਬਹੁਤੀਆਂ ਸੰਭਾਵਨਾਵਾਂ ਨਹੀਂ, ਕਿਉਂਕਿ ਸੰਗਠਨ ਦੇ ਨਾਂ 'ਤੇ ਉੱਤਰ ਪ੍ਰਦੇਸ਼ ਵਿਚ ਕਾਂਗਰਸ ਕੋਲ ਕੁਝ ਵੀ ਨਹੀਂ ਹੈ। ਉਥੇ ਰਾਹੁਲ ਗਾਂਧੀ ਵੱਲੋਂ ਪਾਰਟੀ ਨੂੰ ਜਥੇਬੰਦਕ ਤੌਰ 'ਤੇ ਮੁੜ-ਜੀਵਤ ਕਰਨ ਦੇ ਯਤਨ ਅਸਫਲ ਰਹੇ ਹਨ। ਮੁਸਲਿਮ ਭਾਈਚਾਰਾ ਬਸਪਾ ਵਰਗੀਆਂ ਪਾਰਟੀਆਂ ਵੱਲ ਝੁਕ ਰਿਹਾ ਹੈ। ਬਿਹਾਰ (40 ਸੀਟਾਂ) ਵਿਚ ਕਾਂਗਰਸ ਜੇ ਲਾਲੂ ਦੇ ਰਾਸ਼ਟਰੀ ਜਨਤਾ ਦਲ ਨਾਲ ਕੋਈ ਠੋਸ ਗਠਜੋੜ ਨਹੀਂ ਘੜਦੀ ਤਾਂ ਇਹ ਆਪਣੀਆਂ ਦੋ ਸੀਟਾਂ ਦੇ ਮੌਜੂਦਾ ਅੰਕ ਤੋਂ ਅੱਗੇ ਵਧਦੀ ਨਹੀਂ ਜਾਪਦੀ। ਮਹਾਰਾਸ਼ਟਰ, ਪੱਛਮੀ ਬੰਗਾਲ ਅਤੇ ਤਾਮਿਲਨਾਡੂ ਵਰਗੇ ਬਾਕੀ ਵੱਡੇ ਸੂਬਿਆਂ 'ਚ ਕਾਂਗਰਸ ਦਾ ਦਾਰੋਮਦਾਰ ਸਹਿਯੋਗੀਆਂ 'ਤੇ ਟਿਕਿਆ ਹੋਇਆ ਹੈ। ਮਹਾਰਾਸ਼ਟਰ ਦੀਆਂ 48 ਸੀਟਾਂ ਵਿਚੋਂ ਆਪਣੇ 17 ਸੀਟਾਂ ਦੇ ਮੌਜੂਦਾ ਅੰਕੜੇ ਨੂੰ ਕਾਂਗਰਸ ਬਚਾਅ ਸਕੇਗੀ ਜਾਂ ਨਹੀਂ, ਇਹ ਸ਼ਰਦ ਪਵਾਰ ਦੀ ਰਾਸ਼ਟਰਵਾਦੀ ਕਾਂਗਰਸ ਪਾਰਟੀ 'ਤੇ ਨਿਰਭਰ ਕਰਦਾ ਹੈ। ਪੱਛਮੀ ਬੰਗਾਲ (42 ਸੀਟਾਂ) ਵਿਚ ਕਾਂਗਰਸ ਅਤੇ ਖੱਬੇ-ਪੱਖੀਆਂ ਦੀ ਕੀਮਤ 'ਤੇ ਮਮਤਾ ਵੱਲੋਂ ਹੀ ਲਾਭ ਹਾਸਲ ਕਰਨ ਦੀ ਉਮੀਦ ਹੈ। ਤਾਮਿਲਨਾਡੂ (39 ਸੀਟਾਂ) 'ਚ ਕਾਂਗਰਸ ਮਜ਼ਬੂਤ ਸਹਿਯੋਗੀ ਧਿਰ ਤੋਂ ਬਿਨਾਂ 8 ਸੀਟਾਂ ਦੇ ਮੌਜੂਦਾ ਅੰਕੜੇ ਨੂੰ ਨਹੀਂ ਬਚਾਅ ਸਕੇਗੀ। ਕੁੱਲ ਮਿਲਾ ਕੇ 2014 ਦੀਆਂ ਆਮ ਚੋਣਾਂ ਲਈ ਕਾਂਗਰਸ ਦੀਆਂ ਸੰਭਾਵਨਾਵਾਂ ਧੁੰਦਲੀਆਂ ਨਜ਼ਰ ਆਉਂਦੀਆਂ ਹਨ। ਇਸ ਦੇ ਬਾਵਜੂਦ ਖ਼ੁਦ ਨੂੰ 'ਜੰਗਜੂ ਮਸ਼ੀਨ' ਵਿਚ ਬਦਲਣ ਅਤੇ ਲੋਕ-ਪੱਖੀ ਨੀਤੀਆਂ ਤੇਜ਼ੀ ਨਾਲ ਅਪਣਾਉਣ ਦੀ ਬਜਾਏ ਇਹ ਉਨ੍ਹਾਂ ਤੱਤਾਂ ਨੂੰ ਹੀ ਤੁਸ਼ਟ ਕਰਨ ਵਿਚ ਲੱਗੀ ਰਹੀ ਹੈ ਜਿਨ੍ਹਾਂ ਦੇ ਹੱਕ ਵਿਚ ਅਪਣਾਈਆਂ ਗਈਆਂ ਨਵਉਦਾਰਵਾਦੀ ਨੀਤੀਆਂ ਨੇ ਇਸ ਦੇ ਪੱਲੇ ਇੰਨੀ ਵੱਡੀ ਬਦਨਾਮੀ ਪਾਈ ਹੈ।

ਪਿਛਲੇ ਦਿਨੀਂ ਹੋਏ ਇਕ ਸਮਾਗਮ ਵਿਚ ਰਾਹੁਲ ਗਾਂਧੀ ਨੇ ਵੱਡੇ ਵਪਾਰਕ ਘਰਾਣਿਆਂ ਨਾਲ 'ਵਾਅਦਾ' ਕੀਤਾ ਕਿ ਅਸੀਂ ਫ਼ੈਸਲੇ ਲੈਣ ਦੇ ਮੱਠੇ ਅਮਲ ਕਾਰਨ ਤੁਹਾਨੂੰ ਖ਼ਤੌਤ ਦੇ ਸ਼ਿਕਾਰ ਨਹੀਂ ਹੋਣ ਦਿਆਂਗੇ। ਆਪਣੇ ਅਜਿਹੇ ਇਰਾਦਿਆਂ ਨੂੰ ਜ਼ਾਹਰ ਕਰਨ ਲਈ ਸਰਕਾਰ ਨੇ ਵਾਤਾਵਰਨ ਮੰਤਰਾਲੇ ਤੋਂ ਜਯੰਤੀ ਨਟਰਾਜਨ ਨੂੰ ਹਟਾ ਕੇ ਉਨ੍ਹਾਂ ਦੀ ਥਾਂ ਵੀਰੱਪਾ ਮੋਇਲੀ ਨੂੰ ਨਿਯੁਕਤ ਕਰ ਦਿੱਤਾ ਹੈ। ਮੋਇਲੀ ਖਾਸ ਕਰ ਕੇ ਵਪਾਰ-ਪੱਖੀ ਮੰਨੇ ਜਾਂਦੇ ਹਨ। ਅਜਿਹਾ ਵੀ ਨਹੀਂ ਹੈ ਕਿ ਨਟਰਾਜਨ ਵਾਤਾਵਰਨ ਪੱਖੀ ਸਨ। ਉਨ੍ਹਾਂ ਨੇ ਵੀ ਆਪਣੇ ਕੋਲ ਆਏ ਸਨਅਤੀ ਪ੍ਰਸਤਾਵਾਂ ਵਿਚੋਂ 95 ਫ਼ੀਸਦੀ ਪਾਸ ਕਰ ਦਿੱਤੇ ਪਰ ਸਨਅਤੀ ਘਰਾਣਿਆਂ ਲਈ ਹੋਰ ਸੁਖਾਲਾ ਮਾਹੌਲ ਸਿਰਜਣ ਵਾਸਤੇ ਨਟਰਾਜਨ ਨੂੰ ਮੰਤਰਾਲੇ ਤੋਂ ਹਟਾ ਦਿੱਤਾ ਗਿਆ। ਰਾਹੁਲ ਗਾਂਧੀ ਨੇ ਕਿਰਤ ਕਾਨੂੰਨਾਂ ਵਿਚ ਸੁਧਾਰ ਕਰਨ ਦੀ ਵੀ ਪੇਸ਼ਕਸ਼ ਕੀਤੀ। ਉਨ੍ਹਾਂ ਕਿਹਾ ਕਿ ਪੁਰਾਣੇ ਕਾਨੂੰਨ 'ਵਪਾਰਕ ਘਰਾਣਿਆਂ ਨੂੰ ਠੇਕੇ 'ਤੇ ਮਜ਼ਦੂਰੀ ਕਰਾਉਣ ਲਈ ਮਜਬੂਰ ਕਰਦੇ ਹਨ' ਪਰ ਹਕੀਕਤ ਇਹ ਹੈ ਕਿ ਰੁਜ਼ਗਾਰਦਾਤੇ ਗ਼ੈਰ-ਕਾਨੂੰਨੀ ਤੌਰ 'ਤੇ ਠੇਕੇ ਵਾਲੀ ਮਜ਼ਦੂਰੀ ਦੀ ਵਰਤੋਂ ਕਰਦੇ ਹਨ, ਕਿਉਂਕਿ ਇਨ੍ਹਾਂ ਕਾਮਿਆਂ ਨੂੰ ਸਥਾਈ ਕਾਮਿਆਂ ਨਾਲੋਂ ਘੱਟ ਮਿਹਨਤਾਨਾ ਦੇਣਾ ਪੈਂਦਾ ਹੈ। ਕਾਂਗਰਸ ਅਜਿਹੇ ਪਿਛਾਂਹਖਿਚੂ ਕਦਮ ਵੱਡੇ ਵਪਾਰਕ ਘਰਾਣਿਆਂ ਅਤੇ ਕਾਰਪੋਰੇਟ ਮੀਡੀਆ ਦੇ ਦਬਾਅ ਹੇਠ ਉਠਾ ਰਹੀ ਹੈ ਅਤੇ ਇਸ ਨੇ ਲੋਕਾਂ ਵੱਲ ਪਿੱਠ ਕੀਤੀ ਹੋਈ ਹੈ।

# ਭਾਰਤ ਦੀ ਸਿਆਸਤ ਅਤੇ ਜਮਹੂਰੀਅਤ

ਭਾਰਤ ਇਕ ਵਿਸ਼ਾਲ ਦੇਸ਼ ਹੈ ਅਤੇ ਲੋਕਤੰਤਰ ਇਸ ਦਾ ਧੁਰਾ ਹੈ। 1947 ਵਿਚ ਆਜ਼ਾਦ ਹੋਏ ਭਾਰਤ ਵਿਚ ਪਹਿਲੀ ਸਰਕਾਰ ਕਾਂਗਰਸ ਪਾਰਟੀ ਦੀ ਬਣੀ। ਦੇਸ਼ ਵਾਸੀਆਂ ਨੂੰ ਅੰਗਰੇਜ਼ੀ ਰਾਜ ਤੋਂ ਨਿਜ਼ਾਤ ਪਾਉਣ ਤੋਂ ਬਾਅਦ

**ਛੀਨਾ ਬਰਾੜ**

ਬਣੀ ਆਪਣੀ ਪਹਿਲੀ ਸਰਕਾਰ ਤੋਂ ਬੜੀਆਂ ਆਸਾਂ ਸਨ ਪਰ ਹੌਲੀ-ਹੌਲੀ ਰਾਜਨੀਤੀ ਵਿਚ ਗੰਧਲਾਪਣ ਆਉਂਦਾ ਗਿਆ। ਪੁਰਾਣੇ ਬਜ਼ੁਰਗ ਇਹ ਕਹਿੰਦੇ ਆਮ ਸੁਣੇ ਗਏ ਕਿ ਇਸ ਤੋਂ ਚੰਗਾ ਤਾਂ ਅੰਗਰੇਜ਼ਾਂ ਦਾ ਰਾਜ ਸੀ। ਦੁਖੀ ਹੋ ਕੇ ਲੋਕਾਂ ਨੇ ਨਵੀਂ ਹੋਂਦ ਵਿਚ ਆਈ ਜਨਤਾ ਪਾਰਟੀ ਦਾ ਰੁਖ਼ ਕੀਤਾ ਅਤੇ 1977 ਵਿਚ ਪਹਿਲੀ ਵਾਰ ਭਾਰਤੀਆਂ ਨੇ ਗ਼ੈਰ-ਕਾਂਗਰਸੀ ਸਰਕਾਰ ਦਾ ਮੁਹਾਂਦਰਾ ਵੇਖਿਆ, ਹਾਲਾਂਕਿ ਇਸ ਦੇ ਬਹੁਗਿਣਤੀ ਨੇਤਾ ਕਾਂਗਰਸ ਛੱਡ ਕੇ ਜਾਂ ਫਿਰ ਇਸ ਵਿਚੋਂ ਕੱਢੇ ਜਾਣ ਉਪਰੰਤ ਹੀ ਇਸ ਪਾਰਟੀ ਵਿਚ ਆਏ ਸਨ। ਥੋੜ੍ਹੀ ਦੇਰ ਬਾਅਦ ਹੀ ਆਮ ਜਨਤਾ ਇਹ ਕਹਿਣ ਲਈ ਮਜਬੂਰ ਹੋ ਗਈ ਕਿ ਪਹਿਲੀ ਅਤੇ ਹੁਣ ਵਾਲੀ ਸਰਕਾਰ ਵਿਚ ਕੋਈ ਖ਼ਾਸ ਫ਼ਰਕ ਨਹੀਂ। 1980 ਵਿਚ ਸਰਕਾਰ ਟੁੱਟਣ ਤੋਂ ਬਾਅਦ ਲੋਕਾਂ ਨੇ ਫਿਰ ਉਸੇ ਪਾਰਟੀ ਜਿਸ ਨੂੰ ਉਨ੍ਹਾਂ ਪਹਿਲਾਂ ਦੁਰਕਾਰਿਆ ਸੀ, ਭਾਰੀ ਬਹੁਮਤ ਨਾਲ ਰਾਜਭਾਗ ਸੰਭਾਲ ਦਿੱਤਾ।

ਇਸ ਸਾਰੀ ਟੁੱਟ-ਭੱਜ ਵਿਚ 1980 ਵਿਚ ਹੋਂਦ ਵਿਚ ਆਈ ਹੁਣ ਵਾਲੀ ਭਾਜਪਾ ਨੇ ਸਾਲ 1998 ਤੋਂ 2004 ਤਕ ਭਾਰਤ ਦੀ ਵਾਗਡੋਰ ਸੰਭਾਲੀ ਅਤੇ ਪ੍ਰਧਾਨ ਮੰਤਰੀ ਰਹੇ ਅਟਲ ਬਿਹਾਰੀ ਵਾਜਪਈ। ਜਨਤਾ ਸਰਕਾਰ ਵੇਲੇ ਕਈ ਆਗੂ ਥੋੜ੍ਹੇ-ਥੋੜ੍ਹੇ ਸਮੇਂ ਲਈ ਪ੍ਰਧਾਨ ਮੰਤਰੀ ਰਹੇ ਪਰ ਵਾਜਪਈ ਦਾ ਨਾਮ ਅੱਜ ਵੀ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਕੁੱਲ ਮਿਲਾ ਕੇ ਭਾਰਤ ਵਾਸੀਆਂ ਨੂੰ ਕਾਂਗਰਸ, ਜਨਤਾ ਪਾਰਟੀ ਅਤੇ ਭਾਜਪਾ ਦੀਆਂ ਸਰਕਾਰਾਂ ਨਾਲ ਹੀ ਨਜਿੱਠਣਾ ਪਿਆ ਤੇ ਇਸ ਸਭ ਕੁਝ ਵਿਚੋਂ ਨੇਤਾ ਅਮੀਰ ਤੇ ਆਮ ਆਦਮੀ ਗ਼ਰੀਬ ਹੁੰਦਾ ਚਲਾ ਗਿਆ। ਇਸ ਸਾਰੇ ਸਮੇਂ ਦਰਮਿਆਨ ਦੇਸ਼ ਵਾਸੀਆਂ ਲਈ ਚੰਗੇ ਸੁਨੇਹੇ ਦੀ ਆਸ ਲੈ ਕੇ ਮਨਮੋਹਨ ਸਿੰਘ ਦਾ ਯੁੱਗ ਆਇਆ ਜਿਸ ਵਿਚ ਭਾਵੇਂ ਮੂਲ ਰੂਪ ਵਿਚ ਸਰਕਾਰ ਕਾਂਗਰਸ ਨੇ ਹੀ ਗੱਠਜੋੜ ਪਾਰਟੀਆਂ ਨਾਲ ਰਲ ਕੇ ਬਣਾਈ ਪਰ ਲੋਕਾਂ ਨੇ ਪਹਿਲੀ ਵਾਰ ਗ਼ੈਰ-ਰਾਜਨੀਤਕ ਬੰਦੇ ਨੂੰ ਪ੍ਰਧਾਨ ਮੰਤਰੀ ਦੇ ਰੂਪ ਵਿਚ ਵੇਖਿਆ। ਇਸ ਲੜੀ ਵਿਚ ਉਸ ਵੇਲੇ ਹੋਰ ਵਾਧਾ ਹੋ ਗਿਆ ਜਦੋਂ ਡਾ. ਏ.ਪੀ.ਜੇ. ਅਬਦੁਲ ਕਲਾਮ ਦੇਸ਼ ਦੇ ਰਾਸ਼ਟਰਪਤੀ ਬਣੇ। ਡਾ. ਮਨਮੋਹਨ ਸਿੰਘ ਦੇ ਪਹਿਲੇ ਕਾਰਜਕਾਲ ਵਿਚ ਇਸ ਜੋੜੀ ਨੇ ਕਈ ਚੰਗੇ ਕੰਮ ਕੀਤੇ, ਭਾਵੇਂ ਕਿਤੇ-ਕਿਤੇ ਗੱਠਜੋੜ ਪਾਰਟੀਆਂ ਦੇ ਗ਼ਲਤ ਬੰਦੇ ਵੀ ਰਾਜ-ਭਾਗ ਦਾ ਹਿੱਸਾ ਬਣਦੇ ਰਹੇ। ਪਹਿਲੀ ਮਿਆਦ ਦੇ ਚੰਗੇ ਕੰਮਾਂ ਨੂੰ ਮੁੱਖ ਰੱਖ ਕੇ ਹੀ ਦੇਸ਼ਵਾਸੀਆਂ ਨੇ ਦੂਜੇ ਕਾਰਜਕਾਲ ਦੀ ਚੋਣ ਵੇਲੇ ਕਾਂਗਰਸ ਪਾਰਟੀ ਨੂੰ ਨਹੀਂ ਬਲਕਿ ਡਾ. ਮਨਮੋਹਨ ਸਿੰਘ ਨੂੰ ਵੋਟਾਂ ਦੇ ਕੇ ਦੁਬਾਰਾ ਇਸ ਗੱਦੀ 'ਤੇ ਸੁਸ਼ੋਭਿਤ ਕੀਤਾ। ਭ੍ਰਿਸ਼ਟ ਨੇਤਾਵਾਂ ਨੂੰ ਜੱਗ-ਜ਼ਾਹਰ ਕਰਨ ਲਈ ਡਾ. ਮਨਮੋਹਨ ਸਿੰਘ ਨੇ ਆਪਣਾ ਪੂਰਾ ਜ਼ੋਰ ਲਾ ਦਿੱਤਾ ਪਰ ਸਰਕਾਰ ਦੀ ਪਿੱਠ 'ਤੇ ਬੈਠੀਆਂ ਪਾਰਟੀਆਂ ਦੀਆਂ ਗ਼ਲਤ ਨੀਤੀਆਂ ਕਾਰਨ ਲੋਕਾਂ ਦਾ ਮੋਹ ਸਰਕਾਰ ਤੋਂ ਭੰਗ ਹੋ ਰਿਹਾ ਹੈ।

ਸਾਲ 2013 ਅਲਵਿਦਾ ਕਹਿ ਚੁਕਿਆ ਹੈ। ਸਮੁੱਚੀ ਭਾਰਤੀ ਲੋਕਾਈ ਨੂੰ ਹਨੇਰੇ ਤੋਂ ਚਾਨਣ ਵੱਲ ਤਬਦੀਲ ਹੁੰਦੇ ਦੇਖ ਦੇਸ਼ਵਾਸੀ 2014 ਨੂੰ ਖ਼ੁਸ਼ਆਮਦੀਦ ਕਹਿ ਰਹੇ ਹਨ। ਆਜ਼ਾਦੀ ਦੇ ਪਿਛਲੇ 66 ਸਾਲਾਂ ਵਿਚ ਦੇਸ਼ ਵਾਸੀਆਂ ਨੇ ਜੈ ਪ੍ਰਕਾਸ਼ ਨਾਰਾਇਣ ਤੋਂ ਲੈ ਕੇ ਅੰਨਾ ਹਜ਼ਾਰੇ ਤਕ, ਅਨੇਕਾਂ ਅੰਦੋਲਨਾਂ ਵਿਚ ਹਿੱਸਾ ਲਿਆ ਅਤੇ ਹਰੇਕ ਅੰਦੋਲਨ ਵਿਚ ਜੋ ਜਿੱਤ ਹੋਈ ਤਾਂ ਉਹ ਭਾਰਤੀ ਲੋਕਤੰਤਰ ਦੀ ਹੀ ਜਿੱਤ ਹੈ। ਲੋਕਪਾਲ ਬਿੱਲ ਅਜਿਹੇ ਅੰਦੋਲਨਾਂ ਦੀ ਪ੍ਰਾਪਤੀ ਦੇ ਰੂਪ ਵਿਚ ਸਾਹਮਣੇ ਆਇਆ ਹੈ। ਅੰਨਾ ਹਜ਼ਾਰੇ ਦੇ ਅੰਦੋਲਨ ਵਿਚੋਂ ਹੀ ਉੱਭਰ ਕੇ ਸਾਹਮਣੇ ਆਈ ਆਮ

**ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਵਿਚ ਦਿੱਲੀ ਵਾਸੀਆਂ ਨੇ ਚੰਗੀ ਸਵੇਰ ਦੀ ਕਾਮਨਾ ਕਰਦਿਆਂ ਇਉਂ ਮਹਿਸੂਸ ਕੀਤਾ ਕਿ ਸ਼ਾਇਦ ਮੈਂ ਆਪਣੇ-ਆਪ ਨੂੰ ਹੀ ਵੋਟ ਪਾ ਰਿਹਾ ਹਾਂ। ਵੋਟਰਾਂ ਨੇ ਅਰਵਿੰਦ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਨੂੰ 28 ਸੀਟਾਂ 'ਤੇ ਜਿੱਤ ਦਿਵਾ ਕੇ ਕੱਲ੍ਹ ਦੇ ਆਮ ਆਦਮੀਆਂ ਨੂੰ ਅੱਜ ਦੇ ਖ਼ਾਸ ਬਣਾ ਦਿੱਤਾ ਹੈ। ਇਹ ਭਾਰਤੀ ਇਤਿਹਾਸ ਵਿਚ ਪਹਿਲੀ ਵਾਰ ਹੈ ਕਿ ਆਮ ਆਦਮੀ ਨੇ ਕਿਸੇ ਆਮ ਆਦਮੀ ਨੂੰ ਵੋਟ ਪਾਈ ਹੈ। ਸਰਕਾਰ ਬਣਾਉਣ ਵੇਲੇ ਵੀ ਨਵੇਂ-ਨਵੇਂ ਹੋਂਦ ਵਿਚ ਆਏ ਸੰਚਾਰ ਸਾਧਨਾਂ ਅਤੇ ਲੋਕਾਂ ਵਿਚਕਾਰ ਜਾ ਕੇ ਉਨ੍ਹਾਂ ਤੋਂ ਸਰਕਾਰ ਬਣਾਉਣ ਵਾਸਤੇ ਰਾਇ ਲਈ ਗਈ। ਇਹ ਵੀ ਪਹਿਲੀ ਵਾਰ ਹੈ ਕਿ ਨਿੱਜੀ ਅਤੇ ਸਾਂਝੀਆਂ ਲੋੜਾਂ ਪ੍ਰਤੀ ਹਰੇਕ ਵਿਧਾਨ ਸਭਾ ਹਲਕੇ ਦਾ ਚੋਣ ਮਨੋਰਥ ਪੱਤਰ ਵੱਖਰਾ ਹੋਵੇ।**

ਆਦਮੀ ਪਾਰਟੀ ਨੇ ਰਾਜਨੀਤੀ ਵਿਚ ਪ੍ਰਵੇਸ਼ ਕਰਨ ਲਈ ਦਿੱਲੀ ਦੇ ਸੂਝਵਾਨ ਵੋਟਰਾਂ ਨੂੰ ਚੁਣਿਆ। ਅੱਜ ਦੀ ਤਾਰੀਖ਼ ਵਿਚ ਕਿਸੇ ਵੀ ਜਨਤਕ ਇਕੱਠ ਵਿਚ ਗੱਲਬਾਤ ਦਾ ਵਿਸ਼ਾ ਹੋਵੇਗਾ ਕਿ ਭਾਰਤ ਦੇ ਲੋਕ ਬਹੁਤ ਚੰਗੇ ਹਨ, ਸਿਰਫ਼ ਲੀਡਰ ਮਾੜੇ ਹਨ, ਚਾਹੇ ਉਹ ਕਿਸੇ ਵੀ ਪਾਰਟੀ ਨਾਲ ਸਬੰਧ ਰੱਖਦੇ ਹੋਣ। ਬਹੁਗਿਣਤੀ ਸੂਬਿਆਂ ਵਿਚ ਤਾਂ ਮੁੱਖ ਤੌਰ 'ਤੇ ਦੋ ਵੱਡੀਆਂ ਪਾਰਟੀਆਂ ਹੀ ਹੁੰਦੀਆਂ ਹਨ ਜਿਨ੍ਹਾਂ ਦਾ ਮੁੱਖ ਜ਼ੋਰ ਇਸੇ ਗੱਲ 'ਤੇ ਹੁੰਦਾ ਹੈ ਕਿ ਪੰਜ ਸਾਲ ਅਸੀਂ ਅਤੇ ਫਿਰ ਪੰਜ ਸਾਲ ਤੁਸੀਂ, ਪਰ ਹੁਣ ਲੋਕ ਸੁਚੇਤ ਹੋ ਰਹੇ ਹਨ।

ਦੇਸ਼ ਦੀ ਰਾਜਧਾਨੀ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਵਿਚ ਦਿੱਲੀ ਵਾਸੀਆਂ ਨੇ ਚੰਗੀ ਸਵੇਰ ਦੀ ਕਾਮਨਾ ਕਰਦਿਆਂ ਇਉਂ ਮਹਿਸੂਸ ਕੀਤਾ ਕਿ ਸ਼ਾਇਦ ਮੈਂ ਆਪਣੇ-ਆਪ ਨੂੰ ਹੀ ਵੋਟ ਪਾ ਰਿਹਾ ਹਾਂ। ਵੋਟਰਾਂ ਨੇ ਅਰਵਿੰਦ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਨੂੰ 28 ਸੀਟਾਂ 'ਤੇ ਜਿੱਤ ਦਿਵਾ ਕੇ ਕੱਲ੍ਹ ਦੇ ਆਮ ਆਦਮੀਆਂ ਨੂੰ ਅੱਜ ਦੇ ਖ਼ਾਸ ਬਣਾ ਦਿੱਤਾ ਹੈ। ਇਹ ਭਾਰਤੀ ਇਤਿਹਾਸ ਵਿਚ ਪਹਿਲੀ ਵਾਰ ਹੈ ਕਿ ਆਮ ਆਦਮੀ ਨੇ ਕਿਸੇ ਆਮ ਆਦਮੀ ਨੂੰ ਵੋਟ ਪਾਈ ਹੈ। ਕਿੰਨੀ ਮਜ਼ੇ ਦੀ ਗੱਲ ਹੈ ਕਿ ਸਰਕਾਰ ਬਣਾਉਣ ਵੇਲੇ ਵੀ ਨਵੇਂ-ਨਵੇਂ ਹੋਂਦ ਵਿਚ ਆਏ ਸੰਚਾਰ ਸਾਧਨਾਂ ਅਤੇ ਲੋਕਾਂ ਵਿਚਕਾਰ ਜਾ ਕੇ ਉਨ੍ਹਾਂ ਤੋਂ ਸਰਕਾਰ ਬਣਾਉਣ ਵਾਸਤੇ ਰਾਏ ਲਈ ਗਈ। ਇਹ ਵੀ ਪਹਿਲੀ ਵਾਰ ਹੈ ਕਿ ਨਿੱਜੀ ਅਤੇ ਸਾਂਝੀਆਂ ਲੋੜਾਂ ਪ੍ਰਤੀ ਹਰੇਕ ਵਿਧਾਨ ਸਭਾ ਹਲਕੇ ਦਾ ਚੋਣ ਮਨੋਰਥ ਪੱਤਰ ਵੱਖਰਾ ਹੋਵੇ। ਅਨੇਕਾਂ ਹੀ ਅਜਿਹੀਆਂ ਨਵੀਆਂ ਗੱਲਾਂ ਮੀਡੀਆ ਰਾਹੀਂ ਭਾਰਤ ਵਾਸੀਆਂ ਸਾਹਮਣੇ ਰੱਖੀਆਂ ਗਈਆਂ ਹਨ। ਆਓ! 2013 ਨੂੰ ਅਲਵਿਦਾ ਕਹਿਣ ਵੇਲੇ ਇਸ ਸਾਲ ਨੂੰ ਭਾਰਤੀ ਰਾਜਨੀਤੀ ਦੇ ਸ਼ੁੱਧੀਕਰਨ ਦੇ ਤੌਰ 'ਤੇ ਯਾਦ ਰੱਖੀਏ। ਹੁਣ ਅਸੀਂ ਉਨ੍ਹਾਂ ਵੋਟਰਾਂ ਨੂੰ ਸਲਾਮ ਕਰੀਏ ਜਿਨ੍ਹਾਂ ਦੇਸ਼ ਵਾਸਤੇ ਚੰਗੀ ਸਵੇਰ ਦੀ ਕਾਮਨਾ ਕਰਨ ਦੀ ਅਗਵਾਈ ਕੀਤੀ ਤਾਂ ਜੋ ਸਹੀ ਮਾਅਨਿਆਂ ਵਿਚ ਹਰ ਸੂਬੇ ਅਤੇ ਕੇਂਦਰ ਵਿਚ ਲੋਕਾਂ ਦੁਆਰਾ ਚੁਣੀ ਲੋਕਾਂ ਦੀ ਆਪਣੀ ਸਰਕਾਰ ਹੋਵੇ।

# ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ

ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

ਪਿਛਲਾ ਲੇਖ ਅਸੀਂ ਇਸ ਵਿਚਾਰ 'ਤੇ ਸਮਾਪਤ ਕੀਤਾ ਸੀ ਕਿ ਪਰਮਾਤਮਾ ਦੇ ਭਗਤਾਂ ਨੂੰ ਕੋਈ ਵੀ ਹੋਰ ਧਾਰਮਿਕ ਕਰਮ ਕਰਨ ਨਾਲੋਂ ਉਸ ਪਰਮਾਤਮਾ ਦੇ ਨਾਮ ਸਿਮਰਨ ਦੀ ਭੁੱਖ ਹੁੰਦੀ ਹੈ। ਉਨ੍ਹਾਂ ਲਈ ਸਭ ਤੋਂ ਵੱਡਾ ਕਰਮ ਪਰਮਾਤਮਾ ਨੂੰ ਯਾਦ ਕਰਨਾ ਹੈ, ਉਸ ਦਾ ਨਾਮ ਸਿਮਰਨ ਕਰਨਾ ਹੈ। ਇਸ ਸਲੋਕ ਵਿਚ ਵੀ ਗੁਰੂ ਨਾਨਕ ਦੇਵ ਧਰਮ ਨਾਲ ਜੁੜੀਆਂ ਰਸਮਾਂ ਦੀ ਹੀ ਗੱਲ ਕਰਦੇ ਹਨ। ਇਸ ਸਲੋਕ ਵਿਚ ਦੱਸਿਆ ਹੈ ਕਿ ਮੁਸਲਮਾਨਾਂ ਅਨੁਸਾਰ ਮੁਰਦੇ ਨੂੰ ਅੱਗ ਵਿਚ ਸਾੜਨਾ ਚੰਗਾ ਨਹੀਂ ਸਮਝਿਆ ਜਾਂਦਾ। ਉਨ੍ਹਾਂ ਅਨੁਸਾਰ ਮੌਤ ਉਪਰੰਤ ਜਿਨ੍ਹਾਂ ਦਾ ਸਰੀਰ ਅੱਗ ਵਿਚ ਸਾੜਿਆ ਜਾਂਦਾ ਹੈ, ਉਨ੍ਹਾਂ ਨੂੰ ਦੋਜ਼ਕ ਦੀ ਅੱਗ ਵਿਚ ਸੜਨਾ ਪੈਂਦਾ ਹੈ। ਇਸ ਲਈ ਮੁਰਦੇ ਨੂੰ ਦੱਬਣ ਦਾ ਰਿਵਾਜ ਹੈ। ਗੁਰੂ ਨਾਨਕ ਇਸ ਸਲੋਕ ਵਿਚ ਦੱਸਦੇ ਹਨ ਕਿ ਕਈ ਵਾਰ ਉਸ ਥਾਂ ਦੀ ਮਿੱਟੀ ਘੁਮਿਆਰ ਦੇ ਵੱਸ ਪੈ ਜਾਂਦੀ ਹੈ ਜਿਥੇ ਕਬਰਾਂ ਵਿਚ ਮੁਰਦੇ ਦੱਬੇ ਹੁੰਦੇ ਹਨ। ਕਹਿਣ ਤੋਂ ਭਾਵ ਹੈ ਕਿ ਘੁਮਿਆਰ ਉਸ ਮਿੱਟੀ ਨੂੰ ਲੈ ਆਉਂਦੇ ਹਨ ਤੇ ਫਿਰ ਉਸ ਦੀਆਂ ਇੱਟਾਂ ਤੇ ਭਾਂਡੇ ਘੜਦੇ ਹਨ। ਉਨ੍ਹਾਂ ਭਾਂਡਿਆਂ ਤੇ ਇੱਟਾਂ ਨੂੰ ਆਵੇ ਵਿਚ ਅੱਗ ਬਾਲ ਕੇ ਪਕਾਇਆ ਜਾਂਦਾ ਹੈ। ਆਵੇ ਵਿਚ ਪੈ ਕੇ ਉਹ ਮਿੱਟੀ ਸਮਝੋ ਪੁਕਾਰ ਕਰਦੀ ਹੈ, ਸੜ ਕੇ ਵਿਚਾਰੀ ਰੋਂਦੀ ਹੈ ਅਤੇ ਉਸ ਵਿਚੋਂ ਅੰਗਿਆਰ ਝੜ ਝੜ ਕੇ ਡਿਗਦੇ ਹਨ।

ਇੱਥੇ ਕਹਿਣ ਤੋਂ ਭਾਵ ਹੈ ਕਿ ਕਿਸੇ ਨੂੰ ਨਿਜਾਤ ਮਿਲਣੀ ਹੈ ਜਾਂ ਦੋਜਕ ਇਸ ਦਾ ਮੁਰਦਾ ਸਾੜਨ ਜਾਂ ਦੱਬਣ ਨਾਲ ਕੋਈ ਸਬੰਧ ਨਹੀਂ ਹੈ। (ਸਰੀਰ ਵਿਚੋਂ ਪਰਾਣ ਨਿਕਲ ਜਾਣ ਨਾਲ ਸਰੀਰ ਮੁਰਦਾ ਹੋ ਜਾਂਦਾ ਹੈ। ਜੀਵ ਨੂੰ ਨਰਕ ਮਿਲਣਾ ਹੈ ਜਾਂ ਸਵਰਗ ਇਸ ਦਾ ਸਬੰਧ ਜੀਵ-ਆਤਮਾ ਨਾਲ ਹੈ, ਸਰੀਰ ਨਾਲ ਨਹੀਂ। ਮਨੁੱਖ ਜਿਸ ਕਿਸਮ ਦੇ ਕਰਮ ਕਰਦਾ ਹੈ, ਉਸ ਕਿਸਮ ਦਾ ਹੀ ਫਲ ਪ੍ਰਾਪਤ ਹੁੰਦਾ ਹੈ)। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਜਿਸ ਅਕਾਲ ਪੁਰਖ ਨੇ ਇਸ ਸੰਸਾਰ ਦੀ ਰਚਨਾ ਕੀਤੀ ਹੈ, ਇਸ ਭੇਦ ਨੂੰ ਉਹੀ ਜਾਣਦਾ ਹੈ,

ਮਿਟੀ ਮੁਸਲਮਾਨ ਕੀ
ਪੇੜੈ ਪਈ ਕੁਮਿਆਰ॥
ਘੜਿ ਭਾਂਡੇ ਇਟਾ ਕੀਆ
ਜਲਦੀ ਕਰੇ ਪੁਕਾਰ॥
ਜਲਿ ਜਲਿ ਰੋਵੈ ਬਪੁੜੀ
ਝੜਿ ਝੜਿ ਪਵਹਿ ਅੰਗਿਆਰ॥
ਨਾਨਕ ਜਿਨਿ ਕਰਤੈ ਕਾਰਣੁ ਕੀਆ
ਸੋ ਜਾਣੈ ਕਰਤਾਰੁ॥2॥ (ਪੰਨਾ 466)

ਅਗਲੀ ਪਉੜੀ ਵਿਚ ਗੁਰੂ ਨਾਨਕ ਸਾਹਿਬ ਦੱਸਦੇ ਹਨ ਕਿ ਕਿਸੇ ਵੀ ਮਨੁੱਖ ਨੂੰ ਸੰਸਾਰ ਨੂੰ ਜੀਵਨ ਦਾਨ ਦੇਣ ਵਾਲਾ ਦਾਤਾ ਅਰਥਾਤ ਕਰਤਾ ਪੁਰਖ ਸਤਿਗੁਰੂ ਦੀ ਰਹਿਨੁਮਾਈ ਤੋਂ ਬਿਨਾ ਪ੍ਰਾਪਤ ਨਹੀਂ ਹੋਇਆ। (ਉਸ ਅਕਾਲ ਪੁਰਖ ਨੂੰ ਪਾਉਣ ਲਈ ਸਤਿਗੁਰੂ ਦੀ ਅਗਵਾਈ ਦੀ ਲੋੜ ਪੈਂਦੀ ਹੈ ਅਤੇ ਗੁਰਮਤਿ ਅਨੁਸਾਰ ਸਤਿਗੁਰੂ ਸ਼ਬਦ ਹੈ, ਬਾਣੀ ਹੈ। ਸਾਧ ਸੰਤ ਸਤਿਗੁਰੂ ਨਹੀਂ ਹਨ ਜਿਨ੍ਹਾਂ ਨੂੰ ਅੱਜ ਕਲ੍ਹ ਅਸੀਂ ਗੁਰੂਆਂ ਦਾ ਦਰਜ਼ਾ ਦੇਣ 'ਤੇ ਤੁਲੇ ਹੋਏ ਹਾਂ ਅਤੇ ਥਾਂ ਥਾਂ 'ਨਾਮ' ਦੇਣ ਦੀਆਂ ਦੁਕਾਨਾਂ ਜਾਂ ਡੇਰੇ ਖੁਲ੍ਹੇ ਹੋਏ ਹਨ)। ਅਕਾਲ ਪੁਰਖ ਨੇ ਆਪਣੇ ਆਪ ਨੂੰ ਸਤਿਗੁਰੂ ਦੇ ਅੰਦਰ ਰੱਖਿਆ ਹੋਇਆ ਹੈ। (ਸਤਿਗੁਰੂ ਪਹਿਲਾਂ ਆਪ ਆਪਣੇ ਅੰਦਰ ਵਿਆਪਕ ਰੱਬੀ ਜੋਤਿ ਦਾ ਅਨੁਭਵ ਕਰਦਾ ਹੈ ਇਸੇ ਲਈ ਉਹ 'ਗੁਰੂ' ਹੈ, ਫਿਰ ਮਨੁੱਖ ਨੂੰ ਉਹ ਇਸ ਜੋਤਿ ਨੂੰ ਅਨੁਭਵ ਕਰਨ ਦਾ ਰਸਤਾ ਦਿਖਾਉਂਦਾ ਹੈ)। ਜੇ ਇਹੋ ਜਿਹਾ ਗੁਰੂ ਜਿਸ ਨੇ ਆਪਣੇ ਅੰਦਰੋਂ ਮਾਇਆ-ਮੋਹ ਦੂਰ ਕਰ ਦਿੱਤਾ ਹੈ, ਮਨੁੱਖ ਨੂੰ ਮਿਲ ਪਵੇ ਤਾਂ ਉਹ ਮਨੁੱਖ ਮੁਕਤ ਹੋ ਜਾਂਦਾ ਹੈ ਅਰਥਾਤ ਉਹ ਮਨੁੱਖ ਵੀ ਆਪਣੇ ਮਨ ਅੰਦਰੋਂ ਮਾਇਆਵੀ ਬੰਧਨਾਂ ਨੂੰ ਦੂਰ ਕਰਕੇ ਇਨ੍ਹਾਂ ਤੋਂ ਆਜ਼ਾਦ ਹੋ ਜਾਂਦਾ ਹੈ। ਸਾਰੀਆਂ ਸਿਆਣਪਾਂ ਜਾਂ ਵਿਚਾਰਾਂ ਨਾਲੋਂ ਇਹ ਵਿਚਾਰ ਉਤਮ ਹੈ ਕਿ ਜਿਸ ਮਨੁੱਖ ਨੇ ਆਪਣੇ ਆਪ ਨੂੰ ਗੁਰੂ ਦੇ ਲੜ ਲਾ ਲਿਆ ਹੈ, ਆਪਣਾ ਮਨ ਗੁਰੂ ਦੀ ਸਿੱਖਿਆ ਵਿਚ ਜੋੜ ਲਿਆ ਹੈ, ਉਸ ਨੂੰ ਉਹ ਸੰਸਾਰ ਨੂੰ ਜੀਵਨ ਦਾਨ ਦੇਣ ਵਾਲਾ ਕਰਤਾ ਪੁਰਖ ਮਿਲ ਗਿਆ ਹੈ,

ਬਿਨੁ ਸਤਿਗੁਰ ਕਿਨੈ ਨ ਪਾਇਓ
ਬਿਨੁ ਸਤਿਗੁਰ ਕਿਨੈ ਨ ਪਾਇਆ॥
ਸਤਿਗੁਰ ਵਿਚਿ ਆਪੁ ਰਖਿਓਨੁ
ਕਰਿ ਪਰਗਟੁ ਆਖਿ ਸੁਣਾਇਆ॥
(ਪੰਨਾ 466)

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਹੀ, ਜਪੁਜੀ ਵਿਚ ਗੁਰੂ ਨਾਨਕ ਸਾਹਿਬ ਦੱਸਦੇ ਹਨ ਕਿ 'ਸਚਿਆਰ' ਪਦ ਦੀ ਪ੍ਰਾਪਤੀ ਦੇ ਰਸਤੇ ਵਿਚ ਅੜਿੱਕਾ 'ਹਉਮੈ' ਹੈ ਜਿਸ ਨੂੰ ਉਨ੍ਹਾਂ ਨੇ 'ਕੂੜੈ ਪਾਲਿ' ਕਿਹਾ ਹੈ। ਉਪਰ ਵਰਣਤ ਪਉੜੀ ਵਿਚ ਗੱਲ ਕੀਤੀ ਸੀ ਕਿ ਪਰਮਾਤਮਾ ਦੀ ਪ੍ਰਾਪਤੀ ਸਤਿਗੁਰੂ ਦੀ ਅਗਵਾਈ ਵਿਚ ਸੰਭਵ ਹੁੰਦੀ ਹੈ। ਇਸ ਪਉੜੀ ਤੋਂ ਅਗਲੇ ਸਲੋਕ ਵਿਚ ਗੁਰੂ ਨਾਨਕ ਦੇਵ 'ਹਉਮੈ' ਦਾ ਜ਼ਿਕਰ ਕਰਦੇ ਹਨ ਜੋ ਮਨੁੱਖ ਦੇ ਇਸ ਅਨੁਭਵ ਦੇ ਰਸਤੇ ਵਿਚ ਰੋੜਾ ਅਟਕਾਉਂਦੀ ਹੈ ਅਤੇ ਮਨੁੱਖ ਦੇ ਵਾਰ ਵਾਰ ਇਸ ਸੰਸਾਰ 'ਤੇ ਜਨਮ ਲੈਣ ਦਾ ਕਾਰਨ ਬਣਦੀ ਹੈ। ਗੁਰੂ ਨਾਨਕ ਸਾਹਿਬ ਅਨੁਸਾਰ ਜਦੋਂ ਮਨੁੱਖ ਹਉਮੈ ਦੀ ਭਾਵਨਾ ਦੇ ਅਧੀਨ ਆਪਣੀ ਹਸਤੀ ਨੂੰ ਅਕਾਲ ਪੁਰਖ ਦੀ ਹਸਤੀ ਤੋਂ ਅਲੱਗ ਮੰਨ ਲੈਂਦਾ ਹੈ ਤਾਂ ਉਹ ਸੰਸਾਰ ਵਿਚ ਵਾਰ ਵਾਰ ਜਨਮ ਲੈਂਦਾ ਅਤੇ ਮਰਦਾ ਹੈ। ਆਪਣੀ ਇਸ ਅੱਡਰੀ ਹਸਤੀ ਦੇ ਅਹਿਸਾਸ ਕਾਰਨ ਹੀ ਕਦੇ ਉਹ ਦੂਸਰਿਆਂ ਨੂੰ ਦਾਨ ਦਿੰਦਾ ਹੈ ਅਤੇ ਕਦੇ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਦੂਸਰਿਆਂ ਤੋਂ ਕੁਝ ਮੰਗਦਾ ਹੈ। ਇਸੇ ਮੈਂ ਦੇ ਅਹਿਸਾਸ ਕਾਰਨ ਹੀ ਕਿ ਮੇਰੀ ਵਾਹਿਗੁਰੂ ਤੋਂ ਅਲੱਗ ਆਪਣੀ ਹਸਤੀ ਹੈ, ਉਹ ਕਦੀ ਕੁਝ ਖੱਟਦਾ ਹੈ ਅਤੇ ਕਦੀ ਕੁਝ ਗੁਆਉਂਦਾ ਹੈ। ਜਦੋਂ ਤੱਕ ਮਨੁੱਖ ਇਸ ਤੇਰ-ਮੇਰ ਦੀ ਹੱਦਬੰਦੀ ਵਿਚ ਵਿਚਰਦਾ ਹੋਇਆ ਕਾਰਜ ਕਰਦਾ ਹੈ ਤਾਂ ਲੋਕਾਂ ਦੀਆਂ ਨਜ਼ਰਾਂ ਵਿਚ ਕਦੀ ਉਹ ਝੂਠਾ ਹੈ ਅਤੇ ਕਦੀ ਸੱਚਾ ਹੈ। ਜਦੋਂ ਤੱਕ ਮਨੁੱਖ ਕਰਤਾ ਪੁਰਖ ਨਾਲੋਂ ਆਪਣੀ ਵੱਖਰੀ ਹੋਂਦ ਦੇ ਅਹਿਸਾਸ ਵਿਚ ਹੈ, ਉਦੋਂ ਤੱਕ ਉਹ ਆਪਣੇ ਕੀਤੇ ਕਰਮਾਂ ਕਾਰਨ ਪਾਪ ਅਤੇ ਪੁੰਨ ਦੀ ਗਿਣਤੀ ਵਿਚ ਪਿਆ ਰਹਿੰਦਾ ਹੈ ਕਿ ਕਿੰਨੇ ਕੰਮ ਮਾੜੇ ਕੀਤੇ ਹਨ ਜਿਨ੍ਹਾਂ ਦਾ ਫਲ ਪਾਪ ਵਿਚ ਪ੍ਰਾਪਤ ਹੋਣਾ ਹੈ ਅਤੇ ਕਿੰਨੇ ਕੰਮ ਚੰਗੇ ਕੀਤੇ ਹਨ ਜਿਨ੍ਹਾਂ ਦਾ ਫਲ ਪੁੰਨ ਦੇ ਰੂਪ ਵਿਚ ਪ੍ਰਾਪਤ ਹੋਣਾ ਹੈ (ਜਦੋਂ ਹਉਂ ਦੀ ਭਾਵਨਾ ਮਿਟ ਜਾਣ ਨਾਲ ਪਰਮਾਤਮਾ ਨਾਲ ਆਤਮਾ ਇੱਕਸੁਰ ਹੋ ਜਾਂਦੀ ਹੈ ਫਿਰ ਤਾਂ ਮਨੁੱਖ ਜੀਵਨ-ਮੁਕਤ ਹੋ ਜਾਂਦਾ ਹੈ ਅਰਥਾਤ ਪਾਪ-ਪੁੰਨ ਤੋਂ ਉਤੇ ਉਠ ਜਾਂਦਾ ਹੈ। ਮੈਂ ਦੀ ਭਾਵਨਾ ਹੀ ਮਨੁੱਖ ਕੋਲੋਂ ਗਲਤ ਕੰਮ ਕਰਾਉਂਦੀ ਹੈ) ਅਤੇ ਇਸ ਵਖਰੇਵੇਂ ਕਰਕੇ ਮਨੁੱਖ ਕਦੀ ਨਰਕ ਵਿਚ ਪੈਂਦਾ ਹੈ, ਕਦੀ ਸਵਰਗ ਵਿਚ। (ਗੁਰਮਤਿ ਅਨੁਸਾਰ ਨਰਕ-ਸਵਰਗ ਕੋਈ ਵੱਖਰਾ ਲੋਕ ਜਾਂ ਸਥਾਨ ਨਹੀਂ ਹੈ। ਸਭ ਕੁਝ ਇਥੇ ਹੀ ਹੈ, ਇਸ ਸੰਸਾਰ ਵਿਚ ਜਿੱਥੇ ਮਨੁੱਖ ਆਪਣੇ ਕੀਤੇ ਦਾ ਫਲ ਭੋਗਦਾ ਹੈ)।

ਜਦੋਂ ਤੱਕ ਮਨੁੱਖ ਆਪਣੀ ਵੱਖਰੀ ਹੋਂਦ ਦੇ ਅਹਿਸਾਸ ਦੇ ਬੰਧਨ ਵਿਚ ਹੈ, ਉਦੋਂ ਤੱਕ ਸੁੱਖ ਦੇ ਅਹਿਸਾਸ ਨਾਲ ਕਦੀ ਹੱਸਦਾ ਹੈ ਅਤੇ ਦੁੱਖ ਦੇ ਅਹਿਸਾਸ ਨਾਲ ਕਦੀ ਰੋਂਦਾ ਹੈ। ਇਸੇ ਅਹਿਸਾਸ ਕਾਰਨ ਕਦੀ ਉਹ ਆਪਣੇ ਕੀਤੇ ਕੰਮਾਂ ਕਾਰਨ ਪਾਪਾਂ ਦੀ ਮੈਲ ਵਿਚ ਆਪਣੇ ਆਪ ਨੂੰ ਲਿਬੜਿਆ ਮਹਿਸੂਸ ਕਰਦਾ ਹੈ ਅਤੇ ਕਦੀ ਆਪਣੀ ਹਿੰਮਤ ਕਾਰਨ ਇਸ ਗੰਦ ਵਿਚੋਂ ਨਿਕਲਣ ਅਰਥਾਤ ਇਸ ਨੂੰ ਧੋਣ ਦੀ ਕੋਸ਼ਿਸ਼ ਕਰਦਾ ਹੈ। ਇਸ ਵੱਖਰੀ ਹੋਂਦ ਦੇ ਅਹਿਸਾਸ ਕਾਰਨ ਹੀ ਮਨੁੱਖ ਜਾਤ-ਪਾਤ ਦੇ ਅਹੰਕਾਰ ਵਿਚ ਪੈਂਦਾ ਹੈ ਅਤੇ ਆਪਾ ਗਵਾ ਲੈਂਦਾ ਹੈ। (ਗੁਰਮਤਿ ਅਨੁਸਾਰ ਸਾਰੇ ਮਨੁੱਖ ਉਸ ਪਰਮਾਤਮ ਜੋਤਿ ਤੋਂ ਹੋਂਦ ਵਿਚ ਆਏ ਹਨ, ਇਸ ਲਈ ਜਨਮ ਕਰਕੇ ਮਨੁੱਖ ਦੀ ਜਾਤ ਇੱਕੋ ਹੈ)। ਜਦੋਂ ਤੱਕ ਮਨੁੱਖ ਇਸ ਅਹਿਸਾਸ ਦੀ ਜਕੜ ਵਿਚ ਹੈ, ਕਦੀ ਉਹ ਮੂਰਖ ਗਿਣਿਆ ਜਾਂਦਾ ਹੈ, ਕਦੀ ਸਿਆਣਾ ਪਰ ਇਸ ਅਹਿਸਾਸ ਦੇ ਹੁੰਦਿਆਂ ਮਨੁੱਖ ਨੂੰ ਮੁਕਤੀ ਦੇ ਦਰਵਾਜ਼ੇ ਦੀ ਸਮਝ ਨਹੀਂ ਪੈਂਦੀ। ਹਉਮੈ ਮਨੁੱਖ ਦੇ ਰੱਬ ਨਾਲੋਂ ਵਿਛੋੜੇ ਦਾ ਕਾਰਨ ਬਣਦੀ ਹੈ ਅਤੇ ਜਦੋਂ ਤੱਕ ਇਹ ਕਾਰਨ ਕਾਇਮ ਹੈ ਮਨੁੱਖ ਮਾਇਆ ਦੇ ਬੰਧਨਾਂ ਤੋਂ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ ਅਰਥਾਤ ਉਹ ਰੱਬ ਨਾਲੋਂ ਵਿਛੜਿਆ ਰਹਿੰਦਾ ਹੈ ਜਿਸ ਕਰਕੇ ਵਾਰ ਵਾਰ ਸੰਸਾਰ ਤੇ ਜਨਮ ਲੈਂਦਾ ਹੈ। ਜਦੋਂ ਇਸ ਨੂੰ ਇਸ ਗੱਲ ਦੀ ਸੋਝੀ ਹੋ ਜਾਂਦੀ ਹੈ ਕਿ ਇਹ ਰੱਬ ਨਾਲੋਂ ਵਿਛੜਿਆ ਹੋਇਆ ਹੈ, ਉਸ ਦੇ ਅੰਦਰ ਵਿਛੋੜੇ ਦਾ ਇਹ ਅਹਿਸਾਸ ਜਾਗਦਾ ਹੈ ਤਾਂ ਉਸ ਨੂੰ ਰੱਬ ਦਾ ਦਰਵਾਜ਼ਾ ਲੱਭ ਪੈਂਦਾ ਹੈ। ਇਸ ਅਹਿਸਾਸ ਤੋਂ ਬਿਨਾਂ ਉਸ ਦੀਆਂ ਗਿਆਨ ਦੀਆਂ ਗੱਲਾਂ ਥੋਥੀਆਂ ਹਨ ਅਤੇ ਗਿਆਨ ਤੋਂ ਸੱਖਣਾ ਉਸ ਦਾ ਅੰਦਰ ਸੜਦਾ ਰਹਿੰਦਾ ਹੈ (ਹਉਮੈ ਮਨੁੱਖ ਨੂੰ ਅੰਦਰੋ ਅੰਦਰ ਸਾੜਦੀ ਹੈ)।

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਜਿਸ ਜਿਸ ਤਰ੍ਹਾਂ ਮਨੁੱਖ ਇਸ ਸੰਸਾਰ ਨੂੰ ਵੇਖਦੇ ਹਨ ਅਰਥਾਤ ਹਉਮੈ ਦੇ ਅਹਿਸਾਸ ਕਾਰਨ ਜਿਸ ਤਰ੍ਹਾਂ ਸੰਸਾਰ ਅੰਦਰ ਵਰਤਦੇ ਹਨ, ਉਹੋ ਜਿਹਾ ਉਨ੍ਹਾਂ ਦਾ ਆਪਣਾ ਆਪਣਾ ਵੱਖਰਾ ਮਾਨਸਿਕ ਸਰੂਪ ਬਣ ਜਾਂਦਾ ਹੈ। ਕਿਸ ਦੀ ਕਿਹੋ ਜਿਹੀ ਮਾਨਸਿਕ ਅਵਸਥਾ ਬਣਨੀ ਹੈ ਇਹ ਲੇਖ ਵੀ ਪਰਮਾਤਮਾ ਦੇ ਹੁਕਮ ਵਿਚ ਹੀ ਲਿਖਿਆ ਜਾਂਦਾ ਹੈ,

ਹਉ ਵਿਚਿ ਆਇਆ ਹਉ ਵਿਚਿ ਗਇਆ॥
ਹਉ ਵਿਚਿ ਜੰਮਿਆ ਹਉ ਵਿਚਿ ਮੁਆ॥
ਹਉ ਵਿਚਿ ਦਿਤਾ ਹਉ ਵਿਚਿ ਲਇਆ॥
ਹਉ ਵਿਚਿ ਖਟਿਆ ਹਉ ਵਿਚਿ ਗਇਆ॥
(ਪੰਨਾ 466)

ਇਸ ਦੇ ਨਾਲ ਹੀ ਅਗਲਾ ਸਲੋਕ ਦੂਸਰੀ ਨਾਨਕ ਜੋਤਿ ਗੁਰੂ ਅੰਗਦ ਦੇਵ ਜੀ ਦਾ ਇਸੇ ਵਿਸ਼ੇ 'ਹਉਮੈ' ਨਾਲ ਸਬੰਧਤ ਹੈ। ਗੁਰੂ ਅੰਗਦ ਦੇਵ ਦੱਸਦੇ ਹਨ ਕਿ ਇਸ ਹਉਮੈ ਕਾਰਨ ਹੀ ਅਰਥਾਤ ਇਸ 'ਮੈਂ' ਦੇ ਅਹਿਸਾਸ ਦੇ ਕਾਰਨ ਹੀ ਮਨੁੱਖ ਉਹੀ ਕੰਮ ਕਰਦੇ ਹਨ, ਜਿਨ੍ਹਾਂ ਨਾਲ ਉਨ੍ਹਾਂ ਦੀ ਵੱਖਰੀ ਹੋਂਦ ਦਾ ਅਹਿਸਾਸ ਟਿਕਿਆ ਰਹੇ। (ਇਹ ਕੁਦਰਤੀ ਸਿੱਟਾ ਹੈ ਕਿ 'ਅਹੰ' ਦੀ ਭਾਵਨਾ ਵਿਚ ਕੀਤੇ ਹੋਏ ਕਰਮ 'ਅਹੰ' ਨੂੰ ਹੋਰ ਮਜ਼ਬੂਤ ਕਰਦੇ ਹਨ)। ਇਸ ਹਉਮੈ ਦੇ ਸੰਸਕਾਰ-ਰੂਪ ਬੰਧਨ ਹੀ ਇਹੀ ਹਨ ਕਿ ਮਨੁੱਖ ਨੂੰ ਵਾਰ ਵਾਰ ਜਨਮ ਲੈਣਾ ਪੈਂਦਾ ਹੈ। ਗੁਰੂ ਸਾਹਿਬ ਪ੍ਰਸ਼ਨ ਉਠਾਉਂਦੇ ਹਨ ਕਿ ਹਉਮੈ ਦਾ ਇਹ ਭਰਮ ਮਨੁੱਖ ਦੇ ਅੰਦਰ ਕਿੱਥੋਂ ਆਉਂਦਾ ਹੈ ਅਤੇ ਇਸ ਨੂੰ ਕਿਸ ਤਰ੍ਹਾਂ ਦੂਰ ਕੀਤਾ ਜਾ ਸਕਦਾ ਹੈ? ਫਿਰ ਇਸ ਪ੍ਰਸ਼ਨ ਦਾ ਉਤਰ ਦਿੰਦੇ ਹੋਏ ਦੱਸਦੇ ਹਨ ਕਿ ਇਹ ਮਨੁੱਖ ਦੀ ਵੱਖਰੀ ਹੋਂਦ ਦਾ ਅਹਿਸਾਸ ਵੀ ਮਨੁੱਖ ਅੰਦਰ ਰੱਬੀ ਹੁਕਮ ਅਨੁਸਾਰ ਹੀ ਜੀਵ ਦੇ ਪਿਛਲੇ ਕੀਤੇ ਕੰਮਾਂ ਦੇ ਸੰਸਕਾਰਾਂ ਅਨੁਸਾਰ ਪੈਦਾ ਹੁੰਦਾ ਹੈ ਜਿਸ ਕਾਰਨ ਉਹ ਫਿਰ ਅਜਿਹੇ ਹੀ ਕੰਮ ਕਰਨ ਵੱਲ ਦੌੜਦੇ ਹਨ। ਗੁਰੂ ਸਾਹਿਬ ਅਨੁਸਾਰ ਹਉਮੈ ਇੱਕ ਲੰਬਾ ਰੋਗ ਹੈ ਪਰ ਇਹ ਰੋਗ ਲਾ-ਇਲਾਜ ਨਹੀਂ ਹੈ। ਜੇ ਅਕਾਲ ਪੁਰਖ ਆਪਣੀ ਮਿਹਰ ਕਰੇ, ਤਾਂ ਜੀਵ ਗੁਰੂ ਦਾ ਸ਼ਬਦ ਕਮਾਉਂਦੇ ਹਨ। ਗੁਰੂ ਦੇ ਸ਼ਬਦ ਦੀ ਕਮਾਈ ਰਾਹੀਂ ਹਉਮੈ ਦਾ ਦੁੱਖ ਦੂਰ ਹੋ ਜਾਂਦਾ ਹੈ,

ਹਉਮੈ ਏਹਾ ਜਾਤਿ ਹੈ
ਹਉਮੈ ਕਰਮ ਕਮਾਹਿ॥
ਹਉਮੈ ਏਈ ਬੰਧਨਾ
ਫਿਰਿ ਫਿਰਿ ਜੋਨੀ ਪਾਹਿ॥
ਹਉਮੈ ਕਿਥਹੁ ਊਪਜੈ
ਕਿਤੁ ਸੰਜਮਿ ਇਹ ਜਾਇ॥ (ਪੰਨਾ 466)

ਅਗਲੀ ਪਉੜੀ ਵਿਚ ਦੱਸਿਆ ਹੈ ਕਿ ਜਿਨ੍ਹਾਂ ਮਨੁੱਖਾਂ ਦੇ ਅੰਦਰ ਸੰਤੋਖ ਹੁੰਦਾ ਹੈ, ਉਹ ਮਨੁੱਖ ਉਸ ਅਕਾਲ ਪੁਰਖ ਦਾ ਸਿਮਰਨ ਕਰਦੇ ਹਨ, ਉਸ ਸੱਚੇ ਦਾ ਧਿਆਨ ਧਰਦੇ ਹਨ ਅਤੇ ਉਸ ਦੀ ਸੇਵਾ ਕਰਦੇ ਹਨ। ਅਜਿਹੇ ਮਨੁੱਖ ਮੰਦੇ ਕੰਮਾਂ ਦੇ ਨੇੜੇ ਵੀ ਨਹੀਂ ਜਾਂਦੇ, ਚੰਗੇ ਕੰਮ ਕਰਦੇ ਹਨ ਅਤੇ ਧਰਮ ਅਨੁਸਾਰ ਆਪਣਾ ਜੀਵਨ ਬਸਰ ਕਰਦੇ ਹਨ। ਅਜਿਹੇ ਸੰਤੋਖੀ ਮਨੁੱਖ ਸੰਸਾਰ ਦੇ ਮਾਇਆਵੀ ਬੰਧਨਾਂ ਨੂੰ ਤੋੜ ਦਿੰਦੇ ਹਨ, ਸੰਜਮ ਨਾਲ ਜੀਵਨ ਬਿਤਾਉਂਦੇ ਹਨ ਭਾਵ ਉਨ੍ਹਾਂ ਦੇ ਭੋਜਨ, ਜਲ-ਪਾਨ ਆਦਿ ਕਰਨ ਵਿਚ ਵੀ ਇੱਕ ਸੰਜਮ ਹੁੰਦਾ ਹੈ ਜੋ ਸਰੀਰਕ ਲੋੜ ਅਨੁਸਾਰ ਖਾਂਦੇ-ਪੀਂਦੇ ਹਨ, ਨਾ ਕਿ ਆਪਣੇ ਮੂੰਹ ਦੇ ਸੁਆਦਾਂ ਲਈ। ਉਹ ਉਸ ਅਕਾਲ ਪੁਰਖ ਦੀ ਸਿਫ਼ਤਿ-ਸਾਲਾਹ ਕਰਦੇ ਹਨ ਜੋ ਸਭ ਨੂੰ ਬਖ਼ਸ਼ਸ਼ਾਂ ਦੇਣ ਵਾਲਾ ਹੈ ਅਤੇ ਸਦਾ ਜੀਵਾਂ ਨੂੰ ਬਖ਼ਸ਼ਸ਼ਾਂ ਕਰਦਾ ਹੈ। ਇਸ ਤਰ੍ਹਾਂ ਉਸ ਦੀ ਸਿਫਤਿ-ਸਾਲਾਹ ਕਰਕੇ ਸੰਤੋਖੀ ਮਨੁੱਖ ਉਸ ਪਰਮਾਤਮਾ ਨੂੰ ਪਾ ਲੈਂਦੇ ਹਨ,

ਸੇਵ ਕੀਤੀ ਸੰਤੋਖੀਈ
ਜਿਨ੍ਹੀ ਸਚੋ ਸਚੁ ਧਿਆਇਆ॥
ਓਨ੍ਹੀ ਮੰਦੈ ਪੈਰੁ ਨ ਰਖਿਓ
ਕਰਿ ਸੁਕ੍ਰਿਤੁ ਧਰਮੁ ਕਮਾਇਆ॥
(ਪੰਨਾ 466-467)

ਅਗਲੇ ਸਲੋਕ ਵਿਚ ਗੁਰੂ ਨਾਨਕ ਸਾਹਿਬ ਉਸ ਅਕਾਲ ਪੁਰਖ ਦੀ ਬੇਅੰਤ ਰਚਨਾ ਦਾ ਜ਼ਿਕਰ ਕਰਦੇ ਹਨ ਜਿਸ ਦੀ ਗਿਣਤੀ ਦਾ ਪਤਾ ਸਿਰਫ ਉਸ ਰਚਨਾਕਾਰ ਅਰਥਾਤ ਅਕਾਲ ਪੁਰਖ ਨੂੰ ਹੀ ਹੋ ਸਕਦਾ ਹੈ ਜਿਸ ਨੇ ਇਸ ਦੀ ਰਚਨਾ ਕੀਤੀ ਹੈ। ਜੀਵਾਂ ਦੀ ਉਤਪਤੀ ਦੀਆਂ ਚਾਰ ਖਾਣੀਆਂ ਮੰਨੀਆਂ ਗਈਆਂ ਹਨ-ਅੰਡਜ, ਜੇਰਜ, ਉਤਭੁਜ ਅਤੇ ਸੇਤਜ। ਗੁਰੂ ਨਾਨਕ ਅਕਾਲ ਪੁਰਖ ਦੀ ਰਚਨਾ ਦਾ ਜ਼ਿਕਰ ਕਰਦੇ ਹਨ ਕਿ ਮਨੁੱਖ, ਰੁੱਖ ਤੀਰਥ, ਤੱਟ (ਭਾਵ ਨਦੀਆਂ), ਬੱਦਲ, ਦੀਪ, ਲੋਕ, ਮੰਡਲ, ਖੰਡ, ਬ੍ਰਹਿਮੰਡ, ਸਰ, ਮੇਰ ਆਦਿਕ ਪਰਬਤ, ਚਾਰੇ ਖਾਣੀਆਂ (ਅੰਡਜ, ਜੇਰਜ, ਉਤਭੁਜ, ਸੇਤਜ) ਦੇ ਜੀਵ ਜੰਤ-ਇਸ ਸਾਰੀ ਰਚਨਾ ਦੀ ਗਿਣਤੀ ਦਾ ਅੰਦਾਜ਼ਾ ਉਹ ਅਕਾਲ ਪੁਰਖ ਹੀ ਜਾਣਦਾ ਹੈ ਜਿਸ ਨੇ ਇਨ੍ਹਾਂ ਦੀ ਰਚਨਾ ਕੀਤੀ ਹੈ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਜਿਸ ਕਰਤਾ ਪੁਰਖ ਨੇ ਇਹ ਸਾਰੇ ਜੀਵ ਜੰਤ ਪੈਦਾ ਕੀਤੇ ਹਨ, ਉਹ ਕਰਤਾ ਪੁਰਖ ਹੀ ਇਨ੍ਹਾਂ ਦੀ ਪਾਲਣਾ ਕਰਦਾ ਹੈ (ਹਿੰਦੂ ਧਰਮ ਵਿਚ ਬ੍ਰਹਮਾ ਨੂੰ ਪੈਦਾ ਕਰਨ ਵਾਲਾ, ਵਿਸ਼ਨੂੰ ਨੂੰ ਪਾਲਣ ਵਾਲਾ ਅਤੇ ਸ਼ਿਵ ਨੂੰ ਸੰਘਾਰ ਕਰਤਾ ਮੰਨਿਆ ਗਿਆ ਹੈ ਪਰ ਸਿੱਖ ਧਰਮ ਵਿਚ ਅਜਿਹੀ ਕਿਸੇ ਸ਼ਕਤੀ ਵਿਚ ਵਿਸ਼ਵਾਸ ਨਹੀਂ ਕੀਤਾ ਗਿਆ। ਸਿੱਖ ਧਰਮ ਅਨੁਸਾਰ ਉਹ ਅਕਾਲ ਪੁਰਖ ਹੀ ਜੀਵਾਂ ਨੂੰ ਪੈਦਾ ਕਰਨ ਵਾਲਾ, ਪਾਲਣ ਵਾਲਾ ਅਤੇ ਮਾਰਨ ਵਾਲਾ ਹੈ)। ਜਿਸ ਅਕਾਲ ਪੁਰਖ ਨੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ, ਉਸੇ ਨੂੰ ਇਨ੍ਹਾਂ ਦੀ ਪਾਲਣਾ ਕਰਨ ਦਾ ਫ਼ਿਕਰ ਹੈ। ਜਿਸ ਅਕਾਲ ਪੁਰਖ ਨੇ ਇਹ ਸੰਸਾਰ ਪੈਦਾ ਕੀਤਾ ਹੈ, ਉਹੀ ਇਸ ਦਾ ਖ਼ਿਆਲ ਵੀ ਰੱਖਦਾ ਹੈ। ਇਸ ਲਈ ਗੁਰੂ ਨਾਨਕ ਉਸੇ ਇੱਕ ਅਕਾਲ ਪੁਰਖ ਤੋਂ ਹੀ ਸਦਕੇ ਜਾਂਦੇ ਹਨ ਅਤੇ ਉਸੇ ਦੇ ਗੁਣ ਗਾਉਂਦੇ ਹਨ। ਕਹਿਣ ਤੋਂ ਭਾਵ ਹੈ ਕਿ ਉਸ ਅਕਾਲ ਪੁਰਖ ਦਾ ਹੀ ਸਿਮਰਨ ਕਰਨਾ ਚਾਹੀਦਾ ਹੈ। ਉਸ ਅਕਾਲ ਪੁਰਖ ਦਾ ਆਸਰਾ ਜੀਵਾਂ ਵਾਸਤੇ ਸਦੀਵੀ ਅਤੇ ਅਟੱਲ ਹੈ। ਉਸ ਅਕਾਲ ਪੁਰਖ ਦੇ ਸਿਮਰਨ ਤੋਂ ਬਿਨਾਂ ਬਾਹਰੀ ਧਾਰਮਿਕ ਭੇਖ ਕੋਈ ਅਰਥ ਨਹੀਂ ਰੱਖਦਾ ਅਰਥਾਤ ਜੇ ਮਨੁੱਖ ਦੇ ਮਨ ਵਿਚ ਉਸ ਪਰਮਾਤਮਾ ਦਾ ਧਿਆਨ ਨਹੀਂ, ਪਰਮਾਤਮਾ ਦੀਆਂ ਦਾਤਾਂ ਲਈ ਮਨੁੱਖ ਉਸ ਦਾ ਸ਼ੁਕਰਗੁਜ਼ਾਰ ਨਹੀਂ ਹੈ, ਉਸ ਦਾ ਸਿਮਰਨ ਨਹੀਂ ਕਰਦਾ ਜਾਂ ਧਿਆਨ ਨਹੀਂ ਕਰਦਾ ਤਾਂ ਬਾਹਰੀ ਧਾਰਮਿਕ ਚਿੰਨ੍ਹ ਜਿਵੇਂ ਮੱਥੇ 'ਤੇ ਤਿਲਕ ਜਾਂ ਜਨੇਊ ਆਦਿ ਪਹਿਨਣ ਦਾ ਕੋਈ ਅਰਥ ਨਹੀਂ। (ਇਹ ਸਿਧਾਂਤ ਸਾਰੇ ਧਰਮਾਂ ਨੂੰ ਮੰਨਣ ਵਾਲਿਆਂ 'ਤੇ ਲਾਗੂ ਹੁੰਦਾ ਹੈ ਕਿ ਪਰਮਾਤਮਾ ਦੀਆਂ ਬਖ਼ਸ਼ਿਸ਼ਾਂ ਨੂੰ ਯਾਦ ਰੱਖਣ ਤੋਂ ਬਿਨਾਂ, ਉਸ ਦੇ ਨਾਮ ਨਾਲ ਜੁੜਨ ਤੋਂ ਬਗੈਰ ਬਾਹਰੀ ਧਾਰਮਿਕ ਚਿੰਨ੍ਹਾਂ ਨੂੰ ਧਾਰਨ ਕਰਨਾ ਬੇਅਰਥ ਹੈ),

ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ॥
ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ॥
ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ॥
ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ॥
(ਪੰਨਾ 467)

## ਗੁਰਿ ਪੂਰੈ ਕਿਰਪਾ ਧਾਰੀ...

ਗੁਰਬਾਣੀ ਗਿਆਨ

**ਸੋਰਠਿ ਮਹਲ ੫**
ਗੁਰਿ ਪੂਰੈ ਕਿਰਪਾ ਧਾਰੀ॥
ਪ੍ਰਭਿ ਪੂਰੀ ਲੋਚ ਹਮਾਰੀ॥
ਕਰਿ ਇਸਨਾਨੁ ਗ੍ਰਿਹਿ ਆਏ॥
ਅਨਦ ਮੰਗਲ ਸੁਖ ਪਾਏ॥
ਸੰਤਹੁ ਰਾਮ ਨਾਮਿ ਨਿਸਤਰੀਐ॥
ਊਠਤ ਬੈਠਤ ਹਰਿ ਹਰਿ ਧਿਆਈਐ
ਆਨਦਿਨੁ ਸੁਕ੍ਰਿਤ ਕਰੀਐ॥ਰਹਾਉ॥
ਸੰਤ ਕਾ ਮਾਰਗੁ ਧਰਮ ਕੀ ਪਉੜੀ
ਕੋ ਵਡਭਾਗੀ ਪਾਏ॥
ਕੋਟਿ ਜਨਮ ਕੇ ਕਿਲਬਿਖ ਨਾਸੇ
ਹਰਿ ਚਰਣੀ ਚਿਤੁ ਲਾਏ॥
ਉਸਤਤਿ ਕਰਹੁ ਸਦਾ ਪ੍ਰਭ ਅਪਨੇ
ਜਿਨਿ ਪੂਰੀ ਕਲ ਰਾਖੀ॥
ਜੀਅ ਜੰਤ ਸਭਿ ਭਏ ਪਵਿਤ੍ਰਾ
ਸਤਿਗੁਰ ਕੀ ਸਚੁ ਸਾਖੀ॥
ਬਿਘਨ ਬਿਨਾਸਨ ਸਭਿ ਦੁਖ ਨਾਸਨ
ਸਤਿਗੁਰਿ ਨਾਮੁ ਦ੍ਰਿੜਾਇਆ॥
ਖੋਏ ਪਾਪ ਭਏ ਸਭਿ ਪਾਵਨ
ਜਨ ਨਾਨਕ ਸੁਖਿ ਘਰਿ ਆਇਆ॥

ਗੁਰੂ ਅਰਜਨ ਦੇਵ ਜੀ ਪ੍ਰਭੂ ਦੇ ਪਿਆਰੇ ਸੰਤ ਜਨਾਂ ਨੂੰ ਮੁਖਾਤਬ ਹੁੰਦੇ ਹਨ-ਗੁਰ ਪੂਰੈ ਕਿਰਪਾ ਧਾਰੀ, ਹੇ ਪ੍ਰਭੂ ਜੀ ਦੇ ਪਿਆਰਿਓ! ਜਦੋਂ ਤੋਂ ਪੂਰੇ ਗੁਰੂ ਨੇ ਕਿਰਪਾ ਕੀਤੀ ਹੈ ਉਦੋਂ ਤੋਂ ਹੀ ਮਿਹਰਵਾਨ ਪ੍ਰਭੂ ਜੀ ਨੇ ਆਪਣਾ ਨਾਮ ਸਿਮਰਨ ਦੇ ਕੇ ਸਾਡੀ ਇੱਛਾ ਪੂਰੀ ਕਰ ਦਿੱਤੀ ਹੈ। ਹੁਣ ਅਸੀਂ ਨਾਮ ਰੂਪੀ ਜਲ ਨਾਲ ਇਸ਼ਨਾਨ ਕਰ ਕੇ ਅੰਤਰ-ਆਤਮੇ ਘਰ ਵਿਚ ਟਿਕ ਗਏ ਹਾਂ; ਅਨਦ ਮੰਗਲ ਸੁਖ ਪਾਏ, ਭਟਕਣ ਮੁੱਕ ਗਈ ਹੈ, ਆਤਮਕ ਖੁਸ਼ੀਆਂ ਅਤੇ ਅਨੰਦ ਸੁਖ ਮਾਣ ਰਹੇ ਹਾਂ।

ਸੰਤਹੁ ਰਾਮ ਨਾਮਿ ਨਿਸਤਰੀਐ॥
ਊਠਤ ਬੈਠਤ ਹਰਿ ਹਰਿ ਧਿਆਈਐ
ਆਨਦਿਨੁ ਸੁਕ੍ਰਿਤ ਕਰੀਐ॥

ਗੁਰੂ ਦੇਵ ਜੀ ਬਖ਼ਸ਼ਿਸ਼ ਕਰਦੇ ਹਨ, ਹੇ ਪ੍ਰਭੂ ਦੇ ਪਿਆਰੇ ਸੰਤ ਜਨੋ! ਉਸ ਸੋਹਣੇ ਪ੍ਰੀਤਮ ਜੀ ਦੇ ਨਾਮ ਨਾਲ ਜੁੜ ਕੇ ਹੀ ਵਿਕਾਰਾਂ ਦੇ ਸੰਸਾਰ ਸਮੁੰਦਰ ਤੋਂ ਪਾਰ ਜਾ ਸਕੀਦਾ ਹੈ; ਇਸ ਲਈ ਹੇ ਭਾਈ! ਉਠਦਿਆਂ ਬੈਠਦਿਆਂ, ਹਰ ਸਮੇਂ ਹੀ ਉਸ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦੇ ਰਹਿਣਾ ਚਾਹੀਏ। ਆਨਦਿਨੁ ਸੁਕ੍ਰਿਤ ਕਰੀਐ, ਭਾਵ ਜੀਵ ਨੂੰ ਹਰ ਵੇਲੇ ਹੀ ਨੇਕ ਕਰਮਾਂ ਨਾਲ ਜੁੜ ਕੇ ਪ੍ਰਭੂ ਦੇ ਨਾਮ ਸਿਮਰਨ ਦੀ ਨੇਕ ਕਮਾਈ ਕਰਨੀ ਚਾਹੀਦੀ ਹੈ। ਨਾਮ ਸਿਮਰਨ ਹੀ ਉਤਮ ਹੈ।

ਸੰਤ ਕਾ ਮਾਰਗੁ ਧਰਮ ਕੀ ਪਉੜੀ
ਕੋ ਵਡਭਾਗੀ ਪਾਏ॥
ਕੋਟਿ ਜਨਮ ਕੇ ਕਿਲਬਿਖ ਨਾਸੇ
ਹਰਿ ਚਰਣੀ ਚਿਤੁ ਲਾਏ॥

ਗੁਰਦੇਵ ਆਖ ਰਹੇ ਹਨ, ਹੇ ਪ੍ਰਭੂ ਦੇ ਪਿਆਰੇ ਸੰਤ ਜਨੋ! ਪ੍ਰਭੂ ਦੇ ਨਾਮ ਦਾ ਸਿਮਰਨ ਕਰਨਾ ਹੀ ਜੀਵਾਂ ਲਈ ਗੁਰੂ ਦਾ ਦੱਸਿਆ ਹੋਇਆ ਸਹੀ ਰਸਤਾ ਹੈ, ਨਾਮ ਸਿਮਰਨ ਹੀ ਧਰਮ ਦੀ ਉਹ ਪਉੜੀ ਹੈ ਜਿਸ ਰਾਹੀਂ ਇਹ ਜੀਵ ਉਸ ਮਾਲਕ ਦੇ ਚਰਨਾਂ ਵਿਚ ਪਹੁੰਚ ਸਕਦਾ ਹੈ। ਇਸ ਪਉੜੀ ਨੂੰ ਕੋਈ ਵਡਭਾਗਾ ਜੀਵ ਹੀ ਪਾ ਸਕਦਾ ਹੈ; ਕੋਟਿ ਜਨਮ ਕੇ ਕਿਲਬਿਖ ਨਾਸੇ, ਭਾਵ ਜਿਹੜਾ ਵਡਭਾਗਾ ਜੀਵ ਆਪਣੇ ਮਨ ਨੂੰ ਪ੍ਰਭੂ ਚਰਨਾਂ ਵਿਚ ਜੋੜ ਲੈਂਦਾ ਹੈ, ਉਸ ਦੇ ਕਰੋੜਾਂ ਹੀ ਜਨਮਾਂ ਦੇ ਪਾਪ ਨਾਸ਼ ਹੋ ਜਾਂਦੇ ਹਨ।

ਉਸਤਤਿ ਕਰਹੁ ਸਦਾ ਪ੍ਰਭ ਅਪਨੇ
ਜਿਨਿ ਪੂਰੀ ਕਲ ਰਾਖੀ॥
ਜੀਅ ਜੰਤ ਸਭਿ ਭਏ ਪਵਿਤ੍ਰਾ
ਸਤਿਗੁਰ ਕੀ ਸਚੁ ਸਾਖੀ॥

ਉਸਤਤਿ ਕਰਹੁ ਸਦਾ ਪ੍ਰਭ ਅਪਨੇ, ਹੇ ਭਾਈ ਉਸ ਸੰਸਾਰ ਦੇ ਰਚਨਹਾਰ ਪ੍ਰਭੂ ਜੀ ਦੀ ਸਿਫ਼ਤ ਸਲਾਹ ਹਰ ਸਮੇਂ ਹੀ ਕਰਦੇ ਰਹਿਣਾ ਚਾਹੀਏ; ਜਿਨਿ ਪੂਰੀ ਕਲ ਰਾਖੀ, ਭਾਵ ਜਿਸ ਪਾਲਣਹਾਰ ਪ੍ਰਭ ਜੀ ਨੇ ਆਪਣੀ ਸ਼ਕਤੀ ਇਸ ਸੰਸਾਰ ਵਿਚ ਬਣਾ ਰਖੀ ਹੈ, ਉਸ ਨੂੰ ਸਦਾ ਯਾਦ ਕਰੋ; ਹੇ ਭਾਈ! ਸੁਣੋ ਜਿਹੜੇ ਜੀਵ ਗੁਰੂ ਦੀ ਸਿੱਖਿਆ ਨੂੰ ਪੱਲੇ ਬੰਨ੍ਹ ਕੇ ਉਸ ਦੇ ਸੇਵਾ ਸਿਮਰਨ ਵਿਚ ਜੁੜ ਜਾਂਦੇ ਹਨ, ਸਮਝੋ ਉਹ ਵਡਭਾਗੇ ਜੀਅ ਜੰਤ ਤਾਂ ਪਵਿੱਤਰ ਹੋ ਗਏ, ਅਤੇ ਉਨ੍ਹਾਂ ਦਾ ਜੀਵਨ ਉੱਚਾ ਸੁੱਚਾ ਹੋ ਗਿਆ ਜਿਨ੍ਹਾਂ ਨੇ ਗੁਰੂ ਤੋਂ ਮਤ ਲੈ ਕੇ ਨਾਮ ਸਿਮਰਨ ਕਰ ਲਿਆ।

ਬਿਘਨ ਬਿਨਾਸਨ ਸਭਿ ਦੁਖ ਨਾਸਨ
ਸਤਿਗੁਰਿ ਨਾਮੁ ਦ੍ਰਿੜਾਇਆ॥
ਖੋਏ ਪਾਪ ਭਏ ਸਭਿ ਪਾਵਨ
ਜਨ ਨਾਨਕ ਸੁਖਿ ਘਰਿ ਆਇਆ॥

ਹੇ ਪ੍ਰਭੂ ਦੇ ਪਿਆਰਿਓ! ਸੰਸਾਰਕ ਸਫ਼ਰ ਦੀਆਂ ਸਾਰੀਆਂ ਰੁਕਾਵਟਾਂ ਦੂਰ ਕਰਨ ਵਾਲਾ ਅਤੇ ਸਾਰੇ ਹੀ ਦੁੱਖਾਂ ਦਾ ਨਾਸ਼ ਕਰਨ ਵਾਲਾ ਪ੍ਰਭੂ ਜੀ ਦਾ ਸੋਹਣਾ ਨਾਮ ਸਤਿਗੁਰੂ ਨੇ ਜਿਨ੍ਹਾਂ ਜੀਵਾਂ ਨੂੰ ਦ੍ਰਿੜ ਕਰਵਾ ਦਿੱਤਾ; ਖੋਏ ਪਾਪ ਭਏ ਸਭਿ ਪਾਵਨ, ਭਾਈ! ਫਿਰ ਉਨ੍ਹਾਂ ਵਡਭਾਗੇ ਜੀਵਾਂ ਦੇ ਸਾਰੇ ਪਾਪਾਂ ਦਾ ਨਾਸ਼ ਹੋ ਗਿਆ ਅਤੇ ਉਹ ਜੀਵ ਪਾਵਨ ਸੁੱਚੇ ਜੀਵਨ ਵਾਲੇ ਬਣ ਗਏ; ਜਨ ਨਾਨਕ ਸੁਖਿ ਘਰਿ ਆਇਆ, ਹੇ ਨਾਨਕ! ਹੁਣ ਉਹ ਨਾਮ ਜਪਣ ਵਾਲੇ ਸਾਰੇ ਹੀ ਜੀਵ ਸੁਖ ਅਨੰਦ ਤੇ ਸਹਿਜ ਦੇ ਘਰ ਟਿਕ ਕੇ ਬੈਠ ਗਏ ਹਨ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਗੁਰੂ ਗੋਬਿੰਦ ਸਿੰਘ ਜੀ ਦੀ ਵਿਸ਼ਵ ਦ੍ਰਿਸ਼ਟੀ

ਗੁਰਪੁਰਬ 'ਤੇ ਵਿਸ਼ੇਸ਼

ਪ੍ਰੋ. ਪਿਆਰਾ ਸਿੰਘ 'ਪਦਮ'

ਹਰ ਸਮੇਂ, ਹਰ ਦੇਸ਼ ਵਿਚ ਧਰਮ ਕਲਾ ਤੇ ਫਿਲਾਸਫੀ ਦਾ ਇਕੋ ਇਕ ਪਵਿੱਤਰ ਮਨੋਰਥ ਰਿਹਾ ਹੈ ਕਿ ਮਨੁੱਖ ਨੂੰ ਜ਼ਿੰਦਗੀ ਦੀ ਏਕਤਾ ਦਾ ਸਬਕ ਦ੍ਰਿੜਾਇਆ ਜਾਵੇ ਤੇ ਇਸ ਆਸਰੇ ਮਨੁੱਖੀ ਸਮਾਜ ਵਿਚ ਇਕਸੁਰਤਾ ਪੈਦਾ ਕਰਕੇ ਅਮਨ-ਸ਼ਾਂਤੀ ਵਿਚ ਰਹਿੰਦਿਆਂ ਸਭਿਆਚਾਰ ਦੀਆਂ ਉਚੇਰੀਆਂ ਸਿਖਰਾਂ ਨੂੰ ਛੂਹਿਆ ਜਾਵੇ ਤੇ ਅਗੇਰੀ ਪੀੜ੍ਹੀ ਲਈ ਉਚਾ-ਸੁੱਚਾ ਤੇ ਸਾਰਥਕ ਉਦੇਸ਼ ਪੇਸ਼ ਕੀਤਾ ਜਾਵੇ। ਸਿੱਖ ਲਹਿਰ ਦਾ ਆਦਰਸ਼ ਵੀ ਇਹੋ ਹੀ ਸੀ ਕਿ ਚੜ੍ਹਦੀ ਕਲਾ ਨਾਲ 'ਸਰਬੱਤ ਦੇ ਭਲੇ' ਨੂੰ ਮੋਹਰੀ ਥਾਂ ਦਿੱਤੀ ਜਾਵੇ। ਗੁਰੂ ਗੋਬਿੰਦ ਸਿੰਘ ਦੀ ਸ਼ਖ਼ਸੀਅਤ ਅਧਿਆਤਮਿਕ ਗੁਰੂ, ਬੀਰ ਸੈਨਾਪਤੀ ਤੇ ਵਿਦਵਾਨ ਮਹਾਂਕਵੀ ਦਾ ਸੰਗਮ ਸੀ ਅਰਥਾਤ ਗੁਰਤਾ, ਬੀਰਤਾ ਤੇ ਕਾਵਿਕਤਾ ਉਨ੍ਹਾਂ ਦੇ ਮੁੱਖ ਗੁਣ ਸਨ ਪਰ ਪ੍ਰਧਾਨਤਾ ਗੁਰਤਾ ਨੂੰ ਹੀ ਪ੍ਰਾਪਤ ਸੀ।

'ਗੁਰਤਾ' ਦਾ ਵੱਡਾ ਲੱਛਣ ਇਹ ਦੱਸਿਆ ਗਿਆ ਹੈ ਕਿ ਜਿਥੇ ਗੁਰੂ ਆਪ ਪਰਮ ਜੋਤਿ ਨਾਲ ਇਕਮਿਕ ਹੁੰਦਾ ਹੈ, ਉਥੇ ਉਹ ਬਾਕੀ ਸਭ ਨੂੰ ਵੀ ਉਸ ਦੇ ਨਾਲ ਮਿਲਾਉਂਦਾ ਹੈ। ਇਸ ਦਾ ਕਰਤਵ ਹੀ ਜ਼ਿੰਦਗੀ ਦਾ ਸੰਜੋਗ ਰਚਨਾ ਹੈ। ਜਿਵੇਂ ਕਿ ਮੌਲਾਨਾ ਰੂਮੀ ਨੇ ਲਿਖਿਆ ਹੈ ਕਿ ਤੂੰ ਭਾਈ! ਦੁਨੀਆਂ ਵਿਚ ਆਇਆ ਹੀ ਇਸ ਲਈ ਹੈਂ ਕਿ ਸਭ ਨੂੰ ਮਿਲਾਵੇਂ, ਨਾ ਕਿ ਤੋੜ-ਵਿਛੋੜਾ ਪਾਵੇਂ। ਉਸ ਦਾ ਸ਼ਿਅਰ ਹੈ,

ਤੂ ਬਰਾਇ ਵਸਲ ਕਰਦਨ ਆਮਦੀ।
ਨ ਬਰਾਇ ਫਸਲ ਕਰਦਨ ਆਮਦੀ।

ਗੁਰਬਾਣੀ ਵਿਚ ਗੁਰੂ ਦਾ ਲੱਛਣ ਵੀ ਇਸੇ ਪ੍ਰਕਾਰ ਕੀਤਾ ਗਿਆ ਹੈ ਕਿ ਜੋ ਮਨੁੱਖੀ ਆਤਮਾ ਨੂੰ ਮਾਲਕ ਪਰਮਾਤਮਾ ਨਾਲ ਮਿਲਾਵੇ ਤੇ ਮਨੁੱਖ ਨੂੰ ਮਨੁੱਖ ਦੇ ਗਲ ਲਾਵੇ,

ਨਾਨਕ ਸਤਿਗੁਰੁ ਐਸਾ ਜਾਣੀਐ
ਜੋ ਸਭਸੈ ਲਏ ਮਿਲਾਇ ਜੀਉ॥
(ਪੰਨਾ 72)

ਗੁਰੂ ਅਰਜਨ ਸਾਹਿਬ ਦਾ ਫਰਮਾਨ ਵੀ ਇਸੇ ਭਾਵ ਦਾ ਹੈ,

ਜੈਸਾ ਸਤਿਗੁਰੂ ਸੁਣੀਦਾ
ਤੈਸੋ ਹੀ ਮੈ ਡੀਠੁ॥
ਵਿਛੁੜਿਆ ਮੇਲੇ ਪ੍ਰਭੂ
ਹਰਿ ਦਰਗਹ ਕਾ ਬਸੀਠੁ॥ (ਪੰਨਾ 957)

ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖ ਨੂੰ ਰੱਬ ਨਾਲ ਮੇਲਣ ਤੇ ਮਨੁੱਖਾਂ ਨੂੰ ਪਰਸਪਰ ਮੇਲਣ ਦੇ ਬੜੇ ਸਾਰਥਕ ਉਪਰਾਲੇ ਕੀਤੇ। ਇਹ ਠੀਕ ਹੈ ਕਿ ਉਹ ਖੜਗਧਾਰੀ ਜੋਧੇ ਸਨ, ਉਨ੍ਹਾਂ ਸਿੱਖਾਂ ਨੂੰ ਇਸ ਦਾ ਯੋਗ ਪ੍ਰਯੋਗ ਵੀ ਦੱਸਿਆ, ਪਰ ਨਾਲ ਹੀ ਉਨ੍ਹਾਂ ਇਸ ਨੂੰ ਆਖਰੀ ਹਥਿਆਰ ਹੀ ਕਿਹਾ। ਸਪੱਸ਼ਟ ਤਾਕੀਦ ਕੀਤੀ ਕਿ ਜਦੋਂ ਕੋਈ ਸਾਧਨ ਬਾਕੀ ਨਾ ਰਹੇ ਤਾਂ ਹੀ ਤਲਵਾਰ ਨੂੰ ਹੱਥ ਪਾਉਣਾ ਜਾਇਜ਼ ਹੈ,

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥
ਹਲਾਲਸਤ ਬੁਰਦਨ ਬ ਸ਼ਮਸ਼ੀਰ ਦਸਤ॥
(ਜ਼ਫਰਨਾਮਾ)

ਜਿਥੋਂ ਤੱਕ ਜੀਵਨ-ਜਾਚ ਦਾ ਤੁਅੱਲਕ ਹੈ, ਸਤਿਗੁਰਾਂ ਦੋ ਵਿਸ਼ੇਸ਼ ਗੱਲਾਂ ਕਹੀਆਂ-ਪਹਿਲੀ ਇਹ ਕਿ ਪਰਮੇਸ਼ਰ ਪ੍ਰੇਮ ਸਰੂਪ ਹੈ ਤੇ ਉਹ ਅਨੁਰਾਗ (ਇਸ਼ਕ) ਬਣ ਕੇ ਹੀ ਜਗਤ ਦੇ ਬਾਗ ਵਿਚ ਟਹਿਕ-ਮਹਿਕ ਪੈਦਾ ਕਰ ਰਿਹਾ ਹੈ। ਫਿਰ ਉਸ ਨੂੰ ਪਾਉਣ ਦਾ ਤਰੀਕਾ ਵੀ ਪ੍ਰੇਮ ਹੀ ਹੈ, ਬਾਕੀ ਸਾਧਨ ਐਵੇਂ ਦੇਖ-ਦਿਖਾਵੇ ਦੇ ਹਨ,

ਦੇਸ ਔਰ ਨ ਭੇਸ ਜਾਕਰ
ਰੂਪ ਰੇਖ ਨ ਰਾਗ॥
ਜੱਤ੍ਰ ਤੱਤ੍ਰ ਦਿਸਾ ਵਿਸਾ
ਹੁਇ ਫੈਲਿਓ ਅਨੁਰਾਗ॥ (ਜਾਪੁ ਸਾਹਿਬ)
ਸਾਚੁ ਕਹੋਂ ਸੁਨ ਲੇਹੁ ਸਭੈ
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥
(ਤ੍ਵਪ੍ਰਸਾਦਿ ਸਵੱਯੇ)

ਧਾਰਮਕ ਮਹਾਂਪੁਰਸ਼ਾਂ ਦੀ ਦ੍ਰਿਸ਼ਟੀ ਵਿਸ਼ਵਾਰਥੀ ਜਾਂ ਯੂਨੀਵਰਸਲ ਹੁੰਦੀ ਹੈ ਅਤੇ ਆਮ ਸੰਸਾਰੀ ਆਦਮੀ ਦੀ ਦ੍ਰਿਸ਼ਟੀ ਵਧੇਰੇ ਕਰਕੇ ਸੁਆਰਥੀ (ਸੈਲਫ ਸੈਂਟਰਡ) ਹੁੰਦੀ ਹੈ।

ਗੁਰੂ ਗੋਬਿੰਦ ਸਿੰਘ ਜੀ ਦੀ ਵਿਸ਼ਾਲ ਦ੍ਰਿਸ਼ਟੀ ਇਹ ਅਨੁਭਵ ਕਰਦੀ ਸੀ ਕਿ ਸਿਵਾਇ ਪ੍ਰੇਮ-ਪਿਆਰ ਦੀ ਗੁੜ੍ਹਤੀ ਦੇ ਮਨੁੱਖਤਾ ਨੂੰ ਏਕਤਾ ਦੇ ਧਾਗੇ ਵਿਚ ਨਹੀਂ ਪਰੋਇਆ ਜਾ ਸਕਦਾ। ਇਸ ਕਰਕੇ ਜਿਥੇ ਉਨ੍ਹਾਂ ਇਨਸਾਨੀ ਏਕਤਾ ਉਤੇ ਜ਼ੋਰ ਦਿੱਤਾ, ਉਥੇ ਬਾਕੀ ਧਰਮ ਕਰਮ ਦੀ ਏਕਤਾ ਨੂੰ ਪਛਾਣਨ ਦੀ ਵੀ ਤਾਕੀਦ ਕੀਤੀ। ਇਹੋ ਹੀ ਇਕ ਸਾਰਥਕ ਵਿਧੀ ਸੀ ਜਿਸ ਨਾਲ ਸਰਬੱਤ ਦੇ ਭਲੇ ਦਾ ਮਿਸ਼ਨ ਪੂਰਾ ਹੋ ਸਕਦਾ ਸੀ। ਆਪ ਲਿਖਦੇ ਹਨ,

ਕੋਊ ਭਇਓ ਮੁੰਡੀਆ
ਸੰਨਿਆਸੀ ਕੋਊ ਜੋਗੀ ਭਇਓ
ਕੋਈ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ॥
ਹਿੰਦੂ ਤੁਰਕ ਕੋਊ ਰਾਫਿਜ਼ੀ ਇਮਾਮ ਸ਼ਾਫੀ
ਮਾਨਸ ਕੀ ਜਾਤਿ
ਸਬੈ ਏਕੈ ਪਹਿਚਾਨਬੋ॥85॥
(ਅਕਾਲ ਉਸਤਤਿ)

ਅੱਗੇ ਕਹਿੰਦੇ ਹਨ,

ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ,
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ,
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥
ਏਕੈ ਨੈਨ ਏਕੈ ਕਾਨ, ਏਕੈ ਦੇਹ ਏਕੈ ਬਾਨ,
ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ॥
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ,
ਏਕ ਹੀ ਸਰੂਪ ਸਭੈ ਏਕ ਹੀ ਬਨਾਉ ਹੈ॥86॥
(ਅਕਾਲ ਉਸਤਤਿ)

ਇਹ ਸਿਖਿਆ ਦੇ ਕੇ ਸਤਿਗੁਰਾਂ ਹਰ ਸਿੱਖ ਨੂੰ ਵਿਸ਼ਵਾਰਥੀ ਦ੍ਰਿਸ਼ਟੀ ਬਣਾਉਣ ਦੀ ਪ੍ਰੇਰਨਾ ਕੀਤੀ ਤਾਂ ਜੋ ਉਹ ਸਾਰੇ ਭਰਮ-ਭੇਦ ਛੱਡ ਕੇ ਇਨਸਾਨੀਅਤ ਨੂੰ ਬਰਾਬਰ ਸਮਝੇ ਤੇ ਸਭ ਨਾਲ ਇਕੋ ਜਿਹਾ ਵਰਤਾਉ ਕਰੇ। ਫਰਮਾਨ ਹੈ,

ਜਾ ਤੇ ਛੂਟਿ ਗਯੋ ਭ੍ਰਮ ਉਰ ਕਾ॥
ਤਿਹ ਆਗੈ ਹਿੰਦੂ ਕਿਆ ਤੁਰਕਾ॥
(ਬਚਿਤਰ ਨਾਟਕ, ਪੰਨਾ 157)

ਇਹ ਬ੍ਰਹਮ ਗਿਆਨੀ ਵਾਲੀ ਦ੍ਰਿਸ਼ਟੀ ਹੈ, ਜਿਸ ਨੂੰ ਬੇਗਾਨਾ ਕੋਈ ਦਿਸਦਾ ਹੀ ਨਹੀਂ। ਉਹ ਸਮਦਰਸੀ ਹੈ ਤੇ ਸਭ ਵੱਲ ਅੰਮ੍ਰਿਤ ਦ੍ਰਿਸ਼ਟੀ ਹੀ ਰੱਖਦਾ ਹੈ, ਜਿਵੇਂ ਕਿ ਭਾਈ ਘਨੱਈਆ ਜੀ ਨੇ ਕੀਤਾ,

ਬ੍ਰਹਮ ਗਿਆਨੀ ਸਦਾ ਸਮਦਰਸੀ॥
ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ॥
(ਗਉੜੀ ਸੁਖਮਨੀ ਮ: ਪ, ਪੰਨਾ 272)

ਗੁਰੂ ਗੋਬਿੰਦ ਸਿੰਘ ਜੀ ਦੀ ਵਿਆਪਕ ਦ੍ਰਿਸ਼ਟੀ ਬੜੀ ਦੂਰ ਦੂਰ ਤਕ ਰਸਾਈ ਰੱਖਦੀ ਸੀ। ਉਨ੍ਹਾਂ ਦੇਸ਼ ਅੰਦਰ ਪੂਜੇ ਸਤਿਕਾਰੇ ਜਾਂਦੇ ਦੇਵੀ-ਦੇਵਤਿਆਂ, ਬ੍ਰਹਮਾ ਵਿਸ਼ਨੂੰ, ਮਹੇਸ਼ ਦੇ ਅਵਤਾਰਾਂ-ਵਿਸ਼ਨੂੰ ਦੇ 24 ਅਵਤਾਰਾਂ, ਮਹੇਸ਼ ਦੇ ਦੋ ਅਵਤਾਰਾਂ ਤੇ ਬ੍ਰਹਮਾ ਦੇ ਸੱਤ ਉਪ ਅਵਤਾਰਾਂ, ਫਿਰ ਦੁਰਗਾ ਚੰਡੀ ਦੀ ਕਥਾ ਤੇ ਮੁਸਲਮਾਨਾਂ ਦੇ ਮੀਰ ਮਹੀਉਂਦੀਨ ਸਾਹਿਬ ਦੀ ਵਾਰਤਾ ਦੀ ਮਾਲਾ ਪਰੋ ਕੇ 35 ਮਹਾਂ ਨਾਇਕਾਂ ਦਾ ਬਚਿੱਤਰ ਨਾਟਕ ਗ੍ਰੰਥ ਲਿਖਿਆ ਤਾਂ ਕਿ ਸਾਰੇ ਲੋਕ ਆਪਣੇ ਆਪਣੇ ਪੂਜ ਇਸ਼ਟ ਤੋਂ ਯੋਗ ਪ੍ਰੇਰਨਾ ਲੈ ਕੇ ਧਰਮ ਯੁੱਧ ਲਈ ਤਿਆਰ-ਬਰ-ਤਿਆਰ ਹੋ ਸਕਣ। ਇਹ ਸਤਿਗੁਰਾਂ ਦੀ ਹੀ ਕਲਾਕਾਰ ਦ੍ਰਿਸ਼ਟੀ ਸੀ ਕਿ ਉਸ ਨੇ ਪੁਰਾਣਕ ਸਮਾਜ ਵਿਚ ਨਵੀਂ ਜਾਨ ਪਾ ਕੇ ਉਸ ਨੂੰ ਇਕ ਥਾਂ ਗੁਲਦਸਤਾ ਬਣਾ ਕੇ ਪੇਸ਼ ਕੀਤਾ। ਜਦੋਂ ਉਨ੍ਹਾਂ ਭਾਰਤ ਦੇ ਧਾਰਮਿਕ ਜੀਵਨ ਦਾ ਵਿਸ਼ਲੇਸ਼ਣ ਕੀਤਾ ਤਾਂ ਵੀ ਉਨ੍ਹਾਂ ਸਪੱਸ਼ਟ ਕਿਹਾ ਕਿ ਮੈਂ ਦੇਸ਼ ਦੇ ਸਾਰੇ ਜੈਨੀਆਂ, ਬੋਧੀਆਂ ਤੇ ਸੰਨਿਆਸੀ ਸਾਧੂਆਂ ਅਤੇ ਜੋਗੀਆਂ ਦੇ ਆਸ਼ਰਮ ਦੇਖੇ ਹਨ, ਕੋਈ ਵੀ ਸੱਚੇ ਅਰਥਾਂ ਵਿਚ ਧਰਮੀ ਬੰਦਾ ਨਹੀਂ ਮਿਲਿਆ। ਦਰਅਸਲ ਇਹ ਸਭ ਲੋਕ, ਪ੍ਰਭੂ ਦੀ ਪ੍ਰੀਤ ਤੋਂ ਬਿਨਾਂ ਇਕ ਰੱਤੀ



ਮੂਲ ਦੇ ਵੀ ਨਹੀਂ ਹਨ,

ਸਾਰੇ ਹੀ ਦੇਸ ਕੋ ਦੇਖਿ ਰਹਿ ਮਤ
ਕੋਊ ਨ ਦੇਖੀਅਤ ਪ੍ਰਾਨਪਤੀ ਕੇ॥
ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ
ਏਕ ਰਤੀ ਬਿਨੁ ਏਕ ਰਤੀ ਕੇ॥
(ਤ੍ਵਪ੍ਰਸਾਦਿ ਸਵੱਯੇ)

ਜਦੋਂ ਉਹ ਆਪਣੀ ਦਿਭ-ਦ੍ਰਿਸ਼ਟੀ ਨਾਲ ਹਿੰਦ ਭਰ ਦੇ ਤੇ ਬਾਹਰਲੇ ਲੋਕਾਂ ਨੂੰ ਵੇਖਦੇ ਹਨ ਤਾਂ ਅੰਤਰ ਆਤਮੇ ਮਹਿਸੂਸ ਕਰਦੇ ਹਨ ਕਿ ਆਮ ਲੋਕੀਂ ਥਾਂ-ਥਾਂ ਉਸ ਦਾ ਜਾਪ ਕਰ ਰਹੇ ਹਨ। ਕੀ ਪੂਰਬ ਪੱਛਮ ਤੇ ਕੀ ਉਤਰ, ਦੱਖਣ ਸਭੇ। ਗੁਰੂ ਸਾਹਿਬ ਦੇਸ਼ ਦੇ ਕੋਨੇ-ਕੋਨੇ ਤੋਂ ਵਾਕਫ ਸਨ। ਆਪ ਉਹ ਗੰਗਾ ਕਿਨਾਰੇ ਪਟਨਾ ਸਾਹਿਬ ਜਨਮੇ, ਜਮਨਾ ਕਿਨਾਰੇ ਪਾਉਂਟਾ ਸਾਹਿਬ ਕਲਮ ਤੇ ਸ਼ਸਤਰਾਂ ਦੇ ਅਭਿਆਸ ਦੀ ਲੀਲ੍ਹਾ ਕਰਦੇ ਰਹੇ, ਸਤਲੁਜ ਕਿਨਾਰੇ ਅਨੰਦਪੁਰ ਆ ਕੇ ਪੰਥ ਦੀ ਸਿਰਜਣਾ ਕੀਤੀ ਅਤੇ ਗੋਦਾਵਰੀ ਕੰਢੇ ਦੱਖਣ ਜਾ ਕੇ ਜੀਵਨ ਨਾਟਕ ਨੂੰ ਸੰਪੂਰਨ ਕੀਤਾ। ਉਂਜ ਵੀ ਉਹ ਭਾਰਤ ਦੀ ਬਚਿੱਤਰ ਅਨੇਕਤਾ ਨੂੰ ਰੱਬੀ ਏਕਤਾ ਦੇ ਰੰਗ ਨਾਲ ਮਿਲਾ ਕੇ ਦੱਸਣ ਵਾਲੇ ਪਹਿਲੇ ਰਹੱਸਵਾਦੀ ਮਹਾਂਕਵੀ ਹਨ, ਜਿਨ੍ਹਾਂ ਦੇਸ਼ ਦੇ ਦਰਜਨਾਂ ਨਗਰਾਂ ਤੇ ਇਲਾਕਿਆਂ ਦਾ ਨਾਮ ਲੈ ਲੈ ਇਹ ਗੱਲ ਆਖੀ ਹੈ ਕਿ ਉਸ ਪਰਮੇਸ਼ਰ ਦੀ ਕੀਰਤੀ ਮਾਲਤੀ ਦੇ ਫੁੱਲਾਂ ਦੀ ਖੁਸ਼ਬੋ ਵਾਂਗ ਥਾਂ ਥਾਂ ਪਸਰ ਰਹੀ ਹੈ। ਜਿਵੇਂ ਕਿ ਸੱਖਰ, ਭੱਖਰ, ਤਿੱਬਤ, ਬੰਗਾਲ, ਬੁੰਦੇਲਖੰਡ, ਮਕਰਾਨ, ਕੰਧਾਰ, ਛਤ੍ਰਨੇਰ, ਹੁਸੈਨਾਬਾਦ, ਸੁਰੰਗਾਬਾਦ, ਰਾਮਪੁਰ, ਹਿੰਗਲਾਜ, ਪਲਾਊਗੜ, ਚਾਂਦਾਗੜ੍ਹ, ਕਮਾਊਗੜ, ਚੰਦੇਰੀਕੋਟ, ਚੰਪਾਵਦੀ, ਕੈਲਾਸ਼ਪੁਰੀ, ਕਾਸ਼ੀਪੁਰੀ, ਖੀਰ ਸਾਗਰ, ਅਰਬ, ਚੀਨ ਮਚੀਨ, ਹਿਮਾਲਾ, ਗੰਗਾ ਤੇ ਜਮੁਨਾ ਆਦਿ ਸਭ ਥਾਂ ਉਸ ਦਾ ਜਲਵਾ ਮੂਰਤੀਮਾਨ ਹੈ। ਇਹ ਕਬਿੱਤ ਧਿਆਨ ਯੋਗ ਹਨ,

ਪੂਰਬੀ ਨ ਪਾਰ ਪਾਵੈਂ
ਹਿੰਗੁਲਾ ਹਿਮਾਲੈ ਧਿਆਵੈਂ
ਗੋਰ ਗਰਦੇਜੀ ਗੁਨ ਗਾਵੈਂ ਤੇਰੇ ਨਾਮ ਹੈਂ॥
ਜੋਗੀ ਜੋਗ ਸਾਧੈ ਪਉਨ
ਸਾਧਨਾ ਕਿਤੇਕ ਬਾਧੈ,
ਆਰਬ ਕੇ ਆਰਬੀ ਅਰਾਧੈ ਤੇਰੇ ਨਾਮ ਹੈਂ॥
ਫਰਾ ਕੇ ਫਿਰੰਗੀ ਮਾਨੈਂ
ਕੰਧਾਰੀ ਕੁਰੈਸੀ ਜਾਨੈਂ,
ਪਛਮ ਕੇ ਪੱਛਮੀ ਪਛਾਨੈਂ ਨਿਜ ਕਾਮ ਹੈਂ॥
ਮਰਹਟਾ ਮਘੇਲੇ ਤੇਰੀ ਮਨ
ਸੋਂ ਤਪਸਿਆ ਕਰੈ,
ਦ੍ਰਿੜਵੈ ਤਿਲੰਗੀ ਪਹਿਚਾਨੈ
ਧਰਮ ਧਾਮ ਹੈਂ॥254॥
ਬੰਗ ਕੇ ਬੰਗਾਲੀ
ਫਿਰਹੰਗ ਕੇ ਫਿਰੰਗਾ ਵਾਲੀ,
ਦਿੱਲੀ ਕੇ ਦਿਲਵਾਲੀ
ਤੇਰੀ ਆਗਿਆ ਮੈ ਚਲਤ ਹੈਂ॥
ਰੋਹ ਕੇ ਰੁਹੇਲੇ ਮਾਘ ਦੇਸ ਕੇ ਮਘੇਲੇ,
ਬੀਰ ਬੰਗਸੀ ਬੁੰਦੇਲੇ
ਪਾਪ ਪੁੰਜ ਕੋ ਮਲਤ ਹੈਂ॥
ਗੋਖਾ ਗੁਨ ਗਾਵੈ
ਚੀਨ ਮਚੀਨ ਕੇ ਸੀਸ ਨਯਾਵੈ.
ਤਿਬਤੀ ਧਿਆਇ ਦੋਖ ਦੇਹ ਕੇ ਦਲਤ ਹੈਂ॥
ਜਿਨੈ ਤੋਹਿ ਧਿਆਇਓ
ਤਿਨੈ ਪੂਰਨ ਪ੍ਰਤਾਪ ਪਾਇਓ
ਸਰਬ ਧਨ ਧਾਮ
ਫਲ ਫੂਲ ਸੋਂ ਫਲਤ ਹੈਂ॥255॥
(ਅਕਾਲ ਉਸਤਤਿ)

ਅੱਗੇ 264, 265, 266 ਨੰਬਰ ਕਬਿੱਤਾਂ ਵਿਚ ਵੀ ਹੋਰ ਨਾਵਾਂ-ਥਾਵਾਂ ਦੇ ਵੇਰਵੇ ਦੇ ਕੇ ਇਹੋ ਗੱਲ ਦੁਹਰਾਈ ਹੈ ਕਿ ਥਾਂ ਥਾਂ ਤੇਰੀ ਕੀਰਤੀ ਦੀ ਕਥਾ ਚੱਲ ਰਹੀ ਹੈ। ਅਸਾਂ ਹੁਣ ਤੱਕ ਇਹ ਚਰਚਾ ਕੀਤੀ ਹੈ ਕਿ ਗੁਰੂ ਸਾਹਿਬ ਦੀ ਵਿਸ਼ਵ-ਦ੍ਰਿਸ਼ਟੀ ਕਿਤਨੀ ਵਿਸ਼ਾਲ ਸੀ, ਜਿਸ ਵਿਚ ਉਨ੍ਹਾਂ ਸੰਸਾਰ ਨੂੰ ਇਕ ਸਮਾਨ ਸਮਝਾਉਣ ਦਾ ਯਤਨ ਕੀਤਾ ਤੇ ਦੇਸ਼ ਭਰ ਵਿਚ ਉਸ ਪਰਮ ਜੋਤਿ ਦੀ ਵਿਆਪਕਤਾ ਦੱਸ ਕੇ ਉਸ ਦਾ ਜੱਸ ਗਾਇਆ ਤਾਂ ਕਿ ਲੋਕ ਉਸ ਵਿਸ਼ਾਲ ਮੰਡਪ ਦੀ ਛਤਰ-ਛਾਇਆ ਹੇਠ ਆ ਕੇ ਦਵੈਤ ਭਾਵ ਤਿਆਗ ਕੇ ਇਕਸੁਰਤਾ ਤੇ ਇਕ ਰਸਤੇ ਦਾ ਅਨੁਭਵ ਕਰਨ।

ਪਰ ਇਸ ਦਾ ਹਰਗਿਜ਼ ਇਹ ਮਤਲਬ ਨਹੀਂ ਕਿ ਗੁਰੂ ਸਾਹਿਬ ਦੀ ਵਿਸ਼ਵ-ਦ੍ਰਿਸ਼ਟੀ, ਊਣਤਾਈਆਂ ਤੇ ਕਮਜ਼ੋਰੀਆਂ ਨੂੰ ਅੱਖੋਂ ਓਹਲੇ ਕਰ ਰਹੀ ਸੀ। ਜੋ ਸਾਡੇ ਧਰਮਾਂ ਤੇ ਸਮਾਜ ਅੰਦਰ ਗਲਤ-ਫਹਿਮੀਆਂ ਪਈਆਂ ਹੋਈਆਂ ਸਨ ਜਾਂ ਕੋਈ ਗਲਤ ਰੀਤਾਂ ਪ੍ਰਚੱਲਤ ਸਨ, ਸਤਿਗੁਰਾਂ ਉਨ੍ਹਾਂ ਦਾ ਖੰਡਨ ਕਰਕੇ ਸੱਚਾਈ ਉਜਾਗਰ ਕੀਤੀ ਹੈ ਕਿਉਂਕਿ ਉਨ੍ਹਾਂ ਦਾ ਜੀਵਨ ਉਦੇਸ਼ ਹੀ ਇਹ ਸੀ ਕਿ ਸੱਚੇ ਧਰਮ ਦਾ ਪ੍ਰਚਾਰ ਤੇ ਭਲੇ ਪੁਰਸ਼ਾਂ ਦਾ ਸਤਿਕਾਰ ਅਤੇ ਬੁਰਾ ਕਰਨ ਵਾਲਿਆਂ ਦਾ ਪ੍ਰਹਾਰ ਕੀਤਾ ਜਾਵੇ,

ਯਾਹੀ ਕਾਜ ਧਰਾ ਹਮ ਜਨਮੰ॥
ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ॥
ਦੁਸਟ ਸਭਨ ਕੋ ਮੂਲ ਉਪਾਰਿਨ॥
(ਬਚਿਤਰ ਨਾਟਕ, ਅਧਿਆਏ ਛੇਵਾਂ)

ਅਜਿਹੇ ਮਿਸ਼ਨ ਦੀ ਪੂਰਤੀ ਕਰਦਿਆਂ ਉਨ੍ਹਾਂ ਕਦੀ ਸੰਕੋਚ ਨਹੀਂ ਕੀਤਾ ਤੇ ਨਾ ਹੀ ਕਿਸੇ ਤੋਂ ਭੈਭੀਤ ਹੋਏ, ਸਗੋਂ ਉਨ੍ਹਾਂ ਨਿਧੜਕ ਹੋ ਕੇ ਇਹ ਗੱਲ ਆਖੀ,

ਕਹਿਓ ਪ੍ਰਭੂ ਸੁ ਭਾਖਿ ਹੋਂ॥
ਕਿਸੂ ਨ ਕਾਨ ਰਾਖਿ ਹੋਂ॥
ਕਿਸੂ ਨ ਭੇਖ ਭੀਜ ਹੋਂ॥
ਅਲੇਖ ਬੀਜ ਬੀਜ ਹੋਂ॥ (ਬਚਿਤਰ ਨਾਟਕ)

ਇਤਨੀ ਸਪੱਸ਼ਟਤਾ ਦੇ ਬਾਵਜੂਦ ਗੁਰੂ ਸਾਹਿਬ ਦੀ ਵਿਚਾਰਧਾਰਾ ਤੇ ਬਾਣੀ ਦੇ ਉਦੇਸ਼ ਨੂੰ ਸਮਝਣਾ ਇਕ ਅਣਜਾਣਪੁਣੇ ਦੀ ਦੁਰਘਟਨਾ ਹੀ ਹੈ। ਉਨ੍ਹਾਂ ਬ੍ਰਹਮ ਗਿਆਨੀ ਵਾਲੀ ਵਿਸ਼ਾਲ ਦ੍ਰਿਸ਼ਟੀ ਕਾਇਮ ਰੱਖਦਿਆਂ ਵੀ ਸਮਾਜਿਕ ਯਥਾਰਥ ਨੂੰ ਅੱਖੋਂ-ਪਰੋਖੇ ਨਹੀਂ ਕੀਤਾ, ਸਗੋਂ ਉਸ ਦੀ ਸੁਧਾਈ ਲਈ ਸਾਫ ਅਗਵਾਈ ਦਿੱਤੀ ਹੈ। ਕੁਝ ਕੁ ਨੁਕਤੇ ਵਿਚਾਰ-ਗੋਚਰੇ ਕਰਨੇ ਜ਼ਰੂਰੀ ਹਨ।

ਆਸਤਿਕਤਾ ਦਾ ਅਰਥ ਕਿਸੇ ਵਿਸ਼ੇਸ਼ ਵਿਅਕਤੀ, ਦੇਵੀ-ਦੇਵਤੇ ਜਾਂ ਮੂਰਤੀ ਦੀ ਪੂਜਾ ਮਾਨਤਾ ਨਹੀਂ, ਸਗੋਂ ਵਿਆਪਕ ਜਾਗਤ ਜੋਤਿ ਦੀ ਅਰਾਧਨਾ ਹੈ। ਉਸ ਜਾਗਤ ਜੋਤਿ ਦਾ ਸੰਕਲਪ ਦਸਮ ਗ੍ਰੰਥ ਵਿਚ ਥਾਂ ਪਰ ਥਾਂ ਚਿਹਨ ਚੱਕ੍ਰ ਤੇ ਰੂਪ ਰੇਖਾ ਤੋਂ ਉਤੇ ਬਿਆਨ ਕੀਤਾ ਗਿਆ ਹੈ ਤਾਂ ਕਿ ਜਗਿਆਸੂ ਕਿਸੇ ਛੋਟੀ, ਕਲਪਿਤ, ਸੀਮਤ ਸ਼ਕਤੀ ਨੂੰ ਰੱਬ ਮੰਨਣ ਦਾ ਭੁਲੇਖਾ ਖਾ ਕੇ ਮਨੁੱਖੀ ਹੈਸੀਅਤ ਦਾ ਅਪਮਾਨ ਨਾ ਕਰੇ,

ਜਾਗਤਿ ਜੋਤਿ ਜਪੈ ਨਿਸੁ ਬਾਸੁਰ
ਏਕ ਬਿਨਾ ਮਨੁ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ,
ਗੋਰ ਮੜ੍ਹੀ ਮਟ ਭੂਲਿ ਨ ਮਾਨੈ॥
(33 ਸਵੱਯੇ)
ਜਿਮੀ ਜਮਾਨ ਕੇ ਬਿਖੈ
ਸਮਸਤਿ ਏਕ ਜੋਤਿ ਹੈ॥
ਨ ਘਾਟਿ ਹੈ ਨ ਬਾਢਿ ਹੈ
ਨ ਘਾਟਿ ਬਾਢਿ ਹੋਤ ਹੈ॥166॥
(ਅਕਾਲ ਉਸਤਤਿ)

ਅਜਿਹੀ ਪਰਮ ਜੋਤਿ ਦੀ ਯਾਦ ਜ਼ਿੰਦਗੀ ਦਾ ਆਧਾਰ ਹੈ ਤੇ ਸਤਿਗੁਰਾਂ ਇਸ 'ਤੇ ਵੀ ਬਹੁਤ ਜ਼ੋਰ ਦਿੱਤਾ ਹੈ,

ਤਵ ਚਰਨਨ ਮਨ ਰਹੈ ਹਮਾਰਾ॥
ਅਪਨਾ ਜਾਨ ਕਰੋ ਪ੍ਰਤਿਪਾਰਾ॥
(ਬੇਨਤੀ ਚੌਪਈ)
ਯਾਰੜੇ ਦਾ ਸਾਨੂੰ ਸੱਥਰੁ ਚੰਗਾ
ਭੱਠ ਖੇੜਿਆ ਦਾ ਰਹਣਾ॥
(ਸ਼ਬਦ ਹਜ਼ਾਰੇ, ਖਿਆਲ ਪਾਤ: 10)

ਇਸ ਜਾਗਤ ਜੋਤਿ ਜਾਂ ਪਰਮੇਸ਼ਰ ਦੀ ਪ੍ਰਾਪਤੀ ਦਾ ਇਕੋ ਇਕ ਮਾਰਗ ਪ੍ਰੇਮ ਹੈ, ਪ੍ਰੇਮ ਸਹਿਤ ਕੀਤਾ ਸਿਮਰਨ, ਹੋਰ ਕਰਮਕਾਂਡ ਨਹੀਂ, ਜਿਨ੍ਹਾਂ ਦਾ ਅਕਾਲ ਉਸਤਤਿ ਵਿਚ ਵਿਸਥਾਰ ਨਾਲ ਖੰਡਨ

(ਬਾਕੀ ਸਫਾ 35 'ਤੇ)

## ਅੰਤਮ ਫਤਿਹ

### ਦਸਮ ਪਿਤਾ ਦੇ ਜੋਤੀ ਜੋਤਿ ਸਮਾਉਣ ਸਮੇਂ

ਗੁਰ ਨਾਨਕ ਦੇ ਦੱਸੇ ਰਾਹ 'ਤੇ, ਮੈਂ ਜੀਵਨ ਪੰਧ ਮੁਕਾ ਚੱਲਿਆ ਹਾਂ।
ਗੁਰ ਨਾਨਕ ਜੋ ਖਾਬ ਲਿਆ ਸੀ, ਉਸ ਨੂੰ ਸੱਚ ਬਣਾ ਚੱਲਿਆ ਹਾਂ।
ਉਹਦੀ ਸੋਚ 'ਤੇ ਪਹਿਰਾ ਦੇ ਕੇ, ਸ਼ਰਧਾ ਦੇ ਫੁੱਲ ਚੜ੍ਹਾ ਚੱਲਿਆ ਹਾਂ।
ਜਿਸ ਪਿਤਾ ਸੀ ਘੱਲਿਆ ਮੈਨੂੰ, ਉਹਦਾ ਹੁਕਮ ਵਜਾ ਚੱਲਿਆ ਹਾਂ।
ਦੁਸ਼ਟ ਪਛਾੜਨ, ਸੰਤ ਉਬਾਰਨ ਦਾ ਇਕਰਾਰ ਨਿਭਾ ਚੱਲਿਆ ਹਾਂ।
ਮਾਤਾ, ਪਿਤਾ ਤੇ ਲਾਲ ਜਿਗਰ ਦੇ, ਕੌਮ ਦੇ ਲੇਖੇ ਲਾ ਚੱਲਿਆ ਹਾਂ।
ਪਾਪ, ਜ਼ੁਲਮ ਦੀ ਹਨੇਰੀ ਨੂੰ ਮੈਂ ਸਦਾ ਲਈ ਠੱਲ੍ਹ ਪਾ ਚੱਲਿਆ ਹਾਂ।
ਚਰਾਗ਼ ਬੁਝਾ ਕੇ ਆਪਣੇ ਘਰ ਦੇ, ਝੁੱਗੀਆਂ ਨੂੰ ਰੁਸ਼ਨਾ ਚਲਿਆ ਹਾਂ।
ਸਾਜ ਕੇ 'ਪੰਜ ਪਿਆਰੇ' ਮੈਂ, ਪੰਜਾਂ ਵਿਚ ਜੋਤ ਜਗਾ ਚੱਲਿਆ ਹਾਂ।
ਚੇਲਾ ਗੁਰੂ ਹੈ, ਗੁਰੂ ਹੈ ਚੇਲਾ, ਨਵੀਆਂ ਪਿਰਤਾਂ ਪਾ ਚੱਲਿਆ ਹਾਂ।
ਗੁਰ ਨਾਨਕ ਜੋ ਲੋਹਾ ਕਮਾਇਆ, ਉਹਦੀ ਤੇਗ ਬਣਾ ਚੱਲਿਆ ਹਾਂ।
ਜ਼ਬਰ-ਜ਼ੁਲਮ ਮੁਕਾਵਣ ਲਈ, ਮੈਂ ਤੁਹਾਡੇ ਹੱਥ ਫੜਾ ਚੱਲਿਆ ਹਾਂ।
ਮਜ਼ਲੂਮਾਂ, ਦੀਨਾਂ, ਦੁਖੀਆਂ ਨੂੰ, ਤੁਹਾਡੀ ਛਾਂਵੇਂ ਬਹਾ ਚੱਲਿਆ ਹਾਂ।
ਮੜ੍ਹੀਆਂ, ਕਬਰਾਂ, ਪੀਰਾਂ ਦੀ ਥਾਂ, ਇਕੋ ਦੇ ਲੜ ਲਾ ਚੱਲਿਆ ਹਾਂ।
ਗੁਰੂ ਨਾਨਕ ਦੀ ਬਖ਼ਸ਼ੀ ਸ਼ਕਤੀ, ਤੁਹਾਡੀ ਝੋਲੀ ਪਾ ਚੱਲਿਆ ਹਾਂ।
ਪਾਪ-ਜ਼ਬਰ ਦੇ ਕਿਲੇ ਦੀਆਂ ਨੀਹਾਂ ਧੁਰ ਤੱਕ ਹਿਲਾ ਚੱਲਿਆ ਹਾਂ।
ਊਚ-ਨੀਚ ਅਤੇ ਜਾਤ-ਪਾਤ ਦੇ, ਸਾਰੇ ਫਰਕ ਮਿਟਾ ਚੱਲਿਆ ਹਾਂ।
ਕੰਮੀਂ-ਕੰਦੂ, ਨੀਚਾਂ ਨੂੰ, ਸਿਰ ਚੁੱਕ ਕੇ ਜਿਉਣਾ ਸਿਖਾ ਚੱਲਿਆ ਹਾਂ।
ਬੇਘਰ, ਭੂਰੀਆਂ ਵਾਲਿਆਂ ਦੀ, ਝੋਲੀ ਸਰਦਾਰੀ ਪਾ ਚੱਲਿਆ ਹਾਂ।
ਤਕੜੀ ਤੋਲਣ ਵਾਲਿਆਂ ਨੂੰ ਮੈਂ, ਤੀਰ ਅੰਦਾਜ਼ ਬਣਾ ਚੱਲਿਆ ਹਾਂ।
ਚਾਕੂ-ਛੁਰੀਆਂ ਫੜਦੇ ਕੰਬਦੇ ਹੱਥਾਂ ਵਿਚ ਤੇਗ ਫੜਾ ਚੱਲਿਆ ਹਾਂ।
ਮਾਲਾ, ਫੇਰਨ ਵਾਲਿਆਂ ਨੂੰ ਮੈਂ, ਸੰਤ ਸਿਪਾਹੀ ਬਣਾ ਚੱਲਿਆ ਹਾਂ।
ਮੌਤ ਵਿਚ ਵੀ ਜ਼ਿੰਦਗੀ ਹੈ, ਇਕ ਨਵਾਂ ਭੇਦ ਸਮਝਾ ਚੱਲਿਆ ਹਾਂ।
ਆਬੇ-ਹਯਾਤ ਪਿਆ ਕੇ ਤੇਗ ਦਾ, ਐਸੀ ਪਾਨ ਚੜ੍ਹਾ ਚੱਲਿਆ ਹਾਂ।
ਸਵਾ ਲੱਖ ਨਾਲ ਇਕ, ਇੱਕਲਾ, ਕੱਲਾ ਸਿੰਘ ਲੜਾ ਚੱਲਿਆ ਹਾਂ।
ਗਿਦੜੋਂ ਸ਼ੇਰ ਬਣਾ ਕੇ ਚਿੜੀਆਂ, ਬਾਜ਼ਾਂ ਉਤੇ ਝਪਟਾ ਚੱਲਿਆ ਹਾਂ।
ਤੁਹਾਡੀ ਕ੍ਰਿਪਾ ਯੁੱਧ ਜਿੱਤੇ ਮੈਂ, ਵੈਰੀ ਨੂੰ ਭਾਜੜ ਪਾ ਚੱਲਿਆ ਹਾਂ।
ਤੁਹਾਡੀ ਕ੍ਰਿਪਾ ਸਦਕਾ ਹੀ ਮੈਂ 'ਖਾਲਸਾ ਪੰਥ' ਸਜਾ ਚੱਲਿਆ ਹਾਂ।
ਕੱਲਾ ਨ੍ਹੀਂ ਮੈਂ ਤੁਹਾਡੀ ਕ੍ਰਿਪਾ, ਇਹ ਸਭ ਕਰ ਕਰਾ ਚੱਲਿਆ ਹਾਂ।
ਤੁਸੀਂ ਹੋ ਮੇਰੇ ਪ੍ਰਾਣ, ਸਖਾ, ਤੁਹਾਡੇ ਹੱਥ ਵਾਗ ਫੜਾ ਚੱਲਿਆ ਹਾਂ।
ਰੂਪ, ਤੇਜ, ਪਰਤਾਪ ਆਪਣਾ, ਤੁਹਾਡੇ ਵਿਚ ਵਰਤਾ ਚੱਲਿਆ ਹਾਂ।
ਪੁੱਤਰਾਂ ਤੋਂ ਵੀ ਵੱਧ ਸਿੰਘਾ ਨੂੰ, ਪੰਥ ਦੇ ਵਾਲੀ ਬਣਾ ਚੱਲਿਆ ਹਾਂ।
ਗੁਰੂ, ਆਦਿ ਗ੍ਰੰਥ ਜੀ ਮਾਨਿਓ, ਸਭ ਨੂੰ ਹੁਕਮ ਸੁਣਾ ਚੱਲਿਆ ਹਾਂ।
ਕੱਲੇ ਨਹੀਂ ਹੋ ਤੁਸੀਂ ਤੁਹਾਨੂੰ, ਮੈਂ ਇਹ ਦੀ ਝੋਲੀ ਪਾ ਚੱਲਿਆ ਹਾਂ।
ਦਸਾਂ ਗੁਰੂਆਂ ਦੀ ਜਾਗਤ ਜੋਤ ਹੈ, ਇਹਦੇ ਚਰਨੀਂ ਲੱਗੇ ਰਹਿਣਾ।
ਅੰਮ੍ਰਿਤ ਬਾਣੀ, ਧੁਰ ਕੀ ਬਾਣੀ, ਪੜ੍ਹਦੇ ਰਹਿਣਾ, ਸੁਣਦੇ ਰਹਿਣਾ।
ਜਦੋਂ ਕਦੇ ਕੋਈ ਭੀੜ ਪਵੇ, ਤੁਸੀਂ ਇਸ ਦੀ ਓਟ 'ਚ ਰਲ ਬਹਿਣਾ।
ਇਹ ਹੀ ਧੁਰਾ, ਇਹੋ ਹੀ ਰਹਿਬਰ ਹੈ, ਇਥੋਂ ਹੀ ਅਗਵਾਈ ਲੈਣਾ।
ਰਿਧੀਆਂ, ਸਿਧੀਆਂ, ਮੁਕਤੀ, ਜੁਗਤੀ ਇਥੋਂ ਹੀ ਸਭ ਪੱਲੇ ਪੈਣਾ।
ਭੇਖੀ, ਪਖੰਡੀ ਡੇਰੇਦਾਰਾਂ ਦੀ, ਭੁੱਲ ਕੇ ਵੀ ਬਹਿਣੀ ਨਹੀਂ ਬਹਿਣਾ।
ਗੁਰੂ ਗ੍ਰੰਥ ਤੇ ਖਾਲਸਾ ਪੰਥ ਬਿਨ, ਹੋਰ ਕਿਸੇ ਨੂੰ ਗੁਰੂ ਨ੍ਹੀਂ ਕਹਿਣਾ।
ਕਰਨੇ ਹੋਣ ਜੇ ਮੇਰੇ ਦੀਦਾਰੇ, ਖਾਲਸਾ ਪੰਥ ਦੇ ਦਰਸ਼ਨ ਕਰ ਲੈਣਾ।
ਜੇ ਮੈਂ ਗੁਰੂ ਕੋਈ ਸਾਜਣਾ ਹੁੰਦਾ, ਗੁਰੂਆਂ ਦੀ ਕੋਈ ਥੋੜ ਨਹੀਂ ਹੈ।
ਪਰ ਮੈਂ ਸਮਝਾਂ ਮੇਰੇ ਪੰਥ ਨੂੰ, ਕਿਸੇ ਦੇਹ ਧਾਰੀ ਦੀ ਲੋੜ ਨਹੀਂ ਹੈ।
ਸਦਾ ਚੜ੍ਹਦੀਆਂ ਕਲਾਂ 'ਚ ਰਹੋਗ, ਜਿਚਰ ਮਨ 'ਚ ਖੋਟ ਨਹੀਂ ਹੈ।
ਅਕਾਲ ਪੁਰਖ 'ਤੇ ਰੱਖਣਾ ਭਰੋਸਾ, ਮੈਂ ਵੀ ਓਸੇ ਦੀ ਓਟ ਲਈ ਹੈ।
ਸੀਸ ਝੁਕਾ ਕੇ 'ਗੁਰੂ ਗ੍ਰੰਥ' ਨੂੰ, ਸਤਿਗੁਰਾਂ ਅੰਤਮ ਫਤਿਹ ਬੁਲਾਈ।
ਸਾਡੇ ਤਿਆਰੇ ਨੇ ਸੱਚ ਖੰਡ ਨੂੰ, ਤੁਹਾਡਾ 'ਅਕਾਲ ਪੁਰਖ' ਸਹਾਈ।

-ਚੰਨ
ਫੋਨ: 908-788-8427

## ਛਾਤੀ ਅੰਦਰਲੇ ਥੇਹ (17)

# ਲਿਖਣ ਵੱਲ ਖੁੱਲ੍ਹਿਆ ਦਰ

*ਗੁਰਦਿਆਲ ਦਲਾਲ ਬੁਨਿਆਦੀ ਰੂਪ ਵਿਚ ਗਲਪਕਾਰ ਹੈ। ਹੁਣੇ-ਹੁਣੇ ਉਨ੍ਹਾਂ ਦਾ ਵੱਡ-ਆਕਾਰੀ ਨਾਵਲ 'ਪੈੜਾਂ' ਛਪਿਆ ਹੈ। 'ਛਾਤੀ ਅੰਦਰਲੇ ਥੇਹ' ਲੇਖ-ਲੜੀ ਵਿਚ ਉਨ੍ਹਾਂ ਆਪਣੇ ਜੀਵਨ ਅਤੇ ਤਜਰਬੇ ਨੂੰ ਆਧਾਰ ਬਣਾ ਕੇ ਕੁਝ ਗੱਲਾਂ ਵੱਖਰੇ ਢੰਗ ਨਾਲ ਕੀਤੀਆਂ ਹਨ ਜਿਹੜੀਆਂ ਅਸੀਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। ਇਨ੍ਹਾਂ ਗੱਲਾਂ ਦੀਆਂ ਤੰਦਾਂ, ਬੰਦੇ ਦੇ ਬੰਦਾ ਹੋਣ ਨਾਲ ਗਹਿਰੀਆਂ ਜੁੜੀਆਂ ਹੋਈਆਂ ਹਨ। ਆਸ ਹੈ, ਧੜਕਦੇ ਦਿਲ ਨਾਲ ਕੀਤੀਆਂ ਇਹ ਗੱਲਾਂ ਪਾਠਕਾਂ ਨੂੰ ਆਪਣੀਆਂ ਹੀ ਗੱਲਾਂ ਲੱਗਣਗੀਆਂ। -ਸੰਪਾਦਕ*

ਤੀਹ-ਪੈਂਤੀ ਸਾਲ ਪਹਿਲਾਂ ਰੱਖੜੀ ਦੇ ਤਿਉਹਾਰ ਦਾ ਇਕ ਦਿਨ ਮੇਰੇ ਲਈ ਬਹੁਤ ਅਹਿਮੀਅਤ ਰੱਖਦਾ ਹੈ, ਕਿਉਂਕਿ ਜੇ ਉਸ ਦਿਨ ਵਾਲੀ ਘਟਨਾ ਨਾ ਵਾਪਰੀ ਹੁੰਦੀ ਤਾਂ ਸ਼ਾਇਦ ਮੈਂ ਲੇਖਕ ਕਦੀ ਨਹੀਂ ਸੀ ਬਣਨਾ। ਮੈਂ ਆਪਣੀ ਪਤਨੀ ਇਕਬਾਲ ਨਾਲ ਉਸ ਦੇ ਪੇਕੇ ਪਿੰਡ ਪਪੜੌਦੀ ਗਿਆ ਹੋਇਆ ਸਾਂ। ਉਸ ਨੇ ਆਪਣੇ ਭਰਾਵਾਂ ਕਰਮ ਅਤੇ ਰਾਜ ਦੇ ਰੱਖੜੀ ਬੰਨ੍ਹੀ ਤਾਂ ਬੀ ਜੀ (ਮੇਰੀ ਸੱਸ) ਕਹਿਣ



ਗੁਰਦਿਆਲ ਦਲਾਲ
ਫੋਨ: 91-98141-85363

ਲੱਗੀ ਕਿ ਉਸ ਨੇ ਵੀ ਆਪਣੇ ਭਰਾਵਾਂ ਦੇ ਰੱਖੜੀ ਬੰਨ੍ਹਣ ਲਈ ਸਮਰਾਲੇ ਜਾਣਾ ਹੈ। ਮੈਂ ਤੁਰੰਤ ਕਿਹਾ ਕਿ ਤੁਸੀਂ ਪੈਦਲ ਨਾ ਜਾਣਾ, ਮੈਂ ਆਪਣੇ ਲੈਬਰੇਟੇ 'ਤੇ ਲੈ ਚੱਲਦਾ ਹਾਂ।

ਰਾਹ ਵਿਚ ਬੀ ਜੀ ਨੇ ਦੱਸਿਆ ਕਿ ਉਸ ਦਾ ਸਕਾ ਭਰਾ ਹੈਡਮਾਸਟਰ ਬੈਨੀ ਪ੍ਰਸ਼ਾਦ ਵਰਮਾ ਸੀ ਤੇ ਦੂਜਾ ਇਕ ਪ੍ਰੋਫ਼ੈਸਰ ਉਸ ਇਕ ਧਰਮ ਭਰਾ ਬਣਾਇਆ ਹੋਇਆ ਸੀ, ਉਸ ਨਾਲ ਵੀ ਉਸ ਦੀ ਸਕਿਆਂ ਵਰਗੀ ਵਰਤੋਂ ਸੀ। ਵਰਮਾ ਜੀ ਵਲੋਂ ਵਿਹਲੇ ਹੋ ਕੇ ਅਸੀਂ ਮਾਛੀਵਾੜਾ ਰੋਡ 'ਤੇ ਸੂਏ ਕੰਢੇ ਇਕ ਮਕਾਨ (ਕਵਿਤਾ ਭਵਨ) ਦੇ ਵੱਡੇ ਗੇਟ ਮੂਹਰੇ ਜਾ ਖੜ੍ਹੇ। ਨੇਮ ਪਲੇਟ 'ਤੇ ਲਿਖਿਆ ਸੀ: ਪ੍ਰੋ. ਹਮਦਰਦਵੀਰ ਨੌਸ਼ਹਿਰਵੀ (ਬੂਟਾ ਸਿੰਘ ਪੰਨੂੰ)। ਮੈਂ ਪਹਿਲਾਂ ਕਦੀ ਇਹ ਨਾਂ ਨਹੀਂ ਸੀ ਸੁਣਿਆ। ਬੀ ਜੀ ਨੇ ਦੱਸਿਆ ਕਿ ਉਸ ਦਾ ਧਰਮ ਭਰਾ ਬੌਂਦਲੀ ਕਾਲਜ ਵਿਚ ਪ੍ਰੋਫ਼ੈਸਰ ਹੈ। ਉਹ ਕਿਤਾਬਾਂ ਲਿਖਦਾ ਤੇ ਅਖ਼ਬਾਰਾਂ 'ਚ ਛਪਦਾ ਹੈ। ਮੇਰੀ ਉਸ ਨੂੰ ਮਿਲਣ ਦੀ ਉਤਸੁਕਤਾ ਹੋਰ ਵਧ ਗਈ।

ਗੇਟ ਖੁੱਲ੍ਹਿਆ ਤਾਂ ਪੈਂਤੀ ਕੁ ਸਾਲਾ, ਸੁਹਣਾ ਅਤੇ ਸੁਨੱਖਾ ਸਰਦਾਰ ਬੀਬੀ ਦੇ ਪੈਰੀਂ ਹੱਥ ਲਾਉਂਦਾ ਹੋਇਆ ਬੋਲਿਆ, "ਆਉ ਜੀ, ਜੀ-ਜੀ ਆਇਆ ਨੂੰ... ਆਉ ਜੀ, ਜੀ-ਜੀ ਆਇਆ ਨੂੰ, ਧੰਨ ਭਾਗ ਜੀ ਸਾਡੇ... ਭੈਣ ਜੀ ਆਏ... ਜੁਆਈ ਜੀ ਆਏ।" ਉਹ ਬੜੇ ਚਾਅ ਨਾਲ ਸਾਨੂੰ ਅੰਦਰ ਲੈ ਗਿਆ। ਹਮਦਰਦਵੀਰ ਦੀ ਪਤਨੀ (ਪ੍ਰੀਤਮ ਕੌਰ) ਦੌੜੀ ਆਈ ਤੇ ਬੀਬੀ ਨੂੰ ਲਿਪਟ ਗਈ। ਗਲੇ ਮਿਲਦੀਆਂ ਨਣਦ ਭਰਜਾਈ ਦੀਆਂ ਅੱਖਾਂ ਭਰ ਆਈਆਂ। ਮੇਰੇ ਵਿਆਹ 'ਤੇ ਉਨ੍ਹਾਂ ਮੈਨੂੰ ਦੇਖਿਆ ਹੋਇਆ ਸੀ। ਉਨ੍ਹਾਂ ਮੇਰਾ ਜੁਆਈਆਂ ਵਾਂਗ ਹੀ ਮਾਣ-ਤਾਣ ਅਤੇ ਹੋਰ ਵਿਹਾਰ ਕੀਤਾ। ਅਸੀਂ ਜਿਸ ਕਮਰੇ ਵਿਚ ਬੈਠੇ, ਦੀਵਾਰਾਂ ਨਾਲ ਸਟੀਆਂ ਅਲਮਾਰੀਆਂ ਸਾਹਿਤਕ ਕਿਤਾਬਾਂ ਨਾਲ ਭਰੀਆਂ ਪਈਆਂ ਸਨ। ਛੋਟੇ ਜਿਹੇ ਘਰ ਵਿਚ ਐਨੀਆਂ ਸਾਹਿਤਕ ਕਿਤਾਬਾਂ! ਇਹ ਮੇਰੇ ਲਈ ਅਚੰਭੇ ਵਾਲੀ ਗੱਲ ਸੀ।



*ਜਿਸ ਕਮਰੇ ਵਿਚ ਬੈਠੇ, ਅਲਮਾਰੀਆਂ ਕਿਤਾਬਾਂ ਨਾਲ ਭਰੀਆਂ ਪਈਆਂ ਸਨ। ਛੋਟੇ ਜਿਹੇ ਘਰ ਵਿਚ ਐਨੀਆਂ ਕਿਤਾਬਾਂ! ਇਹ ਮੇਰੇ ਲਈ ਅਚੰਭੇ ਵਾਲੀ ਗੱਲ ਸੀ। ਕਿਤਾਬਾਂ ਪੜ੍ਹਨ ਦਾ ਸ਼ੌਕ ਮੈਨੂੰ ਵੀ ਅੱਠਵੀਂ ਨੌਵੀਂ ਵਿਚ ਪੜ੍ਹਦਿਆਂ ਪੈ ਗਿਆ ਸੀ। ਮਗਰੋਂ ਗੁਰਦਿਆਲ ਸਿੰਘ ਭੰਗੂ ਜੋ ਖ਼ਾਲਸਾ ਸਕੂਲ ਚਮਕੌਰ ਵਿਚ ਮੇਰੇ ਪੰਜਾਬੀ ਅਧਿਆਪਕ ਸਨ, ਤੇ ਮਾਸਟਰ ਅਮਰ ਸਿੰਘ ਦੀ ਪ੍ਰੇਰਨਾ ਸਦਕਾ ਗਿਆਰਵੀਂ ਜਮਾਤ ਤਕ ਨਾਨਕ ਸਿੰਘ ਤੇ ਜਸਵੰਤ ਸਿੰਘ ਕੰਵਲ ਦੇ ਸਾਰੇ ਨਾਵਲ ਪੜ੍ਹ ਲਏ ਸਨ।*

ਕਿਤਾਬਾਂ ਪੜ੍ਹਨ ਦਾ ਸ਼ੌਕ ਮੈਨੂੰ ਵੀ ਅੱਠਵੀਂ-ਨੌਵੀਂ ਜਮਾਤ ਵਿਚ ਪੈ ਗਿਆ ਸੀ, ਜਦੋਂ ਮੈਂ ਆਪਣੇ ਮਾਮੇ ਦੇ ਸਾਲੇ ਖਮਾਣੋਂ ਵਾਲੇ ਸਾਧੂ ਰਾਮ ਦੇ ਗੁਆਂਢੀ ਦੇ ਘਰੋਂ ਧਨੀ ਰਾਮ ਚਾਤ੍ਰਿਕ ਦੀ ਕਵਿਤਾਵਾਂ ਦੀ ਪੁਸਤਕ 'ਕੇਸਰ ਕਿਆਰੀ' ਖਿਸਕਾ ਲਿਆਇਆ ਸਾਂ। ਇਸ ਪੁਸਤਕ ਨੂੰ ਸੈਂਕੜੇ ਵਾਰੀ ਪੜ੍ਹਨ ਕਰ ਕੇ ਇਸ ਦੀਆਂ ਲਗਭਗ ਸਾਰੀਆਂ ਕਵਿਤਾਵਾਂ ਮੈਨੂੰ ਜ਼ੁਬਾਨੀ ਯਾਦ ਹੋ ਗਈਆਂ ਸਨ। ਮਗਰੋਂ ਗੁਰਦਿਆਲ ਸਿੰਘ ਭੰਗੂ ਜੋ ਖ਼ਾਲਸਾ ਸਕੂਲ ਚਮਕੌਰ ਵਿਚ ਮੇਰੇ ਪੰਜਾਬੀ ਅਧਿਆਪਕ ਸਨ, ਤੇ ਮਾਸਟਰ ਅਮਰ ਸਿੰਘ ਦੀ ਪ੍ਰੇਰਨਾ ਸਦਕਾ ਗਿਆਰਵੀਂ ਜਮਾਤ ਤਕ ਨਾਨਕ ਸਿੰਘ ਤੇ ਜਸਵੰਤ ਸਿੰਘ ਕੰਵਲ ਦੇ ਸਾਰੇ ਨਾਵਲ ਪੜ੍ਹ ਲਏ ਸਨ। ਕੰਵਲ ਦਾ ਨਾਵਲ 'ਪਾਲੀ' ਪੜ੍ਹ ਕੇ ਇਸ ਤਰ੍ਹਾਂ ਦੀ ਲੰਮੀ ਚਿੱਠੀ ਲਿਖੀ ਸੀ, ਜਿਵੇਂ ਕੋਈ ਕਿਸੇ ਰੱਬ ਨੂੰ ਲਿਖੇ। ਉਸ ਦੇ ਉਤਰ ਵਿਚ ਆਇਆ ਕੰਵਲ ਦਾ ਪੋਸਟ ਕਾਰਡ ਮੈਂ ਰੁਮਾਲ ਦੀਆਂ ਤਹਿਆਂ ਵਿਚ ਸੰਭਾਲ ਲਿਆ ਸੀ। ਰੋਪੜ ਕਾਲਜ ਵਿਚ ਪੜ੍ਹਦਿਆਂ ਕਾਲਜ ਮੈਗਜ਼ੀਨ ਵਿਚ ਮੇਰੀਆਂ ਦੋ ਕਵਿਤਾਵਾਂ ਛਪੀਆਂ ਤਾਂ ਮੈਂ ਸਭ ਨੂੰ ਦਿਖਾਉਂਦਾ ਫਿਰਿਆ। ਹਿਸਾਰ ਕਾਲਜ ਵਿਚ ਨੌਕਰੀ ਕਰਦਿਆਂ ਕਾਲਜ ਮੈਗਜ਼ੀਨ ਦੇ ਪੰਜਾਬੀ ਸੈਕਸ਼ਨ ਦੀ ਸੰਪਾਦਕੀ ਵੀ ਕੀਤੀ। ਬੱਸ ਉਸ ਮਗਰੋਂ ਚੁੱਪ ਦਾ ਦੌਰ ਸ਼ੁਰੂ ਹੋ ਗਿਆ। ਕੋਈ ਕਵਿਤਾ ਵਗ਼ੈਰਾ ਜੇ ਲਿਖਣੀ ਵੀ ਤਾਂ ਫਾੜ ਕੇ ਸੁੱਟ ਦੇਣੀ।

ਹੁਣ ਜਦੋਂ ਹਮਦਰਦਵੀਰ ਮਿਲਿਆ ਤਾਂ ਮੈਨੂੰ ਵੱਖਰੇ ਸੰਸਾਰ ਦੇ ਦਰਸ਼ਨ ਹੋਏ। ਉਹ ਮੇਰਾ ਹੱਥ ਫੜ ਕੇ ਸੂਏ 'ਤੇ ਘੁਮਾਉਣ ਲੈ ਗਿਆ। ਉਸ ਨੇ ਆਪਣੀਆਂ ਲਿਖਤਾਂ ਬਾਰੇ, ਲਿਖਣ ਬਾਰੇ ਵਿਸਥਾਰ ਨਾਲ ਦੱਸਿਆ। ਮੈਂ ਹੌਸਲਾ ਕਰ ਕੇ ਆਪਣੀਆਂ ਕੁਝ ਕਵਿਤਾਵਾਂ ਜੋ ਵੀ ਮੈਨੂੰ ਜ਼ੁਬਾਨੀ ਯਾਦ ਸੀ, ਉਸ ਨੂੰ ਸੁਣਾਈਆਂ ਤਾਂ ਉਸ ਨੇ ਮੈਨੂੰ ਵੱਖੀ ਨਾਲ ਘੁੱਟ ਲਿਆ। ਕਵਿਤਾਵਾਂ ਦੀ ਬਹੁਤ ਤਾਰੀਫ਼ ਕੀਤੀ। ਜਦੋਂ ਉਸ ਨੇ ਦੱਸਿਆ ਕਿ ਉਸ ਨੇ ਬੌਂਦਲੀ ਕਾਲਜ ਦੇ ਦਰਜਨਾਂ ਵਿਦਿਆਰਥੀਆਂ ਨੂੰ ਲੇਖਕ ਬਣਾਇਆ ਸੀ ਤਾਂ ਮੈਂ ਉਸ ਦੇ ਪੈਰ ਫੜ ਲਏ। ਜਾਣ ਲੱਗਿਆਂ ਉਸ ਨੇ ਮੈਨੂੰ ਆਪਣੀਆਂ ਅਤੇ ਰੂਸ ਦੇ ਲੇਖਕਾਂ ਦੀਆਂ ਕਈ ਕਿਤਾਬਾਂ ਦਿੱਤੀਆਂ ਤੇ ਕਿਹਾ, "ਇਨ੍ਹਾਂ ਨੂੰ ਪੜ੍ਹ ਕੇ ਵਾਪਸ ਕਰ... ਵਾਪਸ ਜ਼ਰੂਰ ਦੇਣੀਆਂ ਹਨ। ਲੋਕ ਲੈ ਜਾਂਦੇ ਹਨ, ਵਾਪਸ ਨਹੀਂ ਕਰਦੇ।"

ਸਾਹਿਤ ਸਭਾ ਸਮਰਾਲਾ ਦੀ ਅਗਲੇ ਹਫ਼ਤੇ ਹੋਣ ਵਾਲੀ ਮੀਟਿੰਗ ਵਿਚ ਉਸ ਨੇ ਮੈਨੂੰ ਸੱਦ ਲਿਆ। ਇਹ ਮੀਟਿੰਗ ਅਜੀਤ ਸੈਣੀ ਦੀ ਪ੍ਰਧਾਨਗੀ ਹੇਠ ਹੋਈ। ਅੱਠ ਦਸ ਲੇਖਕ ਸਨ। ਇਕ ਗੋਲ ਦਾਇਰੇ ਵਿਚ ਬੈਠ ਗਏ। ਇਕ ਜਣਾ ਰਚਨਾ ਪੜ੍ਹਦਾ ਤਾਂ ਸਾਰੇ ਇਕ ਇਕ ਕਰ ਕੇ ਰਚਨਾ ਬਾਰੇ ਰਾਇ ਦਿੰਦੇ। ਮੈਨੂੰ 'ਠੀਕ ਹੈ', 'ਬਹੁਤ ਵਧੀਆ ਹੈ' ਕਹਿਣ ਤੋਂ ਬਿਨਾਂ ਕੁਝ ਨਾ ਸੁਣਦਾ। ਰਚਨਾਵਾਂ 'ਤੇ ਉਸਾਰੂ ਪੜਚੋਲ ਸੁਣ ਕੇ ਮੈਂ ਗਦਗਦ ਹੋ ਗਿਆ। ਇਸ ਤੋਂ ਪਹਿਲਾਂ ਮੈਨੂੰ ਨਹੀਂ ਸੀ ਪਤਾ ਕਿ ਲੇਖਕਾਂ ਦੀ ਵੀ ਕੋਈ ਸਭਾ ਹੁੰਦੀ ਹੈ। ਮੈਂ ਤਾਂ ਚਮਕੌਰ ਦੀ ਸਭਾ (ਸ਼ਹੀਦੀ ਜੋੜ ਮੇਲੇ) ਬਾਰੇ ਹੀ ਜਾਣਦਾ ਸਾਂ।

ਦੋਰਾਹੇ ਤੋਂ ਬਿਲਕੁਲ ਨਜ਼ਦੀਕ ਰਾਮਪੁਰ ਲਿਖਾਰੀ ਸਭਾ ਵਿਚ ਵੀ ਮੈਨੂੰ ਹਮਦਰਦਵੀਰ ਹੀ ਲੈ ਕੇ ਗਿਆ। ਪੜ੍ਹੇ ਸੁਣੇ ਨਾਂਵਾਂ ਵਾਲੇ ਲੇਖਕ ਦੇਖ ਮੈਂ ਦੰਗ ਰਹਿ ਗਿਆ। ਸੰਤੋਖ ਸਿੰਘ ਧੀਰ, ਅਜਾਇਬ ਚਿੱਤਰਕਾਰ, ਸੁਰਜੀਤ ਰਾਮਪੁਰੀ, ਇੰਦਰਜੀਤ ਹਸਨਪੁਰੀ, ਸੁਰਜੀਤ ਖੁਰਸ਼ੀਦੀ, ਕੁਲਵੰਤ ਨੀਲੋਂ, ਸੁਰਜੀਤ ਮਰਜਾਰਾ ਨੂੰ ਪ੍ਰਤੱਖ ਦੇਖ ਕੇ ਮੈਂ ਉਨ੍ਹਾਂ ਦੇ ਪੈਰ ਛੂਹੇ। ਲਿਖਣ ਦਾ ਭੂਤ ਪੂਰੇ ਜੌਲ ਨਾ ਮੇਰੇ 'ਤੇ ਹਾਵੀ ਹੋ ਗਿਆ। ਪਤਨੀ ਇਕਬਾਲ ਨੇ ਬਹੁਤ ਸਾਥ ਦਿਤਾ। ਮੈਂ ਕਹਾਣੀ ਉਸ ਨੂੰ ਸੁਣਾਉਣ ਮਗਰੋ ਮਹਿੰਦਰ ਰਾਮਪੁਰੀ, ਸੋਹਣ ਢੰਡ ਤੇ ਹਰਬੰਸ ਰਾਮਪੁਰੀ ਨੂੰ ਸੁਣਾ ਕੇ ਆਉਂਦਾ। ਹਰਬੰਸ ਰਾਮਪੁਰੀ, ਅੰਮ੍ਰਿਤ ਰਾਮਪੁਰੀ, ਸੁਰਿੰਦਰ ਰਾਮਪੁਰੀ, ਕ੍ਰਿਸ਼ਨ ਭਨੋਟ (ਹੁਣ ਗਜ਼ਲਗੋ) ਅਤੇ ਮੈਂ ਹਰ ਮੀਟਿੰਗ ਲਈ ਕਹਾਣੀਆਂ ਲਿਖ ਕੇ ਲਿਆਉਂਦੇ। ਫਿਰ ਤਾਂ ਚੱਲ ਸੋ ਚੱਲ!

ਹਮਦਰਦਵੀਰ ਮੈਨੂੰ ਉਂਗਲ ਫੜਾ ਕੇ ਸਾਹਿਤਕ ਖੇਤਰ ਵਿਚ ਛੱਡ ਆਇਆ ਸੀ। ਮੇਰੇ ਉਤੇ ਲੋਕਾਂ ਦੇ ਦੁੱਖ ਦਰਦ ਸਮਝਣ ਤੇ ਉਨ੍ਹਾਂ ਬਾਰੇ ਲਿਖਣ ਦੀ ਧੁਨ ਸਵਾਰ ਹੋ ਗਈ। ਜੇ ਕਿਤੇ ਉਸ ਰੱਖੜੀ ਵਾਲੇ ਦਿਨ ਮੇਰੇ ਕੋਲ ਲੈਬਰੇਟਾ ਸਕੂਟਰ ਨਾ ਹੁੰਦਾ ਤਾਂ ਇਹ ਗੱਲ ਪੱਕੀ ਸੀ ਕਿ ਮੇਰੀ ਸੱਸ ਨੇ ਪੈਦਲ ਜਾ ਕੇ ਆਪਣੇ ਭਰਾਵਾਂ ਦੇ ਰੱਖੜੀ ਬੰਨ੍ਹ ਆਉਣੀ ਸੀ ਤੇ ਮੈਨੂੰ ਦੁਨੀਆਂ ਦੇ ਸਮੁੰਦਰ ਵਿਚ ਬੇਮਕਸਦ ਭਟਕਦਿਆਂ ਆਹ ਦਿਨ ਆ ਜਾਣਾ ਸੀ।

(ਚਲਦਾ)

---

## ਚਰਚਾ ਤੇ ਚੇਤਾ

# ਸੁਥਰਾ ਘੋਲ ਪਤਾਸੇ ਪੀਵੇ!

ਬਠਿੰਡਾ ਦੇ ਬਸ ਅੱਡੇ ਵਿਚ ਪਿਆਰੇ ਮਿੱਤਰ ਜਥੇਦਾਰ ਬੁੱਧਵੈਰ ਸਿੰਘ ਨਾਲ ਮਿਲਾਪ ਹੋ ਗਿਆ। ਮਗਰੋਂ ਗੱਲਬਾਤ ਤੋਂ ਪਤਾ ਲਗਿਆ, ਉਹਨੇ ਮੈਨੂੰ ਬਸ ਤੋਂ ਉਤਰਦੇ ਨੂੰ ਦੇਖ ਲਿਆ ਸੀ। ਆਪ ਉਹ ਚੰਡੀਗੜ੍ਹ ਜਾਣ ਲਈ ਆਇਆ ਸੀ। ਇਸੇ ਕਰਕੇ ਮੇਰੀ ਪੁੱਛ ਦੇ ਜਵਾਬ ਵਿਚ ਹੱਸਿਆ, "ਸਾਡੇ ਵਿਰੋਧੀਆਂ ਦੀ ਕਿਸਮਤ ਵਿਚ ਉਤਰਾਈ ਲਿਖੀ ਹੈ ਤੇ ਸਾਡੀ ਕਿਸਮਤ ਵਿਚ ਚੜ੍ਹਤ! ਤੂੰ ਬਸ ਤੋਂ ਉਤਰਿਆ ਹੈਂ, ਮੈਂ ਬਸ ਵਿਚ ਚੜ੍ਹਨਾ ਹੈ।"

ਮੇਰੇ ਮੂੰਹੋਂ ਸਹਿਜ-ਸੁਭਾਅ ਨਿਕਲ ਗਿਆ, "ਚੰਡੀਗੜ੍ਹ ਕੀ ਹੈ?" ਮੇਰੇ ਮਾਸੂਮ ਸਵਾਲ ਦਾ ਭਾਵ ਸੀ, ਚੰਡੀਗੜ੍ਹ ਕਿਸ ਕੰਮ ਚਲਿਆ ਹੈਂ? ਪਰ ਅੱਜ ਉਹ ਹਰ ਗੱਲ ਪੁੱਠੀ ਪਾਉਣ ਦੇ ਘਤਿੱਤੀ ਰਉਂ ਵਿਚ ਸੀ। ਕਹਿੰਦਾ, "ਹਾਰ ਕੀ ਗਏ, ਚੰਡੀਗੜ੍ਹ ਦੀ ਹੀ ਕੋਈ ਕਦਰ ਨਹੀਂ



ਗੁਰਬਚਨ ਸਿੰਘ ਭੁੱਲਰ
ਫੋਨ: 91-11-65736868
bhullargs@gmail.com

ਰਹੀ? ਹੁਣ ਉਹ ਕੀ-ਹੈ ਬਣ ਗਿਆ? ਓ ਭਾਈ ਚੰਡੀਗੜ੍ਹ ਸਾਡਾ ਝੰਡਾ ਝੁੱਲ ਰਿਹਾ ਹੈ! ਅਸੀਂ ਉਥੇ ਨਹੀਂ ਜਾਵਾਂਗੇ ਤਾਂ ਕਿਥੇ ਜਾਵਾਂਗੇ! ਹਾਂ, ਤੁਹਾਡਾ ਜ਼ਰੂਰ ਉਥੇ ਜਾ ਕੇ ਸਾਹ ਘੁਟਦਾ ਹੋਊ!"

ਮੋਰਚਾ ਪਹਿਲਾਂ ਜਥੇਦਾਰ ਨੇ ਹੀ ਖੋਲ੍ਹ ਦਿੱਤਾ ਸੀ, ਇਸ ਕਰਕੇ ਮੈਨੂੰ ਵੀ ਮੋੜਵਾਂ ਵਾਰ ਕਰਨ ਦੀ ਸੁੱਝ ਗਈ। ਮੈਨੂੰ ਚੇਤੇ ਆਇਆ, ਇਕ ਅਰਬ ਰੁਪਏ ਦੀ ਕਰਜ਼ਾਈ ਪੰਜਾਬ ਰੋਡਵੇਜ਼ ਟਰਾਂਸਪੋਰਟ ਕਾਰਪੋਰੇਸ਼ਨ ਨੂੰ ਦੋ-ਚਾਰ ਦਿਨ ਚਲਦਾ ਰੱਖਣ ਵਾਸਤੇ ਪੰਜਾਬ ਸਰਕਾਰ ਨੇ ਪਹਿਲਾਂ ਗਹਿਣੇ ਰੱਖੇ ਫਗਵਾੜਾ ਤੇ ਮੂਨਕ ਦੇ ਅੱਡਿਆਂ ਵਾਂਗ ਬਠਿੰਡਾ ਦਾ ਇਹ ਬਸ ਅੱਡਾ ਵੀ ਸਾਢੇ ਪੈਂਹਠ ਕਰੋੜ ਵਿਚ ਗਹਿਣੇ ਰੱਖ ਦਿੱਤਾ ਹੈ। ਮੈਂ ਕਿਹਾ, "ਵੀਰ ਬੁੱਧਵੈਰ, ਤੇਰੇ ਨਾਲ ਗੱਲਾਂ ਤਾਂ ਬਹੁਤ ਕਰਨੀਆਂ ਸੀ ਪਰ ਬਿਗਾਨੀ ਥਾਂ ਖਲੋਤੇ ਹਾਂ, ਮਾਲਕ ਨਾ ਆ ਕੇ ਕਹਿ ਦੇਵੇ, ਕਿਥੇ ਵਿਹਲੇ ਖੜ੍ਹੇ ਉਰਲੀਆਂ-ਪਰਲੀਆਂ ਮਾਰ ਰਹੇ ਹੋਂ, ਚਲੋ ਨਿਕਲੋ ਇਥੋਂ!"

ਮੇਰੀ ਗੱਲ ਸੁਣ ਕੇ ਉਹ ਹੈਰਾਨ ਹੋਇਆ, "ਬਿਗਾਨੀ ਕੀਹਦੀ? ਸਰਕਾਰੀ ਥਾਂ ਹੈ, ਆਪਣੀ ਪੰਥਕ ਸਰਕਾਰ ਦੀ, ਭਾਵ ਆਪਣੀ। ਚੱਲ, ਤੇਰੀ ਨਾ ਸਹੀ, ਮੇਰੀ ਤਾਂ ਹੈ ਹੀ। ਆਪਾਂ ਨੂੰ ਇਥੋਂ ਕੌਣ ਮਾਈ ਦਾ ਲਾਲ ਜਾਣ ਨੂੰ ਕਹਿ ਸਕਦਾ ਹੈ!" ਮੈਂ ਸਾਰਾ ਕਿੱਸਾ ਦੱਸ ਕੇ ਕਿਹਾ, "ਨਹੀਂ ਜਥੇਦਾਰ ਜੀ, ਹੁਣ ਇਹ ਥਾਂ ਤੇਰੀ ਸਰਕਾਰ ਦੀ ਭਾਵ ਤੇਰੀ ਨਹੀਂ ਰਹੀ, ਇਹ ਤਾਂ ਤੇਰੀ ਸਰਕਾਰ ਨੇ ਬੈਂਕ ਕੋਲ ਗਹਿਣੇ ਰੱਖ ਦਿੱਤੀ ਹੈ। ਇਹਦਾ ਮਾਲਕ ਤਾਂ ਹੁਣ ਬੈਂਕ ਹੈ।"

ਜਥੇਦਾਰ ਨੂੰ ਅਜਿਹੇ ਵਾਰ ਦੀ ਆਸ ਨਹੀਂ ਸੀ। ਇਕ ਵਾਰ ਤਾਂ ਬੌਂਦਲ ਗਿਆ, ਫੇਰ ਗੁੱਸੇ ਨਾਲ ਬੋਲਿਆ, "ਸਰਕਾਰੀ ਜਾਇਦਾਦ ਵੇਚਣ ਦਾ ਜਾਂ ਕਰਜ਼ਾ ਲੈਣ ਵਾਸਤੇ ਗਹਿਣੇ ਰੱਖਣ ਦਾ ਕੋਈ ਮਿਹਣਾ ਹੈ? ਕਰਜ਼ਾ ਲੈਂਦਾ ਕੌਣ ਨਹੀਂ? ਕਰਜ਼ਾ ਤਾਂ ਚੰਦ-ਸੂਰਜ ਨੇ ਵੀ ਦੇਣਾ ਹੈ ਭਾਈ ਸਾਅਬ, ਜਿਸ ਕਰਕੇ ਉਨ੍ਹਾਂ ਨੂੰ ਗ੍ਰਹਿਣ ਭੁਗਤਣੇ ਪੈਂਦੇ ਨੇ। ਐਹ ਅੰਬਾਨੀ ਨੂੰ ਲੈ, ਅਖੇ ਹਿੰਦੁਸਤਾਨ ਦਾ ਸਭ ਤੋਂ ਧਨੀ ਤੇ ਦੁਨੀਆਂ ਦੇ ਸਿਖਰਲੇ ਧਨੀਆਂ ਵਿਚੋਂ ਹੈ। ਪਤਾ ਕਰ ਲਈਂ, ਉਹਨੇ ਵੀ ਬੈਂਕਾਂ ਦੇ ਕਰੋੜਾਂ ਦੇਣੇ ਹੋਣਗੇ। ਐਹ ਬਣੇ ਫਿਰਦੇ ਨੇ ਵੱਡੇ ਟਾਟੇ ਬਿਰਲੇ, ਸਭ ਬੈਂਕਾਂ ਦੇ ਕਰਜ਼ਾਈ ਨੇ! ਸਾਡੀ ਸਰਕਾਰ ਜਾਇਦਾਦਾਂ ਵੇਚੀ ਜਾਂਦੀ ਹੈ ਜਾਂ ਗਹਿਣੇ ਰੱਖੀਂ ਜਾਂਦੀ ਹੈ ਤਾਂ ਕੁਛ ਅਵੱਲਾ ਤਾਂ ਨਹੀਂ ਕਰ ਰਹੀ!"

ਮੈਂ ਜਥੇਦਾਰ ਨੂੰ ਠੰਡਾ ਕੀਤਾ, "ਵੀਰ ਬੁੱਧਵੈਰ, ਸ਼ਾਂਤ ਹੋ। ਸਾਧਾਰਨ ਗੱਲਾਂ ਕਰਦਿਆਂ ਕਰੋਧ ਵਿਚ ਨਹੀਂ ਆਉਂਦੇ। ਗੱਲਾਂ ਤਾਂ ਤੇਰੀਆਂ ਠੀਕ ਨੇ ਪਰ ਥੋੜ੍ਹਾ ਜਿਹਾ ਫ਼ਰਕ ਹੈ। ਇਹ ਜਿਹੜੇ ਕਾਰੋਬਾਰੀ ਜਾਂ ਹੋਰ ਧਨੀ ਲੋਕ ਕਰਜ਼ੇ ਲੈਂਦੇ ਨੇ, ਇਹ ਆਪਣੀ ਪਹਾੜ ਜਿੱਡੀ ਜਾਇਦਾਦ ਦੇ ਮੁਕਾਬਲੇ ਰਾਈ-ਮਾਤਰ ਕਰਜ਼ਾ ਲੈਂਦੇ ਹਨ, ਉਹ ਵੀ ਲੋੜ ਕਰਕੇ ਨਹੀਂ, ਕਿਸੇ ਕਾਰੋਬਾਰੀ ਫ਼ਾਇਦੇ ਕਾਰਨ। ਕਰਜ਼ੇ ਸਰਕਾਰਾਂ ਵੀ ਲੈਂਦੀਆਂ ਨੇ। ਇਹ ਸਾਧਾਰਨ ਗੱਲ ਹੈ। ਪਰ ਆਪਣੀ ਸਰਕਾਰ ਦੇ ਕਰਜ਼ੇ ਵਿਚ ਥੋੜ੍ਹੀ ਜਿਹੀ ਘੁੰਡੀ ਹੈ। ਇਹ ਤਾਂ ਹੁਣ ਵਿਕ ਵਿਕ ਕੇ ਰਾਈ ਰਹਿ ਗਈ ਸਰਕਾਰੀ ਜਾਇਦਾਦ ਦੇ ਮੁਕਾਬਲੇ ਪਹਾੜ ਜਿੰਨਾ ਕਰਜ਼ਾ ਲੈ ਰਹੀ ਹੈ, ਉਹ ਵੀ ਕਿਸੇ ਜਨਤਕ ਫ਼ਾਇਦੇ ਵਾਸਤੇ ਨਹੀਂ ਸਗੋਂ ਰੋਜ਼ ਰੋਜ਼ ਦਾ ਡੰਗ ਸਾਰਨ ਵਾਸਤੇ!" ਸ਼ੁਕਰ ਸੀ, ਬੁੱਧਵੈਰ ਠੰਡਾ ਹੋ ਗਿਆ ਅਤੇ ਇਧਰਲੀਆਂ-ਉਧਰਲੀਆਂ ਮਾਰਦਿਆਂ ਚੰਗੇ ਰਉਂ ਵਿਚ ਪਰਤ ਆਇਆ, "ਦੇਖ, ਗੁਰਬਚਨ ਸਿਆਂ, ਤੇਰੇ ਨਾਲ ਮੈਂ ਰਿਸ਼ਤਾ ਹਮੇਸ਼ਾ ਆਪਣੀਆਂ ਵਿਚਾਰਧਾਰਾਵਾਂ ਦੇ ਫ਼ਰਕ ਨੂੰ ਭੁੱਲ ਕੇ ਭਰਾਵਾਂ ਵਾਲਾ ਰਖਿਆ ਹੈ। ਜੇ ਅੱਗੇ ਨਾ ਦੱਸਣ ਦਾ ਇਕਰਾਰ ਕਰੇਂ, ਤੈਨੂੰ ਅੰਦਰਲੀ ਗੱਲ ਦੱਸਾਂ?"

ਮੈਂ ਉਹਦੇ ਦੋਵੇਂ ਹੱਥ ਆਪਣੇ ਦੋਵਾਂ ਹੱਥਾਂ ਵਿਚ ਲੈ ਕੇ ਘੁੱਟੇ ਅਤੇ ਆਵਾਜ਼ ਵਿਚ ਮੋਹ ਭਰ ਕੇ ਕਿਹਾ, "ਵੀਰ ਬੁੱਧਵੈਰ, ਮੈਂ ਭਲਾ ਤੇਰੀ ਦੱਸੀ ਭੇਤ ਵਾਲੀ ਗੱਲ ਅੱਗੇ ਕਿਉਂ ਦੱਸੂੰ? ਬੇਫ਼ਿਕਰ ਹੋ ਕੇ ਦੱਸ।" ਜਥੇਦਾਰ ਨੇ ਪਿੰਡ ਦੀ ਹੋਰ ਹੀ ਗੱਲ ਸ਼ੁਰੂ ਕਰ ਦਿੱਤੀ, "ਜੱਗਰ ਅਮਲੀ ਯਾਦ ਹੈ ਨਾ ਤੈਨੂੰ? ਐਸ਼ ਕੀਤੀ ਸਾਰੀ ਉਮਰ। ਰੱਬ ਨੂੰ ਮਾਮਾ ਆਖਦਾ ਸੀ ਤੇ ਸਾਰੇ ਪਿੰਡ ਨੂੰ ਟਿੱਚ ਸਮਝਦਾ ਸੀ। ਸਵੇਰ ਵੇਲੇ ਪੋਸਤ ਵਾਲੀ ਚਾਹ ਨਾਲ ਫ਼ੀਮ ਦਾ ਗੋਲਾ ਛਕ ਕੇ ਸਾਰਾ ਦਿਨ ਤਰਾਰੇ ਵਿਚ ਰਹਿੰਦਾ ਤੇ ਆਥਣੇ ਬੋਤਲ ਖੋਲ੍ਹ ਲੈਂਦਾ। ਪਹਿਲਾਂ ਕੋਈ ਖੇਤ ਗਹਿਣੇ ਕਰਦਾ, ਫੇਰ ਹੋਰ ਹੋਰ ਕਰਜ਼ਾ ਲੈ ਕੇ ਅੰਤ ਨੂੰ ਵੇਚ ਹੀ ਦਿੰਦਾ। ਆਖ਼ਰ ਘਰ ਦੇ ਪਰਾਤਾਂ-ਪਤੀਲੇ ਵੀ ਵੇਚ ਦਿੱਤੇ। ਪਰ ਸਾਰੀ ਉਮਰ ਐਸ਼ ਕੀਤੀ!"

ਮੈਂ ਗੱਲ ਨੂੰ ਮੁੱਦੇ ਤੋਂ ਭਟਕਾਉਣ ਦੀ ਉਹਦੀ ਚਲਾਕੀ ਤੋਂ ਖਿਝਿਆ ਤਾਂ ਉਹ ਹੱਸਿਆ, "ਘਬਰਾ ਨਾ, ਮੁੱਦੇ ਉਤੇ ਹੀ ਆਉਂਦਾ ਹਾਂ। ਸਾਡੀ ਸਰਕਾਰ ਕਰਜ਼ੇ ਲੈਂਦੀ ਹੈ ਤਾਂ ਜੱਗਰ ਅਮਲੀ ਵਾਂਗੂੰ ਐਸ਼ ਵੀ ਤਾਂ ਕਰਦੀ ਹੈ! ਛੋਟੇ-ਵੱਡੇ ਵਜ਼ੀਰਾਂ, ਸੰਸਦੀ ਸਕੱਤਰਾਂ, ਸਪੈਸ਼ਲ ਅਫ਼ਸਰਾਂ, ਬੋਰਡਾਂ ਦੇ ਪ੍ਰਧਾਨਾਂ ਤੇ ਹੋਰ ਬਥੇਰਿਆਂ ਦੀ ਪੂਰੀ ਪਲਟਣ ਹੈ। ਕਿਹੜਾ ਸੁਰਗ ਹੈ ਜੋ ਇਨ੍ਹਾਂ ਲੋਕਾਂ ਦੇ ਪੈਰਾਂ ਵਿਚ ਨਹੀਂ ਰੁਲਦਾ! ਮੇਰੇ ਵਰਗੇ ਬੇਪਹੁੰਚੇ ਬੰਦਿਆਂ ਤੋਂ ਬਿਨਾਂ ਹੈ ਕੋਈ ਜਥੇਦਾਰ ਜੋ ਸਾਡੇ ਲੀਡਰਾਂ ਦੀ ਚਾਪਲੂਸੀ ਕਰਦਾ ਹੋਵੇ ਤੇ ਐਸ਼ ਨਾ ਕਰਦਾ ਹੋਵੇ? ਅਨੇਕ ਕਰਮਾਂ ਵਾਲਿਆਂ ਦੇ ਤਾਂ ਪੁੱਤ-ਨੂੰਹਾਂ ਤੇ ਧੀ-ਜੁਆਈ ਵੀ ਵਗਦੀ ਗੰਗਾ ਵਿਚ ਅਸਨਾਨ ਕਰੀ ਜਾਂਦੇ ਨੇ!"

ਮੈਂ ਇਕ ਹੋਰ ਕਰਾਰਾ ਵਾਰ ਕੀਤਾ, "ਮੇਰੇ ਵੀਰ ਜਥੇਦਾਰਾ, ਜੱਗਰ ਅਮਲੀ ਦਾ ਖਾਲੀ ਛੱਡਿਆ ਘਰ ਨਹੀਂ ਯਾਦ, ਜਿਸ ਵਿਚ ਚੂਹਿਆਂ ਦੇ ਖਾਣ ਨੂੰ ਵੀ ਕੁਛ ਨਹੀਂ ਸੀ? ਤੇ ਉਸ ਖਾਲੀ ਘਰ ਵਿਚੋਂ ਉਹਦੀ ਵਿਦਾਈ?" ਮੇਰੀ ਗੱਲ ਸੁਣ ਕੇ ਉਹ ਇਧਰ-ਉਧਰ ਦੇਖ ਕੇ ਹੌਲੀ ਆਵਾਜ਼ ਵਿਚ ਬੋਲਿਆ, "ਸਾਡੇ ਲੀਡਰ ਥੋਡੇ ਨਾਲੋਂ ਵੱਧ ਸਿਆਣੇ ਨੇ। ਜਿੰਨਾ ਚਿਰ ਪੈਰ ਹੇਠ ਬਟੇਰਾ ਹੈ, ਐਸ਼ ਕਿਉਂ ਨਾ ਕਰਨ? ਰਹੀ ਵਿਦਾਈ ਦੀ ਗੱਲ, ਪਿਛਲੀ ਵਾਰ ਕਿਹੜਾ ਅਸੀਂ ਜਿੱਤੇ ਸੀ, ਅਸੀਂ ਤਾਂ ਢੇਰੀ ਢਾਹੀਂ ਬੈਠੇ ਸੀ। ਇਹ ਤਾਂ ਭਲਾ ਹੋਵੇ ਕਾਂਗਰਸੀਆਂ ਦਾ ਜਿਨ੍ਹਾਂ ਨੇ ਕਿਹਾ, ਢੇਰੀ ਨਾ ਢਾਹੋ, ਲਉ ਅਸੀਂ ਆਪਸ ਵਿਚ ਹੀ ਲੜ-ਭਿੜ ਕੇ ਜਿਤਾਉਂਦੇ ਹਾਂ ਤੁਹਾਨੂੰ! ਅਗਲੀ ਵਾਰ ਵੀ ਜੇ ਕਾਂਗਰਸੀਆਂ ਨੇ ਕਿਰਪਾ ਨਾ ਕੀਤੀ, ਸਾਨੂੰ ਤਾਂ ਆਬਦੇ ਭਵਿੱਖ ਦਾ ਸਾਰਾ ਚਾਨਣ ਹੈ ਹੀ!"

ਮੈਂ ਹੈਰਾਨ ਹੋ ਕੇ ਕਿਹਾ, "ਕਮਾਲ ਹੈ ਬੁੱਧਵੈਰ, ਜੱਗਰ ਅਮਲੀ ਦੇ ਭਾਂ-ਭਾਂ ਕਰਦੇ ਖਾਲੀ ਘਰ ਵਾਂਗ ਜਿਹੜਾ ਖਾਲੀ ਪੰਜਾਬ ਛੱਡ ਜਾਉਂਗੇ, ਉਹਦੀ ਚਿੰਤਾ ਨਹੀਂ ਹੁੰਦੀ ਤੁਹਾਨੂੰ?" ਉਹ ਹੱਥ ਉਤੇ ਹੱਥ ਮਾਰ ਕੇ ਜ਼ੋਰ ਦੀ ਹੱਸਿਆ, "ਚਿੰਤਾ ਕਰੋ ਤੁਸੀਂ ਸਾਡੇ ਵਿਰੋਧੀ! ਵਿਦਾਈ ਤੋਂ ਮਗਰੋਂ ਜੱਗਰ ਅਮਲੀ ਨੂੰ ਰਹੀ ਕੋਈ ਚਿੰਤਾ? ਉਹਦੇ ਪੁੱਤ ਫਿਰਦੇ ਐ ਦਾਣੇ ਦਾਣੇ ਨੂੰ ਦਰ ਦਰ ਭਟਕਦੇ ਤੇ ਸ਼ਰੀਕਾਂ ਦੀਆਂ ਦਿਹਾੜੀਆਂ ਕਰਦੇ। ਜਿਹੜੇ ਸਾਡੇ ਮਗਰੋਂ ਗੱਦੀ ਸਾਂਭਣਗੇ, ਰੋਣਗੇ ਕਿਸਮਤ ਨੂੰ। ਰੱਬ ਨੂੰ ਉਲਾਂਭੇ ਦੇਣਗੇ, ਨੀਲੀ ਛਤਰੀ ਵਾਲਿਆ, ਸਾਨੂੰ ਜਿਤਾ ਕੇ ਕਿਹੜੇ ਜਨਮ ਦਾ ਬਦਲਾ ਲੈ ਲਿਆ! ਪੰਜੇ ਸਾਲ ਬੈਂਕਾਂ ਦੀਆਂ ਤੇ ਕੇਂਦਰ ਸਰਕਾਰ ਦੀਆਂ ਲੇਲ੍ਹੜੀਆਂ ਕਢਦੇ ਫਿਰਨਗੇ। ਅਸੀਂ ਤਾਂ ਹਾਰਨ ਮਗਰੋਂ ਸ਼ੁਕਰ ਕਰਾਂਗੇ ਤੇ ਚਿੜੀ-ਪੂੰਝਾ ਛੁਡਾ ਕੇ ਅਹੁ ਜਾਵਾਂਗੇ! ਜਿੰਨਾ ਚਿਰ ਗੱਦੀ ਐ, ਸਾਡਾ ਤਾਂ ਸਿਧਾਂਤ ਐ, ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ ਪਤਾਸੇ ਪੀਵੇ!"

# ਅਸੀਂ ਪੰਜਾਬੀ, ਬੁੱਧੀਜੀਵੀ ਤੇ ਸਕੂਲ

ਕਰੀਬ ਤਿੰਨ ਦਹਾਕਿਆਂ ਤੋਂ ਪੰਜਾਬੀ ਸਾਹਿਤ ਨਾਲ ਮੇਰਾ ਗੂੜ੍ਹਾ ਸਬੰਧ ਹੈ। ਇਸ ਦੌਰਾਨ ਮੈਂ ਅਨੇਕਾਂ ਪ੍ਰੋਫੈਸਰਾਂ, ਡਾਕਟਰਾਂ, ਸਾਹਿਤਕਾਰਾਂ ਅਤੇ ਲੇਖਕਾਂ ਦੇ ਘਰੀਂ ਗਿਆ ਹਾਂ। ਸਿਆਸੀ ਲੀਡਰਾਂ, ਬੁੱਧੀਜੀਵੀਆਂ, ਪੱਤਰਕਾਰਾਂ, ਕਲਾਕਾਰਾਂ ਅਤੇ ਰੰਗਕਰਮੀਆਂ ਨਾਲ ਵੀ ਵਾਹਵਾ ਮੇਲਜੋਲ ਹੈ, ਵਾਹ-ਵਾਸਤਾ ਹੈ। ਇਹ ਲੋਕ ਬੜੀ ਗੰਭੀਰਤਾ ਨਾਲ ਮਾਂ ਬੋਲੀ ਦੀ ਸੇਵਾ ਵਿਚ ਜੁਟੇ ਸਮਝੇ ਜਾਂਦੇ ਹਨ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪੜ੍ਹਾ ਕੇ, ਸਾਹਿਤ ਰਚਨਾ ਕਰ ਕੇ, ਗੀਤ ਗਾ ਕੇ ਅਤੇ ਫਿਲਮਾਂ ਬਣਾ ਕੇ, ਅਖ਼ਬਾਰਾਂ-ਰਸਾਲਿਆਂ ਵਿਚ ਲਿਖ ਕੇ, ਸਾਹਿਤਕ ਪਰਚੇ ਕੱਢ ਕੇ ਤੇ ਭਾਸ਼ਨ ਦੇ ਕੇ, ਇਹ ਸਭ ਲੋਕ ਮਾਂ ਬੋਲੀ ਪ੍ਰਤੀ ਵਫ਼ਾਦਾਰੀ ਦਾ ਦਮ ਭਰਦੇ ਹਨ। ਇਸ ਦੇ ਵਿਕਾਸ ਲਈ ਦਿਨ ਰਾਤ ਕਾਰਜਸ਼ੀਲ ਦਿਸਦੇ ਹਨ ਪਰ ਸੱਚਾਈ ਕੁਝ

**ਨਿਰਮਲ ਨਿੰਮਾ ਲੰਗਾਹ**
**ਫੋਨ: 91-98552-67822**

ਹੋਰ ਹੈ। ਢੋਲ ਵਿਚ ਪੋਲ ਹੈ।

ਹੈਰਾਨ ਹਾਂ, ਇਹ ਲੋਕ ਇੰਨਾ ਝੂਠ ਕਿਉਂ ਬੋਲਦੇ ਹਨ? ਕੁਫ਼ਰ ਕਿਉਂ ਤੋਲਦੇ ਹਨ? ਕਿਸੇ ਵਿਰਲੇ ਨੂੰ ਛੱਡ ਕੇ ਉਪਰੋਕਤ ਸਾਰਿਆਂ ਦੇ ਘਰਾਂ ਵਿਚ ਪੰਜਾਬੀ ਦਾ ਮੂੰਹ-ਮੱਥਾ ਕੱਟਿਆ-ਵੱਢਿਆ ਹੀ ਵੇਖਿਆ ਹੈ, ਬੁਰੀ ਤਰ੍ਹਾਂ ਲਹੂ-ਲੁਹਾਣ। ਦਰਅਸਲ, ਇਨ੍ਹਾਂ ਦੇ ਦਿਮਾਗਾਂ ਵਿਚ ਅੰਗਰੇਜ਼ੀ ਖੁੱਭੀ ਹੋਈ ਹੈ, ਗਲ ਗਲ ਤਾਈਂ। ਉਹ ਵੀ ਅਗਲੀ ਪੀੜ੍ਹੀ ਦਾ ਪੰਜਾਬੀ ਪ੍ਰਤੀ ਮੋਹ ਘਟਾਉਣ ਲਈ, ਇਸ ਨੂੰ ਢਾਹ ਲਾਉਣ ਲਈ, ਇਸ ਦੇ ਮਰ ਜਾਣ ਦੇ ਫੋਕੇ ਤੇ ਝੂਠੇ ਬਿਆਨ ਦਾਗਣ ਲਈ। ਇਹ ਲੋਕ ਤਾਂ ਖੁਦ ਜ਼ਿੰਮੇਵਾਰ ਨੇ, ਕਸੂਰਵਾਰ ਨੇ। ਕਿਉਂ? ਆਪਣੀ ਹੱਡਬੀਤੀ ਵਿਚੋਂ ਦੱਸਦਾ ਹਾਂ ਕੁਝ।

ਕਲਾਕਾਰ, ਲੇਖਕ, ਗਾਇਕ ਆਪਣੇ ਆਪ ਨੂੰ ਪੰਜਾਬੀ ਦੇ ਅਸਲੀ ਵਾਰਸ ਸਮਝਦੇ ਹਨ, ਮਾਂ ਬੋਲੀ ਦੀ ਸੱਚੇ ਦਿਲੋਂ ਸੇਵਾ ਕਰਨ ਵਾਲੇ! ਇਕ ਕਲਾਕਾਰ ਆਪ ਤਾਂ ਘਰ ਮਿਲਿਆ ਨਾ, ਉਸ ਦੇ ਦੋਵੇਂ ਮੁੰਡੇ ਮਿਲੇ। ਪਹਿਲਾਂ ਤੋਂ ਈ ਵਾਕਫ਼ ਸਾਂ। ਮੇਰੇ ਕੋਲ ਆਣ ਬੈਠੇ। ਨੌਵੀਂ ਤੇ ਦਸਵੀਂ ਵਿਚ ਪੜ੍ਹਦੇ ਸਨ। ਚਾਹ ਪੀਂਦਿਆਂ ਮੈਂ ਵੱਡੇ ਨੂੰ ਆਖਿਆ, "ਤੇਰਾ ਪਿਉ ਤੇ ਮੈਂ ਉਨੀ ਸੌ ਬਿਆਸੀ ਦੇ ਯਾਰ ਆਂ। ਕਿੰਨੇ ਸਾਲ ਹੋਗੇ ਭਲਾ?" ਮੁੰਡਾ ਚੁੱਪ! ਨੀਵੀਂ ਪਾਈ ਮੂੰਹ ਵਿਚ ਗੁਣ-ਗੁਣ ਕਰੀ ਜਾਵੇ। ਛੋਟਾ ਵੀ ਜ਼ੋਰ ਲਾਵੇ। ਗੱਲ ਕੋਈ ਬਣੇ ਨਾ। ਅਖੀਰ ਉਹ ਸ਼ਰਮਿੰਦਾ ਜਿਹਾ ਹੋ ਕੇ ਕਹਿੰਦਾ, "ਅੰਕਲ ਜੀ, ਅੰਗਰੇਜ਼ੀ ਵਿਚ ਦੱਸੋ, ਬਿਆਸੀ ਕਿੰਨੇ ਹੁੰਦੇ ਆ?" ਮੈਨੂੰ ਤਾਂ ਜਿਵੇਂ 440 ਵੋਲਟ ਦਾ ਝਟਕਾ ਲੱਗਾ ਹੋਵੇ। ਹੈਰਾਨ ਪ੍ਰੇਸ਼ਾਨ। ਯਕੀਨ ਜਿਹਾ ਨਾ ਆਵੇ। ਮੇਰੇ ਪੁੱਛਣ 'ਤੇ ਉਨ੍ਹਾਂ ਸੱਚ ਬੋਲਿਆ। ਦੋਹਾਂ ਭਰਾਵਾਂ ਨੂੰ ਪੰਜਾਬੀ ਨਹੀਂ ਸੀ ਆਉਂਦੀ। ਨਾ ਲਿਖਣੀ, ਨਾ ਪੜ੍ਹਨੀ। ਨਾ ਸੌ ਗਿਣਨਾ, ਨਾ ਪੈਂਤੀ ਅੱਖਰੀ। ਅਖੇ, "ਪਾਪਾ ਜੀ ਆਖਦੇ ਆ, ਜੇ ਜ਼ਿੰਦਗੀ ਵਿਚ ਕੁਝ ਬਣਨੈ...ਤਾਂ ਅੰਗਰੇਜ਼ੀ ਸਿੱਖੋ। ਪੰਜਾਬੀ ਤੋਂ ਕੀ ਲੈਣਾ ਤੁਸੀਂ?"

ਮੈਂ ਸਿਰ ਫੜ ਕੇ ਬਹਿ ਗਿਆ। ਸੁੰਨ ਹੋ ਗਿਆ। ਗੁੰਗਾ ਤੇ ਬੋਲਾ ਵੀ। ਯਾਰੋ, ਜਿਸ ਕਲਾਕਾਰ ਨੇ ਇੰਗਲੈਂਡ, ਅਮਰੀਕਾ ਤੇ ਕੈਨੇਡਾ ਤੱਕ ਪੰਜਾਬੀ ਦੇ ਗੀਤ ਗਾ ਕੇ ਕਰੋੜਾਂ ਰੁਪਏ ਕਮਾਏ; ਫਰਸ਼ ਤੋਂ ਅਰਸ਼ਾਂ 'ਤੇ ਪੁੱਜਾ ਹੋਵੇ; ਕੀਮਤੀ ਕਾਰਾਂ, ਕੋਠੀਆਂ ਖਰੀਦੀਆਂ; ਬੈਂਕਾਂ ਦੇ ਲਾਕਰ ਭਰੇ; ਉਸ ਦਾ ਬੋਲੀ ਨਾਲ ਐਸਾ ਧ੍ਰੋਹ? ਇੰਨੀ ਨਫ਼ਰਤ? ਮਾਂ ਬੋਲੀ 'ਤੇ ਕਾਤਲਾਨਾ ਹਮਲਾ! ਹਾਏ ਮੇਰਿਆ ਰੱਬਾ! ਸਾਰੀ ਰਾਤ ਨਹੀਂ ਸੌਂ ਸਕਿਆ।

ਇਹੀ ਕੁਝ ਵਾਪਰਿਆ ਦੂਜੇ ਕਲਾਕਾਰਾਂ ਤੇ ਬੁੱਧੀਜੀਵੀਆਂ ਦੇ ਘਰੀਂ ਜਾ ਕੇ। ਬੱਸ, ਉਨੀ-ਇੱਕੀ ਦੇ ਫਰਕ ਨਾਲ। ਸਾਰਿਆਂ ਦੇ ਮੁੰਡੇ-ਕੁੜੀਆਂ, ਪੋਤਰੇ-ਪੋਤਰੀਆਂ, ਭਤੀਜੇ-ਭਤੀਜੀਆਂ, ਦੋਹਤੇ-ਦੋਹਤੀਆਂ ਚੋਟੀ ਦੇ ਅੰਗਰੇਜ਼ੀ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਪੜ੍ਹ ਰਹੇ ਹਨ। ਉਹ ਮਾਂ ਬੋਲੀ ਦੀ ਸੇਵਾ ਤੋਂ ਮਿਲੀਆਂ 'ਮੋਟੀਆਂ ਰਕਮਾਂ' ਖੁੱਲ੍ਹੇ ਹੱਥ ਖਰਚ ਰਹੇ ਨੇ, ਅਗਲੀ ਪੀੜ੍ਹੀ ਨੂੰ ਅੰਗਰੇਜ਼ੀ ਸਿਖਾਉਣ ਵਾਸਤੇ! ਹੁਣ ਸੁਣੋ ਸਿਰੇ ਦੀ ਗੱਲ। ਅੱਖੀਂ ਵੇਖਿਐ... ਪੰਜਾਬੀ ਪੜ੍ਹਨ ਪੜ੍ਹਾਉਣ ਵਾਲਿਆਂ ਦੇ ਬੱਚੇ ਅਜਿਹੇ ਸਕੂਲਾਂ ਕਾਲਜਾਂ ਵਿਚ ਪੜ੍ਹ ਰਹੇ ਨੇ ਜਿਥੇ ਪੰਜਾਬੀ ਬੋਲਣ ਦੀ ਵੀ ਸਖ਼ਤ ਮਨਾਹੀ ਹੈ। ਇਕ ਦਿਨ ਮੇਰੇ ਕੋਲ ਪੜ੍ਹ ਕੇ ਗਿਆ ਅੱਠਵੀਂ ਜਮਾਤ ਦਾ ਇਕ ਵਿਦਿਆਰਥੀ ਮਿਲਣ ਆਇਆ। ਪੰਜਾਬੀ ਦੀ ਗੱਲ ਤੁਰੀ। ਕਹਿਣ ਲੱਗਾ, "ਜੀ ਸਾਡੇ ਸਕੂਲ ਵਿਚ ਤਾਂ ਜੁਰਮਾਨਾ ਹੁੰਦੈ ਜੇ ਕੋਈ ਪੰਜਾਬੀ ਵਿਚ ਗੱਲ ਵੀ ਕਰੇ ਤਾਂ।" ਮੈਂ ਨਹੀਂ ਮੰਨਿਆ! ਅਗਲੇ ਦਿਨ ਉਹ ਤਿੰਨ ਚਾਰ ਮੁੰਡੇ ਹੋਰ ਲੈ ਆਇਆ। ਸੱਚ ਦੀ ਪ੍ਰੋੜਤਾ ਹੋ ਗਈ। ਸਾਰਿਆਂ ਨੇ ਮੰਨਿਆ ਕਿ ਉਨ੍ਹਾਂ ਨੂੰ ਨਾ ਪੰਜਾਬੀ ਪੜ੍ਹਾਈ ਜਾਂਦੀ ਏ, ਨਾ ਪੰਜਾਬੀ ਬੋਲਣ ਹੀ ਦਿੰਦੇ ਨੇ। ਅੰਗਰੇਜ਼ੀ ਜਾਂ ਹਿੰਦੀ ਦੀ ਹੀ ਇਜਾਜ਼ਤ ਹੈ।

ਇਹ ਰੁਝਾਨ ਖਤਰਨਾਕ ਵੀ ਹੈ ਤੇ ਖੌਫਨਾਕ ਵੀ, ਪਰ ਅਜਿਹੇ ਸਕੂਲ ਧੜਾਧੜ ਖੁੱਲ੍ਹ ਰਹੇ ਨੇ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਕਈ ਚੰਗੇ-ਭਲੇ ਧੰਦਿਆਂ ਦੇ ਮਾਲਕ ਆਪਣੇ ਕਾਰੋਬਾਰ ਬੰਦ ਕਰ ਕੇ ਜਾਂ ਵੇਚ-ਵੱਟ ਕੇ ਵੱਡੇ ਤੋਂ ਵੱਡੇ ਅੰਗਰੇਜ਼ੀ ਸਕੂਲ ਖੋਲ੍ਹ ਰਹੇ ਹਨ। ਉਹ ਆਖਦੇ ਹਨ ਕਿ ਇਹ ਖੇਤਰ ਤਾਂ ਵੱਡੇ ਮੁਨਾਫੇ ਵਾਲੇ ਨੇ। ਟੈਕਸ ਦੀ ਕੋਈ ਜ਼ਿੰਮੇਵਾਰੀ ਨਹੀਂ। ਨਾ ਬੱਚਿਆਂ ਦੇ ਪਾਸ ਫੇਲ੍ਹ ਹੋਣ ਦਾ ਝਮੇਲਾ। ਨਾ ਘਾਟਾ ਪੈਣ ਦਾ ਡਰ। ਚੰਗੀ ਵੱਡੀ ਇਮਾਰਤ ਬਣਾਓ, ਮਾਮੂਲੀ ਤਨਖਾਹਾਂ 'ਤੇ ਬੀ.ਐਡ. ਤੇ ਪੀਐਚ.ਡੀ. ਟੀਚਰ ਆਮ ਮਿਲ ਜਾਂਦੇ ਨੇ। ਚਾਰ-ਪੰਜ ਮਾੜੀਆਂ-ਮੋਟੀਆਂ ਬੱਸਾਂ ਜਾਂ ਵੈਨਾਂ ਦਾ ਪ੍ਰਬੰਧ ਕਰੋ। ਦੋ-ਚਾਰ ਸੌ ਇਸ਼ਤਿਹਾਰ ਵੰਡੋ। ਲੋਕ ਅੰਨ੍ਹੇਵਾਹ ਭੱਜੇ ਆਉਂਦੇ ਆ, ਬੱਚੇ ਦਾਖਲ ਕਰਵਾਉਣ। ਜਿੰਨੀਆਂ ਵਧੇਰੇ ਦਾਖਲਾ ਫੀਸਾਂ, ਮਹਿੰਗੀਆਂ ਵਰਦੀਆਂ ਤੇ ਕਿਤਾਬਾਂ ਹੋਣਗੀਆਂ, ਉਨੇ ਈ ਜ਼ਿਆਦਾ ਬੱਚੇ ਹੋਣਗੇ। ਫਿਰ ਬੂਟਾਂ, ਟਾਈਆਂ, ਪਟਕਿਆਂ ਤੋਂ ਲੈ ਕੇ ਕਿਤਾਬਾਂ ਕਾਪੀਆਂ ਤੋਂ ਮਨਮਰਜ਼ੀ ਦਾ ਕਮਿਸ਼ਨ ਖਾਉ। ਮੋਟੀਆਂ ਰਕਮਾਂ ਲੈ ਕੇ ਸੈਰਾਂ ਕਰਾਉ। ਅੰਗਰੇਜ਼ੀ ਸਿਖਾਉਣ ਦੀ ਓਟ ਵਿਚ ਜਿੰਨੀ ਮਰਜ਼ੀ ਲੁੱਟ ਮਚਾਓ। ਕੋਈ ਨਹੀਂ ਪੁੱਛਦਾ।

ਬੱਚਿਆਂ ਨੂੰ ਅੰਗਰੇਜ਼ ਬਣਾਉਣ ਦਾ ਝੱਲ ਹੈ ਇਹ। ਅੰਗਰੇਜ਼ੀ ਸਿੱਖਣ ਦਾ ਪਾਗਲਪਨ। ਮਾਪਿਆਂ ਨੂੰ ਵਹਿਸ਼ੀ ਤੇ ਬੇਕਿਰਕ ਬਣਾਇਆ ਜਾ



ਰਿਹਾ ਹੈ। ਇਕ ਤਾਂ ਉਹ ਮਾਸੂਮਾਂ ਉਤੇ ਜ਼ੁਲਮ ਕਰਦੇ ਨੇ, ਦੂਜਾ ਬੱਚਿਆਂ ਪ੍ਰਤੀ ਜ਼ਿੰਮੇਵਾਰੀ ਤੋਂ ਭੱਜ ਰਹੇ ਨੇ। ਤੀਜਾ, ਪੰਜਾਬੀ ਵਿਰੋਧੀ ਸਕੂਲਾਂ ਨੂੰ ਸ਼ਹਿ ਦੇ ਰਹੇ ਨੇ। ਕਹਿਰਾਂ ਦੀ ਠੰਢ ਜਾਂ ਗਰਮੀ ਵਿਚ ਮਾਪੇ ਨੰਨ੍ਹੇ-ਮੁੰਨੇ ਬੱਚਿਆਂ ਨੂੰ ਬੱਸਾਂ ਜਾਂ ਵੈਨਾਂ ਵਿਚ ਧੱਕ ਦਿੰਦੇ ਨੇ...ਚਲੋ ਜੀ ਗਲੋਂ ਫਾਹ ਲੱਥਾ! ਪੰਜਾਬੀ ਵਿਰੋਧੀ ਸਕੂਲਾਂ ਦਾ ਮੁਕਾਬਲਾ ਵੀ ਬੜਾ ਸਖ਼ਤ ਹੈ। ਜੇ ਇਕ ਸਕੂਲ ਤਿੰਨ ਸਾਲ ਦਾ ਬੱਚਾ ਦਾਖਲ ਕਰਦਾ ਹੈ ਤਾਂ ਦੂਜਾ ਦੋ ਸਾਲ ਦੇ ਹੀ ਦਾਖਲ ਕਰਨੇ ਸ਼ੁਰੂ ਕਰ ਦਿੰਦਾ ਹੈ। ਜੇ ਇਵੇਂ ਹੀ ਜਾਰੀ ਰਿਹਾ ਤਾਂ ਨੇੜਲੇ ਭਵਿੱਖ ਵਿਚ ਬੱਚੇ ਜੰਮਣ ਤੋਂ ਪਹਿਲਾਂ ਹੀ ਦਾਖ਼ਲ ਹੋ ਜਾਇਆ ਕਰਨਗੇ। ਡਲਿਵਰੀ ਕੇਸ ਸਕੂਲਾਂ ਵਿਚ ਫਰੀ ਹੋਣਗੇ। ਸਕੂਲਾਂ ਵਾਲੇ ਇਹ ਖਰਚੇ ਫੀਸਾਂ ਰਾਹੀਂ ਕਈ ਗੁਣਾ ਵਧੇਰੇ ਚਾਰਜ ਕਰਿਆ ਕਰਨਗੇ। ਅੰਗਰੇਜ਼ੀ ਖਾਤਰ ਮਾਪੇ ਖੁਦ ਵਿਕਣ ਲਈ ਤਿਆਰ ਨੇ। ਅਜਿਹੇ ਮਾਹੌਲ ਵਿਚ ਪੰਜਾਬੀ ਬਾਰੇ ਕੌਣ ਸੋਚੂ? ਲੋਕ ਤਾਂ ਬੱਚੇ ਦਾ ਭਵਿੱਖ ਕੇਵਲ ਅੰਗਰੇਜ਼ੀ ਵਿਚ ਹੀ ਵੇਖ ਰਹੇ ਹਨ।

ਦੁਨੀਆਂ ਦੀ ਹਰ ਭਾਸ਼ਾ ਸਤਿਕਾਰਯੋਗ ਹੈ। ਮੈਂ ਅੰਗਰੇਜ਼ੀ, ਹਿੰਦੀ, ਉਰਦੂ ਜਾਂ ਕਿਸੇ ਵੀ ਹੋਰ ਭਾਸ਼ਾ ਦਾ ਵਿਰੋਧ ਨਹੀਂ ਕਰਦਾ। ਸਾਨੂੰ ਸਗੋਂ ਵੱਧ ਤੋਂ ਵੱਧ ਬੋਲੀਆਂ ਤੋਂ ਜਾਣੂ ਹੋਣਾ ਚਾਹੀਦਾ ਹੈ ਪਰ ਮੈਨੂੰ ਆਪਣੀ ਮਾਂ ਬੋਲੀ ਪੰਜਾਬੀ 'ਤੇ ਫਖਰ ਹੈ। ਮੇਰੀ ਬੋਲੀ ਇੰਨੀ ਲਚਕਦਾਰ ਤੇ ਅਗਾਂਹਵਧੂ ਹੈ। ਇਹ ਹੋਰ ਭਾਸ਼ਾਵਾਂ ਦੇ ਸ਼ਬਦਾਂ ਨੂੰ ਨਿੱਘੇ ਮੋਹ ਤੇ ਪਿਆਰ ਨਾਲ ਸਵੀਕਾਰ ਕਰ ਲੈਂਦੀ ਹੈ, ਆਪਣੇ ਵਿਚ ਸਮੋਅ ਲੈਂਦੀ ਹੈ। ਜਜ਼ਬ ਕਰ ਲੈਂਦੀ ਹੈ। ਹਿੰਦੀ, ਸੰਸਕ੍ਰਿਤ ਤੇ ਹੋਰ ਕਈ ਭਾਸ਼ਾਵਾਂ ਦੇ ਹਜ਼ਾਰਾਂ ਸ਼ਬਦ ਮੇਰੀ ਮਾਂ ਬੋਲੀ ਦਾ ਸ਼ਿੰਗਾਰ ਹਨ।

ਹੁਣ ਗੱਲ ਕਰਦੇ ਹਾਂ ਸਿਆਸਤਦਾਨਾਂ ਦੀ ਜੋ ਪੰਜਾਬੀ ਦੇ ਹੇਜ ਬਾਰੇ ਅਕਸਰ ਬਿਆਨ ਦਾਗਦੇ ਹਨ। ਮੈਂ ਆਪਣੇ ਤਜਰਬੇ ਵਿਚੋਂ ਕਹਿ ਰਿਹਾ ਹਾਂ ਕਿ ਨੇਤਾ ਭਾਵੇਂ ਕਿਸੇ ਪਾਰਟੀ ਦਾ ਵੀ ਹੋਵੇ, ਅੰਕੜੇ ਦੱਸਦੇ ਹਨ, ਇਨ੍ਹਾਂ ਸਾਰਿਆਂ ਦੇ ਬੱਚੇ ਵਿਦੇਸ਼ਾਂ ਵਿਚ ਪੜ੍ਹਦੇ ਹਨ ਜਾਂ ਉਥੇ ਵੱਡੀਆਂ ਨੌਕਰੀਆਂ ਕਰ ਰਹੇ ਨੇ। ਇਹੀ ਫਾਰਮੂਲਾ ਉਹ ਲੋਕ ਅਪਨਾ ਰਹੇ ਆ ਜਿਹੜੇ ਚੜ੍ਹਦੇ ਸੂਰਜ ਹੀ ਪੰਜਾਬੀ ਦੇ ਮਰ ਜਾਣ ਦਾ ਗਹਿਰਾ ਫਿਕਰ ਕਰਦੇ ਦਿਸਦੇ ਹਨ। ਇਥੇ ਇਹ ਜ਼ਿਕਰ ਕੁਥਾਂ ਨਹੀਂ ਹੋਵੇਗਾ...ਅਕਾਲੀ ਲੀਡਰ ਆਪਣੇ ਆਪ ਨੂੰ ਪੰਜਾਬ ਤੇ ਪੰਜਾਬੀ ਦੇ ਸਭ ਤੋਂ ਵੱਡੇ ਵਾਰਸ ਤੇ ਰਖਵਾਲੇ ਸਮਝਦੇ ਹਨ। ਅਕਾਲੀ-ਭਾਜਪਾ ਗਠਜੋੜ ਦੀ ਸਰਕਾਰ ਕਈ ਵਾਰ ਬਣੀ ਹੈ। ਕਿੰਨੀ ਹਾਸੋਹੀਣੀ ਗੱਲ ਹੈ ਕਿ ਭਾਜਪਾ ਵਾਲੇ ਹਮੇਸ਼ਾ ਪੰਜਾਬੀ ਵਿਰੋਧੀ ਰਹੇ ਹਨ।

ਅੱਜ ਤੱਕ ਲੇਖਕਾਂ-ਕਲਾਕਾਰਾਂ ਦੇ ਵੱਡੇ ਸੰਘਰਸ਼ਾਂ ਦੇ ਬਾਵਜੂਦ ਪੰਜਾਬੀ ਨੂੰ ਸਰਕਾਰੇ-ਦਰਬਾਰੇ ਬਣਦੀ ਥਾਂ ਨਹੀਂ ਮਿਲੀ। ਅਸਲ ਵਿਚ ਪੰਜਾਬੀ ਦਾ ਲੱਕ ਤਾਂ 1947 ਵਿਚ ਉਦੋਂ ਹੀ ਟੁੱਟ ਗਿਆ ਸੀ, ਜਦੋਂ ਅੱਧਾ ਪੰਜਾਬ ਪਾਕਿਸਤਾਨ ਵਿਚ ਰਹਿ ਗਿਆ ਸੀ। ਫਿਰ ਵੱਡਾ ਖੋਰਾ ਉਦੋਂ ਲੱਗਾ ਜਦੋਂ ਸਾਡੇ ਸਵਾਰਥੀ ਸਿਆਸੀ ਲੀਡਰਾਂ ਨੇ ਪੰਜਾਬੀ ਸੂਬੇ ਦੀ ਆੜ ਹੇਠ ਪੰਜਾਬੀ ਬੋਲਦੇ ਇਲਾਕੇ ਹਰਿਆਣਾ, ਹਿਮਾਚਲ ਤੇ ਰਾਜਸਥਾਨ ਨੂੰ ਦੇ ਦਿੱਤੇ। ਇਉਂ ਪੰਜਾਬੀ ਰੂਪੀ ਸੁੰਦਰ ਰੁੱਖ ਨੂੰ ਛਾਂਗ ਕੇ ਰੱਖ ਦਿੱਤਾ ਗਿਆ। ਬੇਗਾਨਿਆਂ ਤੇ ਬੇਦਰਦਾਂ ਵਾਂਗ।

ਇਥੇ ਇਕ ਹੋਰ ਨੁਕਤਾ ਵੀ ਵਿਚਾਰਨ ਵਾਲਾ ਹੈ। ਅਸੀਂ ਪੰਜਾਬੀ ਭਾਸ਼ਾ ਦਾ ਕੱਦ ਹੋਰ ਵੀ ਛੋਟਾ ਕਰ ਰਹੇ ਹੁੰਨੇ ਆਂ, ਜਦੋਂ ਇਸ ਨੂੰ ਆਰ-ਪਾਰ ਜਾਂ ਪਰਵਾਸੀ, ਵਾਸੀ ਦੇ ਖਾਨਿਆਂ 'ਚ ਵੰਡਦੇ ਹਾਂ।

## ਚਲਦੇ-ਚਲਦੇ

ਪੰਜਾਬੀ ਲੇਖਕ ਭਾਵੇਂ ਦੁਨੀਆਂ ਦੇ ਕਿਸੇ ਵੀ ਖਿੱਤੇ ਵਿਚ ਬੈਠਾ ਲਿਖ ਰਿਹਾ ਹੋਵੇ, ਉਥੋਂ ਦੇ ਸਮਾਜਕ, ਆਰਥਿਕ ਜਾਂ ਸਭਿਆਚਾਰਕ ਹਾਲਾਤ ਦੀ ਗੱਲ ਕਰ ਰਿਹਾ ਹੋਵੇ, ਮਾਧਿਅਮ ਤਾਂ ਉਸ ਦਾ ਪੰਜਾਬੀ ਹੀ ਹੈ ਨਾ? ਇਸ ਤਰ੍ਹਾਂ ਦੀ ਵੰਡ ਕਰਨੀ ਬੇਲੋੜੀ ਹੀ ਨਹੀਂ, ਮਾਂ ਬੋਲੀ ਨਾਲ ਬੇਇਨਸਾਫੀ ਵੀ ਹੈ।

ਕੁਝ ਖਾਸ ਲੋਕਾਂ ਤੇ ਲੇਖਕਾਂ ਨੂੰ ਛੱਡ ਕੇ ਪੰਜਾਬੀ ਬਾਰੇ ਹੁਣ ਸੋਚ ਹੀ ਕੌਣ ਰਿਹਾ ਹੈ? ਅੰਕੜੇ ਦੱਸਦੇ ਹਨ ਕਿ ਭਾਸ਼ਾ ਵਿਭਾਗ ਦੀਆਂ ਕਰੀਬ 60 ਪ੍ਰਤੀਸ਼ਤ ਆਸਾਮੀਆਂ ਖਾਲੀ ਪਈਆਂ ਹਨ। ਲਾਇਬ੍ਰੇਰੀਆਂ ਕਿਸੇ ਭਾਸ਼ਾ ਦੇ ਵਿਕਾਸ ਤੇ ਸੰਚਾਰ ਦਾ ਮੁੱਖ ਸਾਧਨ ਹੁੰਦੀਆਂ ਹਨ। ਅਫਸੋਸ ਪੰਜਾਬ ਦੇ ਲਗਭਗ ਅੱਧੇ ਜ਼ਿਲ੍ਹਿਆਂ ਵਿਚ ਲਾਇਬ੍ਰੇਰੀਅਨ ਹੀ ਨਹੀਂ ਹਨ। ਸੀ.ਬੀ.ਐਸ.ਈ. ਦੀਆਂ ਪਾਠ ਪੁਸਤਕਾਂ ਵਿਚ ਸ਼ਬਦ ਜੋੜਾਂ ਦੀਆਂ ਬੇਸ਼ੁਮਾਰ ਤੇ ਗੰਭੀਰ ਗਲਤੀਆਂ ਹਨ।

ਸੋ, ਪੰਜਾਬੀ ਵੀਰੋ! ਸਾਡੀ ਮਾਂ ਬੋਲੀ ਬਾਰੇ ਕਿਸੇ ਨੇ ਕੁਝ ਨਹੀਂ ਕਰਨਾ ਕਰਾਉਣਾ। ਲਾਰਿਆਂ ਤੋਂ ਬਗੈਰ ਕੁਝ ਹੱਥ ਨਹੀਂ ਆਉਣਾ। ਸਾਨੂੰ ਖੁਦ ਹੰਭਲਾ ਮਾਰਨਾ ਪੈਣਾ। ਬਗੈਰ ਕਿਸੇ ਲੋਭ ਲਾਲਚ ਦੇ ਯਤਨ ਕਰਨੇ ਪੈਣੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਪੰਜਾਬੀ ਹਿਤੈਸ਼ੀ ਬੜਾ ਕੁਝ ਕਰ ਸਕਦੇ ਹਨ। ਸਭ ਤੋਂ ਪਹਿਲਾਂ ਸਾਨੂੰ ਸਭ ਨੂੰ ਇਹ ਮੰਨ ਲੈਣਾ ਚਾਹੀਦਾ ਹੈ ਕਿ ਪ੍ਰਾਇਮਰੀ ਸਿੱਖਿਆ ਦੀਆਂ ਜੜ੍ਹਾਂ ਖੋਖਲੀਆਂ ਹੋ ਚੁੱਕੀਆਂ ਹਨ, ਇਹ ਲਗਭਗ ਖਤਮ ਹੋਣ ਕੰਢੇ ਹੈ। ਇਹ ਭਿਆਨਕ ਵਰਤਾਰਾ ਅਤਿਵਾਦ ਵਾਲੇ ਦੌਰ ਤੋਂ ਸ਼ੁਰੂ ਹੋਇਆ ਮੰਨ ਸਕਦੇ ਹਾਂ। ਨਕਲ ਦੇ ਇਨ੍ਹਾਂ ਦੋ ਦਹਾਕਿਆਂ ਵਿਚ ਮਾਂ ਬੋਲੀ ਦਾ ਵੱਡਾ ਨੁਕਸਾਨ ਹੋਇਆ ਹੈ। ਇਸ ਨੂੰ ਯਕਦਮ ਪੂਰਾ ਨਹੀਂ ਕੀਤਾ ਜਾ ਸਕਦਾ। ਵੱਡੇ ਹੌਸਲੇ ਤੇ ਜ਼ਬਰਦਸਤ ਸੰਘਰਸ਼ ਦੀ ਲੋੜ ਹੈ। ਪਹਿਲਾਂ ਪਿੰਡ ਜਾਂ ਬਲਾਕ ਪੱਧਰ ਦੀਆਂ ਕਮੇਟੀਆਂ ਬਣਾਈਆਂ ਜਾਣ। ਅਗਾਂਹਵਧੂ ਸਰਪੰਚਾਂ, ਪੰਚਾਂ, ਮੈਂਬਰਾਂ ਅਤੇ ਵਿਦਿਆਰਥੀਆਂ ਦਾ ਸਾਥ ਹੋਵੇ। ਪੰਜਵੀਂ ਵਿਚੋਂ ਉਹੀ ਵਿਦਿਅਰਥੀ ਪਾਸ ਕੀਤੇ ਜਾਣ ਜਿਨ੍ਹਾਂ ਨੂੰ ਪੰਜਾਬੀ ਪੂਰਨ ਰੂਪ ਵਿਚ ਪੜ੍ਹਨੀ-ਲਿਖਣੀ ਆਉਂਦੀ ਹੋਵੇ। ਇਹੀ ਪਰੰਪਰਾ ਅੰਗਰੇਜ਼ੀ ਸਕੂਲਾਂ ਵਿਚ ਵੀ ਹੋਵੇ। ਆਮ ਲੋਕਾਂ ਨੂੰ ਜਾਗਰੂਕ ਕਰ ਕੇ ਪੰਜਾਬੀ ਵਿਰੋਧੀ ਵਿਦਿਅਕ ਅਦਾਰਿਆਂ ਦਾ ਬਾਈਕਾਟ ਕੀਤਾ ਜਾਵੇ। ਬਾਬਾ ਫਰੀਦ, ਗੁਰੂ ਨਾਨਕ, ਵਾਰਸ ਤੇ ਸ਼ਿਵ ਦੀ ਬੋਲੀ ਦੇ ਵਾਰਸੋ! ਹੁਣ ਸਮਾਂ ਆ ਗਿਆ ਹੈ ਕਿ ਮਾਂ ਬੋਲੀ ਦੀ ਰਾਖੀ ਲਈ ਫੈਸਲਾਕੁਨ ਜੰਗ ਲੜੀ ਜਾਵੇ। ਇਤਿਹਾਸ ਗਵਾਹ ਹੈ ਕਿ ਪੰਜਾਬੀਆਂ ਮੂਹਰੇ ਕਦੇ ਕੋਈ ਕੰਮ ਨਹੀਂ ਅੜਿਆ। ਪ੍ਰਾਇਮਰੀ ਸਕੂਲਾਂ ਵਿਚ ਪੰਜਾਬੀ ਦਾ ਸੁਧਾਰ ਹੋਣ ਨਾਲ ਅਸੀਂ ਮੰਜ਼ਿਲ ਦੇ ਨੇੜੇ ਪਹੁੰਚ ਜਾਵਾਂਗੇ। ਹੁਣ ਪੰਜਾਬੀ ਦੇ ਸੱਚੇ ਆਸ਼ਕ ਬਣਨ ਦਾ ਵੇਲਾ ਹੈ, ਬੰਗਾਲੀਆਂ ਵਾਂਗ।

# ਗੁਰੂ ਗੋਬਿੰਦ ਸਿੰਘ ਜੀ ਦੀ ਵਿਸ਼ਵ ਦ੍ਰਿਸ਼ਟੀ

*(ਸਫਾ 33 ਦੀ ਬਾਕੀ)*

ਵੀ ਕੀਤਾ ਗਿਆ ਹੈ। ਇਸੇ ਤਰ੍ਹਾਂ ਰੱਬੀ ਏਕਤਾ ਦੇ ਵਿਸ਼ਵਾਸ ਤੋਂ ਇਲਾਵਾ ਸਮਾਜਕ ਭਲਾਈ ਦੀ ਬੁਨਿਆਦ ਮਨੁੱਖੀ ਏਕਤਾ ਵਿਚ ਅਟੁੱਟ ਵਿਸ਼ਵਾਸ ਹੈ। ਜੋ ਨਿਸ਼ਚਾ ਜਾਂ ਕਾਰ-ਵਿਹਾਰ ਇਸ ਦੇ ਵਿਰੁਧ ਜਾਂਦਾ ਹੈ, ਉਹ ਧਰਮ ਨਹੀਂ ਤੇ ਨਾ ਹੀ ਜ਼ਿੰਦਗੀ ਲਈ ਹਿਤਕਾਰੀ ਹੋ ਸਕਦਾ ਹੈ।

ਪੁਰਾਣੇ ਭਾਰਤੀ ਵਿਚਾਰਾਂ ਅਨੁਸਾਰ ਕੋਈ ਧਰਮ-ਅਧਿਕਾਰ ਤੋਂ ਵੰਚਿਤ ਸੀ ਤੇ ਕੋਈ ਰਾਜ-ਅਧਿਕਾਰ ਤੋਂ। ਗੁਰੂ ਸਾਹਿਬ ਨੇ ਮਨੁੱਖੀ ਸਮਾਨਤਾ ਦਾ ਵਰਤਾਰਾ ਵਰਤਾ ਕੇ ਇਹ ਖੁੱਸੇ ਅਧਿਕਾਰ ਮੁੜ ਬਹਾਲ ਕੀਤੇ। ਸਪੱਸ਼ਟਤਾ ਲਈ ਦੋ ਮਿਸਾਲਾਂ ਕਾਫੀ ਹਨ। ਭਗਤ ਨਾਮਦੇਵ ਨੂੰ ਬ੍ਰਾਹਮਣ ਪੁਰੋਹਿਤਾਂ, ਧਰਮ-ਅਧਿਕਾਰੀ ਨਹੀਂ ਸਮਝਿਆ ਤੇ ਮੰਦਰ ਵਿਚੋਂ ਕੱਢਣੋਂ ਵੀ ਪ੍ਰਹੇਜ਼ ਨਹੀਂ ਕੀਤਾ। ਦੂਜਾ, ਜਦ ਸ਼ਿਵਾ ਜੀ ਮਰਹੱਟਾ 1674 ਈ. ਵਿਚ ਗੱਦੀ 'ਤੇ ਬੈਠਣ ਲੱਗੇ ਤਾਂ ਪੁਰੋਹਿਤ ਜਮਾਤ ਨੇ ਇਤਰਾਜ਼ ਕੀਤਾ ਕਿ ਖੱਤਰੀ ਨਾ ਹੋਣ ਕਾਰਨ ਆਪ ਦਾ ਰਾਜ ਤਖਤ 'ਤੇ ਬੈਠਣ ਦਾ ਹੱਕ ਨਹੀਂ ਬਣਦਾ। ਇਹ ਹੱਕ ਮੰਨਵਾਉਣ ਲਈ 50 ਲੱਖ ਰੁਪਏ ਖਰਚ ਕਰਕੇ 11 ਹਜ਼ਾਰ ਬ੍ਰਾਹਮਣਾਂ ਨੂੰ ਚਾਰ ਮਹੀਨੇ ਲਗਾਤਾਰ ਭੋਜਨ ਖਵਾਇਆ ਤਾਂ ਇਹ ਪ੍ਰਵਾਨਗੀ ਮਿਲੀ। ਗੁਰੂ ਸਾਹਿਬ ਨੇ ਇਕ ਬਾਟੇ ਵਿਚ ਅੰਮ੍ਰਿਤ ਛਕਾ ਕੇ ਬਾਣੀ ਦੇ ਪ੍ਰਭਾਵ ਨਾਲ ਧਰਮ-ਅਧਿਕਾਰ ਤੇ ਰਾਜ-ਅਧਿਕਾਰ ਸਭ ਨੂੰ ਸਮਾਨ ਬਖਸ਼ੇ ਤੇ ਸਰਦਾਰ ਬਣਾਇਆ। ਭਾਰਤੀ ਸਮਾਜਕ ਦਸ਼ਾ ਦੇ ਪਿਛਵਾੜੇ ਵਿਚ ਮਨੁੱਖੀ ਏਕਤਾ ਦਾ ਇਹ ਸਿੰਘ-ਕਰਮ ਸੱਚਮੁੱਚ ਹੀ ਮਹਾਨ ਸੀ।

ਮਨੁੱਖੀ ਏਕਤਾ ਦਾ ਭਾਵ ਇਹ ਵੀ ਨਹੀਂ ਕਿ ਭਲੇ-ਬੁਰੇ ਦੀ ਪਛਾਣ ਨਾ ਕੀਤੀ ਜਾਵੇ। ਸਾਧ-ਚੋਰ ਜਾਂ ਚੰਗੇ-ਮੰਦੇ ਨੂੰ ਇਕ ਸਮਾਨ ਸਮਝ ਲੈਣਾ ਹੈ। ਸਗੋਂ ਗੁਰੂ ਸਾਹਿਬ ਨੇ ਆਪਣਾ ਜੀਵਨ-ਉਦੇਸ਼ ਦੱਸਦਿਆਂ ਸਾਫ ਕਿਹਾ ਹੈ ਕਿ ਮੈਂ ਕੇਵਲ ਭਲੇ ਪੁਰਸ਼ਾਂ ਦੀ ਮਦਦ ਲਈ ਤੇ ਦੁਸ਼ਟਾਂ ਦਾ ਨਾਸ਼ ਕਰਨ ਲਈ ਆਇਆ ਹਾਂ। ਮੇਰਾ ਕੰਮ ਹਰ ਤਰ੍ਹਾਂ ਧਰਮ ਨੂੰ ਮਜ਼ਬੂਤ ਕਰਨਾ ਹੈ,

ਯਾਹੀ ਕਾਜ ਧਰਾ ਹਮ ਜਨਮੰ॥
ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ॥
ਦੁਸਟ ਸਭਨ ਕੋ ਮੂਲ ਉਪਾਰਿਨ॥
(ਬਚਿਤਰ ਨਾਟਕ, ਅਧਿਆਏ ਛੇਵਾਂ)

ਇਸ ਦ੍ਰਿਸ਼ਟੀ ਤੋਂ ਗੁਰੂ ਸਾਹਿਬ ਦੀ ਵਿਚਾਰਧਾਰਾ ਬਿਲਕੁਲ ਸਪੱਸ਼ਟ ਸੀ ਕਿ ਭਲੇ ਕਿਰਤੀ ਲੋਕਾਂ ਦੀ ਹਮਾਇਤ ਕਰਨਾ ਤੇ ਲੁੱਟ-ਖਸੁੱਟ ਕਰਨ ਵਾਲੀ ਸਾਮਰਾਜਵਾਦੀ ਸਵਾਰਥੀ ਸ਼੍ਰੇਣੀ ਨੂੰ ਸਮਰੱਥਾ ਹੀਣ ਕਰਨਾ ਹੈ। ਇਸੇ ਕਰਕੇ ਉਨ੍ਹਾਂ ਆਪਣੇ ਤਨ, ਮਨ, ਧਨ ਦੀ ਸ਼ਕਤੀ ਨੇਕ ਕਿਰਤੀ ਲੋਕਾਂ ਦੇ ਵਿਕਾਸ ਵਿਚ ਲਾਈ ਤੇ ਉਨ੍ਹਾਂ ਦਾ ਜੱਸ ਵੀ ਗਾਇਆ,

ਸੇਵ ਕਰੀ ਇਨਹੀ ਕੀ ਭਾਵ,
ਅਉਰ ਕੀ ਸੇਵ ਸੁਹਾਤ ਨ ਜੀ ਕੋ॥
ਦਾਨ ਦਯੋ ਇਨਹੀ ਕੋ ਭਲੋ,
ਅਰੁ ਆਨ ਕੋ ਦਾਨ ਨ ਲਾਗਤ ਨੀਕੋ॥
ਆਗੈ ਫਲੈ ਇਹਨੀ ਕੋ ਦਯੋ,
ਜਗ ਮੈ ਜਸੁ ਅਉਰ ਦਯੋ ਸਭ ਫੀਕੋ॥
ਮੋ ਗ੍ਰਿਹ ਮੈ ਮਨ ਤੇ ਤਨ ਤੇ,
ਸਿਰ ਲਉ ਧਨ ਹੈ ਸਬ ਹੀ ਇਨਹੀ ਕੋ॥
(ਦਸਮ ਗ੍ਰੰਥ, ਪੰਨਾ 716)

ਇਸ ਤੋਂ ਵੀ ਅੱਗੇ ਜਾ ਕੇ ਗੁਰੂ ਸਾਹਿਬ ਨੇ ਅਜਿਹੇ ਜਾਗਤ ਜੋਤਿ ਦੇ ਪੁਜਾਰੀ ਭਲੇ ਪੁਰਸ਼ਾਂ ਵਿਚ ਪੰਚ ਪ੍ਰਤੀਨਿਧਾਂ ਨੂੰ ਗੁਰਿਆਈ ਗੱਦੀ ਦੀ ਸੌਂਪਣਾ ਕੀਤੀ ਤਾਂ ਕਿ ਮਨੁੱਖਤਾ ਕਦੀ ਅਸਮਾਨੀ ਅਵਤਾਰਾਂ ਜਾਂ ਨਬੀਆਂ, ਪੀਰਾਂ ਦੀ ਇੰਤਜ਼ਾਰ ਵਿਚ ਨਾ ਰਹੇ ਤੇ ਨਾ ਹੀ ਅਕਿਰਤੀ ਪੂੰਜੀਦਾਰਾਂ ਦੇ ਚੱਕਰ ਵਿਚ ਫਸੇ। ਵੈਸਾਖੀ ਸਮੇਂ ਗੁਰੂ ਸਾਹਿਬ ਦਾ ਪੰਥ ਖਾਲਸੇ ਤੋਂ ਆਪ ਅੰਮ੍ਰਿਤ ਪਾਨ ਕਰਨਾ, ਇਸ ਦੀ ਅਮਲੀ ਕਾਰਵਾਈ ਸੀ। ਉਹ ਕਹਿ ਰਹੇ ਸਨ,

ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮੇਂ ਹਉਂ ਕਰਉਂ ਨਿਵਾਸ।...
ਖਾਲਸਾ ਮੇਰੋ ਸਤਿਗੁਰ ਪੂਰਾ।
ਖਾਲਸਾ ਮੇਰੋ ਸੱਜਨ ਸੂਰਾ।...
(ਸਰਬਲੋਹ ਗ੍ਰੰਥ, ਪੰਨਾ 667)

ਦੂਜੇ ਸ਼ਬਦਾਂ ਵਿਚ ਇਹ ਇਕ ਬਹੁਤ ਵੱਡੀ ਇਨਕਲਾਬੀ ਗੱਲ ਸੀ ਕਿ ਧਾਰਮਕ ਪੁਰੋਹਿਤੀ ਪੰਡਤਾਂ ਮੁੱਲਾਂ ਤੋਂ ਖੋਹ ਕੇ ਤੇ ਸੰਸਾਰੀ ਚੌਧਰ, ਰਾਜੇ ਰਾਣਿਆਂ ਤੋਂ ਖੋਹ ਕੇ ਪੰਚਾਇਤ ਦੇ ਹਵਾਲੇ ਕੀਤੀ ਜਾ ਰਹੀ ਸੀ। ਇਸ ਤਰ੍ਹਾਂ ਸਤਿਗੁਰਾਂ ਨਵੀਂ ਕਿਸਮ ਦੇ ਧਰਮ-ਪਰਾਇਣ ਲੋਕਤੰਤਰਵਾਦ ਦੀ ਨੀਂਹ ਰੱਖ ਕੇ ਮਨੁੱਖ ਨੂੰ ਸਦਾ ਲਈ ਸ਼ਖਸੀ ਗੁਲਾਮੀ ਤੋਂ ਬਚਾ ਲਿਆ।

## ਨਵਾਂ ਸਾਲ ਮੁਬਾਰਕ

ਫਖ਼ਰੇ ਵਤਨ ਸਾਡੀ ਸੋਹਣੀ ਸਰਕਾਰ ਜੀ,
ਨਵੇਂ ਸਾਲ ਦੀਆਂ ਆਪ ਜੀ ਨੂੰ ਨੇ ਮੁਬਾਰਕਾਂ।
ਤਖ਼ਤਾਂ 'ਤੇ ਬੈਠੇ ਸਿੰਘ ਸਾਹਿਬ ਜਥੇਦਾਰ ਜੀ,
ਨਵੇਂ ਸਾਲ ਦੀਆਂ ਆਪ ਜੀ ਨੂੰ ਨੇ ਮੁਬਾਰਕਾਂ।

ਸਾਡਾ ਇਕੋ ਕੰਮ ਸਦਾ ਸੁੱਖ ਤੁਹਾਡੀ ਮੰਗਣਾ,
ਭੈੜੇ ਕੰਮ ਕਰਨੋਂ ਤੁਸੀਂ ਨਾ ਕਦੀ ਸੰਗਣਾ।
ਕੌਮ ਭਾਵੇਂ ਸਾਰੀ ਸੁੱਟੋ ਵਿਚ ਮੰਝਧਾਰ ਜੀ,
ਨਵੇਂ ਸਾਲ ਦੀਆਂ...।

ਗੁਰੂ ਕੋਲੋਂ ਕਦੀ ਤੁਸੀਂ ਡਰਿਓ ਨਾ ਭੁੱਲ ਕੇ,
ਕੌਮ ਦੀ ਪਲੀਤ ਮਿੱਟੀ ਕਰੋ ਹੋਰ ਖੁੱਲ੍ਹ ਕੇ।
ਆਪਣੇ ਪੰਜਾਬ ਦੇ ਹੋ ਤੁਸੀਂ ਪਹਿਰੇਦਾਰ ਜੀ,
ਨਵੇਂ ਸਾਲ ਦੀਆਂ...।

ਸਾਰੇ ਹੀ ਪੰਜਾਬ ਵਿਚ ਠੇਕੇ ਤੁਸੀਂ ਖੋਲ੍ਹ ਕੇ,
ਰੱਖ'ਤੀ ਪੰਜਾਬ ਦੀ ਜਵਾਨੀ ਸਾਰੀ ਰੋਲ ਕੇ।
ਕਹਿਣ ਨੂੰ ਕੁਹਾਉਂਦੇ ਭਾਵੇਂ ਸਿੰਘ ਸਰਦਾਰ ਜੀ,
ਨਵੇਂ ਸਾਲ ਦੀਆਂ...।

ਪਿੰਡ-ਪਿੰਡ ਬਾਬਿਆਂ ਦੇ ਡੇਰੇ ਹੁਣ ਖੁੱਲ੍ਹ ਗਏ,
ਬਾਬਿਆਂ ਦੇ ਪਿੱਛੇ ਲੋਕੀਂ ਗੁਰੂਆਂ ਨੂੰ ਭੁੱਲ ਗਏ।
ਬੰਦ ਨਾ ਕਰਾਇਓ ਕਦੀ ਝੂਠੇ ਦਰਬਾਰ ਜੀ,
ਨਵੇਂ ਸਾਲ ਦੀਆਂ...।

ਬੜੀ ਚੰਗੀ ਸਾਡੀ ਹੈ ਪੰਜਾਬ ਦੀ ਪੁਲੀਸ ਜੀ,
ਬੇਈਮਾਨੀ ਵਿਚ ਉਹਦੀ ਕਰੇ ਨਾ ਕੋਈ ਰੀਸ ਜੀ।
ਮੂੰਹ 'ਚ ਗਾਲ੍ਹਾਂ ਅੱਖਾਂ 'ਚੋਂ ਸੁੱਟੇ ਅੰਗਿਆਰ ਜੀ,
ਨਵੇਂ ਸਾਲ ਦੀਆਂ...।

ਵੱਡੇ-ਵੱਡੇ ਕਲਮਾਂ ਦੇ ਧਨੀ ਇਥੇ ਫਿਰਦੇ,
ਕਈ ਰਾਹੂ ਕੇਤੂ ਕਈ ਸ਼ਨੀ ਇਥੇ ਫਿਰਦੇ।
ਕਲਮਾਂ ਨੇ ਬਦਲੇ ਨਾ ਜਿਨ੍ਹਾਂ ਦੇ ਵੱਕਾਰ ਜੀ,
ਨਵੇਂ ਸਾਲ ਦੀਆਂ...।

ਅਜੀਤ, ਟ੍ਰਿਬਿਊਨ ਦੇ ਜੋ ਅੱਗੋਂ ਲੰਘ ਜਾਂਦਾ ਏ,
ਉਹਦੇ ਉਤੇ ਵੱਖਰਾ ਹੀ ਰੰਗ ਚੜ੍ਹ ਜਾਂਦਾ ਏ।
ਆ ਕੇ ਅਮਰੀਕਾ ਵਿਚ ਬਣੇ ਸਾਹਿਤਕਾਰ ਜੀ,
ਨਵੇਂ ਸਾਲ ਦੀਆਂ...।

ਰਾਗੀ ਭਾਈ ਵੀਰੋ ਸਾਰੇ ਗੁਰੂ ਨਾਲ ਜੁੜ ਜਾਓ,
ਮੱਥੇ ਉਤੇ ਕੌਮ ਦੇ ਕਲੰਕ ਲਾਉਣੋਂ ਮੁੜ ਜਾਓ।
ਬਣੋ ਹੁਣ ਕੌਮ ਦੇ ਸੁਚੱਜੇ ਪਤਵਾਰ ਜੀ,
ਨਵੇਂ ਸਾਲ ਦੀਆਂ...।

ਸਦਾ ਹੀ ਕਲਮ ਮੇਰੀ ਲਿਖੇ ਤੇਰੇ ਗੀਤ ਜੀ,
ਤੇਰੀ ਮਿਹਰ ਨਾਲ ਹੀ ਮੈਂ ਹੋਈ 'ਸੁਰਜੀਤ' ਜੀ।
ਵੱਸਦਾ ਰਹੇ ਰੱਬਾ ਤੇਰਾ ਸੋਹਣਾ ਸੰਸਾਰ ਜੀ,
ਨਵੇਂ ਸਾਲ ਦੀਆਂ ਆਪ ਜੀ ਨੂੰ ਨੇ ਮੁਬਾਰਕਾਂ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਪਤਿਤ ਦਾ ਪਤਨ

**ਸ਼ਬਦ ਝਰੋਖਾ**



ਬਲਜੀਤ ਬਾਸੀ
ਫੋਨ: 734-259-9353

ਅੱਜ ਕਲ੍ਹ ਸਿੱਖ ਧਰਮ ਵਿਚ 'ਪਤਿਤ' ਸ਼ਬਦ ਦੀ ਨਿਖੇਧੀਸੂਚਕ ਆਸ਼ੇ ਨਾਲ ਬਹੁਤ ਵਰਤੋਂ ਹੋ ਰਹੀ ਹੈ। ਇਸ ਤਰ੍ਹਾਂ ਕਿ ਜਿਵੇਂ ਪਤਿਤ ਸਿੱਖ ਤਾਂ ਮਨੁੱਖ ਹੋਣ ਤੋਂ ਵੀ ਹੇਠਾਂ ਗਿਰ ਚੁੱਕਾ ਹੈ। ਪਤਿਤ ਸਿੱਖ ਨੂੰ ਇਕ ਅਛੂਤ ਵਾਂਗ ਲਿਆ ਜਾਂਦਾ ਹੈ। ਸਾਡੇ ਸਮਾਜ ਵਿਚ ਜਾਤੀਵਾਦ ਦੀ ਜਕੜ ਬਹੁਤ ਕਰੂਰ ਰਹੀ ਹੈ। ਪਤਿਤ ਮਨੁਖ ਆਪਣੀ ਜਾਤੀ ਤੋਂ ਹੀਣੇ ਕਰਮ ਕਰਨ ਵਾਲਾ ਸਮਝਿਆ ਜਾਂਦਾ ਸੀ। ਅਜਿਹਾ ਹੀ ਮਨੁਖ ਧਰਮ ਕਰਮ ਤੋਂ ਵੀ ਡਿਗਿਆ ਸਮਝਿਆ ਜਾਂਦਾ ਸੀ ਭਾਵੇਂ ਧਾਰਮਿਕ ਕਸਵੱਟੀ ਅਨੁਸਾਰ ਪਤਿਤ ਸਮਾਜ ਤੋਂ ਖਾਰਜ ਅਤੇ ਹੋਰ ਆਚਰਣਕ ਕੁਕਰਮਾਂ ਦਾ ਵੀ ਭਾਗੀ ਹੈ। ਹੋਰ ਤਾਂ ਹੋਰ ਪਤਿਤ ਸ਼ਬਦ ਤਾਂ ਨੀਵੀਂ ਜਾਤੀ ਦਾ ਵੀ ਸੂਚਕ ਬਣ ਗਿਆ। ਗੁਰੂ ਰਾਮ ਦਾਸ ਦਾ ਕਥਨ ਹੈ, "ਪਤਿਤ ਜਾਤਿ ਉਤਮ ਭਇਆ।" ਅਰਥਾਤ (ਪਰਮਾਤਮਾ ਦੀ ਉਸਤਤ ਕਰਨ ਨਾਲ) ਨੀਵੀਂ ਜਾਤੀ ਵਿਚ ਪੈਦਾ ਹੋਇਆ ਰਵਿਦਾਸ ਵੀ ਉਤਮ ਬਣ ਗਿਆ, ਚੌਹਾਂ ਵਰਣਾਂ ਦੇ ਲੋਕ ਉਸ ਦੇ ਚਰਨਾਂ ਵਿਚ ਆ ਡਿੱਗੇ। ਗੁਰੂ ਗ੍ਰੰਥ ਸਾਹਿਬ ਵਿਚ ਇਸ ਸ਼ਬਦ ਦੀ ਚੋਖੀ ਵਰਤੋਂ ਹੋਈ ਹੈ। ਪਰ ਹੈਰਾਨੀ ਵਾਲੀ ਗੱਲ ਹੈ ਕਿ ਕਿਧਰੇ ਵੀ ਇਸ ਦੀ ਤਸੱਲੀਬਖਸ਼ ਵਿਆਖਿਆ ਉਪਲਬਧ ਨਹੀਂ।

ਖੈਰ! ਅੱਗੇ ਵਧਣ ਤੋਂ ਪਹਿਲਾਂ ਇਸ ਸ਼ਬਦ ਦੇ ਭਾਸ਼ਾਈ ਪਿਛੋਕੜ ਬਾਰੇ ਕੁਝ ਜਾਣ ਲਈਏ। ਇਹ ਸ਼ਬਦ ਸੰਸਕ੍ਰਿਤ ਦੇ 'ਪਤ' ਧਾਤੂ ਤੋਂ ਬਣਿਆ ਹੈ ਜਿਸ ਦਾ ਅਰਥ ਡਿਗਣਾ, ਗਿਰਨਾ, ਉਡਣਾ ਅਰਥਾਤ ਇਕ ਸਥਾਨ ਤੋਂ ਦੂਜੇ ਸਥਾਨ ਜਾਣਾ ਹੈ। ਪੱਤੇ ਦੇ ਬ੍ਰਿਛ ਤੋਂ ਉਡਣ ਜਾਂ ਉਡਣ ਜਿਹੀ ਕ੍ਰਿਆ, ਸਰਸਰਾਉਣ ਦੇ ਗੁਣ ਕਾਰਨ ਹੀ ਪੱਤਾ ਸ਼ਬਦ ਬਣਿਆ। ਪੱਤ ਸ਼ਬਦ ਵੀ ਪੱਤਿਆਂ ਲਈ ਸਮੂਹਕ ਸੰਗਿਆ ਵਜੋਂ ਵਰਤਿਆ ਜਾਂਦਾ ਹੈ ਜਿਵੇਂ 'ਪੱਤ ਝੜੇ ਪੁਰਾਣੇ ਵੇ, ਰੁੱਤ ਨਵਿਆਂ ਦੀ ਆਈ ਆ।' ਪਤਝੜ ਸ਼ਬਦ ਵਿਚ ਵੀ ਇਹ ਸਾਫ਼ ਝਲਕਦਾ ਹੈ। ਹੋਰ ਦੇਖੋ, "ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨ" -ਗੁਰੂ ਨਾਨਕ ਦੇਵ। ਇਸ ਦੇ ਉੜਨ ਦੇ ਭਾਵ ਤੋਂ ਪਤੰਗ ਤੇ ਪਤੰਗਾ ਸ਼ਬਦ ਵਿਕਸਿਤ ਹੋਏ ਹਨ। ਪੱਤਰ ਜਾਂ ਪੱਤਰਾ ਸ਼ਬਦਾਂ ਵਿਚ ਵੀ ਪੱਤੇ ਦਾ ਭਾਵ ਹੀ ਹੈ। ਪੱਤਰਾ ਵਿਚ ਕਾਗਜ਼ ਦਾ ਵਰਕਾ ਦੇ ਅਰਥ ਵੀ ਸਮਾ ਗਏ ਹਨ ਕਿਉਂਕਿ ਪਹਿਲਾਂ ਪੱਤਿਆਂ ਉਤੇ ਹੀ ਲਿਖਿਆ ਜਾਂਦਾ ਸੀ। ਇਸੇ ਤੋਂ ਅੱਗੇ ਪੰਨਾ ਸ਼ਬਦ ਬਣਿਆ ਜਿਸ ਦਾ ਅਰਥ ਸਫਾ ਹੈ। ਅੰਗਰੇਜ਼ੀ leaf ਦੇ ਵੀ ਇਹ ਦੋਨੋਂ ਅਰਥ ਹਨ। ਪੱਤਰ ਦਾ ਇਕ ਅਰਥ ਚਿੱਠੀ ਅਤੇ ਪਰਚਾ, ਅਖਬਾਰ ਆਦਿ ਵੀ ਬਣ ਗਏ, ਖਾਸ ਤੌਰ 'ਤੇ ਪਤ੍ਰਿਕਾ ਦੇ ਰੂਪ ਵਿਚ। ਪੱਤੀ (ਚਾਹ ਪੱਤੀ ਅਤੇ ਧਾਤ ਦਾ ਪਤਲਾ ਚਪਟਾ ਟੁਕੜਾ) ਅਤੇ ਪੱਤਰੀ (ਜਨਮ ਪੱਤਰੀ) ਇਸ ਸ਼ਬਦ ਦੇ ਹੋਰ ਵਾਧੇ ਹਨ। ਪੱਤ ਸ਼ਬਦ ਵਿਚ ਗਰਮ ਹੋ ਰਹੀ ਰਹੁ ਤੋਂ ਗੁੜ ਵੱਲ ਪਲਟਣ ਦਾ ਹੀ ਭਾਵ ਹੈ।

ਇਸ ਧਾਤੂ ਤੋਂ ਬਣਿਆ ਸਭ ਤੋਂ ਅਹਿਮ ਸ਼ਬਦ ਹੈ 'ਪਤਨ' ਜਿਸ ਵਿਚ ਡਿਗਣ, ਗਿਰਾਵਟ, ਜਵਾਲ, ਉਡਣ ਦੇ ਭਾਵ ਸਪਸ਼ਟ ਦਿਖਾਈ ਦਿੰਦੇ ਹਨ। ਕਿਸੇ ਵੀ ਤਰ੍ਹਾਂ ਦੀ ਵਿਵਸਥਾ ਆਦਿ ਵਿਚ ਆਈ ਗਿਰਾਵਟ ਨੂੰ ਪਤਨ ਕਿਹਾ ਜਾਂਦਾ ਹੈ ਪਰ ਪੰਜਾਬੀ ਵਿਚ ਪਤਨ ਦੇ ਅਰਥ ਭੌਤਿਕ ਨਾਲੋਂ ਭਾਵਵਾਚਕ ਵਧੇਰੇ ਹਨ। ਉਂਜ ਗੁਰਬਾਣੀ ਵਿਚ ਭੌਤਿਕ ਅਰਥਾਂ ਦੀਆਂ ਵੀ ਮਿਸਾਲਾਂ ਮਿਲਦੀਆਂ ਹਨ, 'ਜਿਉ ਦੀਪ ਪਤਨ ਪਤੰਗ' ਅਰਥਾਤ ਜਿਵੇਂ ਪਤੰਗਾ ਦੀਵੇ ਤੇ ਡਿਗਦਾ ਹੈ ਅਤੇ 'ਗਿਰੰਤ ਗਿਰਿ ਪਤਿਤ ਪਾਤਾਲੰ ਜਲੰਤ ਦੇਦੀਪਯਯ ਬੈਸ੍ਵਾਂਤਰਹ।' ਇਥੇ ਪਹਾੜ ਤੋਂ ਪਤਾਲ ਵਿਚ ਗਿਰਨ ਵੱਲ ਸੰਕੇਤ ਹੈ। ਗੁਰਬਾਣੀ ਵਿਚ ਖਾਸ ਤੌਰ 'ਤੇ ਨੈਤਿਕ ਪਤਨ ਦੀ ਗੱਲ ਕੀਤੀ ਗਈ ਹੈ, "ਜੋ ਨਿੰਦੈ ਤਿਸ ਕਾ ਪਤਨ ਹੋਇ" -ਗੁਰੂ ਅਰਜਨ ਦੇਵ। ਗੁਰੂ ਗ੍ਰੰਥ ਸਾਹਿਬ ਵਿਚ ਪਤਿਤ ਸ਼ਬਦ ਦੀ ਬਹੁਤ ਅਧਿਕ ਵਰਤੋਂ ਮਿਲਦੀ ਹੈ, "ਹਉ ਪਾਪੀ ਪਤਿਤੁ ਪਰਮ ਪਾਖੰਡੀ ਤੂ ਨਿਰਮਲੁ ਨਿਰੰਕਾਰੀ" -ਗੁਰੂ ਨਾਨਕ ਦੇਵ। ਗੁਰਬਾਣੀ ਤੇ ਹੋਰ ਧਾਰਮਿਕ ਸਾਹਿਤ ਵਿਚ ਇਹ ਸ਼ਬਦ ਆਮ ਤੌਰ 'ਤੇ ਪਤਿਤ ਦੇ ਨਾਲ ਪੁਨੀਤ, ਪਾਵਨ ਜਾਂ ਉਧਾਰਨ ਲੱਗ ਕੇ ਹੀ ਆਇਆ ਹੈ, "ਪਤਿਤ ਪਾਵਨ ਸੀਤਾ ਰਾਮ"; "ਪਤਿਤ ਪੁਨੀਤ ਦੀਨ ਬੰਧ ਹਰਿ ਸਰਨਿ ਤਾਹਿ ਤੁਮ ਆਵਉ" -ਗੁਰੂ ਤੇਗ ਬਹਾਦਰ। ਸ਼ਬਦ ਜੁੱਟਾਂ ਵਜੋਂ ਆਏ ਅਜਿਹੇ ਲਕਬਾਂ ਵਿਚ ਆਮ ਤੌਰ 'ਤੇ ਪਰਮਾਤਮਾ ਜਾਂ ਉਸ ਦੇ ਨਾਮ ਨਾਲ ਪਤਿਤ ਤੋਂ ਪਵਿਤਰ ਹੋ ਜਾਣ ਦਾ ਸੰਦੇਸ਼ ਹੈ। ਉਂਜ ਪਤਿਤ ਕੌਣ ਹੁੰਦਾ ਹੈ? ਇਸ ਬਾਰੇ ਗੁਰਬਾਣੀ ਵਿਚ ਵਿਸ਼ੇਸ਼ ਤੌਰ 'ਤੇ ਕੁਝ ਨਹੀਂ ਦੱਸਿਆ ਗਿਆ। ਇਸ ਦੇ ਆਮ ਤੌਰ 'ਤੇ ਅਰਥ ਪਾਪੀ ਜਿਹੇ ਹੀ ਕੀਤੇ ਜਾ ਸਕਦੇ ਹਨ ਜੋ ਧਰਮ ਦੀਆਂ ਸਿਖਿਆਵਾਂ ਤੇ ਇਖਲਾਕੀ ਤੌਰ 'ਤੇ ਗਿਰ ਗਿਆ ਹੋਵੇ। 'ਮਹਾਨ ਕੋਸ਼' ਨੇ ਪਤਿਤ ਸ਼ਬਦ ਦੇ ਅਰਥ 'ਪਾਤਕ' ਦੇ ਇੰਦਰਾਜ ਅਧੀਨ ਕੁਝ ਸਪੱਸ਼ਟ ਕੀਤੇ ਹਨ। ਅਸੀਂ ਪਾਤਕ ਸ਼ਬਦ ਨੂੰ ਆਮ ਤੌਰ 'ਤੇ ਸੂਤਕ-ਪਾਤਕ ਸ਼ਬਦ ਜੁੱਟ ਦੇ ਘਟਕ ਵਜੋਂ ਜਾਣਦੇ ਹਾਂ, ਸੂਤਕ ਬੱਚਾ ਜਣਨ ਤੋਂ ਪਿਛੋਂ ਨਿਸਚਿਤ ਸਮੇਂ ਦੀ ਭਿੱਟ ਹੁੰਦੀ ਹੈ ਤੇ ਪਾਤਕ ਮਰੇ ਦੀ। ਗੁਰੂ ਸਾਹਿਬਾਨ ਨੇ ਇਨ੍ਹਾਂ ਦੀ ਨਿੰਦਿਆ ਕੀਤੀ ਹੈ। ਸਿੰਮ੍ਰਤੀਆਂ ਅਨੁਸਾਰ ਦਸ਼ ਪਾਤਕ (ਪਾਪ ਕਰਮ) ਹਨ, ਜਿਨ੍ਹਾਂ ਦੇ ਕਰਨ ਤੋਂ ਪਤਿਤ ਹੋਈਦਾ ਹੈ। ਚੋਰੀ, ਵੇਦ ਵਿਧੀ ਬਿਨਾ ਕੀਤੀ ਹਿੰਸਾ ਅਤੇ ਪਰਇਸਤ੍ਰੀਗਮਨ, ਇਹ ਤਿੰਨ ਪਾਤਕ ਕਾਇਕ (ਸਰੀਰਕ) ਹਨ।

ਕੌੜਾ ਬੋਲਣਾ, ਝੂਠ, ਚੁਗਲੀ ਅਤੇ ਬੇਮੇਲ ਬਕਬਾਦ ਚਾਰੇ ਵਾਣੀ ਦੇ ਪਾਤਕ ਹਨ ਅਤੇ ਦੂਜੇ ਦੇ ਧਨ ਮਾਲ ਲੈਣ ਦਾ ਖਿਆਲ, ਕਿਸੇ ਦਾ ਬੁਰਾ ਚਿਤਵਣਾ ਅਤੇ ਝੂਠਾ ਕਲੰਕ ਲਾਉਣ ਦੀ ਗੋਂਦ ਤਿੰਨੇ ਮਾਨਸਿਕ ਪਾਤਕ ਹਨ। ਹਿੰਦੂ ਮਤ ਦੇ ਧਰਮ ਸ਼ਾਸਤਰਾਂ ਅਨੁਸਾਰ ਪ੍ਰਾਣੀ ਦੇ ਮਰਨ ਪੁਰ ਹੋਈ ਅਪਵਿਤਰਤਾ ਵੀ ਪਾਤਕ ਕਹਾਉਂਦੀ ਹੈ। ਇਹ



ਪਾਤਕ ਬ੍ਰਾਹਮਣ ਦੇ 10 ਦਿਨ, ਕਸ਼ੱਤਰੀ ਦੇ 12 ਦਿਨ, ਵੈਸ਼ ਦੇ 15 ਦਿਨ ਅਤੇ ਸ਼ੂਦਰ ਦੇ 30 ਦਿਨ ਤੱਕ ਰਹਿੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਸ਼ਬਦ ਦੀ ਵਿਸ਼ੇਸ਼ ਵਿਆਖਿਆ ਦੀ ਅਣਹੋਂਦ ਕਾਰਨ ਅਸੀ ਪਤਿਤ ਸ਼ਬਦ ਦੇ ਇਹੋ ਪ੍ਰਚਲਤ ਅਰਥ ਹੀ ਲੈ ਸਕਦੇ ਹਾਂ। ਕੁਝ ਵੀ ਹੋਵੇ ਧਰਮ ਅਨੁਸਾਰ ਨਾਮ ਇਸ ਦਾ ਇਲਾਜ ਹੈ, "ਮਹਾ ਪਤਿਤ ਕੇ ਪਾਤਿਕ ਉਤਰਹਿ ਹਰਿ ਨਾਮਾ ਉਰਿ ਧਾਰੈ" -ਗੁਰੂ ਅਰਜਨ ਦੇਵ।

ਕਹਿਣ ਦਾ ਸਾਰ ਇਹ ਹੈ ਕਿ ਗੁਰਬਾਣੀ ਅਨੁਸਾਰ ਪਤਿਤ ਉਹ ਹੈ ਜੋ ਆਚਰਣ ਤੋਂ ਗਿਰ ਕੇ ਪਾਪ ਕਰਮ ਕਰੇ। ਪਤਿਤ ਦੀ ਇਹ ਵਿਆਖਿਆ ਸਹਿਜ ਧਰਮ ਅਨੁਸਾਰ ਹੈ। ਪਰ ਜਿਉਂ ਜਿਉਂ ਸਿੱਖ ਧਰਮ ਇਕ ਵੱਖਰਾ ਸਥਾਪਤ ਧਰਮ ਬਣਨ ਵੱਲ ਵਧਿਆ, ਇਸ ਨੂੰ ਆਪਣੇ ਵੱਖਰੇ ਪਛਾਣ ਚਿੰਨ੍ਹ ਸਿਰਜਣ ਜਾਂ ਉਨ੍ਹਾਂ ਤੇ ਜ਼ੋਰ ਦੇਣ ਦੀ ਜ਼ਰੂਰਤ ਮਹਿਸੂਸ ਹੋਈ। ਵੀਹਵੀਂ ਸਦੀ ਦੇ ਸ਼ੁਰੂ ਵਿਚ ਚੱਲੀ ਸਿੰਘ ਸਭਾ ਲਹਿਰ ਦੇ ਪ੍ਰਚਾਰ ਦੇ ਸਿੱਟੇ ਵਜੋਂ 1925 ਦੇ ਗੁਰਦੁਆਰਾ ਐਕਟ ਵਿਚ ਇਸ ਨੂੰ ਸ਼ਾਮਿਲ ਕੀਤਾ ਗਿਆ। ਫਿਰ 1954 ਵਿਚ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਰਹਿਤ ਮਰਿਆਦਾ ਨੂੰ ਰਸਮੀ ਸ਼ਕਲ ਦੇ ਦਿੱਤੀ। ਸੋ ਬਣਾਈ ਗਈ ਰਹਿਤ ਮਰਿਆਦਾ ਵਿਚ ਭਾਵੇਂ ਇਨ੍ਹਾਂ ਆਚਰਣਕ ਗਿਰਾਵਟਾਂ ਜਿਵੇਂ ਵਿਭਚਾਰ, ਤਮਾਕੂ ਨਸ਼ਿਆਂ ਅਤੇ ਕੁੱਠਾ ਆਦਿ ਦੇ ਸੇਵਨ ਅਤੇ ਕੁਝ ਹੋਰ ਆਚਰਣਕ ਗਿਰਾਵਟਾਂ ਦੀ ਮਨਾਹੀ ਕੀਤੀ ਗਈ ਪਰ ਸਭ ਤੋਂ ਉਘੜਵੀਂ ਕੁਰਹਿਤ ਮੁੰਡਨ ਅਰਥਾਤ ਕੇਸ ਕਟਾਉਣ ਨੂੰ ਰੱਖਿਆ ਗਿਆ। ਵਿਵਹਾਰ ਰੂਪ ਵਿਚ ਵੀ ਸਿਰ ਦੇ ਕੇਸਾਂ ਨੂੰ ਸਾਬਤ ਰੱਖਣ 'ਤੇ ਹੀ ਜ਼ੋਰ ਦਿੱਤਾ ਜਾਂਦਾ ਹੈ ਕਿਉਂਕਿ ਸਿਰ ਦੇ ਕੇਸ ਹੀ ਸਾਡੇ ਸਰੀਰ ਦਾ ਸਭ ਤੋਂ ਦਰਸ਼ਨੀ ਅੰਗ ਹਨ। ਅੱਜ ਕੇਸਾਂ ਨੂੰ ਕਤਲ ਕਰਨ ਦਾ ਅਰਥਾਵਾਂ ਬਣ ਚੁੱਕਾ ਪਤਿਤ ਸ਼ਬਦ ਇਕ ਗਾਲ ਦਾ ਰੂਪ ਧਾਰ ਚੁੱਕਾ ਹੈ, ਅਜਿਹਾ ਸ਼ਖਸ ਆਚਰਣਕ ਤੌਰ ਤੇ ਭਾਵੇਂ ਕਿੰਨਾ ਵੀ ਸੱਚਾ-ਸੁੱਚਾ ਹੋਵੇ।

ਖੈਰ! ਅਸੀਂ ਪਤਿਤ ਨਾਲ ਸਬੰਧਤ ਹੋਰ ਸ਼ਬਦਾਂ ਵੱਲ ਆਈਏ। ਪਤ ਤੋਂ ਹੀ ਪਾਤ ਸ਼ਬਦ ਬਣਿਆ ਜਿਸ ਦਾ ਇਕ ਅਰਥ ਪੱਤਾ ਹੀ ਹੁੰਦਾ ਹੈ, "ਜੈਸੇ ਬਨ ਹਰ ਪਾਤ" -ਭਗਤ ਕਬੀਰ। ਇਸ ਦੇ ਅਰਥ ਪੰਖ ਵੀ ਹਨ, "ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ" -ਗੁਰੂ ਨਾਨਕ ਦੇਵ। ਉਂਜ ਪੰਖ ਤੇ ਪੰਖੜੀ ਸ਼ਬਦ ਵੀ ਇਸੇ ਤੋਂ ਬਣੇ। ਇਹ ਸ਼ਬਦ ਪਿਛੇਤਰ ਰੂਪ ਵਿਚ ਡਿਗਣ ਦਾ ਅਰਥ ਦਿੰਦਾ ਹੈ ਜਿਵੇਂ ਰਕਤਪਾਤ, ਹਿਮਪਾਤ, ਉਲਕਾਪਾਤ ਆਦਿ। ਪਰ ਪਤ ਧਾਤੂ ਤੋਂ ਬਣਿਆ ਸਭ ਤੋਂ ਵਧ ਵਰਤੋਂ ਵਾਲਾ ਸ਼ਬਦ ਹੈ 'ਪੈ' ਜਾਂ 'ਪੈਣਾ।' "ਪੈ ਪਾਇ ਮਨਾਈ ਸੋਈ" -ਗੁਰੂ ਅਰਜਨ ਦੇਵ। ਇਸ ਦੇ ਭਾਵ ਪਤ ਦੇ ਡਿਗਣ ਵਾਲੇ ਅਰਥਾਂ ਤੋਂ ਹੀ ਵਿਕਸਿਤ ਹੋਏ ਹਨ ਜਿਵੇਂ ਪੈਰੀਂ ਪੈਣਾ ਅਰਥਾਤ ਪੈਰੀਂ ਡਿਗਣਾ। ਪੈਣਾ ਦਾ ਅਰਥ ਲੰਮੇ ਰੁਖ ਹੋਣਾ ਜਾਂ ਸੌਣਾ ਵੀ ਹੈ ਜਿਵੇਂ ਮੰਜੇ 'ਤੇ ਪੈਣਾ। ਇਸ ਤੋਂ ਬਣੇ ਮੁਹਾਵਰਿਆਂ ਦਾ ਕੋਈ ਅੰਤ ਨਹੀਂ ਜਿਵੇਂ ਕਿਸੇ ਨੂੰ ਪੈਣਾ ਜਾਂ ਟੁੱਟ ਕੇ ਪੈਣਾ, ਕੁਝ ਕਰਨਾ ਪੈਣਾ ਆਦਿ। ਇਸੇ ਤੋਂ ਪਟਕਣਾ ਸ਼ਬਦ ਬਣਿਆ ਜਿਸ ਦਾ ਅਰਥ ਕਾਸੇ ਵਿਚ ਮਾਰਨਾ ਹੁੰਦਾ ਹੈ। ਬਿਪਤਾ ਸ਼ਬਦ ਵਿਚ ਵੀ ਇਹ ਧਾਤੂ ਬੋਲਦਾ ਹੈ। ਬਿਪਤਾ=ਬਿ+ਪਾਤ ਅਰਥਾਤ ਜੋ ਮੁਸੀਬਤ ਆਣ ਡਿਗੀ ਹੈ। ਆਪਤ ਜਾਂ ਆਪਦ ਸ਼ਬਦ ਦਾ ਵੀ ਲਗਭਗ ਇਹੋ ਅਰਥ ਹੁੰਦਾ ਹੈ, "ਸੰਪਤ ਹਰਖ ਨਾ ਆਪਤ ਦੂਖਾ", "ਜਹਾਂ ਬੀਸਰੈ ਠਾਕੁਰ ਪਿਆਰੇ ਤਹਾਂ ਦੂਖ ਸਭ ਆਪਦ।" ਅੱਜ ਕਲ੍ਹ ਅਸੀਂ ਹਿੰਦੀਨੁਮਾ ਆਪਾਤ ਕਾਲ ਸ਼ਬਦ ਵੀ ਵਰਤ ਲੈਂਦੇ ਹਾਂ। ਸੰਪਤੀ ਸ਼ਬਦ ਸਮ+ਪਤੀ ਤੋਂ ਬਣਦਾ ਹੈ। ਇਸ ਦਾ ਮੂਲ ਅਰਥ 'ਚੰਗੀ ਤਰ੍ਹਾਂ ਨਿਸ਼ਾਨੇ 'ਤੇ ਪੈਣਾ' ਹੈ। ਇਸ ਤੋਂ ਵਿਕਸਿਤ ਹੋ ਕੇ ਪ੍ਰਾਪਤੀ ਜਾਂ ਲੱਭਤ ਦੇ ਅਰਥ ਬਣੇ ਤੇ ਅੰਤ ਵਿਚ ਸਫਲਤਾ, ਪ੍ਰਾਪਤੀ, ਜਾਇਦਾਦ ਦੇ। ਪਾਤਾਲ ਜਾਂ ਪਤਾਲ ਸ਼ਬਦ ਵਿਚ ਵੀ 'ਥੱਲੇ ਨੂੰ ਡਿਗੀ ਹੋਈ' ਧਰਤੀ ਦਾ ਭਾਵ ਹੈ। ਗੁਰਬਾਣੀ ਵਿਚ ਇਸ ਦਾ ਇਕ ਰੂਪ ਪਇਆਲ ਵੀ ਮਿਲਦਾ ਹੈ।

ਪਤ ਧਾਤੂ ਦੇ ਹੀ ਅਰਥਾਂ ਦਾ ਹਿੰਦ-ਆਰਿਆਈ ਮੂਲਕ ਹੈ pet ਜਾਂ pete. ਇਸ ਦੇ ਅਰਥ ਲਗਭਗ 'ਪਤ' ਵਾਲੇ ਹੀ ਹਨ। ਇਸ ਤੋਂ ਬਹੁਤ ਸਾਰੀਆਂ ਸਬੰਧਤ ਭਾਸ਼ਾਵਾਂ ਦੇ ਸ਼ਬਦ ਵਿਕਸਿਤ ਹੋਏ ਹਨ ਜਿਨ੍ਹਾਂ ਵਿਚੋਂ ਕੁਝ ਦਾ ਜ਼ਿਕਰ ਕਰਾਂਗੇ। ਅੰਗਰੇਜ਼ੀ petition ਦਾ ਮੁਢਲਾ ਅਰਥ ਦੇਵਤੇ ਅੱਗੇ ਡੰਡੌਤ ਕਰਨਾ ਹੈ। ਇਹ ਫਰਾਂਸੀਸੀ ਰਾਹੀਂ ਹੁੰਦਾ ਲਾਤੀਨੀ ਦੇ ਜਿਸ ਸ਼ਬਦ 'ਚੋਂ ਆਇਆ ਹੈ, ਉਸ ਦਾ ਅਰਥ ਧੱਕਣਾ, ਟੁੱਟ ਕੇ ਪੈਣਾ, ਨਿਸ਼ਾਨਾ ਲਾਉਣਾ ਆਦਿ ਹੈ। ਇਸ ਤੋਂ ਵਿਕਸਿਤ ਹੋ ਕੇ ਇਸ ਇਸ ਵਿਚ ਲਭਣਾ, ਖੋਜਣਾ ਆਦਿ ਦੇ ਅਰਥ ਆਏ। ਕਾਨੂੰਨ 'ਚ ਇਸ ਦੇ ਅਰਥ ਦਾਅਵਾ ਕਰਨਾ ਬਣੇ। ਇਸ ਤਰ੍ਹਾਂ ਅਸੀਂ ਪੈਟੀਸ਼ਨ ਦੇ ਅਜੋਕੇ ਅਰਥਾਂ ਦੀ ਸੋਅ ਸੁਣ ਸਕਦੇ ਹਾਂ। ਅੰਗਰੇਜ਼ੀ appetite ਵਿਚਲੇ petite ਘਟਕ ਦਾ ਲਾਤੀਨੀ ਵਿਚ ਅਰਥ ਧਾਉਣਾ, ਲਭਣਾ, ਖੋਜਣਾ, ਭਾਲਣਾ ਆਦਿ ਹੈ। ਖੰਭ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ ਵੀ ਸੁਜਾਤੀ ਹੈ। ਇਥੇ ਪਤ ਧੁਨੀ ਫਦ ਵਿਚ ਬਦਲ ਗਈ। ਗਰੀਕ ਵਿਚ ਇਹ ਧੁਨੀ ptero ਵਿਚ ਬਦਲ ਜਾਂਦੀ ਹੈ ਜਿਸ ਤੋਂ ਖੰਭ ਦੇ ਅਰਥਾਂ ਵਾਲੇ ਸ਼ਬਦ ਬਣੇ। ਇਹ ਸ਼ਬਦ ਅੰਗਰੇਜ਼ੀ ਵਿਚ ਵੀ ਆ ਗਏ ਹਨ ਜਿਵੇਂ ptero-pod ਖੰਭ ਜਿਹੇ ਪੈਰਾਂ ਵਾਲਾ, pterodacty, ਉੜਨੀ-ਕਿਰਲੀ ਆਦਿ।

# ਪੰਜਾਬ ਸਰਕਾਰ ਦੇ ਹਿਤ ਬਨਾਮ ਅਕਾਲ ਤਖਤ

ਸੱਤਾਧਾਰੀ ਅਕਾਲੀਆਂ ਦੀ ਸਿਆਸਤ ਇਕ ਵਾਰੀ ਫਿਰ ਧਰਮ ਉਤੇ ਹਾਵੀ ਹੋਣ ਵਿਚ ਸਫ਼ਲ ਹੋ ਗਈ ਅਤੇ ਧਰਮ ਵਿਚ ਵਿਸ਼ਵਾਸ ਰੱਖਣ ਵਾਲੇ ਲੋਕ, ਇਕ ਵਾਰ ਫਿਰ ਅੱਖਾਂ ਵੀ ਅਤੇ ਹੱਥ ਵੀ ਮਲਦੇ ਰਹਿ ਗਏ। ਅਕਾਲੀ-ਭਾਜਪਾ ਸਰਕਾਰ ਨੇ ਆਪਣੇ ਹਿਤਾਂ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਵਰਤੋਂ ਕੋਈ ਪਹਿਲੀ ਵਾਰ ਨਹੀਂ ਕੀਤੀ ਹੈ। ਇਹ ਕੰਮ ਤਾਂ ਬੜੀ ਦੇਰ ਤੋਂ ਕੀਤਾ ਜਾ ਰਿਹਾ ਹੈ।



ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

ਦੂਜੇ ਪਾਸੇ, ਸਿੱਖ ਵੀ ਭਲੀ ਪ੍ਰਕਾਰ ਜਾਣਦੇ ਹਨ ਕਿ ਤਖ਼ਤ ਸਾਹਿਬਾਨ ਦੇ ਜਥੇਦਾਰ ਜਾਂ ਸਿੰਘ ਸਾਹਿਬ ਤਾਂ ਪੰਜਾਬ ਸਰਕਾਰ ਦੇ ਹੁਕਮ ਵਿਚ ਰਹਿਣ ਅਤੇ ਚਲਣ ਵਾਲੇ ਤਨਖ਼ਾਹਦਾਰ ਮੁਲਾਜ਼ਮ ਹਨ। ਉਨ੍ਹਾਂ ਦੀ ਨਾ ਹੀ ਕੋਈ ਆਪਣੀ ਹਸਤੀ ਹੈ, ਤੇ ਨਾ ਹੀ ਕੋਈ ਆਪਣੀ ਆਜ਼ਾਦ ਸੋਚ, ਬਲਕਿ ਇਨ੍ਹਾਂ ਧਾਰਮਿਕ ਅਹੁਦਿਆਂ 'ਤੇ ਬਿਰਾਜਮਾਨ ਲੋਕ ਤਾਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਸਰਕਾਰੀ ਆਦਮੀ ਹਨ। ਇਹ ਪੰਜਾਬ ਸਰਕਾਰ ਦੀਆਂ ਕਠਪੁਤਲੀਆਂ ਬਣ ਕੇ ਜਿਥੇ ਸਿੱਖਾਂ ਦੇ ਧਾਰਮਿਕ ਅਸਥਾਨਾਂ ਦੀ ਦੁਰਵਰਤੋਂ ਕਰ ਰਹੇ ਹਨ, ਉਥੇ ਇਹ ਲੋਕ ਸਿੱਖ ਧਰਮ ਤੇ ਸਿੱਖਾਂ ਨੂੰ ਵੀ ਕਲੰਕਤ ਕਰ ਰਹੇ ਹਨ।

ਹੁਣ ਹੈਰਾਨੀ ਵਾਲੀ ਗੱਲ, ਭਾਈ ਗੁਰਬਖ਼ਸ਼ ਸਿੰਘ ਖਾਲਸਾ ਹਰਿਆਣੇ ਤੋਂ ਸਿੱਧੇ ਸ੍ਰੀ ਅਕਾਲ ਤਖ਼ਤ ਸਾਹਿਬ ਗਏ, ਉਥੇ ਅਰਦਾਸਾ ਕੀਤਾ ਅਤੇ ਮੁਹਾਲੀ ਦੇ ਗੁਰਦੁਆਰਾ ਅੰਬ ਸਾਹਿਬ ਵਿਚ ਜਾ ਕੇ ਭੁੱਖ ਹੜਤਾਲ 'ਤੇ ਬੈਠ ਗਏ। ਉਨ੍ਹਾਂ ਜੋ ਪ੍ਰਣ ਕੀਤਾ, ਉਹ ਇਹ ਸੀ ਕਿ ਸਿੱਖ ਸੰਘਰਸ਼ ਵੇਲੇ ਦੇ ਜੇਲ੍ਹਾਂ ਵਿਚ ਡੱਕੇ ਹੋਏ ਅਤੇ ਸਜ਼ਾਵਾਂ ਪੂਰੀਆਂ ਹੋਣ ਉਪਰੰਤ ਵੀ ਜੇਲ੍ਹਾਂ ਵਿਚ ਰੁਲ ਰਹੇ ਸਿੱਖ ਕੈਦੀਆਂ ਦੀ ਰਿਹਾਈ ਕਰਵਾਉਣੀ ਹੈ; ਜਾਂ ਤਾਂ ਸਿੰਘਾਂ ਦੀਆਂ ਰਿਹਾਈਆਂ ਹੋਣਗੀਆਂ ਜਾਂ ਫਿਰ ਉਹ ਆਪਣੀ ਕੀਤੀ ਅਰਦਾਸ ਨਿਭਾਉਂਦੇ ਹੋਏ ਸ਼ਹੀਦੀ ਪਾ ਜਾਣਗੇ। ਪੂਰੇ 41 ਦਿਨ ਉਹ ਭੁੱਖ ਦੇ ਦੁੱਖ ਨਾਲ ਤੰਗ ਹੋਏ, ਪੰਜਾਬ ਪੁਲਿਸ ਨੇ ਵੀ ਉਨ੍ਹਾਂ ਨਾਲ ਡਰਾਮੇ ਖੇਡੇ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਜੀ ਵੀ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕਰਦੇ ਰਹੇ, ਪਰ ਅਕਾਲੀ-ਭਾਜਪਾ ਸਰਕਾਰ ਟੱਸ ਤੋਂ ਮੱਸ ਨਾ ਹੋਈ। ਨਾ ਹੀ ਇਸ ਨੇ ਭੁੱਖ ਹੜਤਾਲ ਦਾ ਹੀ ਕੋਈ ਫਿਕਰ ਕੀਤਾ। ਫਿਰ ਅਚਾਨਕ ਹੀ 41ਵੇਂ ਦਿਨ ਦੋ ਜਥੇਦਾਰ ਸਾਹਿਬਾਨ ਨੇ ਹੁਕਮ ਜਾਰੀ ਕਰ ਦਿੱਤਾ ਕਿ ਭੁੱਖ ਹੜਤਾਲ ਖ਼ਤਮ ਕਰ ਦਿਓ। ਹੈਰਾਨੀ ਤਾਂ ਉਦੋਂ ਹੋਈ ਜਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ ਦਿਨ ਚੜ੍ਹਦੇ ਹੀ ਗੁਰਦੁਆਰਾ ਅੰਬ ਸਾਹਿਬ ਜਾ ਹਾਜ਼ਰ ਹੋਏ ਅਤੇ ਭਾਈ ਗੁਰਬਖ਼ਸ਼ ਸਿੰਘ ਖਾਲਸਾ ਨੂੰ ਨਾਲ ਲੈ ਕੇ ਬੰਦ ਕਮਰੇ ਵਿਚ ਪ੍ਰਵੇਸ਼ ਕਰ ਗਏ।

ਤਿੰਨ ਘੰਟੇ ਮਗਰੋਂ ਬੰਦ ਕਮਰੇ ਦਾ ਦਵਾਰ ਖੁੱਲ੍ਹਿਆ ਤਾਂ ਜਥੇਦਾਰ ਸਾਹਿਬਾਨ ਦੇ ਚਿਹਰਿਆਂ ਉਤੇ ਜੇਤੂ ਮੁਸਕਾਨ ਸੀ ਜੋ ਆਖ ਰਹੀ ਸੀ, ਆਹ ਈ ਏ ਨਾ ਭਾਈ ਗੁਰਬਖ਼ਸ਼ ਸਿੰਘ ਖਾਲਸਾ ਜੋ ਸਿੰਘਾਂ ਦੀਆਂ ਰਿਹਾਈਆਂ ਕਰਵਾਉਣ ਲਈ ਭੁੱਖ ਹੜਤਾਲ 'ਤੇ ਸ਼ਹੀਦੀ ਪਾਉਣ ਲਈ ਬੈਠਾ ਸੀ ਅਤੇ ਸ਼ਹੀਦੀ ਉਪਰੰਤ ਪੀ.ਜੀ.ਆਈ. ਨੂੰ ਆਪਣਾ ਸਰੀਰ ਵੀ ਦਾਨ ਕਰੀ ਬੈਠਾ ਸੀ... ਹੁਣ ਇਹ ਜੂਸ ਵੀ ਪੀਵੇਗਾ ਅਤੇ ਲੰਗਰ ਪਾਣੀ ਵੀ ਛਕੇਗਾ; ਨਾ ਹੀ ਸਿੰਘਾਂ ਦੀਆਂ ਰਿਹਾਈਆਂ ਹੋਣਗੀਆਂ ਅਤੇ ਨਾ ਹੀ ਅਸੀਂ ਕਿਸੇ ਨੂੰ ਅਰਦਾਸੇ ਸੋਧ ਕੇ ਮਰਨ ਦਿਆਂਗੇ। ਜੇ ਸਾਡੇ ਜਥੇਦਾਰ ਹੁੰਦਿਆਂ ਕੋਈ ਆਮ



ਸਿੱਖ ਉਠ ਕੇ ਬਚਨਾਂ ਦਾ ਪੂਰਾ-ਸੂਰਾ ਹੋ ਨਿਬੜੇ ਤਾਂ ਸਾਡੀਆਂ ਜਥੇਦਾਰੀਆਂ ਕਿਸ ਕੰਮ? ਜੇ ਅਸੀਂ ਤਖ਼ਤਾਂ ਦੇ ਜਥੇਦਾਰ ਹੁੰਦੇ ਹੋਏ ਵੀ ਆਪਣੀ ਸਰਕਾਰ ਦੇ ਕੰਮ ਨਾ ਆ ਸਕੇ ਤਾਂ ਸਾਡੀ ਜ਼ਿੰਦਗੀ ਧ੍ਰਿਗ ਹੈ। ਬੱਸ, ਥੋੜ੍ਹੀ ਜਿਹੀ ਦੇਰ ਇਸ ਲਈ ਹੋ ਗਈ ਹੈ, ਕਿਉਂਕਿ ਸਾਡੀ ਫਖਰੇ-ਵਤਨ ਸਰਕਾਰ ਜ਼ਰੂਰੀ ਕੰਮਾਂ ਵਿਚ ਮਸਰੂਫ ਸੀ। ਪਹਿਲਾਂ ਦਿੱਲੀ ਦੀਆਂ ਚੋਣਾਂ ਅਤੇ ਫਿਰ ਪੰਜਾਬ ਦਾ ਵਿਸ਼ਵ ਕਬੱਡੀ ਕੱਪ ਜਿਥੇ ਪੰਜਾਬ ਦੇ ਖਾਲੀ ਪਏ ਖ਼ਜ਼ਾਨੇ ਵਿਚੋਂ ਵੀ ਕਰੋੜਾਂ ਰੁਪਏ ਖ਼ਰਚ ਕੇ ਐਸੇ-ਐਸੇ ਲੋਕ ਬੁਲਾਏ ਜੋ ਪੰਜਾਬ ਦੀਆਂ ਫਿਜ਼ਾਵਾਂ ਨੂੰ ਵੀ ਰੱਜ ਕੇ ਨਸ਼ੀਲੀਆਂ ਕਰ ਜਾਣ। ਜਿਥੇ ਅੱਧ-ਨੰਗੀਆਂ ਨਚਾਰਾਂ ਦੇ ਨਾਚ ਸ਼ਰ੍ਹੇਆਮ ਹੋਣ, ਜਿਥੇ ਨਸ਼ੇ ਦੀਆਂ ਤਸਕਰੀਆਂ ਸ਼ਰ੍ਹੇਆਮ ਹੋਣ। ਜਿਹੜੇ ਪੰਜਾਬ ਦੀਆਂ ਸਟੇਜਾਂ 'ਤੇ ਕਦੀ ਯੋਧਿਆਂ ਅਤੇ ਸੂਰਮਿਆਂ ਦੀਆਂ ਵਾਰਾਂ ਗਾਈਆਂ ਜਾਂਦੀਆਂ ਸਨ, ਉਥੇ ਹੁਣ ਸੁਚੱਜੇ ਮੰਤਰੀ ਮੰਡਲ ਦੇ ਮਨੋਰੰਜਨ ਲਈ 'ਲੁੰਗੀ ਡਾਂਸ' ਅਤੇ 'ਗੰਦੀ ਬਾਤ' ਵਰਗੇ ਗਾਣੇ ਸੁਣਾਏ ਜਾਂਦੇ ਹੋਣ, ਫਿਰ ਤੁਸੀਂ ਹੀ ਦੱਸੋ! ਭਲਾ ਸਰਕਾਰ ਕੋਲ ਕਿਹੜਾ ਵਾਧੂ ਟਾਈਮ ਹੈ ਕਿ ਉਹ ਭੁੱਖ ਹੜਤਾਲ 'ਤੇ ਬੈਠੇ ਕਿਸੇ ਬੰਦੇ ਦੀ ਫਿਕਰ ਕਰੇ। ਬਸ, ਹੁਣ ਉਧਰੋਂ ਸਰਕਾਰ ਫਾਰਗ ਹੋਈ, ਤੇ ਨਾਲ ਹੀ ਸਾਨੂੰ ਹੁਕਮ ਆ ਗਿਆ ਕਿ ਕਰੋ ਫਰਮਾਨ ਜਾਰੀ ਤੇ ਲਿਖੋ ਹੁਕਮਨਾਮਾ। ਅਜੇ ਹੁਕਮਨਾਮਾ ਜਾਰੀ ਕੀਤਾ ਹੀ ਸੀ ਕਿ ਫਿਰ ਘੰਟੀ ਖੜਕ ਪਈ ਕਿ ਸਵੇਰੇ ਆਪ ਜਾ ਕੇ ਭਾਈ ਗੁਰਬਖ਼ਸ਼ ਸਿੰਘ ਨਾਲ ਬੈਠ ਕੇ ਚਾਹ-ਨਾਸ਼ਤਾ ਛਕੋ। ਉਸ ਦੀ ਭੁਖ ਹੜਤਾਲ ਖ਼ਤਮ ਕਰਵਾ ਕੇ, ਦਿਓ ਸਰਕਾਰ ਦੇ ਵਫ਼ਾਦਾਰ ਹੋਣ ਦਾ ਸਬੂਤ। ਸੋ, ਅਸੀਂ ਤਾਂ ਉਹੀ ਕੁਝ ਕੀਤਾ ਹੈ ਜੋ ਸਾਡੇ ਆਕਾਵਾਂ ਦਾ ਹੁਕਮ ਸੀ।

ਸੋ, ਜੋ ਹਾਸੋਹੀਣੇ ਹਾਲਾਤ ਅੱਜ ਸਿੱਖਾਂ ਦੇ ਹਨ, ਉਨ੍ਹਾਂ ਵੱਲ ਵੇਖ-ਵੇਖ ਰੋਣਾ ਆਉਂਦਾ ਹੈ ਅਤੇ ਆਪਣੇ ਆਪ ਨੂੰ ਪੁੱਛੀਦਾ ਹੈ ਕਿ ਇਹ ਸਭ ਖੇਲ-ਤਮਾਸ਼ੇ ਕਿਵੇਂ ਅਤੇ ਕਿਉਂ ਹੋ ਰਹੇ ਹਨ?

**ਕੌੜੀ-ਕੁਸੈਲੀ**

ਇਹ ਲੋਕ ਸਿੱਖਾਂ ਦਾ ਹੋਰ ਕਿੰਨਾ ਕੁ ਮਾੜਾ ਹਸ਼ਰ ਕਰਨਾ ਚਾਹੁੰਦੇ ਹਨ? ਕਿਥੇ ਅਰਦਾਸਾ ਕਰ ਕੇ ਭੁੱਖ ਹੜਤਾਲ ਸ਼ੁਰੂ ਕੀਤੀ ਗਈ ਸੀ ਸਮੁੱਚੇ ਸਿੱਖ ਕੈਦੀਆਂ ਦੀ ਰਿਹਾਈ ਲਈ; ਤੇ ਕਿਥੇ ਦੋ ਸਿੰਘਾਂ ਨੂੰ ਪੈਰੋਲ 'ਤੇ ਛੁੱਟੀ ਦੇ ਕੇ ਸਰਕਾਰ ਵੀ ਖੁਸ਼, ਜਥੇਦਾਰ ਵੀ ਖੁਸ਼ ਅਤੇ ਭਾਈ ਗੁਰਬਖ਼ਸ਼ ਸਿੰਘ ਜੀ ਤਾਂ ਬਹੁਤੇ ਹੀ ਖੁਸ਼; ਪਰ ਸਿੱਖ ਕੌਮ ਦਾ ਕੀ ਬਣੇਗਾ ਜਾਂ ਕੀ ਬਣਨਾ ਹੈ? ਇਸ ਨਾਲ ਨਾ ਹੀ ਸਰਕਾਰ ਨੂੰ ਕੋਈ ਮਤਲਬ ਹੈ, ਨਾ ਹੀ ਜਥੇਦਾਰਾਂ ਨੂੰ ਅਤੇ ਨਾ ਹੀ ਭਾਈ ਗੁਰਬਖ਼ਸ਼ ਸਿੰਘ ਨੂੰ!

ਅਸੀਂ ਸਮੂਹ ਸਿੱਖਾਂ ਤੇ ਸਮੁੱਚੀ ਗੁਰੂ ਨਾਨਕ ਨਾਮ ਲੇਵਾ ਸੰਗਤ ਨੂੰ ਬੇਨਤੀ ਕਰਦੇ ਹਾਂ ਕਿ ਗੁਰੂ ਦਾ ਵਾਸਤਾ ਜੇ...ਜਿਥੇ ਵੀ ਹੋ, ਜਿਸ ਮੁਲਕ ਵਿਚ ਵੀ ਹੋ, ਆਓ ਸਾਰੇ ਜਾਗ੍ਰਿਤ ਹੋਈਏ। ਸਾਡੇ ਧਾਰਮਿਕ ਸਥਾਨਾਂ 'ਤੇ ਕਾਬਜ਼ ਲੋਕ ਨਾ ਹੀ ਗੁਰੂ ਦੇ ਵਫ਼ਾਦਾਰ ਹਨ ਅਤੇ ਨਾ ਹੀ ਧਰਮ ਦੇ। ਇਹ ਤਾਂ ਮਸੰਦਾਂ ਅਤੇ ਨਰੈਣੂ ਵਰਗਿਆਂ ਤੋਂ ਵੀ ਹਜ਼ਾਰਾਂ ਕਦਮ ਅੱਗੇ ਲੰਘ ਗਏ ਹਨ। ਅੱਜ ਜੋ ਸਾਡੇ ਸਰਵ-ਉਚਤਮ ਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਹ ਸਰਕਾਰੀਏ ਬੇਹੁਰਮਤੀ ਅਤੇ ਦੁਰਵਰਤੋਂ ਕਰ ਰਹੇ ਹਨ, ਤੇ ਆਪਣੀਆਂ ਚੌਧਰਾਂ ਜਾਂ ਜਥੇਦਾਰੀਆਂ ਬਚਾਉਣ ਲਈ ਸਰਕਾਰ ਦੇ ਪਿੱਠੂ ਬਣ ਕੇ ਸਿੱਖ ਸਿਧਾਂਤ ਰੋਲ ਰਹੇ ਹਨ, ਉਹ ਨਾ-ਕਾਬਲੇ-ਬਰਦਾਸ਼ਤ ਹੈ। ਖਾਲਸਾ ਜੀ! ਜਾਗੋ, ਉਠੋ ਤੇ ਆਓ ਆਪਣੇ ਧਾਰਮਿਕ ਸਥਾਨਾਂ ਨੂੰ ਆਜ਼ਾਦ ਕਰਾਈਏ। ਆਪਣੇ ਧਾਰਮਿਕ ਸਥਾਨਾਂ ਦੀ ਵਿਲੱਖਣਤਾ ਅਤੇ ਨਿਆਰੀ ਹਸਤੀ ਬਰਕਰਾਰ ਰੱਖਣ ਲਈ ਫਿਰ ਸਾਰੀ ਕੌਮ ਸਾਰਾ ਪੰਜਾਬ ਇਕ ਜੁਟ, ਇਕ ਵਿਚਾਰ ਹੋ ਕੇ ਤੁਰੇ ਤੇ ਆਪਣੇ ਹੱਕਾਂ ਦੀ ਰਾਖੀ ਕਰੇ। ਇਹ ਸਮੇਂ ਦੀ ਪਹਿਲੀ ਲੋੜ ਹੈ।

ਕਹਾਣੀ

# ਖੱਬਲ

**ਕੁਲਵੰਤ ਸਿੰਘ ਵਿਰਕ**

***1947 ਦੀ ਖੂਨੀ ਵੰਡ ਬਾਰੇ ਪੰਜਾਬੀ ਸਾਹਿਤ ਦੀ ਝੋਲੀ ਭਰੀ ਪਈ ਹੈ। ਇਸ ਝੋਲੀ ਵਿਚ ਦੁੱਖ ਅਤੇ ਦਰਦ, ਮਘਦੇ ਕੋਲਿਆਂ ਵਾਂਗ ਲਗਾਤਾਰ ਸੇਕ ਛੱਡ ਰਹੇ ਹਨ। ਪੰਜਾਬੀ ਦੇ ਮਿਸਾਲੀ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਦੀ ਸ਼ਾਹਕਾਰ ਕਹਾਣੀ 'ਖੱਬਲ' ਇਸੇ ਰੰਗ ਦੀ ਰਚਨਾ ਹੈ, ਪਰ ਇਸ ਕਹਾਣੀ ਵਿਚ ਜ਼ਿੰਦਗੀ ਦੀ ਲਗਾਤਾਰਤਾ ਝਾਤੀਆਂ ਮਾਰਦੀ ਹੈ। ਇਸ ਝਾਤੀ ਦੇ ਪਿੱਛੇ ਲੋਹੜੇ ਦਾ ਦਰਦ ਲੁਕਿਆ ਹੋਇਆ ਹੈ। ਇਹ ਉਹ ਸਮਾਂ ਸੀ ਜਦੋਂ ਹਾਲਾਤ ਨੇ ਮਨੁੱਖਤਾ ਨੂੰ ਟੁੱਕ-ਪੱਛ ਛੱਡਿਆ ਸੀ, ਪਰ ਇੰਨੀ ਵੱਢ-ਟੁੱਕ ਤੋਂ ਬਾਅਦ ਵੀ ਜੀਣ ਦੀ ਲਲ੍ਹਕ, ਕਿਸੇ ਚਮਤਕਾਰ ਤੋਂ ਘੱਟ ਨਹੀਂ ਜਾਪਦੀ; ਨਾਲੇ ਚਮਤਕਾਰ ਵੀ ਅਜਿਹਾ ਜਿਸ ਵਿਚ ਜ਼ਿੰਦਗੀ ਦੀਆਂ ਹਕੀਕਤਾਂ ਨਾਸੂਰ ਬਣ ਕੇ ਬੈਠ ਗਈਆਂ ਹੋਣ। ਜ਼ਿੰਦਗੀ ਦੀਆਂ ਇਨ੍ਹਾਂ ਹਕੀਕਤਾਂ ਨੂੰ ਵਿਰਕ ਨੇ ਬਹੁਤ ਥੋੜ੍ਹੇ ਸ਼ਬਦਾਂ ਵਿਚ ਬਿਆਨ ਕੀਤਾ ਹੈ। ਇਸ ਬਿਆਨ ਵਿਚ ਨਦੀ ਦੇ ਵਹਾਅ ਵਰਗਾ ਸੱਚ ਹੈ। ਕਹਾਣੀਕਾਰ ਨੇ ਇਸ ਸੱਚ ਨਾਲ ਕੋਈ ਛੇੜ-ਛਾੜ ਨਹੀਂ ਕੀਤੀ। ਇਸੇ ਕਰ ਕੇ ਇਹ ਕਹਾਣੀ ਅੱਜ ਵੀ ਉਸੇ ਦਰਦ ਨੂੰ ਮਹਿਸੂਸ ਕਰਵਾ ਜਾਂਦੀ ਹੈ। -ਸੰਪਾਦਕ***

ਇਹ ਕਹਾਣੀ ਪਾਕਿਸਤਾਨ ਦੀ ਹੈ।

ਪਾਕਿਸਤਾਨ ਬਣੇ ਨੂੰ ਅਜੇ ਤਿੰਨ ਚਾਰ ਮਹੀਨੇ ਹੀ ਹੋਏ ਸਨ। ਇਥੇ ਹਰ ਸ਼ੈ ਉਖੜੀ ਉਖੜੀ ਲਗਦੀ ਸੀ। ਥਾਣਿਆਂ, ਚੌਕੀਆਂ ਵਿਚ ਸਾਮਾਨ ਦੇ ਢੇਰ ਲੱਗੇ ਹੋਏ ਸਨ। ਟਰੰਕ, ਪਲੰਘ, ਪੰਘੂੜੇ, ਮੇਜ਼, ਸੋਫ਼ਾ ਸੈਟ, ਤਸਵੀਰਾਂ ਸਭ ਆਪੋ ਆਪਣੀਆਂ ਥਾਂਵਾਂ ਤੋਂ ਉਖੜ ਕੇ ਥਾਣੇ ਆ ਗਈਆਂ ਸਨ। ਭਲਾ ਪੰਘੂੜਿਆਂ ਤੇ ਤਸਵੀਰਾਂ ਦਾ ਥਾਣਿਆਂ ਵਿਚ ਕੀ ਕੰਮ? ਕਦੀ ਇਨ੍ਹਾਂ ਦੀ ਘਰਾਂ ਵਿਚ ਕੋਈ ਖ਼ਾਸ ਥਾਂ ਹੋਣੀ ਏਂ। ਉਸ ਵੇਲੇ ਘਰ ਵਾਲਿਆਂ ਦਾ ਖ਼ਿਆਲ ਹੋਣਾ ਏਂ ਕਿ ਜੇ ਇਹ ਉਸ ਥਾਂ ਤੋਂ ਬਿਨਾ ਕਿਸੇ ਹੋਰ ਥਾਂ ਰੱਖੇ ਜਾਣ ਤਾਂ ਬੜੇ ਕੋਝੇ ਲੱਗਣ। ਪਰ ਇਸ ਵੇਲੇ ਇਹ ਇਥੇ ਇਕ ਢੇਰ ਵਿਚ ਪਏ ਹੋਏ ਸਨ। ਘਰਾਂ ਦੇ ਭਾਂਡੇ, ਅਲਮਾਰੀਆਂ, ਪੜਛੱਤੀਆਂ ਤੇ ਚੌਂਕਿਆਂ ਵਿਚੋਂ ਨਿਕਲ ਕੇ ਸਰਕਾਰੀ ਦਫ਼ਤਰਾਂ ਦੇ ਸਾਹਮਣੇ ਢੇਰ ਹੋਏ ਪਏ ਸਨ। ਇਨ੍ਹਾਂ ਨੂੰ ਹੁਣ ਕਦੀ ਕਿਸੇ ਮਾਂਜਿਆ ਨਹੀਂ, ਲਿਸ਼ਕਾਇਆ ਨਹੀਂ ਸੀ, ਗਿਣਿਆ ਨਹੀਂ ਸੀ। ਕਿਸੇ ਇਸਤਰੀ ਮਨੁੱਖ ਦਾ ਹੱਥ ਲੱਗਿਆਂ ਵੀ ਕਈ ਮਹੀਨੇ ਹੋ ਗਏ ਸਨ।

ਪਾਕਿਸਤਾਨ ਵਿਚ ਹਰ ਸ਼ੈ ਉਖੜੀ ਉਖੜੀ ਸੀ। ਕਈਆਂ ਘਰਾਂ ਵਿਚ ਆਪਣੀਆਂ ਖੁਰਲੀਆਂ ਤੋਂ ਉਖੜੇ ਹੋਏ ਡੰਗਰ ਵੀ ਸਨ। ਤਰੁਠੀਆਂ ਹੋਈਆਂ ਅੱਖਾਂ ਨਾਲ ਉਹ ਦਵਾਲਿਉਂ ਵੇਖਦੇ ਤੇ ਓਪਰੀਆਂ ਥਾਂਵਾਂ 'ਤੇ ਡਰ ਡਰ ਕੇ ਪੈਰ ਧਰਦੇ। ਇਸ ਉਥਲ ਪੁੱਥਲ ਵਿਚ ਕੇਵਲ ਧਰਤੀ ਹੀ ਆਪਣੇ ਥਾਂ ਪੱਕੀ ਸੀ ਤੇ ਇਸ ਧਰਤੀ 'ਤੇ ਅਨੇਕਾਂ ਉਖੜੇ ਹੋਏ ਸ਼ਰਨਾਰਥੀ ਰਿੜ੍ਹਦੇ ਫਿਰਦੇ। ਵਾਹਗੇ ਦੇ ਵੱਡੇ ਕੈਂਪ ਤੋਂ ਇਨ੍ਹਾਂ ਨੂੰ ਅਗ੍ਹਾਂ ਠੇਲ੍ਹ ਦਿਤਾ ਜਾਂਦਾ ਤੇ ਫਿਰ ਇਹ ਸ਼ਰਨਾਰਥੀ ਜ਼ਿਲ੍ਹਿਉਂ ਜ਼ਿਲ੍ਹੇ ਤੇ ਪਿੰਡੋ ਪਿੰਡ ਪੈਦਲ ਜਾਂ ਗੱਡਿਆਂ ਵਿਚ ਜ਼ਮੀਨ ਦੀ ਭਾਲ ਵਿਚ ਭੌਣ ਲੱਗ ਪੈਂਦੇ।

ਸ਼ਰਨਾਰਥੀ ਤੇ ਸ਼ਰਨਾਰਥੀ, ਪੁਰਾਣੇ ਲੋਕ ਵੀ ਉਖੜ ਗਏ ਸਨ। ਬਰਾਦਰੀ ਵਾਲਿਆਂ ਦੀਆਂ ਬਰਾਦਰੀਆਂ ਟੁਰ ਗਈਆਂ ਸਨ ਤੇ ਯਾਰਾਂ ਦੇ ਯਾਰ। ਮਜ਼ਦੂਰਾਂ ਦੇ ਮਿੱਲ ਮਾਲਿਕ ਚਲੇ ਗਏ ਸਨ ਤੇ ਮਿੱਲ ਵਾਲਿਆਂ ਦੇ ਮਜ਼ਦੂਰ ਤੇ ਇਨ੍ਹਾਂ ਸਾਰਿਆਂ ਦੀ ਥਾਂ ਨਵੇਂ ਲੋਕ ਆ ਗਏ ਸਨ। ਇਹ ਨਵੇਂ ਲੋਕ ਕਿਸ ਤਰ੍ਹਾਂ ਦੇ ਸਨ, ਗੰਦੇ ਜਿਹੇ, ਬੌਂਤਰੇ ਹੋਏ! ਪੁਰਾਣੇ ਲੋਕਾਂ ਵਿਚ ਘੁਲ ਮਿਲ ਨਹੀਂ ਸਕਦੇ ਸਨ। ਸਲਾਮਾਲੈਕਮ ਆਖ ਕੇ ਕੋਲ ਬੈਠ ਕੇ ਗੱਲਬਾਤ ਨਹੀਂ ਕਰਦੇ ਸਨ ਸਗੋਂ ਬੂਹੇ ਵਿਚ ਖਲੋ ਕੇ ਝਾਕਦੇ ਰਹਿੰਦੇ। ਜੇ ਕਵਾਓ ਵੀ, ਤਾਂ ਵੀ ਨਾ ਕੂੰਦੇ। ਇਨ੍ਹਾਂ ਲੋਕਾਂ ਨੇ ਤੇ ਪਿੰਡਾਂ ਦੀਆਂ ਜੜ੍ਹਾਂ ਹਲਾ ਦਿੱਤੀਆਂ ਸਨ। ਪੁਰਾਣੇ ਵਸਨੀਕਾਂ ਨੂੰ ਵੀ ਆਪਣੇ ਪਿੰਡ ਓਪਰੇ ਓਪਰੇ ਲੱਗਣ ਲੱਗ ਪਏ ਸਨ। ਕਿਉਂਕਿ ਉਹ ਉਸ ਤਰ੍ਹਾਂ ਦੇ ਪਿੰਡ ਨਹੀਂ ਰਹੇ ਸਨ ਜਿਨ੍ਹਾਂ ਵਿਚ ਉਹ ਜੰਮੇ ਪਲੇ ਸਨ। ਉਨ੍ਹਾਂ ਦੀਆਂ ਹਵੇਲੀਆਂ ਕੋਲੋਂ ਲੰਘਦੇ ਨਹਿਰਾਂ ਰਜਵਾਹੇ ਵੀ ਬੇਗਾਨੇ ਹੋ ਗਏ ਸਨ। ਉਹ ਉਥੋਂ ਹੁਣ ਵੁਜ਼ੂ ਨਹੀਂ ਕਰ ਸਕਦੇ ਸਨ। ਕਈ ਦਿਨ ਇਨ੍ਹਾਂ ਨਹਿਰਾਂ ਦਾ ਪਾਣੀ ਲਾਲ ਆਉਂਦਾ ਰਿਹਾ ਸੀ ਤੇ ਕਈ ਸਾਬਤ ਮੁਰਦੇ ਤੇ ਕਈਆਂ ਦੀਆਂ ਲੱਤਾਂ ਬਾਹਾਂ ਰੁੜ੍ਹਦੀਆਂ ਆਉਂਦੀਆਂ ਰਹੀਆਂ ਸਨ। ਇਸ ਪਾਣੀ ਨਾਲ ਹੁਣ ਵੁਜ਼ੂ ਕਿਸ ਤਰ੍ਹਾਂ ਕੀਤਾ ਜਾ ਸਕਦਾ ਸੀ। ਉਹ ਤੇ ਆਪਣੇ ਅੰਵਾਣਿਆਂ ਨੂੰ ਵੀ ਇਨ੍ਹਾਂ ਵਿਚ ਨਹਾਉਣ ਤੋਂ ਹਟਕ ਦੇਂਦੇ। ਅਸਲ ਵਿਚ ਹਰ ਸ਼ੈ ਉਲਟ ਪੁਲਟ ਹੋਈ ਹੋਈ ਸੀ ਤੇ ਆਪਣੀ ਪੁਰਾਣੀ ਹਾਲਤ ਵੱਲ ਆਉਣ ਦਾ ਚਾਰਾ ਕਰ ਰਹੀ ਸੀ। ਹਰ ਸ਼ੈ ਆਪਣੀ ਆਪਣੀ ਥਾਂ ਨੂੰ ਅੜਾਣ ਦੀ, ਪੈਰ ਜਮਾਉਣ ਦੀ ਕੋਸ਼ਿਸ਼ ਕਰ ਰਹੀ ਸੀ। ਹਰ ਚੀਜ਼ ਪੁਨਰ ਸਥਾਪਨ ਮੰਗਦੀ ਸੀ।

"ਮੁਲਕ ਤੇ ਤਬਾਹ ਹੋ ਗਿਆ ਏ", ਇਕ ਗੱਭਰੂ ਜੱਟ ਨੇ ਆਪਣੇ ਆਲੇ ਦੁਆਲੇ ਦੀ ਉਜਾੜ ਵੇਖ ਕੇ ਆਪਣੇ ਬੁੱਢੇ ਪਿਓ ਨੂੰ ਕਿਹਾ।

"ਹੋ ਤੇ ਹੱਕੀ ਗਿਆ ਏ, ਪਰ ਆਹ ਵੇਖਾਂ ਦੁਨੀਆਂ ਕਿਧਰੇ ਥਾਓਂ ਥਾਈਂ ਬਹਿ ਜਾਂਦੀ ਏ ਤੇ ਸਭ ਖੈਰ ਮਿਹਰ ਹੋ ਜਾਏਗੀ।"

"ਇਹ ਤੇ ਐਵੇਂ ਗੱਲਾਂ ਨੇ, ਬਹਿ ਇਨ੍ਹਾਂ ਵਿਚਾਰਿਆਂ ਕਿਥੇ ਜਾਣਾ ਏ, ਇਹ ਤੇ ਗਰਾਹੀ ਨਹੀਂ ਫੜ ਕੇ ਆਪਣੇ ਮੂੰਹ ਵਿਚ ਪਾਣ ਜੋਗੇ।"

"ਨਹੀਂ ਓਇ ਕਮਲਿਆ! ਐਵੇਂ ਜਾਪਦਾ ਈ ਏ। ਆਹ ਵੇਖਾਂ ਖੱਬਲ ਹੁੰਦਾ ਏ ਪੈਲੀ ਵਿਚ। ਜਦੋਂ ਵਾਹੀਦੀ ਏ, ਕੋਈ ਫ਼ਰਕ ਤੇ ਨਹੀਂ ਨਾ ਕਰੀਦਾ ਉਹਦੇ ਨਾਲ? ਸਾਰਾ ਜੜ੍ਹੋਂ ਪੁੱਟ ਪੁੱਟ ਕੇ ਪੈਲੀਓਂ ਬਾਹਰ ਸੁੱਟੀਦਾ ਏ। ਪਰ ਦਸਾਂ ਦਿਨਾਂ ਮਗਰੋਂ ਫਿਰ ਕੋਈ ਨਾ ਕੋਈ ਤਿੜ ਫੁੱਟ ਆਉਂਦੀ ਏ ਤੇ ਮਹੀਨੇ ਮਗਰੋਂ ਇਸ ਤਰ੍ਹਾਂ ਜਾਪਦਾ ਏ ਜਿਵੇਂ ਪੈਲੀ ਕਦੀ ਕਿਸੇ ਵਾਹੀ ਹੀ ਨਹੀਂ ਹੁੰਦੀ।"

ਅਸਲ ਵਿਚ ਕਿਧਰੇ ਕਿਧਰੇ ਇਸ ਬੁਢੇ ਦੀ ਗੱਲ ਵਿਚ ਸੱਚਾਈ ਦਿਸ ਰਹੀ ਸੀ। ਜਿਨ੍ਹਾਂ ਲੋਕਾਂ ਨੂੰ ਜ਼ਮੀਨ ਮਿਲ ਜਾਂਦੀ, ਉਹ ਕੁਝ ਟਿਕ ਜਿਹੇ ਜਾਂਦੇ। ਕੱਚੀਆਂ ਅਲਾਟ ਹੋਈਆਂ ਪੈਲੀਆਂ ਉਨ੍ਹਾਂ ਦੀ ਰੂਹ ਨੂੰ ਧਰਵਾਸ ਦਿੰਦੀਆਂ। ਆਪਣੇ ਨਵਿਆਂ ਵਾੜਿਆਂ ਦੇ ਨੇੜੇ ਉਹ ਨਿਕੇ ਨਿਕੇ ਟੋਏ ਪੁੱਟ ਕੇ ਉਨ੍ਹਾਂ ਵਿਚ ਗੋਹਿਆਂ ਦੀ ਅੱਗ ਧੁਖਾਈ ਰਖਦੇ ਤੇ ਜਦੋਂ ਜੀ ਕਰਦਾ, ਹੁੱਕੇ ਤੇ ਰੱਖ ਕੇ ਇਕੱਠੇ ਬੈਠ ਕੇ ਪੀਂਦੇ। ਸਹਿਜੇ ਸਹਿਜੇ ਉਨ੍ਹਾਂ ਦੀਆਂ ਮੱਝੀਂ ਦਾ ਵੀ ਤ੍ਰੌਹ ਲਹਿ ਜਾਂਦਾ। ਵਾੜਿਆਂ ਦੇ ਅੰਦਰ ਉਹ ਵਣਾਂ ਦੀਆਂ ਟਾਹਣੀਆਂ ਨਾਲ ਆਪਣੇ ਸਿੰਙਾਂ ਪਿਛਲੇ ਥਾਂ ਨੂੰ ਖੁਰਕ ਕਰਦੀਆਂ ਤੇ ਕਦੀ ਮੌਜ ਵਿਚ ਆਈਆਂ ਆਪਣੇ ਪਿੰਡੇ ਨੂੰ ਵਾੜੇ ਦੀਆਂ ਕੰਧਾਂ ਨਾਲ ਘਸਰਦੀਆਂ। ਜਦੋਂ ਤਸੀਲਦਾਰ ਜਾਂ ਕੋਈ ਹੋਰ ਅਫ਼ਸਰ ਇਨ੍ਹਾਂ ਲੋਕਾਂ ਦੇ ਨਵੇਂ ਪਿੰਡ ਵਿਚ ਆਉਂਦਾ ਤਾਂ ਉਨ੍ਹਾਂ ਵਿਚੋਂ ਕਈ ਆਪਣੇ ਆਪ ਨੂੰ ਪੈਂਚ ਜ਼ਾਹਰ ਕਰਨ ਦੀ ਕੋਸ਼ਿਸ਼ ਕਰਦੇ। ਪਿੰਡ ਦੇ ਸਾਂਝੇ ਦੁਖ ਤਕਲੀਫ਼ਾਂ ਉਹ ਤਸੀਲਦਾਰ ਨੂੰ ਸੁਣਾਉਂਦੇ ਤੇ ਇਸ ਤਰ੍ਹਾਂ ਸਾਰੇ ਲੋਕਾਂ ਦੀ ਪ੍ਰਤੀਨਿਧਤਾ ਕਰ ਕੇ ਪਿੰਡ ਵਿਚ ਆਪਣੀ ਲੀਡਰੀ ਦਾ ਮੁੱਢ ਬੰਨ੍ਹਦੇ। ਸਾਧਾਰਨ ਜਿਹੀਆਂ ਗੱਲਾਂ ਨਾਲ ਜਿਵੇਂ ਲੋਕਾਂ ਨੂੰ ਪਿਛ੍ਹਾਂ ਬਿਠਾ ਕੇ, 'ਸਿਰਫ਼ ਇਕ ਆਦਮੀ ਬੋਲੇ' ਕਹਿ ਕੇ, ਅਫ਼ਸਰ ਨੂੰ ਹੁੱਕਾ ਪਾਣੀ ਪੁੱਛ ਕੇ ਉਹ ਉਸ ਦਾ ਧਿਆਨ ਆਪਣੇ ਵੱਲ ਖਿੱਚਦੇ। ਇਹ ਗੱਲਾਂ ਦੱਸਦੀਆਂ ਸਨ ਕਿ ਇਸ ਧੱਕੇ ਨੇ ਵੀ ਉਨ੍ਹਾਂ ਨੂੰ ਅਸਲੋਂ ਠੰਢਾ ਨਹੀਂ ਕੀਤਾ ਸੀ।



ਇਹੋ ਜਿਹੇ ਉੱਜੜ ਰਹੇ, ਵਸ ਰਹੇ, ਪਾਕਿਸਤਾਨ ਵਿਚ ਮੈਂ ਭਾਰਤ ਸਰਕਾਰ ਵਲੋਂ ਲਾਇਜ਼ਾਨ ਅਫ਼ਸਰ ਮੁਕੱਰਰ ਹੋਇਆ ਸਾਂ।

ਮੇਰਾ ਕੰਮ ਧੱਕੋ-ਧੱਕੀ ਉਧਾਲੀਆਂ ਇਸਤਰੀਆਂ ਦੇ ਬਦੋ-ਬਦੀ ਮੁਸਲਮਾਨ ਬਣਾਏ ਟੱਬਰਾਂ ਨੂੰ ਛੁਡਾ ਕੇ ਵਾਪਸ ਹਿੰਦੁਸਤਾਨ ਅਪੜਾਣਾ ਸੀ। ਹਿੰਦੁਸਤਾਨੀ ਫ਼ੌਜ ਦਾ ਇਕ ਦਸਤਾ ਤੇ ਪਾਕਿਸਤਾਨੀ ਸਪੈਸ਼ਲ ਪੁਲਿਸ ਦੇ ਕੁਝ ਸਿਪਾਹੀ ਮੇਰੀ ਸਹਾਇਤਾ ਲਈ ਸਨ।

ਹੋਰ ਗੁੰਮ ਹੋਈਆਂ ਚੀਜ਼ਾਂ ਦੇ ਭਾਲਣ ਵਾਂਗੂੰ ਕੁੜੀਆਂ ਭਾਲਣ ਦਾ ਕੰਮ ਔਖਾ ਵੀ ਸੀ ਤੇ ਸੌਖਾ ਵੀ। ਕਦੀ ਕਦੀ ਤੇ ਕੋਈ ਕੁੜੀ ਥੋੜ੍ਹੀ ਜਿਹੀ ਮਿਹਨਤ ਨਾਲ ਹੀ ਮਿਲ ਜਾਂਦੀ ਤੇ ਕਈ ਵਾਰੀ ਕੋਈ ਕੁੜੀ ਬਹੁਤ ਭਾਲਣ 'ਤੇ ਵੀ ਹੱਥ ਨਾ ਆਉਂਦੀ। ਪਾਕਿਸਤਾਨ ਪੁਲਿਸ ਵਾਲੇ ਭਾਵੇਂ ਉਨ੍ਹਾਂ ਨੂੰ ਮੁੜਾਣ ਵਿਚ-ਉਹ ਇਸ ਨੂੰ ਬਰਾਮਦ ਕਰਨਾ ਆਖਦੇ ਸਨ-ਥੋੜ੍ਹੀ ਬਹੁਤ ਸਹਾਇਤਾ ਕਰ ਦਿੰਦੇ ਪਰ ਆਪ ਪਤਾ ਘਟ ਵੱਧ ਹੀ ਦਿੰਦੇ। ਫਿਰ ਵੀ ਜਦ ਕਦੀ ਉਹ ਦਿਲੋਂ ਹੋ ਕੇ ਨਾਲ ਟੁਰ ਪੈਂਦੇ ਤਾਂ ਕੰਮ ਅਸਲੋਂ ਹੀ ਸੌਖਾ ਹੋ ਜਾਂਦਾ।

ਜਿਸ ਵੇਰ ਦੀ ਇਹ ਗੱਲ ਹੈ, ਉਸ ਵੇਰ ਇਲਾਕੇ ਦਾ ਥਾਣੇਦਾਰ ਨਾ ਕੇਵਲ ਮੇਰੇ ਨਾਲ ਹੀ ਤੁਰਿਆ ਸਗੋਂ ਉਧਾਲੀ ਹੋਈ ਔਰਤ ਦਾ ਪਤਾ ਵੀ ਮੈਨੂੰ ਉਸੇ ਨੇ ਹੀ ਦੱਸਿਆ। ਉਸ ਇਹ ਵੀ ਦੱਸਿਆ ਕਿ ਔਰਤ ਉਸੇ ਥਾਣੇ ਦੇ ਇਕ ਪਿੰਡ ਦੇ ਨੰਬਰਦਾਰ ਦੀ ਨੂੰਹ ਸੀ। ਜਿਸ ਪਿੰਡ ਅਸਾਂ ਜਾਣਾ ਸੀ, ਉਹ ਪਿੰਡ ਪੱਕੀ ਸੜਕ ਤੋਂ ਬੜੀ ਦੂਰ ਸੀ। ਢੇਰ ਚਿਰ ਅਸੀਂ ਕੱਚੀਆਂ ਸੜਕਾਂ 'ਤੇ ਪਹਿਆਂ ਉਤੇ ਖੱਜਲ ਹੁੰਦੇ ਰਹੇ।

ਜਦ ਅਸੀਂ ਪਿੰਡ ਅਪੜੇ ਤਾਂ ਪਿੰਡ ਦੇ ਚੌਧਰੀ ਥਾਣੇਦਾਰ ਦੇ ਸਵਾਗਤ ਲਈ ਇਕੱਠੇ ਹੋ ਗਏ। ਪਾਕਿਸਤਾਨ ਵਿਚ ਉਸ ਵੇਲੇ ਸਰਕਾਰ ਦਾ ਬੜਾ ਰੁਹਬ ਸੀ। ਥਾਣੇਦਾਰ ਨੇ ਉਸ ਔਰਤ ਦਾ ਪਤਾ ਪੁਛਿਆ ਤਾਂ ਉਨ੍ਹਾਂ ਚੌਧਰੀਆਂ ਨੇ ਝਟ ਉਸ ਨੂੰ ਇਕ ਕੋਠਾ ਵਿਖਾ ਦਿਤਾ। ਇਹ ਛੋਟਾ ਜਿਹਾ ਕੋਠਾ ਵਡੇ ਸਾਰੇ ਵਲਗਣ ਦੇ ਸਿਰੇ ਉਤੇ ਛੱਤਿਆ ਹੋਇਆ ਸੀ। ਥਾਣੇਦਾਰ ਤੇ ਹੋਰ ਲੋਕ ਬਾਹਰ ਹੀ ਰਹੇ ਤੇ ਮੈਂ ਇਕੱਲਾ ਅੰਦਰ ਚਲਾ ਗਿਆ। ਇਹ ਕੋਈ ਤਿੰਨ ਕੁ ਮੰਜੀਆਂ ਦਾ ਕੱਚਾ ਕੋਠਾ ਸੀ। ਇਕ ਪਾਸੇ ਲੱਕੜ ਦੀ ਪੜਛੱਤੀ 'ਤੇ ਥੋੜ੍ਹੇ ਜਿਹੇ ਗਲਾਸ, ਕੌਲੀਆਂ-ਥਾਲੀਆਂ ਪਈਆਂ ਹੋਈਆਂ ਸਨ। ਕਮਰੇ ਦੀ ਇਕ ਗੁੱਠੇ ਕੁਝ ਬਿਸਤਰੇ ਤੇ ਥੋੜ੍ਹਾ ਬਹੁਤ ਹੋਰ ਸਾਮਾਨ ਵੀ ਸੀ।

ਉਹ ਤੀਵੀਂ ਮੰਜੀ 'ਤੇ ਪਈ ਹੋਈ ਸੀ। ਕਈਆਂ ਦਿਨਾਂ ਤੋਂ ਉਸ ਨੂੰ ਬੁਖ਼ਾਰ ਹੋ ਰਿਹਾ ਸੀ। ਉਸ ਦੇ ਇਕ ਹੱਥ 'ਤੇ ਪੱਟੀਆਂ ਬੱਝੀਆਂ ਹੋਈਆਂ ਸਨ। ਸ਼ਾਇਦ ਕੋਈ ਉਠਾ ਉਠਿਆ ਹੋਇਆ ਸੀ। ਉਸ ਵੇਲੇ ਉਹ ਡਾਢੀ ਨਿਢਾਲ ਜਾਪਦੀ ਸੀ ਤੇ ਅਸਲੋਂ ਹੌਲੀ ਹੌਲੀ ਬੋਲਦੀ ਸੀ। ਮੈਂ ਉਸ ਦੇ ਕੋਲ ਮੰਜੀ 'ਤੇ ਬੈਠ ਗਿਆ।

"ਕੀ ਗੱਲ ਏ?" ਮੈਂ ਉਸ ਦਾ ਹਾਲ ਚਾਲ ਪੁੱਛਣ ਲਈ ਸਿੱਧਾ ਜਿਹਾ ਸਵਾਲ ਕੀਤਾ।

"ਤਾਪ ਚੜ੍ਹਦਾ ਏ, ਚੌਥੇ ਪੰਜਵੇਂ ਦਿਨ ਦਾ।"

"ਏਥੇ ਤੇਰੇ ਕੋਲ ਕੋਈ ਜਨਾਨੀ ਨਹੀਂ?"

"ਨਹੀਂ ਨੇੜੇ ਤੇ ਕੋਈ ਨਹੀਂ।"

ਪਹਿਲੇ ਜੋ ਖੋਹੀਆਂ ਹੋਈਆਂ ਕੁੜੀਆਂ ਤੀਵੀਆਂ ਮੈਂ ਵੇਖੀਆਂ ਸਨ, ਉਨ੍ਹਾਂ ਨਾਲੋਂ ਇਸ ਦਾ ਚੌਗਿਰਦਾ ਬਿਲਕੁਲ ਵੱਖਰਾ ਸੀ। ਉਨ੍ਹਾਂ ਦੇ ਦੁਆਲੇ ਬੰਦੇ ਜਨਾਨੀਆਂ ਹੁੰਦੇ ਸਨ। ਉਹ ਕਿਸੇ ਦੀ ਨਜ਼ਰ ਹੇਠ ਕਿਸੇ ਦੀ ਰਾਖੀ ਹੇਠ ਰਹਿੰਦੀਆਂ ਸਨ ਤੇ ਇਸ ਤਰ੍ਹਾਂ ਹੀ ਮੈਨੂੰ ਵਿਖਾਈਆਂ ਜਾਂਦੀਆਂ। ਮੈਨੂੰ ਇਸ ਤਰ੍ਹਾਂ ਪਰਤੀਤ ਹੋਇਆ ਜਿਵੇਂ ਇਸ ਕੋਠੇ ਵਿਚ ਉਹ ਇਕੱਲੀ ਹੀ ਰਹਿੰਦੀ ਸੀ, ਜਿਵੇਂ ਲੋਕਾਂ ਨੇ ਉਸ ਨੂੰ ਆਪਣੇ ਹਾਲ 'ਤੇ ਹੀ ਛੱਡ ਦਿੱਤਾ ਹੋਇਆ ਸੀ। ਸਗੋਂ ਇਸ ਤੋਂ ਵੀ ਵੱਧ, ਜਿਵੇਂ ਲੋਕਾਂ ਨੇ ਉਸ ਦੀ ਸਹਾਇਤਾ ਕੀਤੀ ਸੀ। ਉਸ ਦੇ ਪਿੰਡ ਤੇ ਘਰ ਵਾਲੇ ਕਿਸ ਤਰ੍ਹਾਂ ਖ਼ਤਮ ਹੋਏ, ਇਹ ਮੈਂ ਪਹਿਲਾਂ ਹੀ ਸੁਣ ਬੈਠਾ ਸਾਂ। ਫਿਰ ਦੂਸਰੀ ਵੇਰ ਉਸ ਦੇ ਮੂੰਹੋਂ ਸੁਣਨ ਦਾ ਕੋਈ ਫਾਇਦਾ ਨਹੀਂ ਸੀ। ਮੈਨੂੰ ਵਧੇਰੇ ਦਿਲਚਸਪੀ ਉਸ ਦੀ ਮੌਜੂਦਾ ਹਾਲਤ ਵਿਚ ਸੀ।

"ਇਥੇ ਰਹਿੰਦਿਆਂ ਤੈਨੂੰ ਕਿੰਨਾ ਚਿਰ ਹੋ ਗਿਆ ਏ?"

"ਜਿਸ ਦਿਨ ਦਾ ਪਿੰਡ ਉਜੜਿਆ ਏ, ਉਸ ਦਿਨ ਤੋਂ ਇਥੇ ਈ ਆਂ।"

"ਇਹ ਭਾਂਡੇ ਤੇ ਕਪੜੇ ਤੈਨੂੰ ਕਿਸ ਦਿਤੇ ਨੇ?"

"ਤੁਸੀਂ ਤਾਂ ਅਸਲੋਂ ਕਮਲੇ ਓ।"

ਮੈਂ ਸਮਝ ਗਿਆ। ਉਹ ਇਕੱਲੀ ਨਹੀਂ ਰਹਿੰਦੀ ਸੀ, ਤੇ ਨਾ ਹੀ ਇਥੇ ਪਿਆ ਸਾਮਾਨ ਉਸ ਦਾ ਆਪਣਾ ਸੀ। ਇਸ ਕੋਠੇ, ਸਾਮਾਨ ਤੇ ਉਸ ਦੇ ਜਿਸਮ ਦਾ ਮਾਲਕ ਕੇਵਲ ਅੱਖੀਂ ਨਹੀਂ ਦਿਸ ਰਿਹਾ ਸੀ।

ਇਹ ਗੱਲ ਇਥੇ ਲਿਖਣ ਲੱਗਿਆਂ ਤੇ ਮੈਂ ਸਹਿਜੇ ਹੀ ਲਿਖ ਗਿਆ ਹਾਂ ਪਰ ਉਸ ਵੇਲੇ ਇਸ ਗਿਆਨ ਨੇ ਮੇਰੇ ਮਨ ਨੂੰ ਡਾਢਾ ਧੱਕਾ ਮਾਰਿਆ। ਪੁਲਿਸ ਤੇ ਲੋਕਾਂ ਦੀ ਸਹਾਇਤਾ ਕਰ ਕੇ ਜੋ ਚੰਗੇ ਖ਼ਿਆਲ ਮੇਰੇ ਮਨ ਵਿਚ ਦੁਨੀਆਂ ਤੇ ਦੁਨੀਆਂ ਦੇ ਲੋਕਾਂ ਬਾਰੇ ਸਾਰਾ ਦਿਨ ਆਉਂਦੇ ਰਹੇ ਸਨ, ਉਹ ਸਾਰੇ ਮੈਥੋਂ ਪੱਲਾ ਛੁਡਾ ਗਏ। ਮੇਰਾ ਮੱਥਾ ਕੌੜੀਆਂ ਅਸਲੀਅਤਾਂ ਨਾਲ ਲੱਗਾ ਹੋਇਆ ਸੀ। ਉਸ ਕੱਚੇ ਕੋਠੇ ਵਿਚ ਖੋਹੀ ਹੋਈ ਕਿਸੇ ਦੀ ਵਹੁਟੀ ਮੇਰੇ ਸਾਹਮਣੇ ਮੰਜੀ 'ਤੇ ਨਿਢਾਲ ਪਈ ਸੀ। ਮੇਰੀ ਨਜ਼ਰ ਵਿਚ ਇਨਸਾਨ ਉਤੇ ਇਨਸਾਨ ਦੇ ਜ਼ੁਲਮ ਦੀ ਉਹ ਸਭ ਤੋਂ ਘਿਨਾਉਣੀ ਤਸਵੀਰ ਸੀ।

ਮਧੋਲੀ ਹੋਈ ਖ਼ਵਾਰ ਕੀਤੀ ਹੋਈ, ਉਹ ਉਥੇ ਬਿਮਾਰ ਪਈ ਸੀ। ਉਸ ਦੀ ਜਾਤ, ਬਰਾਦਰੀ, ਪਿੰਡ, ਧਰਮ ਦਾ ਕੋਈ ਸਾਂਝੀਵਾਲ ਉਥੇ ਨਹੀਂ ਸੀ। ਉਸ ਨੂੰ ਕਦੀ ਕਿਸੇ ਇਹ ਨਹੀਂ ਦੱਸਿਆ ਸੀ ਕਿ ਉਹ ਵਿਛੜੇ ਹੋਏ ਆਪਣੇ ਸਾਕਾਂ ਅੰਗਾਂ ਨੂੰ ਫਿਰ ਵੀ ਮਿਲ ਸਕਦੀ ਹੈ। ਜੇ ਉਸ ਨੂੰ ਕੋਈ ਦੱਸਦਾ ਵੀ, ਤਾਂ ਉਹ ਮੰਨਣੋਂ ਨਾਂਹ ਕਰ ਦਿੰਦੀ। ਆਖ਼ਰ ਇਡੇ ਵੱਡੇ ਤੇ ਤਕੜੇ ਪਾਕਿਸਤਾਨ ਵਿਚੋਂ ਉਸ ਨੂੰ ਕੋਈ ਕਿਸ ਤਰ੍ਹਾਂ ਕੱਢ ਕੇ ਲਿਜਾ ਸਕਦਾ ਸੀ। ਇਸ ਗੱਲ 'ਤੇ ਵਿਚਾਰ ਕਰਨਾ ਹੀ ਫ਼ਜ਼ੂਲ ਸੀ।

ਉਸ ਨੂੰ ਉਸੇ ਵੇਲੇ ਵਾਪਸ ਲਿਜਾਣ ਦਾ ਕੋਈ ਸਵਾਲ ਨਹੀਂ ਸੀ। ਪੋਹ ਮਾਘ ਦੀ ਸਰਦੀ ਵਿਚ ਉਸ ਨੂੰ ਬਿਮਾਰੀ ਦੀ ਹਾਲਤ ਵਿਚ ਉਥੋਂ ਹਿਲਾਣਾ ਠੀਕ ਨਹੀਂ ਸੀ। ਉਹ ਲੋਕ ਹੁਣ ਉਸ ਨੂੰ ਗੁੰਮ ਨਹੀਂ ਕਰ ਸਕਦੇ ਸਨ, ਕਿਉਂਕਿ ਅਸਾਂ ਉਸ ਨੂੰ ਵੇਖ ਲਿਆ ਸੀ ਤੇ ਉਹ ਲੋਕ ਜਾਣਦੇ ਸਨ ਕਿ ਅਸਾਂ ਵੇਖ ਲਿਆ ਹੈ।

"ਚੰਗਾ ਬੀਬੀ ਮੈਂ ਫਿਰ ਕਿਸੇ ਦਿਨ ਆਵਾਂਗਾ।" ਫਿਰ ਆਉਣ ਤੋਂ ਮੇਰਾ ਮਤਲਬ, ਉਸ ਨੂੰ ਉਥੋਂ ਵਾਪਸ ਲੈ ਜਾਣ ਤੋਂ ਸੀ ਪਰ ਇਹ ਗੱਲ ਸ਼ਾਇਦ ਉਸ ਦੇ ਸੁਫ਼ਨੇ ਵਿਚ ਵੀ ਸੰਭਵ ਨਹੀਂ ਸੀ।

"ਤੂੰ ਹੁਣ ਚੱਲਿਆ ਏਂ?"

"ਜ਼ਰਾ ਬਹਿ ਜਾ, ਮੇਰੀ ਇਕ ਗੱਲ ਸੁਣ ਜਾ।"

ਮੈਂ ਫਿਰ ਕੋਲ ਪਈ ਮੰਜੀ 'ਤੇ ਬੈਠ ਗਿਆ।

"ਮੇਰੀ ਤੇਰੇ ਅੱਗੇ ਇਕ ਅਰਜ਼ ਏ ਜੇ ਤੂੰ ਪੂਰੀ ਕਰੇਂ, ਇਕ ਕੰਮ ਏ ਤੇਰੇ ਗੋਚਰਾ।"

"ਕੀ ਕੰਮ?"

"ਤੂੰ ਮੇਰਾ ਸਿੱਖ ਭਰਾ ਏਂ, ਮੈਂ ਵੀ ਕਦੀ ਸਿੱਖ ਹੁੰਦੀ ਸਾਂ। ਹੁਣ ਤੇ ਮੈਂ ਮੁਸਲਮਾਨ ਹੋ ਗਈ ਹੋਈ ਆਂ। ਏਸ ਵੇਲੇ ਏਸ ਦੁਨੀਆਂ ਵਿਚ ਮੇਰਾ ਕੋਈ ਨਹੀਓਂ। ਮੈਂ ਬੜੀ ਔਖੀ ਆਂ, ਤੂੰ ਮੇਰੀ ਬਾਂਹ ਫੜ। ਮੇਰੀ ਇਕ ਨਨਾਣ ਏ ਨਿੱਕੀ। ਰੁੜ੍ਹ ਗਏ ਯਾਰਾਂ ਚੱਕ ਵਾਲੇ ਲੈ ਗਏ ਹੋਏ ਨੀ। ਉਸ ਦਿਨ ਹਮਲੇ ਵਿਚ ਸਭ ਤੋਂ ਵੱਡੀ ਧਾੜ ਉਨ੍ਹਾਂ ਦੀ ਹੀ ਸੀ, ਤੇ ਉਹ ਹੀ ਉਸ ਨੂੰ ਲੈ ਗਏ ਨੀ। ਤੇਰੀ ਐਸ ਵੇਲੇ ਮੈਨੂੰ ਬੜੀ ਚੌਧਰ ਜਾਪਦੀ ਏ। ਤੂੰ ਉਹਨੂੰ ਏਥੇ ਮੇਰੇ ਕੋਲ ਲਿਆ ਦੇ। ਸਾਰੇ ਤੇਰਾ ਲਿਹਾਜ਼ ਕਰਦੇ ਨੇ। ਪੁਲਿਸ ਵਾਲੇ ਵੀ ਤੇਰੀ ਮੰਨਦੇ ਨੇ। ਮੇਰੇ ਵੱਲੋਂ ਵੀ ਉਨ੍ਹਾਂ ਨੂੰ ਤਰਲਾ ਕਰੀਂ। ਮੈਂ ਉਹਦੀ ਵੱਡੀ ਭਰਜਾਈ ਆਂ। ਮੈਂ ਉਹਨੂੰ ਹੱਥੀਂ ਪਾਲਿਆ ਏ, ਮਾਂ ਬਰੋਬਰ ਆਂ। ਉਹ ਮੇਰੇ ਕੋਲ ਆਵੇਗੀ। ਮੈਂ ਆਪਣੀ ਹੱਥੀਂ ਉਹਨੂੰ ਕਿਸੇ ਦੇ ਲੜ ਲਾਂਗੀ। ਮੇਰੀ ਸਾਂਝ ਵਧੇਗੀ, ਮੇਰੀਆਂ ਬਾਹੀਂ ਬਣਨਗੀਆਂ। ਮੈਂ ਕਿਸੇ ਨੂੰ ਆਪਣੇ ਆਖਣ ਵਾਲੀ ਬਣਾਂਗੀ।"

ਉਸ ਬੁੱਢੇ ਜੱਟ ਦੀ ਗੱਲ ਮੇਰੇ ਦਿਮਾਗ ਵਿਚ ਚੱਕਰ ਲਾਣ ਲੱਗ ਪਈ। "ਆਹ ਵੇਖਾਂ ਖੱਬਲ ਹੁੰਦਾ ਏ ਪੈਲੀ ਵਿਚ। ਜਦੋਂ ਵਾਹੀਦੀ ਏ, ਕੋਈ ਕਸਰ ਤੇ ਨਹੀਂ ਨਾ ਛੱਡੀਦੀ ਉਹਦੇ ਨਾਲ। ਸਾਰਾ ਜੜ੍ਹੋਂ ਪੁੱਟ ਕੇ ਪੈਲੀਉਂ ਬਾਹਰ ਸੁੱਟ ਦੇਈਦਾ ਏ। ਪਰ ਦਸਾਂ ਦਿਨਾਂ ਮਗਰੋਂ ਫਿਰ ਕੋਈ ਕੋਈ ਤਿੜ ਫੁਟ ਆਉਂਦੀ ਹੈ।"

#



# ਲਿਓਨ ਤ੍ਰਾਤਸਕੀ ਦੀ ਪ੍ਰਸੰਗਿਕਤਾ

## ਰੂਸੀ ਇਨਕਲਾਬ ਦਾ ਪਿਛੋਕੜ

***ਰੂਸੀ ਇਨਕਲਾਬ ਵਿਚ ਲਿਓਨ ਤ੍ਰਾਤਸਕੀ (1879-1940) ਦਾ ਚੰਗਾ-ਚੋਖਾ ਯੋਗਦਾਨ ਰਿਹਾ ਹੈ। ਇਨਕਲਾਬ ਤੋਂ ਬਾਅਦ ਉਸ ਨੇ ਲਾਲ ਫੌਜ ਦੀ ਜਿਸ ਢੰਗ ਨਾਲ ਅਗਵਾਈ ਕੀਤੀ ਅਤੇ ਉਲਟ-ਇਨਕਲਾਬ ਦੇ ਖਦਸ਼ੇ ਨਾਲ ਜਿਸ ਤਰ੍ਹਾਂ ਕਰੜੇ ਹੱਥੀਂ ਨਜਿੱਠਿਆ, ਉਸ ਦੀ ਸੰਸਾਰ ਭਰ ਵਿਚ ਕਿਤੇ ਕੋਈ ਮਿਸਾਲ ਨਹੀਂ ਲੱਭਦੀ। ਉਂਜ, ਉਸ ਦੇ ਕੁਝ ਵਿਚਾਰ ਪਹਿਲਾਂ ਰੂਸੀ ਇਨਕਲਾਬ ਦੇ ਪਿਤਾਮਾ ਲੈਨਿਨ ਅਤੇ ਮਗਰੋਂ ਸਤਾਲਿਨ ਨਾਲ ਇੰਨੇ ਜ਼ਿਆਦਾ ਖਹਿਸਰੇ ਕਿ ਅਖੀਰ ਉਹ ਇਕ-ਦੂਜੇ ਦੇ ਵਿਰੋਧੀ ਹੋ ਨਿਬੜੇ। ਇਸ ਵਿਚਾਰਧਾਰਕ ਭੇੜ ਵਿਚ ਤ੍ਰਾਤਸਕੀ ਨੂੰ ਪਰਿਵਾਰਕ ਤੌਰ 'ਤੇ ਬਹੁਤ ਵੱਡੀ ਕੀਮਤ ਤਾਰਨੀ ਪਈ। ਇਸ ਕੋਣ ਤੋਂ ਸਤਾਲਿਨ ਦੀ ਅੱਜ ਤੱਕ ਨੁਕਤਾਚੀਨੀ ਹੋ ਰਹੀ ਹੈ ਜਿਸ ਨੇ ਆਪਣੇ ਵਿਰੋਧੀਆਂ ਖਿਲਾਫ ਸਫਾਏ ਦੀ ਮੁਹਿੰਮ ਵਿੱਢ ਦਿੱਤੀ ਸੀ। ਪੰਜਾਬ ਟਾਈਮਜ਼ ਦੇ ਪਿਛਲੇ ਅੰਕਾਂ ਵਿਚ ਪਾਠਕਾਂ ਨੇ ਦੋ ਕਿਸ਼ਤਾਂ ਵਿਚ ਡਾ. ਅੰਮ੍ਰਿਤਪਾਲ ਸਿੰਘ ਦਾ ਤ੍ਰਾਤਸਕੀ ਦੇ ਵਿਚਾਰਾਂ ਬਾਰੇ ਲੇਖ ਪੜ੍ਹਿਆ ਹੈ ਜਿਸ ਵਿਚ ਉਨ੍ਹਾਂ ਲੈਨਿਨ ਅਤੇ ਸਤਾਲਿਨ ਦੇ ਹਵਾਲੇ ਨਾਲ ਤ੍ਰਾਤਸਕੀ ਦੀ ਗੱਲ ਛੇੜੀ ਸੀ। ਐਤਕੀਂ ਗੁਰਦਿਆਲ ਸਿੰਘ ਬੱਲ ਵੱਲੋਂ ਭੇਜੇ ਲੰਮੇ ਲੇਖ ਦਾ ਪਹਿਲਾ ਹਿੱਸਾ ਛਾਪ ਰਹੇ ਹਾਂ ਜਿਸ ਵਿਚ ਰੂਸੀ ਇਨਕਲਾਬ ਦੇ ਪਿਛੋਕੜ ਬਾਰੇ ਖੁਲਾਸਾ ਕੀਤਾ ਗਿਆ ਹੈ। -ਸੰਪਾਦਕ***

ਲਿਓਨ ਤ੍ਰਾਤਸਕੀ ਅਤੇ ਜੋਸਿਫ ਸਤਾਲਿਨ ਵਿਚਾਲੇ ਤਕਰੀਬਨ ਇਕ ਸਦੀ ਪੁਰਾਣੇ ਝਗੜੇ ਦੇ ਬਹਾਨੇ ਇਹ ਲੇਖ ਪਾਠਕਾਂ ਨਾਲ ਸਾਂਝ ਕਰ ਰਿਹਾ ਹਾਂ। 'ਪੰਜਾਬ ਟਾਈਮਜ਼' ਦੇ ਦੋ ਅੰਕਾਂ (50 ਤੇ 51) ਵਿਚ ਡਾ. ਅੰਮ੍ਰਿਤਪਾਲ ਸਿੰਘ ਦਾ ਲੰਮਾ ਲੇਖ ਛਪਿਆ ਹੈ। ਇਹ ਲੇਖ ਉਸ ਨੇ 20ਵੀਂ ਸਦੀ ਦੇ ਮਹਾਂ-ਵਿਵਾਦ ਨੂੰ ਨਵੇਂ ਸਿਰਿਉਂ ਵਿਚਾਰਨ ਅਤੇ ਭਵਿੱਖ ਲਈ ਅਜੇ ਵੀ ਸਤਾਲਿਨੀ ਪੈਂਤੜਿਆਂ ਦੀ ਪ੍ਰਸੰਗਿਕਤਾ ਸਥਾਪਤ ਕਰਨ ਲਈ ਲਿਖਿਆ ਹੈ। ਸਾਡਾ ਵਿਸ਼ਵਾਸ ਹੈ ਕਿ ਇਨਸਾਨੀ ਜ਼ਿੰਦਗੀ ਅੰਤਾਂ ਦੀ ਹੁਸੀਨ ਹੈ ਪਰ ਸੰਸਾਰ ਵਿਚ ਦੁੱਖ ਅਤੇ ਭੁੱਖ ਇਤਨੀ ਜ਼ਿਆਦਾ ਰਹੀ ਹੈ ਕਿ ਇਸ ਨੇ

■ ਗੁਰਦਿਆਲ ਸਿੰਘ ਬੱਲ

ਜ਼ਿੰਦਗੀ ਦੀ ਸ਼ਾਨ ਨੂੰ ਬਦਰੰਗ ਕਰੀ ਰੱਖਿਆ ਹੈ। ਸਦੀਆਂ ਤੋਂ ਭਗਵਾਨ ਬੁੱਧ, ਭਗਵਾਨ ਈਸਾ, ਪੈਗੰਬਰ ਮੁਹੰਮਦ ਅਤੇ ਸੁਕਰਾਤ ਤੋਂ ਲੈ ਕੇ ਅਨੇਕਾਂ ਧਾਰਮਿਕ ਰਹਿਨੁਮਾਵਾਂ ਤੇ ਚਿੰਤਕਾਂ ਨੇ ਜ਼ਿੰਦਗੀ ਦੇ ਅਰਥ ਅਤੇ ਦੁਖ ਦੀ ਵਜ੍ਹਾ ਸਮਝਣ-ਸਮਝਾਉਣ ਲਈ ਆਪੋ-ਆਪਣੇ ਦਾਅਵੇ ਕੀਤੇ ਹਨ। ਇਨ੍ਹਾਂ ਬਜ਼ੁਰਗਾਂ ਤੇ ਉਨ੍ਹਾਂ ਦੇ ਪੈਰੋਕਾਰਾਂ ਨੇ ਧਰਤੀ ਉਤੇ ਸਵਰਗ ਉਤਾਰਨ ਲਈ ਜਿਥੇ-ਜਿਥੇ ਅਤੇ ਜੋ-ਜੋ ਵੀ ਕੋਸ਼ਿਸ਼ਾਂ ਕੀਤੀਆਂ; ਜਿਸ ਕਿਸਮ ਦੇ ਰੰਗ ਲੱਗੇ, ਸਭ ਨੂੰ ਪਤਾ ਹੈ। ਇਨ੍ਹਾਂ ਮਹਾਂਪੁਰਸ਼ਾਂ ਦੀਆਂ ਪ੍ਰਾਪਤੀਆਂ ਨੂੰ ਨਕਾਰਨ ਦਾ ਸਾਡਾ ਕਤੱਈ ਮਕਸਦ ਨਹੀਂ ਹੈ। ਸਾਡਾ ਸਵਾਲ ਤਾਂ ਮਹਿਜ਼ ਇਤਨਾ ਹੈ ਕਿ ਸਵਰਗ ਧਰਤੀ ਉਤੇ ਅੱਜ ਤਕ ਕਿਤੇ ਉਤਰੇ ਕਿਉਂ ਨਹੀਂ ਹਨ?




*ਨਿਕੋਲਾਈ ਚੇਰਨੀਸ਼ਵੇਸਕੀ ਦੀ ਕਿਤਾਬ 'ਵ੍ਹਟ ਇਜ਼ ਟੂ ਬੀ ਡਨ' ਅਤੇ ਨੀਤਸ਼ੇ ਬਾਰੇ ਵਾਲਟਰ ਕੌਫਮੈਨ ਦੀ 'ਨੀਤਸ਼ੇ: ਫਿਲਾਸਫਰ, ਸਾਇਕੋਲੋਜਿਸਟ, ਐਂਟੀਕਰਾਈਸਟ' ਦੇ ਟਾਈਟਲ।*

ਕਾਰਲ ਮਾਰਕਸ ਬਾਰੇ ਸਾਡਾ ਇਤਕਾਦ ਹੈ ਕਿ ਉਹ ਆਧੁਨਿਕ ਯੁੱਗ ਦਾ ਸਭ ਤੋਂ ਵੱਡਾ ਚਿੰਤਕ ਸੀ। ਉਸ ਨੂੰ ਜ਼ਿੰਦਗੀ ਦੇ ਸੁਹੱਪਣ ਨਾਲ ਬੇਹੱਦ ਇਸ਼ਕ ਸੀ, ਸ਼ਾਇਦ ਕਿਸੇ ਰਾਂਝੇ ਜਾਂ ਫਰਹਾਦ ਤੋਂ ਵੀ ਵਧੇਰੇ। ਉਸ ਨੇ ਆਪਣੇ ਪ੍ਰੋਜੈਕਟ ਦੀ ਸ਼ੁਰੂਆਤ ਇਸ ਐਲਾਨਨਾਮੇ ਨਾਲ ਕੀਤੀ ਸੀ ਕਿ ਅੱਜ ਤੱਕ ਦੁਨੀਆਂ ਭਰ 'ਚ ਹੋਏ ਚਿੰਤਕਾਂ ਨੇ ਜ਼ਿੰਦਗੀ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ, ਠੀਕ ਹੈ... ਪਰ ਲੋੜ ਤਾਂ ਇਹ ਹੈ ਕਿ ਇਸ ਨੂੰ ਬਦਲਿਆ ਕਿੰਜ ਜਾਵੇ? ਮਾਰਕਸ ਦੇ ਇਸ ਚਿੰਤਨ ਨੂੰ ਅਮਲ ਵਿਚ ਉਤਾਰਨ ਲਈ ਵਲਾਦੀਮੀਰ ਇਲੀਅਚ ਲੈਨਿਨ ਨੇ ਜਿਸ ਹੌਸਲੇ ਅਤੇ ਅਕੀਦਤ ਨਾਲ ਬੀੜਾ ਚੁੱਕਿਆ, ਉਸ ਦਾ ਪ੍ਰੋਜੈਕਟ ਅੰਤਿਮ ਨਤੀਜੇ ਦੇ ਤੌਰ 'ਤੇ ਸਫਲ ਹੋਇਆ ਜਾਂ ਅਸਫਲ, ਇਹ ਵੱਖਰੀ ਬਹਿਸ ਹੈ ਪਰ ਉਸ ਦੇ ਸਾਹਸ ਅਤੇ ਜਜ਼ਬੇ ਦੀ ਕਹਾਣੀ ਰਹਿੰਦੀ ਦੁਨੀਆਂ ਤੱਕ ਆਪਣੇ ਆਪ ਵਿਚ ਮਿਸਾਲ ਮੰਨੀ ਜਾਵੇਗੀ। ਭਾਰਤੀ ਮਿਥਿਹਾਸ ਦੇ ਨਾਇਕ ਪਰਸਰਾਮ ਨੇ ਜ਼ਾਲਮਾਂ ਦਾ ਨਾਸ ਕਰਨ ਲਈ ਜਿਵੇਂ ਖੰਡਾ ਖਿੱਚਿਆ ਸੀ, ਕਾਮਰੇਡ ਲੈਨਿਨ ਦੀਆਂ ਲਿਖਤਾਂ ਜਾਂ ਉਸ ਬਾਰੇ ਤੁਰੀਆਂ ਦੰਤ ਕਥਾਵਾਂ ਪੜ੍ਹਦਿਆਂ-ਵਿਚਾਰਦਿਆਂ ਉਸੇ ਤਰ੍ਹਾਂ ਦੀ ਭਾਵਨਾ ਨਜ਼ਰ ਆਉਂਦੀ ਰਹੀ ਹੈ।

ਵਲਾਦੀਮੀਰ ਲੈਨਿਨ ਦਾ ਚਿੰਤਨ ਹਵਾ ਵਿਚੋਂ ਪੈਦਾ ਨਹੀਂ ਹੋਇਆ ਸੀ। ਉਸ ਦੇ ਪਿੱਛੇ ਰੂਸੀ ਆਵਾਮ ਦਾ ਪੂਰੇ ਹਜ਼ਾਰ ਸਾਲ ਦਾ ਗੁੱਸਾ ਸੀ, ਜਿਵੇਂ ਉਹ ਜ਼ਾਲਮਾਂ ਅਤੇ ਜਗੀਰਦਾਰਾਂ ਤੋਂ ਅਣਮਨੁੱਖੀ ਬੇਰਹਿਮੀ ਨਾਲ ਕੁਟੀਂਦਾ ਰਿਹਾ ਸੀ। ਲੈਨਿਨੀ ਚਿੰਤਨ ਦੇ ਪਿੱਛੇ ਅਲੈਗਜੈਂਡਰ ਹਰਜ਼ਨ, ਬੈਲਿੰਸਕੀ ਚੇਰਨੀਸ਼ਵੇਸਕੀ, ਨੇਹਵਾਦੀ ਚਿੰਤਨ ਦਾ ਪਿਤਾਮਾ ਪਿਸਾਰੇਵ ਪਲੈਖਾਨੋਵ ਵਰਗੇ ਦਿਓਕਦ ਚਿੰਤਕ ਅਤੇ ਉਨ੍ਹਾਂ ਦੇ ਨਾਲ ਹੀ ਪੁਸ਼ਕਿਨ, ਲਿਓ ਤਾਲਸਤਾਇ, ਤੁਰਗਨੇਵ, ਐਂਤੋਨ ਚੈਖੋਵ ਅਤੇ ਫਿਓਦਰੋ ਦਾਸਤੋਵਸਕੀ ਵਰਗੇ ਮਹਾਨ ਕਲਾਕਾਰ ਖੜ੍ਹੇ ਸਨ ਜੋ ਜ਼ਿੰਦਗੀ ਦੇ ਹੁਸਨ ਦੇ ਸ਼ੈਦਾਈ ਸਨ, ਮਹਾਨ ਢਾਡੀ ਸਨ ਜਿਨ੍ਹਾਂ ਨੂੰ ਜਦੋਂ ਵੀ ਪੜ੍ਹੀਏ, ਉਨ੍ਹਾਂ ਦੇ ਜਜ਼ਬੇ ਦੀ ਪਾਕੀਜ਼ਗੀ ਜਾਂ ਅਜ਼ਮਤ ਅੱਗੇ ਸਿਰ ਸਦਾ ਹੀ ਝੁਕ ਜਾਂਦਾ ਹੈ।

ਮੈਂ ਆਪਣੇ ਵਿਤ ਅਨੁਸਾਰ ਇਨ੍ਹਾਂ ਚਿੰਤਕਾਂ ਦੇ ਸਰੋਕਾਰਾਂ ਨੂੰ ਸਮਝਣ ਦਾ ਯਤਨ ਕੀਤਾ ਹੈ ਅਤੇ ਮੈਨੂੰ ਅੱਜ ਤੱਕ ਅਲੈਗਜੈਂਡਰ ਹਰਜ਼ਨ, ਬੈਲਿੰਸਕੀ ਚੇਰਨੀਸ਼ਵੇਸਕੀ ਤੋਂ ਵੱਡਾ ਕੋਈ ਸੰਤ ਨਜ਼ਰ ਨਹੀਂ ਆਇਆ। ਆਪਣੇ ਨਿਰਮਲ ਕਿਸਮ ਦੇ ਉਸਤਾਦ ਗੁਰਦੀਪ ਦੇਹਰਾਦੂਨ ਨੂੰ ਮੈਂ 1970 'ਚ ਉਨ੍ਹਾਂ ਦੇ ਘਰੇ ਰੇਸ਼ਮ ਮਾਜਰੀ ਜਦੋਂ ਪਹਿਲੀ ਵਾਰ ਮਿਲਿਆ ਸਾਂ ਤਾਂ ਉਨ੍ਹਾਂ ਮੈਨੂੰ ਇਹੋ ਸਵਾਲ ਪੁੱਛਿਆ ਸੀ, ਬੱਲ, ਤੂੰ ਰਸ਼ੀਆ ਦੇ ਇਨ੍ਹਾਂ ਤਿੰਨਾਂ ਬਾਬਿਆਂ 'ਚੋਂ ਕਿਸੇ ਨੂੰ ਪੜ੍ਹਿਆ ਹੈ ਜਾਂ ਨਹੀਂ?

ਰਵਾਇਤ ਅਤੇ ਸਮਕਾਲ ਜਾਂ ਆਧੁਨਿਕਤਾ ਦੀ ਘੋਰ ਜੰਗ ਹਰ ਸਮਾਜ ਵਿਚ ਇਤਿਹਾਸ ਦੇ ਹਰ ਪੜਾਅ ਉਪਰ ਸਦਾ ਚਲਦੀ ਰਹੀ ਹੈ ਪਰ ਜਿਸ ਸ਼ਿੱਦਤ ਨਾਲ ਇਹ ਜੰਗ 19ਵੀਂ ਸਦੀ ਦੇ ਰੂਸ ਵਿਚ ਲੜੀ ਗਈ, ਉਸ ਦੀ ਹੋਰ ਕਿਧਰੇ ਕੋਈ ਮਿਸਾਲ ਨਹੀਂ ਹੈ। ਇਹ ਜੰਗ ਆਪਣੇ ਤਾਰਕਿਕ ਸਿਖਰ 'ਤੇ ਨਿਕੋਲਾਈ ਚੇਰਨੀਸ਼ਵੇਸਕੀ ਅਤੇ ਫਿਓਦੋਰ ਦਾਸਤੋਵਸਕੀ ਦੀਆਂ ਵਿਚਾਰਧਾਰਾਵਾਂ ਵਿਚ ਪੁੱਜੀ ਸੀ। ਚੇਰਨੀਸ਼ਵੇਸਕੀ ਨੇ 'ਵ੍ਹਟ ਇਜ਼ ਟੂ ਬੀ ਡਨ' (ਕੀ ਕਰਨਾ ਲੋੜੀਏ) ਦੇ ਸਿਰਲੇਖ ਹੇਠਲੇ ਆਪਣੇ ਉਘੇ ਵਿਚਾਰਧਾਰਕ ਨਾਵਲ ਵਿਚ ਰੂਸ ਦੇ ਭਵਿੱਖੀ ਨੌਜਵਾਨ ਇਨਕਲਾਬੀਆਂ ਦੀ ਪੀੜ੍ਹੀ ਲਈ ਐਕਸ਼ਨ ਦਾ ਏਜੰਡਾ ਤੈਅ ਕਰ ਦਿੱਤਾ ਸੀ। ਹੈਰਾਨੀ ਦੀ ਗੱਲ ਨਹੀਂ ਹੈ ਕਿ ਕਾਮਰੇਡ ਲੈਨਿਨ ਦੀ ਇਹ ਸਭ ਤੋਂ ਵੱਧ ਮਨਭਾਉਂਦੀ ਪੁਸਤਕ ਸੀ ਅਤੇ ਇਸ ਬਾਰੇ ਵਿਰੋਧੀਆਂ ਤੇ ਹਮਾਇਤੀਆਂ ਵਿਚ ਅੱਜ ਤੱਕ ਦੰਤ-ਕਥਾਵਾਂ ਅਤੇ ਲਤੀਫੇ ਪ੍ਰਚਲਿਤ ਹਨ; ਕਿ ਪਤਾ ਹੀ ਨਹੀਂ, ਉਨ੍ਹਾਂ ਦੀ ਇਹ ਕਿਤਾਬ ਕਿਤਨੀ ਕੁ ਵਾਰ ਪੜ੍ਹੀ ਅਤੇ ਵਿਚਾਰੀ ਹੋਈ ਸੀ। ਦੂਜੇ ਪਾਸੇ ਮਹਾਨ ਦਾਸਤੋਵਸਕੀ, ਚੇਰਨੀਸ਼ਵੇਸਕੀ ਦਾ ਗੁਰਜਧਾਰੀ ਵਿਰੋਧੀ ਸੀ। ਉਸ ਦਾ ਵਿਸ਼ਵਾਸ ਸੀ ਕਿ ਇਹ ਅਤਿ-ਖਤਰਨਾਕ ਕਿਤਾਬ ਰਵਾਇਤੀ ਇਖਲਾਕੀ ਕਦਰਾਂ ਕੀਮਤਾਂ ਦੀਆਂ ਜੜ੍ਹਾਂ ਉਖੇੜ ਦੇਵੇਗੀ, ਰੂਸੀ ਨੌਜਵਾਨਾਂ ਨੂੰ ਪੁੱਠੇ ਰਾਹ ਪਾਵੇਗੀ ਅਤੇ ਉਨ੍ਹਾਂ ਦਾ ਬੇੜਾ ਗਰਕ ਕਰ ਦੇਵੇਗੀ। ਚੇਰਨੀਸ਼ਵੇਸਕੀ ਦਾ ਨਾਵਲ ਛਪਦਿਆਂ ਹੀ ਦਾਸਤੋਵਸਕੀ ਨੇ ਇਸ ਦੇ ਵਿਰੋਧ ਵਿਚ ਆਪਣਾ 'ਹਾਊਸ ਆਫ ਦਿ ਡੈੱਡ' ਨਾਂ ਦਾ ਅਹਿਮ ਵਿਚਾਰਧਾਰਕ ਨਾਵਲ ਲਿਖ ਦਿੱਤਾ ਸੀ। ਇਥੇ ਇਕ ਹੋਰ ਕਮਾਲ ਦੀ ਕਹਾਣੀ ਇਹ ਵੀ ਹੈ ਕਿ ਖੁਦ ਉਹ ਪੁਰਾਤਨੀ ਈਸਾਈ ਵਿਚਾਰਧਾਰਾ ਦਾ ਕੱਟੜ ਅਨੁਆਈ ਸੀ ਅਤੇ 'ਜੁਰਮ ਅਤੇ ਸਜ਼ਾ' ਨਾਂ ਦੇ ਉਸ ਦੇ ਪਹਿਲੇ ਜਗਤ ਪ੍ਰਸਿੱਧ ਨਾਵਲ ਦੇ ਸਭ ਪਾਠਕ ਜਾਣਦੇ ਹਨ ਕਿ ਉਹ ਮਨੁੱਖ ਦੇ ਹਰ ਸੰਤਾਪ ਦਾ ਦਾਰੂ ਇਸੇ ਵਿਚਾਰਧਾਰਾ ਵਿਚ ਨਿਹਿਤ ਮੰਨਦਾ ਸੀ।

ਹਾਲਾਤ ਦਾ ਵਿਅੰਗ ਇਹ ਹੈ ਕਿ 19ਵੀਂ ਸਦੀ ਦਾ ਦਾਸਤੋਵਸਕੀ ਜਿੰਨਾ ਚਰਚਿਤ ਹੀ ਇਕ ਹੋਰ ਜਗਤ ਪ੍ਰਸਿੱਧ ਮਹਾਨ ਚਿੰਤਕ ਫਰੈਡਰਿਕ ਨੀਤਸ਼ੇ ਹਰ ਤਰ੍ਹਾਂ ਦੀ ਈਸਾਈ ਵਿਚਾਰਧਾਰਾ ਨੂੰ ਤਾਂ ਇਨਸਾਨੀ ਹੁਸਨ ਦੀ ਵੈਰਨ ਮੰਨਦਾ ਸੀ ਪਰ ਇਸ ਨਾਵਲ ਨੂੰ ਪੜ੍ਹ ਕੇ ਉਹ ਇਨਸਾਨੀ ਜੀਵਨ ਬਾਰੇ ਦਾਸਤੋਵਸਕੀ ਦੀ ਡੂੰਘੀ ਨੀਝ ਦਾ ਸਿੱਕਾ ਮੰਨਦਿਆਂ ਲੰਮਾ ਸਮਾਂ ਨਤਮਸਤਕ ਹੋਇਆ ਰਿਹਾ ਸੀ। ਇਨਸਾਨੀ ਆਤਮਾ ਦੀ ਸੁੰਦਰਤਾ ਅਤੇ ਸੁਤੰਤਰਤਾ ਨਾਲ ਜੁੜੇ ਅਜਿਹੇ ਸੂਖਮ ਸਰੋਕਾਰਾਂ ਵਾਲਾ ਚਿੰਤਕ ਹੋਰ ਕੋਈ ਇਸ ਕਾਇਨਾਤ ਵਿਚ ਸ਼ਾਇਦ ਪੈਦਾ ਨਹੀਂ ਹੋਇਆ ਹੈ, ਪਰ ਜ਼ਿੰਦਗੀ ਦੇ ਅਜਿਹੇ ਸੁਹੱਪਣ ਦੀ ਰਾਖੀ ਦੀ ਜਾਮਨੀ ਕਿੰਜ ਹੋਵੇ, ਇਸ ਦਾ ਤੋੜ ਇਨ੍ਹਾਂ ਚੋਟੀ ਦੇ ਆਸਤਿਕ ਅਤੇ ਨਾਸਤਿਕ, ਦੋਹਾਂ ਮਹਾਂ-ਚਿੰਤਕਾਂ ਕੋਲ ਵੀ ਨਹੀਂ ਸੀ। ਸ਼ਕਤੀ ਦਾ ਜੋ ਮਾਰਗ ਸੰਤ ਦਾਸਤੋਵਸਕੀ 'ਜੁਰਮ ਤੇ ਸਜ਼ਾ' ਦੇ ਨਾਇਕ ਰਸਕੋਲਨੀਕੋਵ ਜਾਂ ਨਾਵਲ ਦੀ ਨਾਇਕਾ ਸੋਨੀਆ ਦੇ ਕਿਰਦਾਰਾਂ ਰਾਹੀਂ ਪੇਸ਼ ਕਰਦਾ ਹੈ, ਉਸ ਦੇ ਅਨੇਕਾਂ ਦਿਸਹੱਦੇ ਹਨ ਜਿਨ੍ਹਾਂ 'ਤੇ ਆਦਮੀ ਧੰਨ ਹੋ ਜਾਂਦਾ ਹੈ; ਪਰ ਅੰਤਿਮ ਨਤੀਜੇ ਦੇ ਤੌਰ 'ਤੇ 16ਵੀਂ, 17ਵੀਂ, 18ਵੀਂ ਜਾਂ 19ਵੀਂ ਸਦੀ ਦੇ ਅੰਤ ਤੱਕ ਜਿਸ ਕਿਸਮ ਦੇ ਬਦਕਾਰ ਜਗੀਰਵਾਦੀ ਜ਼ੁਲਮ ਦਾ ਉਥੋਂ ਦਾ ਆਵਾਮ ਸ਼ਿਕਾਰ ਸੀ, ਉਸ ਦੀ ਨਾਵਲ ਵਿਚ ਸੁਝਾਏ ਰਸਤੇ ਵਿਚ ਕੋਈ ਬਾਤ ਨਹੀਂ ਸੀ; ਉਸ 'ਤੇ ਤਾਂ ਰੋਇਆ ਹੀ ਜਾ ਸਕਦਾ ਸੀ। ਇਵੇਂ ਹੀ ਨੀਤਸ਼ੇ ਵੀ ਕਤੱਈ ਤੌਰ 'ਤੇ ਨਾਜ਼ੀਆਂ ਦਾ ਮਸੀਹਾ ਨਹੀਂ ਸੀ, ਬਲਕਿ ਉਸ ਦੀਆਂ ਸਭ ਕਿਤਾਬਾਂ ਦੀ ਇਕ-ਇਕ ਸਤਰ ਦੀਆਂ ਤਹਿਆਂ ਵਿਚ ਹਿਟਲਰਸ਼ਾਹ ਦਰਿੰਦਗੀ ਦਾ ਵਿਰੋਧ ਸਾਫ ਮਹਿਸੂਸ ਕੀਤਾ ਜਾ ਸਕਦਾ ਹੈ, ਪਰ ਇਹ ਬਹੁਤ ਵੱਡਾ ਦੁਖਾਂਤ ਸੀ ਕਿ ਨਾਜ਼ੀ ਰਜ਼ਾਕਾਰ ਅਤੇ ਉਨ੍ਹਾਂ ਦੇ ਸਮਰਥਕ ਚਿੰਤਕ, ਨੀਤਸ਼ੇ ਦੇ ਸੂਖਮ ਚਿੰਤਨ ਦੀ ਆਪਣੇ ਇਨਸਾਨ-ਦੁਸ਼ਮਣ ਮਨਸੂਬਿਆਂ ਦੀ ਪੂਰਤੀ ਖਾਤਰ ਬੜੇ ਅਰਾਮ ਨਾਲ ਹੀ ਦੁਰਵਰਤੋਂ ਕਰਨ ਵਿਚ ਸਫਲ ਰਹੇ। ਵਾਲਟਰ ਕੌਫਮੈਨ ਨੇ 60 ਸਾਲ ਪਹਿਲਾਂ ਨੀਤਸ਼ੇ ਬਾਰੇ ਲਿਖੀ ਆਪਣੀ ਅਹਿਮ ਕਿਤਾਬ 'ਨੀਤਸ਼ੇ: ਫਿਲਾਸਫਰ, ਸਾਇਕੋਲੋਜਿਸਟ, ਐਂਟੀਕਰਾਈਸਟ' ਵਿਚ ਇਹ ਕਹਾਣੀ ਬਹੁਤ ਹੀ ਜਚਣਹਾਰ ਤਰੀਕੇ ਨਾਲ ਸਮਝਾਈ ਹੋਈ ਹੈ। ਉਸ ਤੋਂ ਪਹਿਲਾਂ ਕਾਰਲ ਜੈਸਪਰਸ ਅਤੇ ਉਸ ਤੋਂ ਬਾਅਦ ਡੇਲੀਊਸ਼, ਮਿਸ਼ੇਲ ਫੂਕੋ, ਯੱਕ ਦੈਰਿਦਾ, ਤੇ ਕੋਈ ਲੇਖਾ ਹੀ ਨਹੀਂ ਹੈ ਕਿ ਹੋਰ ਕਿਤਨੇ ਮਹਾਂ-ਚਿੰਤਕ ਨਾਜ਼ੀਆਂ ਦੇ ਉਸ ਘਿਨਾਉਣੇ ਪਾਪ ਦੀ ਵਿਸਥਾਰ ਸਹਿਤ ਨਿਰਖ-ਪਰਖ ਕਰ ਚੁੱਕੇ ਹਨ।

ਇਸ ਦਾ ਕਾਰਨ ਇਹ ਸੀ ਕਿ ਦਾਸਤੋਵਸਕੀ ਤੇ ਨੀਤਸ਼ੇ ਇਨਸਾਨੀ ਜੀਵਨ ਦੀਆਂ ਸ਼ਾਨਾਂ ਅਤੇ ਸੰਭਾਵਨਾਵਾਂ ਦੇ ਮਹਾਂਕਵੀ ਸਨ, ਪਰ ਇਹ ਸ਼ਾਨਾਂ ਸਲਾਮਤ ਕਿਵੇਂ ਰਹਿਣ; ਉਹ ਸਮਾਜ ਕਿੰਜ ਬਣੇ; ਉਸ ਮੂਲ ਮੁੱਦੇ ਦਾ ਨਾ ਉਨ੍ਹਾਂ ਨੂੰ ਕੋਈ ਇਲਮ ਸੀ ਅਤੇ ਨਾ ਹੀ ਉਨ੍ਹਾਂ ਦਾ ਅਜਿਹੇ ਕਿਸੇ ਪ੍ਰੋਜੈਕਟ ਨਾਲ ਕੋਈ ਵਾਹ-ਵਾਸਤਾ ਹੀ ਸੀ।

... ਤੇ ਸਾਡਾ ਵਿਸ਼ਵਾਸ ਹੈ ਕਿ ਕਾਰਲ ਮਾਰਕਸ ਦੇ ਚਿੰਤਨ ਦਾ ਕੇਂਦਰੀ ਸਰੋਕਾਰ ਹੀ ਇਹ ਮੁੱਦਾ ਸੀ। ਬਾਬੇ ਨੂੰ ਇਸ ਪਹਿਲੂ ਦੀ ਅਜਿਹੀ ਡੂੰਘੀ ਸੂਝ ਸੀ ਕਿ ਆਦਮੀ ਅੱਜ ਵੀ ਉਸ ਦੀਆਂ ਕਿਰਤਾਂ ਦੀ ਇਕ-ਇਕ ਸਤਰ ਪੜ੍ਹ ਕੇ ਧੰਨ ਹੋ ਜਾਂਦਾ ਹੈ। ਉਹਨੂੰ ਅਜਿਹੇ ਚਿੰਤਨ ਨੂੰ ਅਮਲ ਵਿਚ ਉਤਾਰਨ ਲਈ ਲੈਨਿਨ ਵਰਗਾ ਮੁਹਿੰਮਬਾਜ਼ ਵੀ ਮਿਲ ਗਿਆ, ਪਰ ਅਸੀਂ ਤਾਂ ਇਹ ਸਮਝਣਾ ਚਾਹੁੰਦੇ ਹਾਂ ਕਿ ਰੂਸ ਵਿਚ ਇਤਨੀ ਵੱਡੀ ਜੱਦੋ-ਜਹਿਦ ਦੇ ਬਾਵਜੂਦ ਗੱਲ ਕਿਉਂ ਨਾ ਬਣੀ? ਸਤਾਲਿਨ ਉਥੇ ਮਾਰਕਸ ਦੇ ਖੁਆਬ ਨਾਲ ਖਿਲਵਾੜ ਕਰਨ ਵਿਚ ਸਹਿਜੇ ਹੀ ਸਫਲ ਕਿੰਜ ਹੋ ਗਿਆ? ਪਰ 20ਵੀਂ ਸਦੀ 'ਚ ਇਨਸਾਨੀ ਜ਼ਿੰਦਗੀ, ਅਮਲ ਵਿਚ ਸੰਵਰ ਕਿੰਜ ਸਕੇ, ਉਸ ਦਾ ਦਾਸਤੋਵਸਕੀ ਜਾਂ ਨੀਤਸ਼ੇ, ਦੋਹਾਂ ਧੁਨੰਤਰ ਰਿਸ਼ੀਆਂ ਦੇ ਚਿੰਤਨ ਵਿਚ ਵੀ ਕੋਈ ਤੋੜ ਨਹੀਂ ਸੀ।

ਰੂਸ ਵਿਚ ਕਾਮਰੇਡ ਲੈਨਿਨ ਦੇ ਸਿਰ ਸਿਹਰਾ ਹੈ ਕਿ ਉਸ ਨੇ ਮਾਰਕਸੀ ਚਿੰਤਨ ਦੀ ਰਹਿਨੁਮਾਈ ਹੇਠ ਜੀਵਨ ਦੋਖੀ ਮੱਧਯੁਗੀ ਤਾਕਤ ਦੇ ਰਿਸ਼ਤਿਆਂ ਨੂੰ ਨੇਸਤੋ-ਨਾਬੂਦ ਕਰਨ ਵਿਚ ਤਾਂ ਹੈਰਾਨੀਜਨਕ ਅੰਤਰ-ਦ੍ਰਿਸ਼ਟੀ ਦਾ ਪ੍ਰਦਰਸ਼ਨ ਕੀਤਾ, ਪਰ ਹਾਲਾਤ ਦਾ ਇਹ ਮਹਾਂ-ਵਿਰੋਧਾਭਾਸ ਹੀ ਕਿਹਾ ਜਾਵੇਗਾ ਕਿ ਰੂਸੀ ਇਨਕਲਾਬ ਦੀਆਂ ਪ੍ਰਾਪਤੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕਰਦਿਆਂ-ਕਰਦਿਆਂ ਆਪਣੀ ਅਚਾਨਕ, ਬੇਵਕਤ ਮੌਤ ਤੱਕ, ਸਿੱਧੇ-ਅਸਿੱਧੇ ਤੌਰ 'ਤੇ ਸਤਾਲਿਨ ਦੇ ਰੂਪ ਵਿਚ ਆਪਣੇ ਅਜਿਹੇ 'ਚੇਲੇ' ਲਈ ਮੈਦਾਨ ਸਾਫ ਕਰ ਗਿਆ ਜਿਸ ਨੇ ਲੈਨਿਨ ਅਤੇ ਕਾਰਲ ਮਾਰਕਸ ਦੀਆਂ ਵਿਚਾਰਧਾਰਾਵਾਂ ਦੀਆਂ ਨਾ ਕੇਵਲ ਧੱਜੀਆਂ ਹੀ ਉਡਾ ਦੇਣੀਆਂ ਸਨ ਬਲਕਿ ਇਨਸਾਨੀ ਕਦਰਾਂ ਦਾ ਅਜਿਹੀ ਬੇਕਿਰਕੀ ਨਾਲ ਹਨਨ ਕਰਨਾ ਸੀ ਕਿ ਰਹਿੰਦੀ ਦੁਨੀਆਂ ਤੱਕ ਪੜ੍ਹਨ-ਸੁਣਨ ਵਾਲੇ ਕਿਸੇ ਵੀ ਬਾਜ਼ਮੀਰ ਆਦਮੀ ਦੀ ਆਤਮਾ ਨੂੰ ਕਾਂਬੇ ਚੜ੍ਹ ਜਾਵਣ। ਤੇ ਫਿਰ ਇਹ ਭਾਣਾ ਵੀ ਉਸ ਸਮੇਂ ਵਾਪਰਿਆ ਜਦੋਂ ਕਾਮਰੇਡ ਲੈਨਿਨ ਕੋਲ ਲਿਓਨ ਤ੍ਰਾਤਸਕੀ ਵਰਗਾ ਸੰਤ ਸਿਪਾਹੀ, ਯੋਧਾ ਚਿੰਤਕ ਅਤੇ ਨਿਰਮਲ ਸ਼ਖਸੀਅਤ ਵਾਲਾ ਸ਼ਖਸ ਬਦਲ ਦੇ ਰੂਪ ਵਿਚ ਮੌਜੂਦ ਸੀ।

ਆਪਣੀ ਗੱਲ ਅੱਗੇ ਵਧਾਉਣ ਤੋਂ ਪਹਿਲਾਂ ਮੈਂ ਪਾਠਕਾਂ ਨਾਲ ਆਪਣੀ ਨਿੱਜੀ ਜ਼ਿੰਦਗੀ ਦੇ ਕੁਝ ਪਹਿਲੂ ਸਾਂਝੇ ਕਰਨਾ ਚਾਹੁੰਦਾ ਹਾਂ। ਵੱਡੇ ਭਾਈ (ਕਹਾਣੀਕਾਰ) ਵਰਿਆਮ ਸਿੰਘ ਸੰਧੂ ਵਾਂਗ ਮੈਂ ਵੀ 12-13 ਵਰ੍ਹਿਆਂ ਦੀ ਉਮਰ ਤੱਕ ਸੋਹਣ ਸਿੰਘ ਸੀਤਲ ਦੀਆਂ ਰਚਨਾਵਾਂ ਦੇ ਨਾਲ-ਨਾਲ ਕਰਤਾਰ ਸਿੰਘ ਕਲਾਸਵਾਲੀਏ ਦੀ ਕਿਤਾਬ 'ਬੰਦਾ ਬਹਾਦਰ' ਅਤੇ ਬਾਬਾ ਪ੍ਰੇਮ ਸਿੰਘ ਹੋਤੀ ਦੀ 'ਹਰੀ ਸਿੰਘ ਨਲੂਆ' ਪੜ੍ਹ ਲਈਆਂ ਹੋਈਆਂ ਸਨ। ਮੇਰੇ 'ਤੇ ਉਨ੍ਹਾਂ ਦਾ ਅਸਰ ਵੀ ਸੀ ਅਤੇ ਮੇਰਾ ਅੱਜ ਤੱਕ ਵਿਸ਼ਵਾਸ ਹੈ ਕਿ ਭਾਈਚਾਰਕ ਵਿਰਸੇ ਦੀਆਂ ਜੜ੍ਹਾਂ ਨਾਲ ਜੁੜਨ ਲਈ ਹਰ ਬੱਚੇ ਨੂੰ ਇਹ ਕਿਤਾਬਾਂ ਲਾਜ਼ਮੀ ਤੌਰ 'ਤੇ ਪੜ੍ਹਨੀਆਂ ਚਾਹੀਦੀਆਂ ਹਨ। ਉਂਜ, ਇਹ ਕਿਤਾਬਾਂ ਮੂਲ ਪ੍ਰੇਰਨਾ ਲਈ ਤਾਂ ਠੀਕ ਸਨ, ਪਰ ਮੌਜੂਦਾ ਦੌਰ ਦੀਆਂ ਸਮੱਸਿਆਵਾਂ ਨਾਲ ਜੂਝਣ ਲਈ ਅਜਿਹੇ ਸਾਹਿਤ ਵਿਚ ਕੋਈ ਦਿਸ਼ਾ-ਨਿਰਦੇਸ਼ ਨਹੀਂ। 1966-67 'ਚ ਸਠਿਆਲੇ ਕਾਲਜ ਜਾਂਦਿਆਂ ਹੀ ਮੇਰਾ ਸੰਪਰਕ ਬਾਬਾ ਬਘੇਲ ਸਿੰਘ ਬੱਲ ਦੀ ਸਿੱਧੀ-ਅਸਿੱਧੀ ਪ੍ਰੇਰਨਾ ਨਾਲ ਇਕੱਠੇ ਹੋਏ ਮਾਰਕਸੀ ਮੁੰਡਿਆਂ ਦੇ ਸਰਕਲ ਨਾਲ ਹੋ ਗਿਆ। ਸਾਲ ਕੁ ਮਨ ਬਾਗੋ-ਬਾਗ ਹੋਇਆ ਰਿਹਾ ਪਰ ਜਲਦੀ ਹੀ ਪਹਿਲਾਂ ਇਸ ਸਰਕਲ ਦੇ ਮੈਂਬਰਾਂ ਦੀ ਕਹਿਣੀ ਤੇ ਕਥਨੀ, ਤੇ ਫਿਰ ਇਤਿਹਾਸ ਵਿਚ ਮਾਰਕਸੀ ਵਿਚਾਰਧਾਰਾ ਦੇ ਦਾਅਵਿਆਂ ਅਤੇ ਅਮਲ ਵਿਚ ਨਜ਼ਰ ਆਉਣ ਲੱਗੀ ਡੂੰਘੀ ਦਰਾੜ ਨੂੰ ਵਾਚਦਿਆਂ ਮਨ ਅਜਿਹਾ ਭੈਅ-ਭੀਤ ਹੋਇਆ, ਅਜਿਹੇ ਸ਼ੰਕੇ ਉਪਜੇ, ਕਿ ਇਨ੍ਹਾਂ ਦਾ ਤੋੜ ਭਾਲਦਿਆਂ ਜ਼ਿੰਦਗੀ ਹੀ ਲੰਘ ਚੱਲੀ ਹੈ। ਉਂਜ, ਮੋਹ-ਭੰਗ ਹੋ ਜਾਣ ਦੇ ਬਾਵਜੂਦ, ਉਦੋਂ ਵੀ ਅਤੇ ਅੱਜ ਤੱਕ ਵੀ, ਕਾਰਲ ਮਾਰਕਸ ਤੋਂ ਵੱਧ ਸਪਸ਼ਟ ਤੇ ਮਹਾਨ ਕੋਈ ਹੋਰ ਰਹਿਨੁਮਾ ਨਹੀਂ ਲੱਗਾ। ਜੇ ਲੋਕਾਈ ਨੇ ਆਪਣੀ ਹਾਲਤ ਸੰਵਰ ਜਾਣ ਦੀ ਕੋਈ ਉਮੀਦ ਰੱਖਣੀ ਹੈ ਤਾਂ ਅੱਜ ਵੀ ਸਾਨੂੰ ਮਾਰਕਸੀ ਚਿੰਤਨ ਦਾ ਕੋਈ ਬਦਲ ਦੀਂਹਦਾ ਨਹੀਂ। ਸਵਾਲ ਇਹ ਹੈ ਕਿ ਮਾਰਕਸ ਦੀ ਮੂਲ ਪ੍ਰੇਰਨਾ ਦੇ ਖੁਆਬ ਨੂੰ ਅਮਲ ਵਿਚ ਉਤਾਰਨ ਦੀ ਮੁਹਿੰਮ ਸਮੇਂ ਸਤਾਲਿਨੀ ਇੰਤਹਾਪਸੰਦੀ ਦੀ ਕਿਸੇ ਵੀ ਸੰਭਾਵਨਾ ਨੂੰ ਮਨਫੀ ਕਿੰਜ ਕੀਤਾ ਜਾਵੇ? ਉਸ ਸਮੇਂ ਤੋਂ ਲੈ ਕੇ ਅੱਜ ਤੱਕ ਸਤਾਲਿਨ ਦੇ ਮਨਹੂਸ ਵਰਤਾਰੇ ਨੂੰ ਸਮਝਣ ਲਈ ਘੱਟੋ-ਘੱਟ ਉਸ ਦੀਆਂ 10-12 ਅਹਿਮ ਜੀਵਨੀਆਂ ਅਤੇ ਕਿਤਨਾ ਹੀ ਹੋਰ ਸੰਬੰਧਤ ਸਾਹਿਤ ਪੜ੍ਹਿਆ, ਪਰ ਉਸ ਦੀ ਅਣਮਨੁੱਖੀ ਕਾਰਕਰਦਗੀ ਦਾ ਤਰਕ ਗੇੜ ਵਿਚ ਨਹੀਂ ਆਇਆ।

ਕਮਾਲ ਦੀ ਗੱਲ ਹੈ ਕਿ ਸਤਾਲਿਨ ਤੋਂ ਬਾਅਦ ਨਿਕੀਤਾ ਖਰੁਸ਼ਚੇਵ ਨੇ ਸੋਵੀਅਤ ਸਮਾਜਵਾਦ ਦੇ ਤਜਰਬੇ ਨੂੰ ਸੰਭਾਲਣ ਲਈ ਬਥੇਰੇ ਸਾਰਥਿਕ ਯਤਨ ਕੀਤੇ। ਖਰੁਸ਼ਚੇਵ ਤੋਂ ਬਾਅਦ ਲਿਓਨਿਦ ਬਰੈਜ਼ਨੇਵ ਦੇ ਦੌਰ ਵਿਚ ਮਿਖਾਈਲ

*(ਬਾਕੀ ਅਗਲੇ ਸਫੇ 'ਤੇ)*




*ਆਈਜ਼ੈਕ ਡਿਊਸ਼ਰ ਵੱਲੋਂ ਲਿਓਨ ਤ੍ਰਾਤਸਕੀ ਦੀ ਤਿੰਨ-ਜਿਲਦੀ ਜੀਵਨੀ 'ਪਰੌਫੈਟ ਆਰਮਡ', 'ਪਰੌਫੈਟ ਅਨਆਰਮਡ' ਤੇ 'ਪਰੌਫੈਟ ਆਊਟਕਾਸਟ' ਦੇ ਟਾਈਟਲ।*

ਸੁਸਲੋਵ ਅਤੇ ਅਲੈਕਸੀ ਕੋਸੀਲਿਨ, ਦੋਵੇਂ ਹੀ ਬਹੁਤ ਪ੍ਰਤੀਬੱਧ ਅਤੇ ਯੋਗ ਆਗੂ ਸਨ। ਸਮੇਤ ਲਿਓਨਿਦ ਬਰੈਜ਼ਨੇਵ ਦੇ ਇਹ ਤਿੰਨੇ ਆਗੂ ਆਪੋ-ਆਪਣੀ ਤਰ੍ਹਾਂ ਦੇ ਤਕੜੇ ਸੰਤ ਸਿਪਾਹੀ ਸਨ। ਜਿਹੜੇ ਲੋਕ ਉਸ ਦੀਆਂ ਮਜਬੂਰੀਆਂ ਦਾ ਤਰਕ ਸਮਝਣ ਦੀ ਕੋਸ਼ਿਸ਼ ਕਰਨ ਦੀ ਬਜਾਏ ਉਹੋ ਪੁਰਾਣੀ 'ਸੋਧਵਾਦ ਨੇ ਭੱਠਾ ਬਿਠਾ ਦਿੱਤਾ' ਵਾਲੀ ਮੁਹਾਰਨੀ ਪੜ੍ਹੀ ਜਾਂਦੇ ਹਨ, ਉਨ੍ਹਾਂ ਨੂੰ ਡੱਕਿਆ ਨਹੀਂ ਜਾ ਸਕਦਾ। ਉਨ੍ਹਾਂ ਦੇ ਅਜਿਹੇ ਸਿਧਰੇ ਤਰਕ 'ਤੇ ਬੱਸ ਬੇਵਸ ਹੀ ਹੋਇਆ ਜਾ ਸਕਦਾ ਹੈ।

ਲਿਓਨਿਦ ਬਰੈਜ਼ਨੇਵ ਤੋਂ ਬਾਅਦ ਸੋਵੀਅਤ ਯੂਨੀਅਨ ਨੂੰ ਯੂਰੀ ਆਂਦਰੋਪੋਵ ਦੇ ਰੂਪ ਵਿਚ ਕਾਮਰੇਡ ਲੈਨਿਨ ਵਰਗਾ ਹੀ ਆਗੂ ਨਸੀਬ ਹੋ ਗਿਆ ਸੀ। ਨਿਸ਼ਚੇ ਹੀ ਯੂਰੀ ਆਂਦਰੋਪੋਵ ਵਿਚ ਮੇਰੀ ਗਹਿਰੀ ਦਿਲਚਸਪੀ ਸੀ। ਅੱਜ ਤੋਂ 10 ਕੁ ਵਰ੍ਹੇ ਪਹਿਲਾਂ ਮੈਂ ਵਲਾਦੀਮੀਰ ਸੋਲੋਵਲੀਯੋਵ ਅਤੇ ਇਲੇਨਾ ਕਲੈਪੀਕੋਵਾ ਨਾਂ ਦੇ ਰੂਸੀ ਪੱਤਰਕਾਰ/ਇਤਿਹਾਸਕਾਰ ਜੋੜੇ ਵੱਲੋਂ ਲਿਖੀ ਉਸ ਦੀ ਹੈਰਾਨੀਜਨਕ ਪਰ ਸਿਰੇ ਦੀ ਨਫਰਤ ਨਾਲ ਭਰੀ ਹੋਈ ਜੀਵਨੀ ਉਚੇਚ ਨਾਲ ਤੇ ਵਾਰ-ਵਾਰ ਪੜ੍ਹੀ ਸੀ ਅਤੇ ਆਪਣੇ ਮਿੱਤਰ ਨਰਿੰਦਰ ਭੁੱਲਰ ਸਮੇਤ ਹੋਰਾਂ ਮਿੱਤਰਾਂ ਨੂੰ ਫੋਟੋ ਕਾਪੀ ਕਰਵਾ ਕੇ ਵੀ ਦਿੱਤੀ ਸੀ। ਇਸ ਕਿਤਾਬ ਵਿਚ ਹੰਗਰੀ ਦੀਆਂ ਘਟਨਾਵਾਂ, ਚੈਕੋਸਲੋਵਾਕੀਆ 'ਤੇ ਹਮਲੇ, ਪੋਪ ਦੇ ਕਤਲ ਦੀ ਸਾਜ਼ਿਸ਼ ਅਤੇ ਅਫਗਾਨਿਸਤਾਨ ਵਿਚ ਦਖਲ; ਸਭਨਾਂ ਲਈ ਯੂਰੀ ਆਂਦਰੋਪੋਵ ਨੂੰ ਹੀ ਜ਼ਿੰਮੇਵਾਰ ਮੰਨਿਆ ਗਿਆ ਸੀ। ਇਹ ਸਹੀ ਨਹੀਂ ਹੈ।

ਇਤਿਹਾਸ ਦੇ ਹਜ਼ਾਰਾਂ ਵਿਰੋਧਾਭਾਸਾਂ ਕਾਰਨ ਸੋਵੀਅਤ ਸਮਾਜਵਾਦ ਦੇ ਤਜਰਬੇ ਦੀ ਗੱਡ ਮਿਖਾਈਲ ਸੁਸਲੋਵ ਅਤੇ ਅਲੈਕਸੀ ਕੋਸੀਲਿਨ ਦੀਆਂ ਸਭ ਸੁਹਿਰਦ ਕੋਸ਼ਿਸ਼ਾਂ ਦੇ ਬਾਵਜੂਦ ਜਿਸ ਚਿੱਕੜ ਵਿਚ ਜਾ ਕੇ ਫਸ ਗਈ ਸੀ, ਯੂਰੀ ਆਂਦਰੋਪੋਵ ਨੂੰ ਉਸ ਦੀਆਂ ਸਾਰੀਆਂ ਬਰੀਕੀਆਂ ਦੀ ਬਾਖੂਬੀ ਸਮਝ ਸੀ। ਉਹ ਬਿਮਾਰ ਸੀ, ਪਰ ਉਸ ਨੇ ਮਿਖਾਈਲ ਗੋਰਬਾਚੇਵ, ਯੇਗੋਰ ਲਿਗਾਚੇਵ, ਬੋਰਿਸ ਯੇਲਤਸਿਨ ਅਤੇ ਸ਼ੇਵਰਦਨਾਦਜ਼ੇ ਵਰਗੇ ਬੇਹੱਦ ਸੁਹਿਰਦ ਅਤੇ ਗਤੀਸ਼ੀਲ ਨੌਜਵਾਨ ਨੇਤਾਵਾਂ ਨੂੰ ਇਸ ਉਮੀਦ ਅਤੇ ਵਿਸ਼ਵਾਸ ਨਾਲ ਬੜੀ ਤੇਜ਼ੀ ਨਾਲ ਰਿਕਰੂਟ ਕੀਤਾ ਸੀ ਕਿ ਉਹ ਸਮਾਜਵਾਦੀ ਨਿਜ਼ਾਮ ਨੂੰ ਸਿਹਤਮੰਦ ਨਰੋਈਆਂ ਲੀਹਾਂ 'ਤੇ ਲੈ ਆਉਣਗੇ ਪਰ ਬਦਕਿਸਮਤੀ ਵਸ ਆਂਦਰੋਪੋਵ ਦੀਆਂ ਉਮੀਦਾਂ ਵਰ ਨਾ ਆ ਸਕੀਆਂ।

ਸੋਵੀਅਤ ਤਜਰਬੇ ਨਾਲ ਇਤਿਹਾਸ ਨੇ ਪਹਿਲਾਂ ਉਦੋਂ ਧੱਕਾ ਕੀਤਾ ਜਦੋਂ ਕਾਮਰੇਡ ਲੈਨਿਨ ਦੀ ਬਹੁਤ ਅਗੇਤੇ ਸਮੇਂ ਹੀ ਬੇਵਕਤ ਮੌਤ ਹੋ ਗਈ। ਦੂਜੇ, ਵਿਅੰਗ ਇਹ ਸੀ ਕਿ ਲਿਓਨ ਤ੍ਰਾਤਸਕੀ ਵਰਗੇ ਜ਼ਹੀਨ ਆਗੂ ਨੂੰ ਪਾਸੇ ਧੱਕ ਕੇ ਸਤਾਲਿਨ, ਕਮਿਊਨਿਸਟ ਨਿਜ਼ਾਮ ਉਪਰ ਅਤਿ ਕਰੂਰ ਤਾਨਾਸ਼ਾਹੀ ਕਾਇਮ ਕਰਨ ਵਿਚ ਸਫਲ ਹੋ ਗਿਆ। ਫਿਰ ਇਨਸਾਨੀ ਇਤਿਹਾਸ ਦੇ ਇਸ ਮਹਾਨ ਤਜਰਬੇ ਨਾਲ ਆਖਰੀ ਦੁਖਾਂਤ ਤਾਂ ਵਾਪਰਨਾ ਸੀ, ਤੇ ਉਹ ਦੁਖਾਂਤ ਇਹ ਵੀ ਸੀ ਕਿ ਯੂਰੀ ਆਂਦਰੋਪੋਵ ਗੱਡੀ ਨੂੰ ਲੀਹ 'ਤੇ ਲਿਆਉਣ ਦੀਆਂ ਸਿਰਤੋੜ ਕੋਸ਼ਿਸ਼ਾਂ ਕਰ ਹੀ ਰਹੇ ਸਨ ਕਿ ਸਾਲ ਖੰਡ ਦੇ ਅੰਦਰ-ਅੰਦਰ ਹੀ ਗੁਰਦੇ ਦੇ ਕਿਸੇ ਅਵੱਲੇ ਰੋਗ ਕਾਰਨ ਉਸ ਦੀ ਮੌਤ ਹੋ ਗਈ। ਯੂਰੀ ਆਂਦਰੋਪੋਵ ਦੀ ਸੂਝ ਅਤੇ ਚੋਣ 'ਤੇ ਰਸ਼ਕ ਆਉਂਦਾ ਹੈ। ਮਿਖਾਈਲ ਗੋਰਬਾਚੇਵ ਅਤੇ ਯੇਗੋਰ ਲਿਗਾਚੇਵ, ਦੋਵੇਂ ਹੀ ਕਮਾਲ ਦੇ ਆਗੂ ਸਨ ਅਤੇ ਹਾਲਾਤ ਰਤਾ ਕੁ ਸਾਜ਼ਗਾਰ ਹੋਣ ਦੀ ਸੂਰਤ ਵਿਚ ਕੋਈ ਕ੍ਰਿਸ਼ਮਾ ਕਰ ਸਕਣ ਦੇ ਸਹਿਜੇ ਹੀ ਸਮਰੱਥ ਹੋ ਸਕਦੇ ਸਨ। ਗੋਰਬਾਚੇਵ ਕਿਹੜੀਆਂ ਮਜਬੂਰੀਆਂ ਵਿਚ ਕੀ ਕਰ ਰਿਹਾ ਸੀ ਅਤੇ ਆਪਣੇ ਪ੍ਰਸ਼ਾਸਨ ਦੇ ਪਹਿਲੇ ਮਹਿਜ਼ ਇਕ ਦੋ ਵਰ੍ਹਿਆਂ ਵਿਚ ਹੀ ਉਹ ਕੀ-ਕੀ ਕਰ ਗਿਆ ਸੀ, ਉਸ ਦੇ ਮਹਾਤਮ ਜਾਂ 'ਕਾਵਿ ਸ਼ਾਸਤਰਾਂ' ਨੂੰ ਸਮਝਣ ਲਈ ਅਜੇ ਲੋਕਾਈ ਨੂੰ ਕਾਫੀ ਦੇਰ ਲੱਗੇਗੀ। ਮਿਖਾਈਲ ਗੋਰਬਾਚੇਵ ਦੇ ਖੱਬੇ ਦਾਅ 'ਤੇ ਯੇਗੋਰ ਲਿਗਾਚੇਵ ਅਤੇ ਕਈ ਹੋਰ ਬਹੁਤ ਹੀ ਸਿਆਣੇ ਸਾਥੀ ਖੜ੍ਹੇ ਸਨ, ਜਦੋਂ ਕਿ ਸੱਜੇ ਦਾਅ 'ਤੇ ਯਾਕੋਵਲੇਵ ਵਰਗੇ ਦਾਨਸ਼ਮੰਦ ਚਿੰਤਕ ਦੇ ਨਾਲ ਹੀ ਬੋਰਿਸ ਯੇਲਤਸਿਨ ਵਰਗਾ ਦਿਓਕੱਦ ਆਗੂ ਰਾਜਨੀਤਕ ਸੀਨ 'ਤੇ ਉਭਰ ਆਇਆ ਹੋਇਆ ਸੀ।

ਯੂਰੀ ਆਂਦਰੋਪੋਵ ਦਾ ਖੁਆਬ ਪੂਰਾ ਕਿਉਂ ਨਾ ਹੋਇਆ? ਮਿਖਾਈਲ ਗੋਰਬਾਚੇਵ, ਯੇਲਤਸਿਨ ਦੇ ਮੂਹਰੇ ਮਾਰ ਕਿੰਜ ਖਾ ਗਿਆ ਅਤੇ ਅੱਗਿਉਂ ਰੂਸ ਵਿਚ ਉਦਾਰ ਜਮਹੂਰੀਅਤ ਕਾਇਮ ਕਰਨ ਦਾ ਯੇਲਤਸਿਨ ਦਾ ਆਪਣਾ ਮਨਸ਼ਾ ਵੀ ਸਫਲ ਕਿਉਂ ਨਾ ਹੋਇਆ? ਰੂਸੀ ਇਤਿਹਾਸ ਦੇ ਪੂਰੀਆਂ ਦੋ ਸਦੀਆਂ ਵਿਚ ਫੈਲੇ ਲੰਮੇ ਇਸ ਦੁਖਾਂਤ ਨੂੰ ਸਮਝਣ ਵਿਚ ਮੈਂ ਪਿਛਲੇ ਦੋ ਚਾਰ ਵਰ੍ਹਿਆਂ ਵਿਚ ਆਪਣੇ ਅਜ਼ੀਜ਼ ਧਰਮਜੀਤ ਸਿੰਘ ਦੇ ਸਹਿਯੋਗ ਨਾਲ ਇੰਟਰਨੈਟ ਦਾ ਫਾਇਦਾ ਉਠਾਉਂਦਿਆਂ ਕਈ ਅਹਿਮ ਕਿਤਾਬਾਂ ਪੜ੍ਹੀਆਂ ਹਨ ਪਰ ਇਸ ਦੌਰ ਦੇ ਦੁਖਾਂਤ ਨੂੰ ਸਮਝਣ ਲਈ ਸਭ ਤੋਂ ਅਹਿਮ ਪੁਸਤਕ 'ਇਨਸਾਈਡ ਗੋਰਬਾਚੇਵ'ਜ਼ ਕਰੈਮਲਿਨ' ਸਿਰਲੇਖ ਹੇਠਲੀ ਯੇਗੋਰ ਲਿਗਾਚੇਵ ਦੀਆਂ ਯਾਦਾਂ ਦੀ ਕਿਤਾਬ ਹੀ ਹੈ ਜੋ ਮੈਨੂੰ ਮੇਰੇ ਅਜ਼ੀਜ਼ ਨਰਿੰਦਰ ਭੁੱਲਰ ਨੇ ਆਪਣੀ ਮੌਤ ਤੋਂ ਵਰ੍ਹਾ ਕੁ ਪਹਿਲਾਂ ਵਿਸ਼ੇਸ਼ ਤੌਰ 'ਤੇ ਜਿਲਦਬੰਦੀ ਕਰਵਾ ਕੇ ਦਿੱਤੀ ਸੀ ਅਤੇ ਅੱਗਿਉਂ ਮੈਂ ਇਸ ਦੀਆਂ ਕਾਪੀਆਂ ਕਰਵਾ ਕੇ ਆਪਣੇ ਲਗਪਗ ਸਾਰੇ ਹੀ ਨੇੜਲੇ ਦੋਸਤਾਂ ਨੂੰ ਪੜ੍ਹਨ ਲਈ ਵੰਡੀਆਂ ਹੋਈਆਂ ਹਨ।

ਕੋਈ ਕਿਤਾਬ ਪੜ੍ਹਦਿਆਂ, ਜਾਂ ਕਹੋ ਕਿ ਕਿਸੇ ਵੇਲੇ ਵੀ ਮੇਰੀਆਂ ਅੱਖਾਂ 'ਚੋਂ ਅੱਥਰੂ ਕਦੇ ਘੱਟ ਵੱਧ ਹੀ ਆਏ ਹਨ ਪਰ ਮੁੱਦਤ ਪਹਿਲਾਂ ਆਈਜ਼ੈਕ ਡਿਊਸ਼ਰ ਦੀ 'ਪਰੌਫਿਟ ਆਰਮਡ', 'ਪਰੌਫਿਟ ਅਨਆਰਮਡ' ਤੇ 'ਪਰੌਫਿਟ ਆਊਟਕਾਸਟ' ਸਿਰਲੇਖ ਹੇਠ ਲਿਓਨ ਤ੍ਰਾਤਸਕੀ ਦੀ ਤਿੰਨ ਜਿਲਦਾਂ 'ਚ ਲਿਖੀ ਜੀਵਨੀ ਪੜ੍ਹਦਿਆਂ ਕਈ ਵਾਰ ਚੀਕਾਂ ਨਿਕਲ ਜਾਂਦੀਆਂ ਰਹੀਆਂ। ਉਂਜ ਯੇਗੋਰ ਲਿਗਾਚੇਵ ਆਪਣੀਆਂ ਯਾਦਾਂ ਦੀ ਪੁਸਤਕ 'ਇਨਸਾਈਡ ਗੋਰਬਾਚੇਵ'ਜ਼ ਕਰੈਮਲਿਨ' ਵਿਚ ਜਿਸ ਅੰਦਾਜ਼ ਵਿਚ ਬਿਮਾਰ ਅਵਸਥਾ ਵਿਚ ਆਪਣੀਆਂ ਅੰਤਿਮ ਘੜੀਆਂ ਗਿਣ ਰਹੇ ਆਪਣੇ ਰਹਿਨੁਮਾ ਯੂਰੀ ਆਂਦਰੋਪੋਵ ਦਾ ਜ਼ਿਕਰ ਕਰਦਾ ਹੈ, ਚਾਰ ਕੁ ਵਰ੍ਹੇ ਪਹਿਲਾਂ ਉਹ ਸਤਰਾਂ ਪੜ੍ਹਦਿਆਂ ਮੇਰੀਆਂ ਇਕ ਵਾਰ ਮੁੜ ਧਾਹਾਂ ਨਿਕਲ ਗਈਆਂ ਸਨ।

ਯੇਗੋਰ ਲਿਗਾਚੇਵ 'ਗਲਾਸਨੋਸਤ' ਅਤੇ 'ਪਰੇਸਤਰੋਇਕਾ' ਦੀ ਅਸਫਲਤਾ ਲਈ ਮਿਖਾਈਲ ਗੋਰਬਾਚੇਵ ਨੂੰ ਸਿੱਧੇ ਰੂਪ ਵਿਚ ਜ਼ਿੰਮੇਵਾਰ ਨਹੀਂ ਠਹਿਰਾਉਂਦਾ ਅਤੇ ਨਾ ਉਸ ਨੂੰ ਖਾਹ-ਮਖਾਹ ਕਟਹਿਰੇ ਵਿਚ ਹੀ ਖੜ੍ਹਾ ਕਰਦਾ ਹੈ। ਯੇਗੋਰ ਲਿਗਾਚੇਵ ਖੁਦ ਬੇਹੱਦ ਇਮਾਨਦਾਰ ਕਮਿਊਨਿਸਟ ਹੈ। ਸਮਾਜਵਾਦੀ ਨਿਜ਼ਾਮ ਦੀਆਂ ਸ਼ਾਮਾਂ ਦੇ ਦੌਰ ਵਿਚ ਅਜੇ ਵੀ ਉਸ ਦੀ ਮਾਰਕਸਵਾਦੀ ਚਿੰਤਨ ਅਤੇ ਸਮੁੱਚੇ ਲੈਨਿਨਵਾਦੀ ਪ੍ਰੋਜੈਕਟ ਵਿਚ ਅਨਿੰਨ ਆਸਥਾ ਹੈ। ਉਸ ਦੀਆਂ ਯਾਦਾਂ ਦੀ ਪੁਸਤਕ ਦੀਆਂ ਤਹਿਆਂ ਵਿਚ ਸਹਿਜੇ ਹੀ ਨਿਕੋਲਾਈ ਆਸਤੋਰਸਕੀ ਦੇ ਉਘੇ ਨਾਵਲ 'ਸੂਰਮੇ ਦੀ ਸਿਰਜਣਾ' ਦੇ ਨਾਇਕ ਦੀਆਂ ਤਾਂਘਾਂ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ, ਉਸ ਦੀਆਂ ਚੀਕਾਂ ਸੁਣੀਆਂ ਜਾ ਸਕਦੀਆਂ ਹਨ। ਪੁਸਤਕ ਦੇ ਬਿਰਤਾਂਤ ਅਨੁਸਾਰ 1985 ਅਤੇ 1986 ਦਾ ਪੂਰਾ ਵਰ੍ਹਾ ਲਿਗਾਚੇਵ, ਮਿਖਾਈਲ ਗੋਰਬਾਚੇਵ ਦੇ ਪੂਰੀ ਤਰ੍ਹਾਂ ਨਾਲ ਰਹਿੰਦਾ ਹੈ। ਦੋਵਾਂ ਨੇਤਾਵਾਂ ਦੀ ਹਾਲਾਤ ਉਤੇ ਪੂਰੀ ਪਕੜ ਵੀ ਹੈ ਪਰ 1987 ਤੱਕ ਜਾਂਦਿਆਂ ਜਾਂਦਿਆਂ ਜਮਹੂਰੀਕਰਨ ਦਾ ਅਮਲ ਆਪ-ਮੁਹਾਰੇ ਹੀ ਅਰਾਜਕ ਮੋੜ ਕੱਟਣਾ ਸ਼ੁਰੂ ਕਰ ਦਿੰਦਾ ਹੈ, ਹਾਲਾਤ ਹੱਥ ਵਿਚੋਂ ਨਿਕਲਣੇ ਸ਼ੁਰੂ ਹੋ ਜਾਂਦੇ ਹਨ। ਮੀਡੀਏ ਵਿਚ ਸਤਾਲਿਨ ਯੁੱਗ ਦੀਆਂ ਵਧੀਕੀਆਂ ਦੇ ਲੂ-ਕੰਡੇ ਖੜ੍ਹੇ ਕਰਨ ਵਾਲੇ ਨਿੱਤ ਨਵੇਂ ਕਿੱਸੇ ਨੰਗੇ ਹੋਣ ਲੱਗਦੇ ਹਨ। ਰਾਜਨੀਤਕ ਅਤੇ ਆਰਥਿਕ ਖੁੱਲ੍ਹਾਂ ਲਈ ਆਏ ਦਿਨ ਦਬਾਅ ਵਧਣ ਲੱਗਦਾ ਹੈ। ਗੋਰਬਾਚੇਵ ਜਮਹੂਰੀਕਰਨ ਦੇ ਅਮਲ ਲਈ ਪ੍ਰਤੀਬੱਧ ਹੈ ਪਰ ਹੁੰਦਾ ਇਹ ਹੈ ਕਿ ਸਿਸਟਮ ਵਿਚੋਂ ਆਦਰਸ਼ਵਾਦ ਦੀ ਭਾਵਨਾ ਕਿਉਂਕਿ ਖਤਮ ਹੋ ਚੁੱਕੀ ਹੈ, ਮਾਹੌਲ ਨਿਰੰਤਰ ਰਾਜਨੀਤਕ-ਆਰਥਿਕ ਆਪਾ-ਧਾਪੀ ਵਾਲਾ ਬਣਦਾ ਜਾਂਦਾ ਹੈ। ਲਿਗਾਚੇਵ ਬੇਵਸ ਹੈ। ਮੀਡੀਏ ਦਾ ਇੰਚਾਰਜ ਅਲੈਗਜੈਂਡਰ ਯਕੋਵਲੇਵ ਹੈ। ਉਹ ਪ੍ਰਤੀਬਧ ਉਦਾਰਵਾਦੀ ਹੈ ਅਤੇ ਸਤਾਲਿਨੀ ਰੁਝਾਨ ਦਾ ਕੱਟੜ ਵਿਰੋਧੀ ਹੈ। ਲਿਗਾਚੇਵ ਨੂੰ ਨਿਜ਼ਾਮ ਦੇ ਢਹਿ ਢੇਰੀ ਹੁੰਦੇ ਜਾਣ ਲਈ ਅਲੈਗਜੈਂਡਰ ਯਕੋਵਲੇਵ ਅਤੇ ਉਸ ਵੱਲੋਂ ਬੇਲਗਾਮ ਕੀਤਾ ਹੋਇਆ ਮੀਡੀਆ ਹੀ ਜ਼ਿੰਮੇਵਾਰ ਨਜ਼ਰ ਆ ਰਿਹਾ ਹੈ। ਯੇਗੋਰ ਲਿਗਾਚੇਵ ਦਾ ਬਿਰਤਾਂਤ, ਦੁਖਾਂਤ ਦੇ ਕਾਰਨਾਂ ਦੀਆਂ ਜੜ੍ਹਾਂ ਤੱਕ ਪਾਠਕ ਨੂੰ ਭਲੇ ਹੀ ਨਹੀਂ ਦਿਸਦਾ, ਪਰ ਉਸ ਦੀ ਇਮਾਨਦਾਰੀ ਪਾਠਕ ਦੀ ਧੰਨ-ਧੰਨ ਕਰਵਾ ਦਿੰਦੀ ਹੈ।

ਕਹਾਣੀ ਇਤਨੀ ਸਿੱਧੀ ਨਹੀਂ ਹੈ। ਕਈ ਕਥਿਤ ਬੁੱਧੀਜੀਵੀ ਅਜੇ ਤੱਕ ਅਜਿਹੀਆਂ ਛੁਰਲੀਆਂ ਛੱਡ ਰਹੇ ਹਨ ਕਿ ਸਮਾਜਵਾਦੀ ਨਿਜ਼ਾਮ ਦਾ ਬੇੜਾ ਇਸ ਕਰ ਕੇ ਡੁੱਬਾ ਕਿ ਗੋਰਬਾਚੇਵ ਵਿਚ ਚੀਨੀ ਨੇਤਾਵਾਂ ਵਾਲੀ ਦ੍ਰਿੜਤਾ ਨਹੀਂ ਸੀ। ਇਕ ਸਦੀ ਤੋਂ ਵੀ ਪਹਿਲਾਂ ਜਗਤ ਪ੍ਰਸਿੱਧ ਸਮਾਜ ਸ਼ਾਸਤਰੀ ਅਲੈਕਸ ਟਾਕਵਿਲ ਨੇ ਇਤਿਹਾਸ 'ਚ ਉਸ ਸਮੇਂ ਤੱਕ ਵਾਪਰੇ ਇਨਕਲਾਬ, ਖਾਸ ਕਰ ਕੇ ਸਫਲ ਇਨਕਲਾਬਾਂ ਦਾ ਕਮਾਲ ਦਾ ਅਧਿਐਨ ਪੇਸ਼ ਕੀਤਾ ਸੀ। ਅਜਿਹੀ ਪੁਸਤਕ ਪੜ੍ਹਨ ਨਾਲ ਘੱਟੋ-ਘੱਟ ਇਸ ਕਿਸਮ ਦੀ ਛੁਰਲੀ ਛੱਡਣ ਤੋਂ ਸਹਿਜੇ ਹੀ ਬਚਿਆ ਜਾ ਸਕਦਾ ਹੈ।

ਅਸਲ ਵਿਚ ਮਿਖਾਈਲ ਗੋਰਬਾਚੇਵ ਨੇ 'ਗਲਾਸਨੋਸਤ' ਅਤੇ 'ਪਰੇਸਤਰੋਇਕਾ' ਦੀਆਂ ਸੁਹਿਰਦ ਅਤੇ ਇਤਿਹਾਸਕ ਤੌਰ 'ਤੇ ਅਤਿ ਜ਼ਰੂਰੀ ਨੀਤੀਆਂ ਨਾਲ ਜਿਸ ਕਿਸਮ ਦੀਆਂ ਸ਼ਕਤੀਆਂ ਨੂੰ ਖੁੱਲ੍ਹਾ (unleash) ਛੱਡ ਦਿੱਤਾ ਸੀ, ਉਨ੍ਹਾਂ ਨੂੰ ਗੋਰਬਾਚੇਵ ਤਾਂ ਕੀ, ਰੱਬ ਸੱਚਾ ਵੀ ਜੇ ਕਿਧਰੇ ਉਸ ਦੀ ਮਦਦ 'ਤੇ ਹੁੰਦਾ ਤਾਂ ਉਹ ਵੀ ਉਨ੍ਹਾਂ ਨੂੰ ਜ਼ਾਬਤੇ 'ਚ ਰੱਖਣ ਵਿਚ ਵੱਖਰਾ ਜ਼ਿਆਦਾ ਕਾਰਗਰ ਨਾ ਹੋ ਸਕਦਾ। ...ਤੇ ਦੂਜੇ ਪਾਸੇ ਬੋਰਿਸ ਯੇਲਤਸਿਨ ਨਿਸ਼ਚੇ ਹੀ ਆਪਣੀ ਤਰ੍ਹਾਂ ਦਾ ਇਤਿਹਾਸਕ ਪੁਰਸ਼ ਸੀ ਅਤੇ ਉਸ ਨੇ ਉਨ੍ਹਾਂ ਅਮੋੜ ਆਪਮੁਹਾਰੀਆਂ ਸ਼ਕਤੀਆਂ ਦੀ ਤਰਜਮਾਨੀ ਕਰਨੀ ਸ਼ੁਰੂ ਕਰ ਦਿੱਤੀ ਸੀ ਜਿਨ੍ਹਾਂ ਨੂੰ ਪੁਰਾਣਾ ਨਿਜ਼ਾਮ ਹੁਣ ਕਿਸੇ ਵੀ ਸੂਰਤ ਵਿਚ ਮਨਜ਼ੂਰ ਨਹੀਂ ਸੀ... ਇਸ ਉਮੀਦ ਨਾਲ ਕਿ ਉਹ ਨਿਜ਼ਾਮ ਨੂੰ ਜਮਹੂਰੀ ਲੀਹਾਂ 'ਤੇ ਲਿਜਾਣ ਵਿਚ ਸਫਲ ਹੋ ਹੀ ਜਾਣਗੇ।

ਮੈਂ ਯੇਲਤਸਿਨ ਦੇ ਵਰਤਾਰੇ ਨੂੰ ਸਮਝਣ ਲਈ ਉਸ ਦੀ ਜੀਵਨੀ ਦੀਆਂ ਤਿੰਨ ਜਿਲਦਾਂ ਵਿਚੋਂ ਦੋ ਜਿਲਦਾਂ ਧਿਆਨ ਨਾਲ ਪੜ੍ਹੀਆਂ ਹਨ। ਉਸ ਦੀ ਪਹਿਲੀ ਦਿਲਚਸਪ ਜੀਵਨੀ 'ਬੋਰਿਸ ਯੇਲਤਸਿਨ: ਏ ਪੋਲੀਟੀਕਲ ਬਾਇਓਗਰਾਫੀ' ਸਿਰਲੇਖ ਹੇਠ ਵਲਾਦੀਮੀਰ ਸੋਲੋਵਯੋਵ ਅਤੇ ਇਲੇਨਾ ਕਲੈਪੀਕੋਵਾ ਨੇ ਹੀ ਸਾਲ 1994 'ਚ ਲਿਖੀ ਸੀ ਅਤੇ ਇਹ ਕਿਤਾਬ ਵੀ ਮੈਨੂੰ ਨਰਿੰਦਰ ਭੁੱਲਰ ਨੇ ਹੀ ਮੁਹੱਈਆ ਕਰਵਾਈ ਸੀ ਪਰ ਬੋਰਿਸ ਯੇਲਤਸਿਨ ਦੀ 600 ਪੰਨਿਆਂ ਵਿਚ ਫੈਲੀ ਹੋਈ ਅਸਲ ਜੀਵਨੀ ਟਿਮੋਥੀ ਜੇ. ਕੋਲਟਨ ਨਾਂ ਦੇ ਲਿਖਾਰੀ ਨੇ 'ਯੇਲਤਸਿਨ- ਏ ਲਾਈਫ' ਸਿਰਲੇਖ ਹੇਠ ਲਿਖੀ ਹੈ ਜੋ 2008 ਵਿਚ ਬੇਸਿਕ ਬੁਕਸ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ। ਇਹ ਕਿਤਾਬ ਵਾਹਵਾ ਖੋਜ ਕਰ ਕੇ ਲਿਖੀ ਹੋਈ ਹੈ ਅਤੇ ਇਸ ਦਾ ਕੋਈ ਇਕ ਪੰਨਾ ਵੀ ਨੀਰਸ ਨਹੀਂ ਹੈ। ਯੇਲਤਸਿਨ ਕਿਸ ਕਿਸਮ ਦਾ ਕਮਾਲ ਦਾ ਇਨਸਾਨ ਸੀ ਅਤੇ ਰਾਜਨੀਤਕ ਆਫਤਾਂ ਦੇ ਨਾਲ-ਨਾਲ ਜ਼ਿੰਦਗੀ ਦੇ ਹਰ ਮੋੜ 'ਤੇ ਸਰੀਰਕ ਬਿਮਾਰੀਆਂ ਦਾ ਜਿਸ ਸਾਹਸ ਨਾਲ ਉਸ ਨੇ ਟਾਕਰਾ ਕੀਤਾ, ਤੇ ਤਾਕਤ ਤੋਂ ਪਾਸੇ ਹੋ ਕੇ ਆਪਣੀ ਜ਼ਿੰਦਗੀ ਦੇ ਆਖਰੀ 7-8 ਵਰ੍ਹੇ ਇਸ ਮਹਾਨ ਇਨਸਾਨ ਨੇ ਕਿੰਜ ਗੁਜ਼ਾਰੇ, ਉਨ੍ਹਾਂ ਦਾ ਜ਼ਿਕਰ ਕੋਲਟਨ ਨੇ ਬੜੇ ਹੀ ਸ਼ਾਨਦਾਰ ਅੰਦਾਜ਼ ਵਿਚ ਕੀਤਾ ਹੈ। 23 ਅਪਰੈਲ 2007 ਨੂੰ ਯੇਲਤਸਿਨ ਦਾ ਦੇਹਾਂਤ ਹੁੰਦਾ ਹੈ। 25 ਅਪਰੈਲ ਨੂੰ ਉਸ ਨੂੰ ਅੰਤਿਮ ਵਿਦਾਇਗੀ ਦੇਣ ਲਈ ਜੁੜੇ ਸਮਾਗਮ ਵਿਚ ਅਮਰੀਕਾ ਦਾ ਸਾਬਕਾ ਰਾਸ਼ਟਰਪਤੀ ਬਿਲ ਕਲਿੰਟਨ, ਜਰਮਨ ਆਗੂ ਕੋਹਲ, ਜਾਰਜ ਬੁਸ਼, ਅਤੇ ਲੇਕ ਵਾਲੇਸਾ ਸਮੇਤ ਦੁਨੀਆਂ ਭਰ ਦੇ ਅਨੇਕਾਂ ਆਗੂ ਤਾਂ ਖੜ੍ਹੇ ਹੀ ਖੜ੍ਹੇ ਸਨ, ਇਸ ਮਾਤਮੀ ਇਕੱਠ ਵਿਚ 'ਸੰਤ' ਮਿਖਾਈਲ ਗੋਰਬਾਚੇਵ ਵੀ ਖੜ੍ਹਾ ਸੀ ਜੋ ਬੋਰਿਸ ਨੂੰ ਖੁਦ ਉਪਰਲੀ ਲੀਡਰਸ਼ਿਪ ਵਿਚ ਲੈ ਕੇ ਆਇਆ ਸੀ। ਕੌਣ ਜਾਣ ਸਕਦਾ ਸੀ ਕਿ ਯੇਲਤਸਿਨ ਨੇ ਦਿਨਾਂ ਵਿਚ ਹੀ ਗੋਰਬਾਚੇਵ ਵਿਰੁਧ ਬਗਾਵਤ ਕਰ ਕੇ ਉਸ ਦੇ ਵਿਰੋਧ ਵਿਚ ਡਟ ਜਾਣਾ ਸੀ। ...ਤੇ ਫਿਰ 16 ਵਰ੍ਹੇ ਪਹਿਲਾਂ, ਦਸੰਬਰ 1991 'ਚ ਕੇਰਾਂ ਰਾਹ ਕੱਟ ਜਾਣ ਤੋਂ ਬਾਅਦ ਜਿਸ ਨੇ ਉਸ ਨਾਲ ਕਦੀ ਕਲਾਮ ਤੱਕ ਵੀ ਨਹੀਂ ਸੀ ਕੀਤਾ।

ਯੇਲਤਸਿਨ ਨੇ ਰੂਸ ਨੂੰ ਸਤਾਲਿਨੀ ਵਿਰਸੇ ਦੇ ਭੂਤ ਦੇ ਜਕੜ-ਜੱਫੇ ਵਿਚੋਂ ਕੱਢ ਕੇ ਆਪਣੇ ਲੋਕਾਂ ਦਾ ਜੀਵਨ ਸੌਖਾ ਕਰਨ ਲਈ ਅਤੇ ਉਥੇ ਜਮਹੂਰੀ ਨਿਜ਼ਾਮ ਪਾਏਦਾਰ ਲੀਹ 'ਤੇ ਲਿਆਉਣ ਲਈ ਉਪਲਬਧ ਇਤਿਹਾਸਕ ਹਾਲਾਤ ਵਿਚ ਪੂਰੀ ਵਾਹ ਲਗਾਈ ਸੀ ਪਰ ਉਸ ਦੀਆਂ ਸਭ ਕੋਸ਼ਿਸ਼ਾਂ ਦੇ ਬਾਵਜੂਦ ਰੂਸ ਦਾ ਭਿਆਨਕ 'ਕੰਜਰੀਕਰਨ' ਹੀ ਹੁੰਦਾ ਚਲਿਆ ਗਿਆ। ਲੋਕ ਆਰਥਿਕ ਤੌਰ 'ਤੇ ਹਰ ਦਿਨ ਬੁਰੇ ਤੋਂ ਬਦਤਰ ਹਾਲ ਵਿਚ ਫਸਦੇ ਚਲੇ ਗਏ।

*(ਚਲਦਾ)*



**ਬੋਰਿਸ ਯੇਲਤਸਿਨ ਦੀਆਂ ਜੀਵਨੀਆਂ ਦੇ ਟਾਈਟਲ**

## ਸੰਪਾਦਕ ਦੀ ਡਾਕ

## ਬਲਜੀਤ ਬਾਸੀ ਦਾ ਲੇਖ ਬਨਾਮ ਸ੍ਰੀ, ਸਿੱਖ ਤੇ ਸਰਦਾਰ

'ਪੰਜਾਬ ਟਾਈਮਜ਼' ਦੇ 28 ਦਸੰਬਰ ਵਾਲੇ ਅੰਕ ਵਿਚ ਛਪਿਆ ਨਿਰੁਕਤ ਸਾਸ਼ਤਰੀ ਬਲਜੀਤ ਬਾਸੀ ਦਾ ਲੇਖ 'ਸਿਰੀ ਗੁਰੂ ਸਿਰੀ ਗੁਰੂ ਸਿਰੀ ਗੁਰੂ ਸਤਿ ਜੀਉ' ਅੱਖਾਂ ਖੋਲ੍ਹਣ ਵਾਲਾ ਹੈ। ਸ਼ਬਦਾਂ ਦੀ ਚੀਰ-ਫਾੜ ਕਰਨ ਵਾਲੇ ਉਸ ਦੇ ਲੇਖ ਮੈਂ ਬੜੇ ਚਾਅ ਨਾਲ ਪੜ੍ਹਦਾ ਹਾਂ ਅਤੇ ਆਪਣੇ ਜਾਣਕਾਰਾਂ ਨੂੰ ਵੀ ਪੜ੍ਹਨ ਲਈ ਕਹਿੰਦਾ ਰਹਿੰਦਾ ਹਾਂ। ਇਨ੍ਹਾਂ ਲੇਖਾਂ ਦੀ ਖੂਬਸੂਰਤੀ ਇਹ ਹੁੰਦੀ ਹੈ ਕਿ ਇਹ ਸਿਰਫ ਸ਼ਬਦਾਂ ਦੇ ਪਿਛੋਕੜ ਬਾਰੇ ਹੀ ਜਾਣਕਾਰੀ ਨਹੀਂ ਦਿੰਦੇ, ਇਨ੍ਹਾਂ ਵਿਚ ਅੱਜ ਦੇ ਸਿਆਸੀ, ਸਮਾਜਕ ਤੇ ਹੋਰ ਕਈ ਸਰੋਕਾਰ ਵੀ ਨਾਲੋ-ਨਾਲ ਗੁੰਦੇ ਹੁੰਦੇ ਹਨ। ਐਤਕੀਂ ਵਾਲਾ ਲੇਖ ਹੀ ਲੈ ਲਉ। ਇਸ ਵਿਚ 'ਸ੍ਰੀ' ਸ਼ਬਦ ਬਾਰੇ ਵਿਸਥਾਰ ਸਹਿਤ ਜਾਣਕਾਰੀ ਤਾਂ ਦਿੱਤੀ ਹੀ ਗਈ ਹੈ, ਨਾਲ ਹੀ ਉਨ੍ਹਾਂ ਤੰਗ-ਨਜ਼ਰ ਸਿੱਖ ਵਿਦਵਾਨਾਂ ਉਤੇ ਵੀ ਤਿੱਖੀ ਚੋਟ ਕੀਤੀ ਗਈ ਹੈ ਜਿਹੜੇ ਸਿੱਖੀ ਦਾ ਪ੍ਰਚਾਰ ਸਿਰਫ ਹਿੰਦੂਆਂ ਦੇ ਵਿਰੋਧ ਵਿਚੋਂ ਕਰਦੇ ਹਨ। ਸਿੱਖੀ ਸਿੱਖੀ ਹੈ, ਹਿੰਦੂਵਾਦ ਹਿੰਦੂਵਾਦ ਹੈ; ਇਸ ਦੇ ਬਹਾਨੇ ਨਫਰਤ ਦਾ ਪ੍ਰਚਾਰ ਕਿਉਂ?

ਸਰਦਾਰ ਸ਼ਬਦ ਬਾਰੇ ਜਿੱਥੋਂ ਤੱਕ ਮੇਰੀ ਜਾਣਕਾਰੀ ਹੈ, ਇਸ ਦਾ ਸਿੱਖੀ ਨਾਲ ਕੋਈ ਸਬੰਧ ਨਹੀਂ। ਇਹ ਸ਼ਬਦ ਤਾਂ ਸ਼ਾਇਦ ਉਸ ਰਜਵਾੜਾਸ਼ਾਹੀ ਦੀ ਪੈਦਾਵਾਰ ਹੈ ਜਿਸ ਨੂੰ ਸਾਡੇ ਮਹਾਰਾਜਾ ਰਣਜੀਤ ਸਿੰਘ ਨੇ ਦਬੱਲ ਕੇ ਹੱਲਾਸ਼ੇਰੀ ਦਿੱਤੀ। ਮਹਾਰਾਜੇ ਦੇ ਦਰਬਾਰ ਦੇ ਕਾਰਿੰਦੇ ਸਰਦਾਰ ਹੋ ਗਏ ਅਤੇ ਫਿਰ ਇਨ੍ਹਾਂ ਅਖੌਤੀ ਸਿੱਖ ਵਿਦਵਾਨਾਂ ਨੇ ਸਰਦਾਰ ਨੂੰ ਸਿੱਖੀ ਨਾਲ ਜੋੜ ਲਿਆ। ਮੈਂ ਚਾਹੁੰਦਾ ਹਾਂ ਕਿ ਬਲਜੀਤ ਬਾਸੀ 'ਸਰਦਾਰ' ਸ਼ਬਦ ਦੇ ਪਿਛੋਕੜ ਬਾਰੇ ਅਤੇ ਇਸ ਦੇ ਸਿੱਖੀ ਨਾਲ ਸਬੰਧ (ਜੇ ਕੋਈ ਬਣਦਾ ਹੈ ਤਾਂ), ਬਾਰੇ ਵੀ ਲਿਖਣ ਤਾਂ ਕਿ ਪਾਠਕਾਂ ਨੂੰ ਪਤਾ ਲੱਗ ਸਕੇ ਕਿ ਇਹ ਅਖੌਤੀ ਸਿੱਖ ਵਿਦਵਾਨ ਸੰਗਤ ਨੂੰ ਕਿੰਨਾ ਗੁੰਮਰਾਹ ਕਰ ਰਹੇ ਹਨ?

*-ਕਰਮਜੋਤ ਸਿੰਘ ਕਲਸੀ*
*ਸ਼ਿਕਾਗੋ।*

## ਪੰਜਾਬਣਾਂ ਦੇ ਹੱਥ ਅਤੇ ਰੋਟੀਮੈਟਿਕ

ਗੁਰਬਚਨ ਸਿੰਘ ਭੁੱਲਰ ਦੇ ਲੇਖ 'ਹੁਣ ਨਹੀਂ ਹੱਥ ਫੂਕਣਗੀਆਂ ਪੰਜਾਬਣਾਂ!' ਨੇ ਧਿਆਨ ਖਿੱਚਿਆ। ਲੇਖ ਦੀ ਸੁਰਖੀ ਹੀ ਕੁਝ ਅਜਿਹੀ ਸੀ। ਪੜ੍ਹਿਆ ਤਾਂ ਚੰਗਾ ਲੱਗਿਆ। ਘਰ, ਪਰਿਵਾਰ ਅਤੇ ਰੋਟੀ ਬਾਰੇ ਇਤਿਹਾਸ ਹੀ ਲਿਖਿਆ ਪਿਆ ਸੀ। ਸਾਇੰਸ ਦੀ ਤਰੱਕੀ ਨੇ ਗੱਲ ਕਿਥੇ ਦੀ ਕਿਥੇ ਪਹੁੰਚਾ ਦਿੱਤੀ ਹੈ। ਕਿਸੇ ਨੇ ਸੋਚਿਆ ਵੀ ਨਹੀਂ ਹੋਣਾ ਕਿ ਕਿਸੇ ਵੇਲੇ ਰੋਟੀਆਂ ਇਸ ਤਰ੍ਹਾਂ ਮਸ਼ੀਨਾਂ ਨਾਲ ਵੀ ਲਹਿਆ ਕਰਨਗੀਆਂ।

ਲੇਖਕ ਦੀ ਰੋਟੀ-ਟੁੱਕ ਬਾਰੇ ਕੀਤੀ ਚਰਚਾ ਬੜੀ ਸੁਆਦਲੀ ਲੱਗੀ। ਸਭਿਆਚਾਰ ਵਿਚੋਂ ਬੜਾ ਕੁਝ ਛੁੱਟਦਾ ਜਾਂਦਾ ਹੈ ਅਤੇ ਬੜਾ ਕੁਝ ਨਵਾਂ ਜੁੜਦਾ ਜਾਂਦਾ ਹੈ। ਮੈਨੂੰ ਇਸ ਗੱਲ ਦਾ ਅਹਿਸਾਸ ਇਥੇ ਅਮਰੀਕਾ ਵਿਚ ਆ ਕੇ ਵਧੇਰੇ ਹੋਇਆ। ਕਿੰਨਾ ਕੁਝ ਪੁਰਾਣਾ ਖੁੱਸ ਗਿਆ ਅਤੇ ਕਿੰਨਾ ਕੁਝ ਨਵਾਂ ਭਾਵੇਂ ਔਖਾ ਤੇ ਭਾਵੇਂ ਸੌਖਾ, ਅਪਨਾਉਣਾ ਪੈ ਗਿਆ। ਆਪਣੇ ਸਭਿਆਚਾਰ, ਆਪਣੀ ਧਰਤੀ ਦਾ ਹੇਰਵਾ ਸਤਾਉਂਦਾ ਰਹਿੰਦਾ। ਭਾਰਤ ਰਹਿੰਦਿਆਂ ਇਸ ਦਾ ਬਹੁਤਾ ਅਹਿਸਾਸ ਨਹੀਂ ਸੀ। ਉਥੇ ਖਬਰੇ ਤਬਦੀਲੀ ਦੀ ਰਫਤਾਰ ਧੀਮੀ ਸੀ ਜਾਂ ਕੋਈ ਹੋਰ ਕਾਰਨ ਹੋਣਗੇ। ਇਹ ਸੱਚ ਹੈ ਕਿ ਸਮਾਂ ਰੁਕਦਾ ਨਹੀਂ ਤੇ ਇਸ ਦੇ ਨਾਲ ਜੀਵਨ ਦੇ ਹਰ ਖੇਤਰ ਵਿਚ ਤਬਦੀਲੀ ਆਉਂਦੀ ਹੀ ਰਹਿੰਦੀ ਹੈ। ਖੈਰ! ਭੁੱਲਰ ਸਾਹਿਬ ਦੇ ਇਸ ਲੇਖ ਨੇ ਮੈਨੂੰ ਉਨ੍ਹਾਂ ਦੀਆਂ ਲਿਖਤਾਂ ਦਾ ਹੋਰ ਵੀ ਸ਼ੈਦਾਈ ਬਣਾ ਦਿੱਤਾ ਹੈ।

*-ਪਲਵਿੰਦਰ ਸਿੰਘ, ਮਿਲਪੀਟਸ, ਕੈਲੀਫੋਰਨੀਆ।*

## ਪੰਜਾਬ ਟਾਈਮਜ਼ ਨੂੰ 14ਵੀਂ ਵਰ੍ਹੇਗੰਢ ਮੁਬਾਰਕ

**ਭਾਅ ਜੀ, ਸਤਿ ਸ੍ਰੀ ਅਕਾਲ!**

ਪਹਿਲੀ ਜਨਵਰੀ ਨੂੰ ਪੰਜਾਬ ਟਾਈਮਜ਼ ਦੀ 14ਵੀਂ ਵਰ੍ਹੇਗੰਢ ਹੈ। ਪੰਜਾਬ ਟਾਈਮਜ਼ ਦੇ ਸਾਰੇ ਸਟਾਫ, ਲੇਖਕਾਂ ਤੇ ਪਾਠਕਾਂ ਨੂੰ ਵਧਾਈ! ਤੇ ਪੰਜਾਬ ਟਾਈਮਜ਼ ਚੜ੍ਹਦੀ ਕਲਾ 'ਚ ਰਹੇ!

ਤੁਹਾਡੀ ਸਿਹਤ ਕਿਵੇਂ ਹੈ! ਭਾਅ ਜੀ ਮੈਂ ਵਿਹਲਾ ਬੈਠਾ ਕਈ ਵਾਰ ਤੁਹਾਡੇ ਬਾਰੇ ਸੋਚਦਾ ਹਾਂ, ਖਰਾਬ ਸਿਹਤ ਦੇ ਬਾਵਜੂਦ ਤੁਹਾਡੇ ਇਰਾਦੇ ਏਨੇ ਦ੍ਰਿੜ ਹਨ ਕਿ ਤੁਸੀਂ ਪੂਰੀ ਤਨਦੇਹੀ ਨਾਲ ਪੰਜਾਬੀ ਦੀ ਸੇਵਾ ਕਰ ਰਹੇ ਹੋ! ਬਹੁਤ ਹੀ ਉਸਾਰੂ ਜ਼ਜਬਾ ਹੈ ਤੁਹਾਡੇ ਦਿਲ ਵਿਚ ਮਾਂ ਬੋਲੀ ਪੰਜਾਬੀ ਵਾਸਤੇ! ਤੁਸੀਂ ਵਿਦੇਸ਼ ਵਿਚ ਵੀ ਪੰਜਾਬ ਟਾਈਮਜ਼ ਰਾਹੀਂ ਜਿਥੇ ਉਸਾਰੂ ਪੱਤਰਕਾਰੀ 'ਤੇ ਪਹਿਰਾ ਦੇ ਰਹੇ ਹੋ, ਉਥੇ ਪੰਜਾਬੀ ਜ਼ੁਬਾਨ ਨੂੰ ਵੀ ਪ੍ਰਫੁਲਿਤ ਕਰ ਰਹੇ ਹੋ! ਜੇ ਪੰਜਾਬੀ ਬਾਰੇ ਪੰਜਾਬ ਦੇ ਸਕੂਲਾਂ ਵਾਰੇ ਚਰਚਾ ਕਰੀਏ ਤਾਂ ਕਈ ਸਕੂਲ ਤਾਂ ਇਦਾਂ ਦੇ ਹਨ ਜੋ ਸਾਫ਼ ਕਹਿੰਦੇ ਨੇ ਕਿ ਆਪਣੇ ਬੱਚੇ ਦੇ ਨਾਂ ਨਾਲੋ ਸਿੰਘ ਹਟਾ ਦੇਵੋ ਦਾਖਲਾ ਤਾਂ ਮਿਲੇਗਾ। ਤੇ ਉਥੇ ਵੀ ਪੰਜਾਬੀ ਨਹੀਂ ਪੜ੍ਹਾਈ ਜਾਂਦੀ! ਬਾਕੀ ਦੇ 95% ਸਕੂਲ ਵਿਚ ਹਿੰਦੀ ਬੋਲੀ ਤੇ ਪੜ੍ਹਾਈ ਜਾਂਦੀ ਆ ਤੇ ਜਦੋਂ ਬੱਚੇ ਘਰ ਆ ਕੇ ਵੀ ਮਾਂ ਬਾਪ ਨਾਲ ਹਿੰਦੀ ਬੋਲਦੇ ਹਨ ਤਾਂ ਮਾਂ ਬਾਪ ਵੀ ਬਹੁਤ ਖੁਸ਼ ਹੁੰਦੇ ਹਨ! ਕਈ ਵਾਰ ਤਾਂ ਇਹ ਸਭ ਕੁਝ ਦੇਖ ਕੇ ਕਲੇਜਾ ਫਟਣ ਨੂੰ ਹੁੰਦਾ! ਜ਼ਿਆਦਾ ਦੇਰ ਨਹੀਂ ਲੱਗਣੀ, ਬਸ 10 ਕੁ ਸਾਲਾਂ 'ਚ ਹੀ ਹਿੰਦੀ ਭਾਰੂ ਹੋ ਜਾਵੇਗੀ! ਕੀ ਸਰਕਾਰ ਇਹ ਕਨੂੰਨ ਨਹੀਂ ਬਣਾ ਸਕਦੀ ਕਿ ਪੰਜਾਬ ਦੇ ਸਾਰੇ ਸਕੂਲਾਂ 'ਚ ਪੰਜਾਬੀ ਲਾਜ਼ਮੀ ਹੈ ਜਾਂ ਫੇਰ ਬੱਚੇ ਦੇ ਨਾਂ ਨਾਲੋ ਸਿੰਘ ਨਹੀਂ ਹਟੇਗਾ! ਤੁਸੀਂ ਸਕੂਲ ਚਲਾਉਣਾ ਚਲਾਓ ਨਹੀਂ ਤਾਂ ਘਰ ਨੂੰ ਜਾਓ! ਸੋਚਿਆ ਜਾਵੇ ਤਾਂ ਬੜਾ ਹੀ ਗੰਭੀਰ ਵਿਸ਼ਾ ਹੈ! ਪਰ ਟਾਈਮ ਕਿਹਦੇ ਕੋਲ ਆ?

*-ਰਾਣਾ ਇਕਬਾਲ ਸਿੰਘ*

---

## ਮੈਂ ਚੌੜ ਨਹੀਂ ਕਰਦਾ

ਪੰਜਾਬ ਟਾਈਮਜ਼ ਦੇ 21 ਦਸੰਬਰ ਦੇ ਅੰਕ ਵਿਚ ਛਪੀ ਜਗਦੀਸ਼ ਕੌਸ਼ਲ ਦੀ ਕਹਾਣੀ 'ਹੁਣ ਮੈਂ ਚੌੜ ਨਹੀਂ ਕਰਦਾ' ਨੇ ਮਨ ਬਹੁਤ ਹੀ ਉਦਾਸ ਕਰ ਦਿੱਤਾ। ਇਕ ਵਾਰ ਤਾਂ ਅੱਥਰੂ ਰੋਕਣੇ ਵੀ ਔਖੇ ਹੋ ਗਏ। ਜੇ ਸੰਭਵ ਹੋਵੇ ਤਾਂ ਲੇਖਕ ਦਾ ਫੋਨ ਪਾਠਕਾਂ ਤੱਕ ਜ਼ਰੂਰ ਪੁੱਜਦਾ ਕਰੋ।

*-ਗੁਰਮੁਖ ਸਿੰਘ ਭੁੱਲਰ, ਸ਼ਿਕਾਗੋ*

**ਪਾਠਕਾਂ ਨੂੰ ਕਹਾਣੀ 'ਹੁਣ ਮੈਂ ਚੌੜ ਨਹੀਂ ਕਰਦਾ' ਪਸੰਦ ਆਈ। ਧੰਨਵਾਦੀ ਹਾਂ। ਕਹਾਣੀਕਾਰ ਜਗਦੀਸ਼ ਕੌਸ਼ਲ ਦਾ ਫੋਨ ਨੰਬਰ 91-98116-55834 ਹੈ। -ਸੰਪਾਦਕ**

# ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਅਤੇ ਨਵੇਂ ਸਾਲ 2014 ਦੀ ਸਭ ਨੂੰ ਵਧਾਈ












ਥਿਆੜਾ ਪਰਿਵਾਰ










## ਸਰਬਜੀਤ ਸਿੰਘ ਥਿਆੜਾ (530) 682-5861

ਅਤੇ ਪਰਿਵਾਰ, ਯੂਬਾ ਸਿਟੀ, ਕੈਲੀਫੋਰਨੀਆ

# S & J Royal Inc.

## Golden Valley Fruit Packing


ALL INDIA
Sweets & Groceries
ਸਮੂਹ ਗਾਹਕਾਂ, ਸਰਪ੍ਰਸਤਾਂ ਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ
ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ
ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ ਦੀ
ਲੱਖ-ਲੱਖ ਵਧਾਈ
Vegetarian Lunch & dinner buffet
ਸਵਾਦੀ ਮਠਿਆਈਆਂ
Specializing in All Indian Mithais
ਸਵਾਦੀ ਮਠਿਆਈਆਂ
VINOD KAMBOJ
&
BABBU KAMBOJ
1715 S. Real Road , Bakersfield CA 93309
661.832.3900



ਅਡੂਰ ਗੋਪਾਲਾਕ੍ਰਿਸ਼ਨਨ



ਸ਼ਾਜੀ ਕਰੁਨ




ਫਿਲਮ 'ਥੱਲਾਪਾਵੂ' ਦਾ ਪੋਸਟਰ




# ਮਲਿਆਲਮ ਸਿਨੇਮੇ ਦੀ ਸ਼ਾਨਦਾਰ ਰਵਾਇਤ

## ਵਿਸ਼ੇ ਅਤੇ ਤਕਨੀਕ ਪੱਖੋਂ ਨਵੇਂ ਤਜਰਬੇ

ਭਾਰਤੀ ਸਿਨੇਮੇ ਨੂੰ ਸਿਰਫ਼ ਹਿੰਦੀ ਬੋਲੀ ਦੀਆਂ ਫ਼ਿਲਮਾਂ ਦੇ ਹਵਾਲੇ ਨਾਲ ਨਹੀਂ ਪਛਾਣਿਆ ਜਾ ਸਕਦਾ। ਖੇਤਰੀ ਬੋਲੀਆਂ ਦੀਆਂ ਫ਼ਿਲਮਾਂ ਭਾਰਤੀ ਸਿਨੇਮਾ ਦਾ ਅਟੁੱਟ ਹਿੱਸਾ ਹਨ। ਹਿੰਦੀ ਸਿਨੇਮਾ ਭਾਵੇਂ ਖੇਤਰੀ ਫ਼ਿਲਮਾਂ 'ਤੇ ਭਾਰੂ ਰਿਹਾ ਹੈ ਪਰ ਖੇਤਰੀ ਸਿਨੇਮਾ ਨੇ ਆਪਣੀ ਹੋਂਦ ਬਰਕਰਾਰ ਰੱਖਣ ਲਈ ਲਗਾਤਾਰ ਸੰਘਰਸ਼ ਕੀਤਾ ਹੈ। ਇਸ ਸੰਘਰਸ਼ ਵਿਚ ਕਈ ਬੋਲੀਆਂ ਹਾਸ਼ੀਏ 'ਤੇ ਵੀ ਧੱਕੀਆਂ ਗਈਆਂ ਹਨ ਪਰ ਦੱਖਣੀ, ਬੰਗਲਾ ਅਤੇ ਮਰਾਠੀ ਫ਼ਿਲਮਾਂ ਨੇ ਆਪਣੀ ਪਛਾਣ ਕਾਇਮ ਰੱਖੀ ਹੈ। ਪੰਜਾਬੀ ਸਿਨੇਮਾ ਦੀ ਲੜਖੜਾਉਂਦੇ ਰੂਪ ਵਿਚ ਸਰਗਰਮੀ ਜਾਰੀ ਹੈ। ਦੱਖਣੀ, ਬੰਗਲਾ ਅਤੇ ਮਰਾਠੀ ਸਿਨੇਮੇ ਦੇ ਇੱਕ ਹਿੱਸੇ ਨੇ ਅਰਥ-ਭਰਪੂਰ ਫ਼ਿਲਮਾਂ ਦੀ ਸ਼ਾਨਦਾਰ ਰਵਾਇਤ ਜਾਰੀ ਰੱਖੀ ਹੈ। ਇਸੇ ਕੜੀ ਵਿਚ ਮਲਿਆਲਮ ਸਿਨੇਮੇ ਨੂੰ ਦੇਖਿਆ ਜਾ ਸਕਦਾ ਹੈ। ਮਲਿਆਲਮ ਕੇਰਲਾ ਸੂਬੇ ਦੀ ਬੋਲੀ ਹੈ। ਉਥੇ ਚਾਲੂ ਸਿਨੇਮੇ ਦੇ ਬਰਾਬਰ ਅਰਥ-ਭਰਪੂਰ ਫ਼ਿਲਮਾਂ ਬਣਦੀਆਂ ਰਹੀਆਂ ਹਨ। ਮਲਿਆਲਮ ਫ਼ਿਲਮਸਾਜ਼ਾਂ ਨੇ ਵਿਸ਼ੇ ਅਤੇ ਤਕਨੀਕ ਪੱਖੋਂ ਨਵੇਂ ਤਜਰਬੇ ਕਰਨ ਦਾ ਹੌਸਲਾ ਹਮੇਸ਼ਾ ਬਰਕਰਾਰ ਰੱਖਿਆ ਹੈ। ਭਾਰਤ ਦੀ ਪਹਿਲੀ 3-ਡੀ ਫ਼ਿਲਮ ਮਲਿਆਲਮ ਹੀ ਸੀ। ਇੱਕੋ ਅਦਾਕਾਰ ਵਾਲੀ ਪਹਿਲੀ ਆਲਮੀ ਫ਼ਿਲਮ 'ਦਿ ਗਾਰਡ' (2001) ਵੀ ਮਲਿਆਲਮ ਫ਼ਿਲਮ ਸੀ।

ਮਲਿਆਲਮ ਸਿਨੇਮੇ ਵਿਚ ਅਰਥ-ਭਰਪੂਰ ਸਿਨੇਮੇ ਦੀ ਲਹਿਰ 70ਵਿਆਂ ਵਿਚ ਸ਼ੁਰੂ ਹੋਈ। 'ਭਾਰਤੀ ਫ਼ਿਲਮ ਅਤੇ ਟੈਲੀਵਿਜ਼ਨ ਸੰਸਥਾ' ਪੂਨਾ ਤੋਂ ਆਉਣ ਵਾਲੇ ਪਾੜ੍ਹਿਆਂ ਨੇ ਮਲਿਆਲਮ ਸਿਨੇਮੇ ਦਾ ਰੂਪ ਬਦਲ ਦਿੱਤਾ। ਅਡੂਰ ਗੋਪਾਲਾਕ੍ਰਿਸ਼ਨਨ ਦੀ 1972 ਵਿਚ ਬਣੀ ਫ਼ਿਲਮ 'ਸਵਾਮਰਾਅਮ' ਨੇ ਮਲਿਆਲਮ ਸਿਨੇਮੇ ਨੂੰ ਖੇਤਰੀ ਹੱਦਾਂ ਵਿਚੋਂ ਕੱਢ ਕੇ ਕੌਮਾਂਤਰੀ ਦ੍ਰਿਸ਼ 'ਤੇ ਲਿਆਂਦਾ। ਇਸ ਮੁਹਿੰਮ ਨੂੰ ਜੀ ਅਰਵਿੰਦਨ, ਐਮ.ਟੀ. ਵਾਸੂਦੇਵਨ, ਜੌਹਨ ਅਬਰਾਹਮ, ਕੇ.ਆਰ. ਮੋਹਨਨ ਅਤੇ ਸ਼ਾਜੀ ਕਰੁਨ ਵਰਗਿਆਂ ਨੇ ਜਾਰੀ ਰੱਖਿਆ। ਕਈ ਮਲਿਆਲਮ ਫ਼ਿਲਮਾਂ ਕੌਮੀ ਅਤੇ ਕੌਮਾਂਤਰੀ ਇਨਾਮਾਂ ਨਾਲ ਨਿਵਾਜੀਆਂ ਗਈਆਂ। ਅਡੂਰ ਗੋਪਾਲਾਕ੍ਰਿਸ਼ਨਨ ਨੇ ਆਲਮੀ ਸਿਨੇਮਾ ਦੀ ਆਮ ਦਰਸ਼ਕਾਂ ਵਿਚ ਪੇਸ਼ਕਾਰੀ ਨੂੰ ਲੈ ਕੇ ਤਜਰਬੇ ਕੀਤੇ। ਉਨ੍ਹਾਂ ਨੇ ਇਹ ਮਿੱਥ ਤੋੜੀ ਕਿ ਅਰਥ-ਭਰਪੂਰ ਫ਼ਿਲਮਾਂ ਆਮ ਦਰਸ਼ਕਾਂ ਦੇ ਸਮਝ ਨਹੀਂ ਆਉਂਦੀਆਂ। ਅਡੂਰ ਨੇ 'ਰਸ਼ੋਮੋਨ' ਜਿਹੀ ਪੇਚੀਦਾ ਜਪਾਨੀ ਫ਼ਿਲਮ ਪੇਂਡੂਆਂ ਤੱਕ ਪੁੱਜਦੀ ਕੀਤੀ ਅਤੇ ਉਨ੍ਹਾਂ ਨਾਲ ਫ਼ਿਲਮ ਦੀਆਂ ਵੱਖਰੀਆਂ ਤੰਦਾਂ ਵਿਚਾਰੀਆਂ। ਪੇਂਡੂਆਂ ਨੇ ਫ਼ਿਲਮ ਦੀ ਪੜ੍ਹਤ ਬਾਬਤ ਹੈਰਾਨ ਕਰਨ ਵਾਲੇ ਵਿਚਾਰ ਪੇਸ਼ ਕੀਤੇ।

ਸ਼ਾਜੀ ਕਰੁਨ ਦੀ ਫ਼ਿਲਮ 'ਪਿਰਾਵੀ' (1988) ਨੇ ਫ਼ਰਾਂਸ ਦੇ ਕੌਮਾਂਤਰੀ ਕਾਨ ਫ਼ਿਲਮ ਮੇਲੇ ਵਿਚ ਵੱਕਾਰੀ ਖ਼ਿਤਾਬ ਜਿੱਤਿਆ। ਇਹ ਫ਼ਿਲਮ ਉਸ ਪਿਉ ਦੀ ਕਹਾਣੀ ਸੀ ਜਿਹਦੇ ਪੁੱਤ ਨੂੰ ਪੁਲਿਸ ਨੇ ਨਕਸਲਬਾੜੀ ਲਹਿਰ ਦਾ ਹਮਦਰਦ ਹੋਣ ਕਰ ਕੇ ਮਾਰ ਦਿੱਤਾ ਸੀ। ਮਲਿਆਲਮ ਸਿਨੇਮਾ ਕਿਰਤੀ-ਕਾਮਿਆਂ ਦੀ ਜ਼ਿੰਦਗੀ ਨੂੰ ਉਘੜਵੇਂ ਰੂਪ ਵਿਚ ਕਹਾਣੀ ਦਾ ਆਧਾਰ ਬਣਾਉਂਦਾ ਰਿਹਾ ਹੈ। ਸਿਆਸੀ-ਸਮਾਜਕ ਮੁੱਦਿਆਂ 'ਤੇ ਆਧਾਰਤ ਫ਼ਿਲਮਾਂ ਲਗਾਤਾਰ ਬਣਦੀਆਂ ਰਹੀਆਂ ਹਨ।

ਮਲਿਆਲਮ ਸਿਨੇਮੇ ਵਿਚ ਅਰਥ-ਭਰਪੂਰ ਅਤੇ ਚਾਲੂ ਸਿਨੇਮੇ ਦੀਆਂ ਧਾਰਾਵਾਂ ਬਰਾਬਰ ਚਲਦੀਆਂ ਰਹੀਆਂ। ਅਰਥ-ਭਰਪੂਰ ਸਿਨੇਮੇ ਨੂੰ ਲੱਗੀਆਂ ਪਛਾੜਾਂ ਦੇ ਬਾਵਜੂਦ ਪਿਛਲੇ ਕੁਝ ਸਾਲਾਂ ਤੋਂ ਨਵੀਂ ਪੀੜ੍ਹੀ ਦੇ ਫ਼ਿਲਮਸਾਜ਼ਾਂ ਨੇ ਚੋਖੀ ਸਰਗਰਮੀ ਦਿਖਾਈ ਹੈ। ਉਹ ਦੁਬਾਰਾ ਮਲਿਆਲਮ ਸਿਨੇਮੇ ਦੀ ਹੋਂਦ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਦਰਜ ਕਰਵਾ ਰਹੇ ਹਨ। ਰਾਜੀਵ ਅੰਚਲ ਦੀ 'ਗੁਰੂ' (1997) ਅਤੇ ਸਲੀਮ ਅਹਿਮਦ ਦੀ ਫ਼ਿਲਮ 'ਅਧਾਮਿਨਤੇ ਮਕਨ ਅਬੂ' (2011) ਨੂੰ ਭਾਰਤ ਵਲੋਂ ਆਸਕਰ ਦੀ ਨਾਮਜ਼ਦਗੀ ਲਈ ਭੇਜਿਆ ਗਿਆ। ਮਲਿਆਲਮ ਸਿਨੇਮੇ ਦੇ ਵੱਡੇ ਸਿਤਾਰੇ ਹਮੇਸ਼ਾਂ ਅਰਥ ਭਰਪੂਰ ਫ਼ਿਲਮਾਂ ਨੂੰ ਹੁਲਾਰਾ ਦਿੰਦੇ ਰਹੇ ਹਨ ਜਿਨ੍ਹਾਂ ਵਿਚ ਮਮੂਟੀ, ਮੋਹਨ ਲਾਲ ਅਤੇ ਨਵਿਆਂ 'ਚੋਂ ਪ੍ਰਿਥਵੀ ਰਾਜ ਗਿਣੇ ਜਾ ਸਕਦੇ ਹਨ। ਇਹ ਸਿਤਾਰੇ ਅਰਥ ਭਰਪੂਰ ਫ਼ਿਲਮਾਂ ਲਈ ਨਾਮਨਿਹਾਦ ਪੈਸਿਆਂ ਵਿਚ ਕੰਮ ਕਰਦੇ ਹਨ ਅਤੇ ਉਹ ਆਪ ਅਜਿਹੀਆਂ ਫ਼ਿਲਮਾਂ 'ਤੇ ਪੈਸਾ ਲਾਉਂਦੇ ਹਨ। ਮੋਹਨ ਲਾਲ ਫ਼ਿਲਮ 'ਵਨਾਪ੍ਰਸਥਮ' (ਆਖਰੀ ਨਾਚ) ਦੇ ਵਿੱਤੀ ਮਾਲਕ ਅਤੇ ਮੁੱਖ ਅਦਾਕਾਰ ਸਨ। ਇਹ ਫ਼ਿਲਮ ਨਾਚ ਦੀ ਕਥਾਕਲੀ ਵੰਨਗੀ ਦੇ ਦਲਿਤ-ਕਲਾਕਾਰ ਬਾਰੇ ਸੀ ਜੋ ਚੰਗਾ ਕਲਾਕਾਰ ਹੁੰਦਾ ਹੋਇਆ ਵੀ ਜਾਤਪਾਤੀ ਢਾਂਚੇ ਦੀ ਕਰੂਰਤਾ ਹੰਢਾਉਂਦਾ ਹੈ।



ਫਿਲਮ 'ਥੱਲਾਪਾਵੂ' ਦੀ ਨਾਇਕਾ ਧਾਨਿਆ ਮੈਰੀ ਵਰਗੀਸ। ਨਾਇਕਾ ਵਜੋਂ ਇਹ ਉਸ ਦੀ ਪਹਿਲੀ ਮਲਿਆਲਮ ਫਿਲਮ ਸੀ।

ਮਲਿਆਲਮ ਫ਼ਿਲਮਸਾਜ਼ ਪ੍ਰਿਯਦਰਸ਼ਨ ਦਾ ਨਾਮ ਹਿੰਦੀ ਸਿਨੇਮੇ ਦੇ ਵੱਡੇ ਫ਼ਿਲਮਸਾਜ਼ਾਂ ਵਿਚ ਸ਼ੁਮਾਰ ਹੁੰਦਾ ਹੈ। ਉਹਨੇ ਮਲਿਆਲਮ ਅਤੇ ਤਮਿਲ ਵਿਚ ਯਾਦਗਾਰੀ ਫ਼ਿਲਮਾਂ ਬਣਾਈਆਂ ਹਨ। ਕੌਮੀ ਇਨਾਮ ਨਾਲ ਨਿਵਾਜੀ ਗਈ ਉਹਦੀ ਫ਼ਿਲਮ 'ਕਾਂਜੀਵਰਮ' ਸਾੜ੍ਹੀਆਂ ਬਣਾਉਣ ਵਾਲੇ ਕਿਰਤੀਆਂ ਦੀ ਜ਼ਿੰਦਗੀ ਬਾਬਤ ਸੀ। ਰੇਸ਼ਮ ਦੀਆਂ ਮਹਿੰਗੀਆਂ ਸਾੜ੍ਹੀਆਂ ਬਣਾਉਣ ਵਾਲੇ ਕਿਰਤੀਆਂ ਨੂੰ ਇਹ ਸਾੜ੍ਹੀ ਨਸੀਬ ਨਹੀਂ ਹੁੰਦੀ।

ਪ੍ਰਿਥਵੀ ਰਾਜ ਮਲਿਆਲਮ ਸਿਨੇਮੇ ਦੀ ਨਵੀਂ ਪੀੜ੍ਹੀ ਦਾ ਅਹਿਮ ਅਦਾਕਾਰ ਹੈ। 2008 ਵਿਚ ਪਰਦਾਪੇਸ਼ ਹੋਈ ਉਹਦੀ ਫ਼ਿਲਮ 'ਥੱਲਾਪਾਵੂ' ਵਾਹਵਾ ਸੁਰਖ਼ੀਆਂ ਵਿਚ ਰਹੀ ਹੈ। ਇਹ ਫ਼ਿਲਮ ਕੇਰਲਾ ਦੇ ਚੀ ਗੁਵੇਰਾ ਵਜੋਂ ਜਾਣੇ ਜਾਂਦੇ ਕਾਮਰੇਡ ਏ ਵਰਗੀਸ ਦੀ ਮੌਤ ਬਾਬਤ ਸੀ। 70ਵਿਆਂ 'ਚ ਕੇਰਲਾ ਦੇ ਵਾਇਆਨਾਡ ਖਿੱਤੇ ਦੇ ਆਦਿਵਾਸੀ ਜਗੀਰਦਾਰਾਂ ਦੀ ਅੰਨ੍ਹੀ ਲੁੱਟ-ਖਸੁੱਟ ਦਾ ਸ਼ਿਕਾਰ ਸਨ। ਵਰਗੀਸ ਅਤੇ ਉਹਦੇ ਸਾਥੀਆਂ ਨੇ ਇਸ ਖਿੱਤੇ 'ਚ ਜਾਬਰ ਜਾਗੀਰਦਾਰਾਂ ਨਾਲ ਲੋਹਾ ਲਿਆ। ਜਾਗੀਰਦਾਰਾਂ ਦੀ ਹਮਾਇਤੀ ਪੁਲਿਸ ਨੇ ਵਰਗੀਸ ਨੂੰ ਫੜ ਲਿਆ। ਅੰਨ੍ਹੇ ਤਸ਼ੱਦਦ ਤੋਂ ਬਾਅਦ ਵਰਗੀਸ ਨੂੰ 12 ਫਰਵਰੀ 1970 ਨੂੰ ਪੁਲਿਸ ਨੇ ਝੂਠੇ ਮੁਕਾਬਲੇ ਵਿਚ ਮਾਰ ਦਿੱਤਾ ਸੀ। ਕਾਮਰੇਡ ਨੂੰ ਗੋਲੀ ਮਾਰਨ ਵਾਲੇ ਪੁਲਿਸ ਕਰਮਚਾਰੀ ਨੇ ਪੈਂਤੀ ਸਾਲ ਬਾਅਦ ਜੁਰਮ ਦਾ ਇਕਬਾਲ ਕਰ ਲਿਆ। ਅਦਾਲਤ ਨੇ 28 ਅਕਤੂਬਰ 2010 ਨੂੰ ਇਸ ਕੇਸ ਵਿਚ ਉਸ ਵੇਲੇ ਦੇ ਆਈ.ਜੀ. ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਇਹ ਫ਼ਿਲਮ ਕਈ ਪੱਖਾਂ ਤੋਂ ਵਾਚਣਯੋਗ ਹੈ ਜੋ 70ਵਿਆਂ ਤੋਂ ਲੈ ਕੇ 21ਵੀਂ ਸਦੀ ਦੇ ਪਹਿਲੇ ਦਹਾਕੇ ਤੱਕ ਫ਼ੈਲੇ ਕਾਲ-ਖੰਡ ਵਿਚਾਲੇ ਬਹੁਪਰਤੀ ਸੰਵਾਦ ਦਾ ਪੁਲ ਬਣਦੀ ਹੈ।

ਭਾਰਤ ਦਾ ਮਸ਼ਹੂਰ ਅਤੇ ਬਿਹਤਰੀਨ ਸਾਊਂਡ-ਡਿਜ਼ਾਇਨਰ ਰਸੂਲ ਪੂਕੁਟੀ ਕੇਰਲਾ ਦਾ ਜੰਮਿਆ-ਪਲਿਆ ਹੈ। ਉਹ ਮਲਿਆਲਮ ਸਿਨੇਮੇ ਨਾਲ ਨੇੜਿਉਂ ਜੁੜਿਆ ਰਿਹਾ ਹੈ। 'ਸਲੱਮਡੌਗ-ਮਿਲੀਨੀਅਰ' ਲਈ ਉਹਨੂੰ ਸਾਊਂਡ-ਮਿਕਸਿੰਗ ਦਾ ਆਸਕਰ ਮਿਲਿਆ ਸੀ। ਕੌਮਾਂਤਰੀ ਮਸ਼ਹੂਰੀ ਵਾਲਾ ਇਹ ਤਕਨੀਸ਼ੀਅਨ ਖੇਤਰੀ ਫ਼ਿਲਮਾਂ ਦਾ ਝੰਡਾ ਬੁਲੰਦ ਕਰਦਾ ਹੈ। ਗੋਆ ਵਿਖੇ ਹੋਏ 44ਵੇਂ ਕੌਮਾਂਤਰੀ ਫ਼ਿਲਮ ਮੇਲੇ ਵਿਚ ਰਸੂਲ ਨੇ ਕਿਹਾ ਸੀ, "ਭਾਰਤੀ ਸਿਨੇਮਾ ਦਾ ਮੂਲ ਹਿੰਦੀ ਸਿਨੇਮਾ ਨਹੀਂ, ਸਗੋਂ ਖ਼ੇਤਰੀ ਸਿਨੇਮਾ ਹੈ।" ਰਸੂਲ ਦੇ ਬਿਆਨ ਵਿਚੋਂ ਉਹਦੀ ਮਾਂ-ਬੋਲੀ ਦੇ ਸਿਨੇਮੇ ਦਾ ਮਾਣ, ਹਾਸਲ ਅਤੇ ਜਸ਼ਨ ਮੌਜੂਦ ਹੈ। ਮਲਿਆਲਮ ਸਿਨੇਮੇ ਦੀ ਵਿਰਾਸਤ ਖ਼ੇਤਰੀ ਸਿਨੇਮੇ ਦੀ ਅਹਿਮੀਅਤ ਨਾਲ ਜੁੜੀ ਹੋਈ ਹੈ। ਬੋਲੀਆਂ ਅਤੇ ਖਿੱਤਿਆਂ ਦੀ ਵੰਨ-ਸੁਵੰਨਤਾ ਆਲਮੀ ਸਿਨੇਮਾ ਦਾ ਮੂਲ ਹੈ।

# ਧੂਮ 3: ਪੈਸਿਆਂ ਦਾ ਮੀਂਹ ਵਰ੍ਹਿਆ

ਨਵੀਂ ਫਿਲਮ 'ਧੂਮ 3' ਹਰ ਪਾਸੇ ਧੁੰਮਾਂ ਪਾ ਰਹੀ ਹੈ। ਬਾਕਸ ਆਫਿਸ ਉਤੇ ਤਾਂ ਇਸ ਨੇ ਪੈਸਿਆਂ ਦਾ ਮੀਂਹ ਹੀ ਵਰ੍ਹਾ ਦਿੱਤਾ ਹੈ। ਭਾਰਤ ਵਿਚ 100 ਕਰੋੜ ਕਮਾਉਣ ਦਾ ਰਿਕਾਰਡ ਸਿਰਫ 3 ਦਿਨਾਂ ਵਿਚ ਬਣਾ ਦਿੱਤਾ। ਪਹਿਲੇ 6 ਦਿਨਾਂ ਵਿਚ ਇਸ ਨੇ ਸੰਸਾਰ ਭਰ ਵਿਚ 313 ਕਰੋੜ ਰੁਪਏ ਕਮਾ ਲਏ। ਕਮਾਈ ਦੇ ਮਾਮਲੇ ਵਿਚ ਇਹ ਸ਼ਾਹਰੁਖ ਖਾਨ ਦੀ ਫਿਲਮ 'ਚੇਨਈ ਐਕਸਪ੍ਰੈਸ' ਅਤੇ ਰਿਤਿਕ ਰੌਸ਼ਨ ਦੀ ਫਿਲਮ 'ਕ੍ਰਿਸ਼ 3' ਨੂੰ ਵੀ ਬਹੁਤ ਪਿੱਛੇ ਛੱਡ ਗਈ ਹੈ। ਹੁਣ ਤਾਂ ਫਿਲਮ ਆਲੋਚਕਾਂ ਦਾ ਇਹ ਕਹਿਣਾ ਹੈ ਕਿ ਇਹ ਫਿਲਮ 500 ਕਰੋੜ ਰੁਪਏ ਕਮਾਉਣ ਦਾ ਰਿਕਾਰਡ ਟੀਚਾ ਵੀ ਪਾਰ ਕਰ ਲਵੇਗੀ।

ਇਸ ਫਿਲਮ ਨੇ ਇੰਨਾ ਧਮੱਚੜ ਪਾਇਆ ਹੈ ਕਿ ਨੇਪਾਲੀ ਡਿਸਟਰੀਬਿਊਟਰਾਂ ਨੂੰ ਨੇਪਾਲ ਵਿਚ ਨੇਪਾਲੀ ਫਿਲਮਾਂ ਦੀਆਂ ਤਾਰੀਖਾਂ ਬਦਲਣੀਆਂ ਪੈ ਗਈ ਹਨ। ਇਹੀ ਹਾਲ ਪਾਕਿਸਤਾਨ ਵਿਚ ਹੋਇਆ ਹੈ। ਉਥੇ ਇਸ ਫਿਲਮ ਨੇ ਪਹਿਲੇ ਦਿਨ 20 ਲੱਖ ਰੁਪਏ ਕਮਾ ਕੇ ਪਾਕਿਸਤਾਨੀ ਫਿਲਮ 'ਵਾਰ' ਦਾ 11 ਲੱਖ ਰੁਪਏ ਕਮਾਉਣ ਵਾਲਾ ਰਿਕਾਰਡ ਤੋੜ ਦਿੱਤਾ ਹੈ।



ਇਹ ਫਿਲਮ ਯਸ਼ ਰਾਜ ਫਿਲਮਜ਼ ਦੇ ਬੈਨਰ ਹੇਠ ਬਣੀ ਹੈ। ਇਹ ਬੈਨਰ ਫਿਲਮਸਾਜ਼ ਯਸ਼ ਚੋਪੜਾ ਨੇ ਫਿਲਮ 'ਦਾਗ' (1973) ਨਾਲ ਸ਼ੁਰੂ ਕੀਤਾ ਸੀ। ਇਸ ਤੋਂ ਪਹਿਲਾਂ ਉਹ 'ਧੂਲ ਕਾ ਫੂਲ' (1959), 'ਧਰਮਪੁੱਤਰ' (1961), 'ਵਕਤ' (1965), 'ਆਦਮੀ ਔਰ ਇਨਸਾਨ' (1969) ਅਤੇ 'ਇਤਫਾਕ' (1969) ਵਰਗੀਆਂ ਫਿਲਮਾਂ ਬਣਾ ਚੁੱਕੇ ਸਨ। ਉਸ ਦੀਆਂ ਫਿਲਮਾਂ ਦੀ ਮੁੱਖ ਪਛਾਣ, ਪਿਆਰ ਸੀ। 'ਦਾਗ' ਫਿਲਮ ਨਾਲ ਉਹ ਪਹਿਲੀ ਵਾਰ ਨਿਰਮਾਤਾ ਤੋਂ ਨਿਰਦੇਸ਼ਕ ਬਣਿਆ। 'ਦਾਗ' ਫਿਲਮ ਸੰਸਾਰ ਪ੍ਰਸਿੱਧ ਲੇਖਕ ਦੇ ਨਾਵਲ 'ਮੇਅਰ ਆਫ ਕਾਸਟਰਬ੍ਰਿਜ' ਉਤੇ ਆਧਾਰਤ ਸੀ। ਇਹ ਉਹ ਸਮਾਂ ਸੀ ਜਦੋਂ ਅਦਾਕਾਰ ਰਾਜੇਸ਼ ਖੰਨਾ ਸਫਲਤਾ ਦੀ ਟੀਸੀ ਉਤੇ ਸੀ। ਫਿਰ ਯਸ਼ ਚੋਪੜਾ ਨੇ 'ਦੀਵਾਰ', 'ਕਭੀ ਕਭੀ', 'ਤ੍ਰਿਸ਼ੂਲ', 'ਕਾਲਾ ਪੱਥਰ', 'ਸਿਲਸਿਲਾ' ਵਰਗੀਆਂ ਫਿਲਮਾਂ ਬਣਾਈਆਂ। ਉਸ ਦੀ ਆਖਰੀ ਫਿਲਮ 'ਜਬ ਤਕ ਹੈ ਜਾਨ' ਸੀ ਜੋ ਉਸ ਦੀ ਮੌਤ ਤੋਂ ਬਾਅਦ ਰਿਲੀਜ਼ ਹੋਈ ਸੀ। ਹੁਣ ਉਸ ਦਾ ਪੁੱਤਰ ਅਦਿੱਤਿਆ ਚੋਪੜਾ ਵੀ ਯਸ਼ ਰਾਜ ਫਿਲਮਜ਼ ਬੈਨਰ ਹੇਠ ਫਿਲਮਾਂ ਬਣਾ ਰਿਹਾ ਹੈ।

'ਧੂਮ 3' ਇਸੇ ਕੜੀ ਵਿਚ ਬਣਾਈ ਗਈ ਹੈ। ਇਸ ਤੋਂ ਪਹਿਲਾਂ 'ਧੂਮ' ਤੇ 'ਧੂਮ 2' ਵੀ ਧੂਮ ਮਚਾ ਚੁੱਕੀਆਂ ਹਨ, ਪਰ 'ਧੂਮ 3' ਨੇ ਹਿੰਦੀ ਫਿਲਮ ਇਤਿਹਾਸ ਦੇ ਕਈ ਰਿਕਾਰਡ ਤੋੜ ਸੁੱਟੇ ਹਨ।

ਇਸ ਫਿਲਮ ਨਾਲ ਅਦਾਕਾਰ ਆਮਿਰ ਖਾਨ ਦੀ ਫਿਰ ਤੂਤੀ ਬੋਲਣ ਲੱਗ ਪਈ ਹੈ। ਆਮਿਰ ਦੀ ਖਾਸੀਅਤ ਅਸਲ ਵਿਚ ਇਹ ਹੈ ਕਿ ਉਹ ਚੋਣਵੀਆਂ ਫਿਲਮਾਂ ਕਰਦਾ ਹੈ ਅਤੇ ਫਿਰ ਫਿਲਮ ਲਈ ਪੂਰੀ ਜਾਨ ਲਾ ਦਿੰਦਾ ਹੈ। ਇਸ ਤੋਂ ਪਹਿਲਾਂ 'ਲਗਾਨ' ਅਤੇ '3 ਇਡੀਅਟਸ' ਅਤੇ 'ਤਾਰੇ ਜ਼ਮੀਂ ਪਰ' ਵਰਗੀਆਂ ਫਿਲਮਾਂ ਦੀ ਮਿਸਾਲ ਸਭ ਦੇ ਸਾਹਮਣੇ ਹੈ।


HURRY!
LIMITED-TIME OFFER!
FREE $100 REWARD CARD
dish
Requires 24 month commitment, credit qualification and qualifying S. Asian package ($19.99/mo. or higher).
Use Promotional Code: International
CHOICE
START WITH PUNJABI PACK AND THEN CUSTOMIZE
PUNJABI PACK
$24.99 mo
HINDI MOVIES PACK
$19.99 mo
MASTI PACK
$5.00 mo ADD ON
WILLOW CRICKET HD*
$14.99 mo
WILLOW HD
CALL DISH NOW
855.318.4562
www.DishPunjabiTV.com
HOME OF SOUTH ASIAN ENTERTAINMENT
dish
International programming requires additional $10/mo International Basic package or any America's Top package. Add-on packages available at additional cost. *Requires HD receiver to view International programming in HD. Must subscribe to a qualifying American HD package to qualify for HD receiver. $100 DISH REWARDS PREPAID MASTERCARD® CARD: Offer valid for activation and installation of qualifying DISH service under Digital Home Advantage with a 24-month commitment and credit qualification plus a qualifying South Asian package of $ 19.99 or higher through 1/31/2014. Must activate service by calling 1-855-318-4562 and provide Promotion Code INTERNATIONAL. Allow 6-8 weeks after service activation for Reward Card delivery. Offer Code required at time of order for service, prior to activation. Limit one Reward Card per DISH account activation. May not be combined with other special offers. After service activation, visit www.mydishrewards.com or call 1-877-682-1215 to check the status of Reward Card and for applicable restrictions for Reward Card usage. Cards are issued by Citibank, N.A. pursuant to a license from MasterCard International and managed by Citi Prepaid Services. This card can be used everywhere MasterCard debit cards are accepted. Cards are issued by Citibank, N.A. pursuant to a license from MasterCard International and managed by Citi Prepaid Services. Cards will not have cash access and can be used everywhere MasterCard debit cards are accepted. Additional Requirements: All prices, fees, charges, packages, programming, features, functionality and offers subject to change without notice. ETF: If you cancel service during first 24 months, early cancellation fee of $20 for each month remaining applies. Installation/Equipment Requirements: A second dish antenna may be required to view both International and American programming. Free Standard Professional Installation only. Certain equipment is leased and must be returned to DISH upon cancellation or unreturned equipment fees apply. Upfront and additional monthly fees may apply. Miscellaneous: Offers available for new and qualified former customers, and subject to terms of applicable Promotional and Residential Customer agreements. State reimbursement charges may apply. Additional restrictions and taxes may apply.
© 2013 DISH Network L.L.C. All rights reserved.

ਸਭਨਾਂ ਨੂੰ ਨਵਾਂ ਸਾਲ ਮੁਬਾਰਕ ਤੇ ਦਸ਼ਮੇਸ਼ ਪਿਤਾ ਦੇ ਪ੍ਰਕਾਸ਼ ਦਿਹਾੜੇ ਦੀ ਲੱਖ ਲੱਖ ਵਧਾਈ

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 26 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

### ਫੋਰਕਲੋਜ਼ਰ ਨਾਲੋਂ ਸ਼ਾਰਟਸੇਲ ਘੱਟ ਘਾਤਕ

ਜੇ ਤੁਹਾਡਾ ਘਰ ਕਰਜੇ ਦੀਆਂ ਕਿਸ਼ਤਾਂ ਨਾ ਦੇਣ ਕਰਕੇ ਫ਼ੋਰਕਲੋਜ਼ਰ ਵਿਚ ਆਇਆ ਹੋਇਆ ਹੈ ਅਤੇ ਤੁਹਾਨੂੰ ਟਰਸਟੀ ਸੇਲ ਦੀ ਤਾਰੀਖ ਵੀ ਮਿਲ ਗਈ ਹੈ, ਤਦ ਵੀ ਅਸੀਂ ਤੁਹਾਡਾ ਘਰ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ। ਸ਼ਾਰਟਸੇਲ ਵਿਚ ਘਰ ਵੇਚਣ ਨਾਲ ਤੁਹਾਡੇ ਕਰੈਡਿਟ ਦਾ ਉਨਾ ਨੁਕਸਾਨ ਨਹੀਂ ਹੁੰਦਾ ਜਿੰਨਾ ਕਿ ਫੋਰਕਲੋਜ਼ਰ ਵਿਚ ਜਾਣ ਨਾਲ ਹੁੰਦਾ ਹੈ। ਅਸੀਂ ਤੁਹਾਡਾ ਘਰ ਤਦ ਵੀ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ ਜੇ ਤੁਸੀਂ ਸਮੇਂ ਸਿਰ ਮਾਰਟਗੇਜ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਅਦਾ ਕਰੀ ਜਾ ਰਹੇ ਹੋ ਅਤੇ ਤੁਹਾਡੇ ਘਰ ਦੀ ਕੀਮਤ ਕਰਜੇ ਤੋਂ ਵੀ ਘਟ ਗਈ ਹੈ।

## We can sell your house in short sale at no cost to you.

### Selling Homes from Gilroy to Sacramento, CA

**JUST SOLD**

1. 1498 Columbine Way, Livermore, CA 94551
2. 1820 De Vaca Way, Livermore, CA 94550
3. 4124 Polaris Ave., Union City, CA 94587
4. 2995 Masonwood St., San Jose, CA 95148
5. 4326 San Juan Way Fremont, CA 94536
6. 2809 Glen Sharon Way, San Jose, CA 95148
7. 2385 Patricia Dr., Santa Clara, CA 95050
8. 43881 Cameron Hills Dr., Fremont CA 94539
9. 1098 Phelps Ave., San Jose, CA 95117
10. 2712 Sea Drift ln., Hayward, CA 94545
11. 27659 Persimmon Dr., Hayward, CA 94544
12. 115 Juniper Ct., Hercules, CA 945547
13. 2980 Glen Alden Ct., San Jose, CA 95148
14. 34782 Klondike Dr., Union City, CA 94587

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

## WE CAN SELL HUD HOMES ANY WHERE IN CALIFORNIA

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes from San Jose to Sacramento

*2004 to 2006 Award Winner Top 1% Listing Realtor in Bay Area



Fremont Office:
86 Pilgrim Loop
Fremont CA 94539
Tel:510-440-9292, Fax:510-656-8941

Sacramento Office:
9912 Kapalua Ln.,
Elk Grove, CA 95624
Tel:916-612-5773, Fax:916-393-2586

**Cell: 510-304-9292**
**Cell:408-666-8279**

**Jaswinder Gill** M.Sc (PAU)
CA DRE# 00966763
Broker/Owner/Notary

E-mail: jassi@jassigill.com or
Visit us @ www.jassigill.com
for hot listings

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
@ 510-207-9067
CA DRE Lic.#01180969,
NMLS# 352095